

## ਮਾਓ ਜ਼ੇ-ਤੁੰਗ

# ਫ਼ਲਸਫਾਨਾ ਲਿਖਤਾਂ

# ਮਾਓ ਜ਼ੇ-ਤੁੰਗ

# ਫ਼ਲਸਫਾਨਾ ਲਿਖਤਾਂ

## (Philosophical writings-Mao-Tse-Tung)

ਪਹਿਲੀ ਵਾਰ — ਅਕਤੂਬਰ 2007

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)
(1) 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਂਤਗੰਜ, ਲਖਨਊ-226006
(2) 154, ਸ਼ਹੀਦ ਕਰਨੈਲ ਸਿੰਘ ਨਗਰ, ਫੇਜ਼-3,
ਪੱਖੋਵਾਲ ਰੋਡ, ਲੁਧਿਆਣਾ।
ਫੋਨ : 98886-55663

ਕੀਮਤ : 25 ਰੁਪਏ

# ਤਤਕਰਾ


| | |
|---|---|
| ਅਭਿਆਸ ਬਾਰੇ | 1 |
| ਵਿਰੋਧਤਾਈ ਬਾਰੇ | 19 |
| ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਹੱਲ ਕਰਨ ਬਾਰੇ | 62 |
| ਸਹੀ ਵਿਚਾਰ ਕਿੱਥੋਂ ਪੈਦਾ ਹੁੰਦੇ ਹਨ ? | 101 |
| ਪ੍ਰਚਾਰ ਕੰਮ ਬਾਰੇ ਚੀਨੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਨਫਰੰਸ ਵਿਚ ਤਕਰੀਰ | 103 |

# ਅਭਿਆਸ ਬਾਰੇ *

**ਜੁਲਾਈ 1937**

## ਗਿਆਨ ਅਤੇ ਅਭਿਆਸ ਵਿਚਕਾਰ ਅਤੇ ਜਾਨਣ ਅਤੇ ਕਰਨ ਵਿਚਕਾਰ ਰਿਸ਼ਤੇ ਬਾਰੇ

ਮਾਰਕਸ ਤੋਂ ਪਹਿਲਾਂ, ਪਦਾਰਥਵਾਦ ਗਿਆਨ ਦੇ ਮਸਲੇ ਨੂੰ ਮਨੁੱਖ ਦੇ ਸੁਭਾਅ ਅਤੇ ਉਸਦੇ ਇਤਿਹਾਸਕ ਵਿਕਾਸ ਤੋਂ ਨਿਖੇੜ ਕੇ ਪੜਤਾਲਦਾ ਸੀ ਅਤੇ ਇਸ ਲਈ ਸਮਾਜਿਕ ਅਭਿਆਸ ਉੱਤੇ ਗਿਆਨ ਦੀ ਨਿਰਭਰਤਾ, ਅਰਥਾਤ ਪੈਦਾਵਾਰ ਅਤੇ ਜਮਾਤੀ ਜਦੋਜਹਿਦ ਉੱਤੇ ਗਿਆਨ ਦੀ ਨਿਰਭਰਤਾ ਨੂੰ ਸਮਝਣ ਤੋਂ ਅਸਮਰਥ ਸੀ।

---

* (ਸਾਡੀ ਪਾਰਟੀ ਵਿੱਚ ਅਜਿਹੇ ਸਾਥੀਆਂ ਦੀ ਕਾਫੀ ਗਿਣਤੀ ਹੁੰਦੀ ਸੀ ਜਿਹੜੇ ਕੱਟੜਵਾਦੀ ਸਨ। ਉਹ "ਮਾਰਕਸਵਾਦ ਕੋਈ ਕੱਟੜ-ਅਕੀਦਾ ਨਹੀਂ ਸਗੋਂ ਕਾਰਵਾਈਆਂ ਲਈ ਰਾਹ-ਦਰਸਾਵਾ ਹੈ" ਦੀ ਸਚਾਈ ਨੂੰ ਮੰਨਣ ਤੋਂ ਇਨਕਾਰੀ ਹੋਕੇ, ਲੰਮੇ ਸਮੇਂ ਤੱਕ ਚੀਨੀ ਇਨਕਲਾਬ ਦੇ ਤਜਰਬੇ ਨੂੰ ਰੱਦ ਕਰਦੇ ਰਹੇ। ਉਹ ਮਾਰਕਸੀ ਲਿਖਤਾਂ ਵਿੱਚ, ਪਰਸੰਗ ਨਾਲੋਂ ਤੋੜਕੇ, ਸ਼ਬਦਾਂ ਅਤੇ ਟੂਕਾਂ ਨਾਲ਼ ਲੋਕਾਂ 'ਤੇ ਰੋਅਬ ਜਮਾਉਂਦੇ ਰਹੇ। ਅਜਿਹੇ ਸਾਥੀਆਂ ਦੀ ਵੀ ਕਾਫੀ ਗਿਣਤੀ ਸੀ ਜਿਹੜੇ ਅਭਿਆਸਵਾਦੀ ਸਨ ਅਤੇ ਜਿਹਨਾਂ ਨੇ ਲੰਮੇ ਸਮੇਂ ਤੱਕ ਆਪਣੇ ਆਪ ਨੂੰ ਆਪਦੇ ਬਹੁਤ ਹੀ ਛੋਟੇ ਅੰਸ਼ਕ ਤਜਰਬੇ ਤੱਕ ਸੀਮਤ ਰੱਖਿਆ ਅਤੇ ਇਨਕਲਾਬੀ ਅਭਿਆਸ ਲਈ ਸਿਧਾਂਤ ਦੀ ਮਹੱਤਤਾ ਨੂੰ ਨਹੀਂ ਸਮਝਿਆ ਜਾਂ ਇਨਕਲਾਬ ਨੂੰ ਸਮੁੱਚੇ ਰੂਪ ਵਿੱਚ ਨਹੀਂ ਵੇਖਿਆ ਸਗੋਂ ਅੰਨ੍ਹੇਵਾਹ, ਭਾਵੇਂ ਸਖਤ ਮਿਹਨਤ ਨਾਲ਼, ਕੰਮ ਕੀਤਾ। ਇਹਨਾਂ ਦੋਵਾਂ ਵੰਨਗੀਆਂ ਦੇ ਸਾਥੀਆਂ ਦੇ ਅਤੇ ਖਾਸ ਕਰਕੇ ਕੱਟੜ-ਪੰਥੀਆਂ ਦੇ, ਗ਼ਲਤ ਵਿਚਾਰਾਂ ਨੇ 1931-34 ਦੇ ਅਰਸੇ ਅੰਦਰ ਚੀਨੀ ਇਨਕਲਾਬ ਦਾ ਭਾਰੀ ਹਰਜਾ ਕੀਤਾ। ਅਜੇ ਵੀ ਮਾਰਕਸੀ ਚੋਲਾ ਪਾਈ ਬੈਠੇ ਕੱਟੜਪੰਥੀਆਂ ਨੇ ਬਹੁਤ ਸਾਰੇ ਸਾਥੀਆਂ ਨੂੰ ਭੰਬਲਭੂਸੇ 'ਚ ਪਾ ਰੱਖਿਆ ਹੈ। ਪਾਰਟੀ ਅੰਦਰ ਕੱਟੜਪੰਥ ਅਤੇ ਅਭਿਆਸਵਾਦ ਦੀਆਂ ਅੰਤਰਮੁੱਖੀ ਗਲਤੀਆਂ, ਖਾਸ ਕਰਕੇ ਕੱਟੜਪੰਥ ਦੀਆਂ ਗਲਤੀਆਂ ਨੂੰ, ਗਿਆਨ ਦੇ ਮਾਰਕਸਵਾਦੀ ਸਿਧਾਂਤ ਦੇ ਨਜ਼ਰੀਏ ਤੋਂ ਨੰਗਾ ਕਰਨ ਲਈ 'ਅਭਿਆਸ ਬਾਰੇ' ਲੇਖ ਲਿਖਿਆ ਗਿਆ। 'ਅਭਿਆਸ ਬਾਰੇ' ਨਾਮ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਇਸ ਵਿੱਚ ਕੱਟੜਪੰਥੀ ਕਿਸਮ ਦੀ ਅੰਤਰ-ਮੁੱਖਤਾ ਦਾ ਪਰਦਾਫਾਸ਼ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਅਭਿਆਸ ਨੂੰ ਛੁਟਿਆਉਂਦਾ ਹੈ। ਇਸ ਲੇਖ ਵਿੱਚ ਦਰਜ ਵਿਚਾਰ ਕਾਮਰੇਡ ਮਾਓ ਜ਼ੇ-ਤੁੰਗ ਨੇ ਯੇਨਾਨ ਵਿੱਚ ਜਪਾਨ ਵਿਰੋਧੀ ਫੌਜੀ ਅਤੇ ਸਿਆਸੀ ਕਾਲਜ ਵਿੱਚ ਆਪਣੀ ਤਕਰੀਰ ਵਿੱਚ ਪੇਸ਼ ਕੀਤੇ ਸਨ।)

ਸਭ ਤੋਂ ਪਹਿਲੀ ਗੱਲ ਇਹ ਹੈ ਕਿ ਮਾਰਕਸਵਾਦੀ ਮਨੁੱਖ ਦੀ ਪੈਦਾਵਾਰੀ ਸਰਗਰਮੀ ਨੂੰ ਸਭ ਤੋਂ ਬੁਨਿਆਦੀ ਅਮਲੀ ਸਰਗਰਮੀ ਸਮਝਦੇ ਹਨ ਜੋ ਉਸਦੀਆਂ ਦੂਸਰੀਆਂ ਸਰਗਰਮੀਆਂ ਨੂੰ ਨਿਰਧਾਰਤ ਕਰਦੀ ਹੈ ਮਨੁੱਖੀ ਗਿਆਨ ਮੁੱਖ ਤੌਰ 'ਤੇ ਉਸਦੀ ਪਦਾਰਥਕ ਪੈਦਾਵਾਰ ਵਿੱਚ ਸਰਗਰਮੀ ਉੱਤੇ ਨਿਰਭਰ ਕਰਦਾ ਹੈ, ਜਿਸ ਰਾਹੀਂ ਉਹ ਹੌਲੀ ਹੌਲੀ ਕੁਦਰਤ ਦੇ ਵਰਤਾਰਿਆਂ, ਗੁਣਾਂ ਅਤੇ ਨਿਯਮਾਂ ਅਤੇ ਮਨੁੱਖ ਅਤੇ ਕੁਦਰਤ ਵਿਚਕਾਰ ਸੰਬੰਧਾਂ ਨੂੰ ਸਮਝਣ ਲੱਗਦਾ ਹੈ। ਇਸ ਪੈਦਾਵਾਰੀ ਸਰਗਰਮੀ ਰਾਹੀਂ ਉਹ ਹੌਲੀ ਹੌਲੀ ਮਨੁੱਖਾਂ ਵਿਚਕਾਰ ਨਿਸ਼ਚਿਤ ਸੰਬੰਧਾਂ ਨੂੰ ਵੀ, ਵੱਖ ਵੱਖ ਮਾਤਰਾ ਵਿੱਚ, ਸਮਝਣ ਲੱਗਦਾ ਹੈ। ਇਸ ਤਰ੍ਹਾਂ ਦਾ ਕੋਈ ਗਿਆਨ ਪੈਦਾਵਾਰੀ ਸਰਗਰਮੀ ਤੋਂ ਪਾਸੇ ਰਹਿ ਕੇ ਹਾਸਲ ਨਹੀਂ ਕੀਤਾ ਜਾ ਸਕਦਾ। ਇੱਕ ਜਮਾਤ ਰਹਿਤ ਸਮਾਜ ਵਿੱਚ ਹਰ ਵਿਅਕਤੀ ਸਮਾਜ ਦੇ ਇੱਕ ਮੈਂਬਰ ਵਜੋਂ ਦੂਸਰੇ ਮੈਂਬਰਾਂ ਨਾਲ ਸਾਂਝੇ ਉਦਮ ਵਿੱਚ ਜੁੜਦਾ ਹੈ, ਉਹਨਾਂ ਨਾਲ ਨਿਸ਼ਚਿੱਤ ਪੈਦਾਵਾਰੀ ਸੰਬੰਧਾਂ ਵਿੱਚ ਬੱਝਦਾ ਹੈ ਅਤੇ ਮਨੁੱਖ ਦੀਆਂ ਪਦਾਰਥਕ ਲੋੜਾਂ ਪੂਰੀਆਂ ਕਰਨ ਲਈ ਪੈਦਾਵਾਰ ਦੇ ਕੰਮਾਂ ਵਿੱਚ ਜੁੱਟਦਾ ਹੈ। ਸਾਰੇ ਜਮਾਤੀ ਸਮਾਜਾਂ ਵਿੱਚ ਵੱਖ-ਵੱਖ ਸਮਾਜਿਕ ਜਮਾਤਾਂ ਦੇ ਮੈਂਬਰ ਵੀ, ਵੱਖ-ਵੱਖ ਤਰੀਕਿਆਂ ਨਾਲ, ਨਿਸ਼ਚਿਤ ਪੈਦਾਵਾਰੀ ਸੰਬੰਧਾਂ ਵਿੱਚ ਬੱਝਦੇ ਹਨ ਅਤੇ ਆਪਣੀਆਂ ਪਦਾਰਥਕ ਲੋੜਾਂ ਨੂੰ ਪੂਰਾ ਕਰਨ ਲਈ ਪੈਦਾਵਾਰ ਵਿੱਚ ਜੁੱਟਦੇ ਹਨ। ਇਹੀ ਉਹ ਮੁੱਢਲਾ ਸ੍ਰੋਤ ਹੈ ਜਿਸ ਵਿਚੋਂ ਮਨੁੱਖੀ ਗਿਆਨ ਉਪਜਦਾ ਹੈ।

ਮਨੁੱਖ ਦਾ ਸਮਾਜਿਕ ਅਭਿਆਸ ਪੈਦਾਵਾਰੀ ਸਰਗਰਮੀ ਤੱਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਇਹ ਬਹੁਤ ਸਾਰੀਆਂ ਹੋਰ ਸ਼ਕਲਾਂ ਵੀ ਅਖਤਿਆਰ ਕਰਦਾ ਹੈ ਜਿਵੇਂ ਜਮਾਤੀ ਜਦੋਜਹਿਦ, ਸਿਆਸੀ ਜੀਵਨ, ਵਿਗਿਆਨਕ ਅਤੇ ਕਲਾਤਮਕ ਸਰਗਰਮੀਆਂ। ਥੋੜ੍ਹੇ ਸ਼ਬਦਾਂ 'ਚ, ਮਨੁੱਖ ਇੱਕ ਸਮਾਜਿਕ ਜੀਵ ਹੋਣ ਕਰਕੇ ਸਮਾਜ ਦੀ ਅਸਲੀ ਜ਼ਿੰਦਗੀ ਦੇ ਸਾਰੇ ਖੇਤਰਾਂ ਵਿੱਚ ਹਿੱਸਾ ਲੈਂਦਾ ਹੈ। ਇਸ ਤਰ੍ਹਾਂ ਮਨੁੱਖ ਨਾ ਸਿਰਫ ਆਪਣੀ ਪਦਾਰਥਕ ਜ਼ਿੰਦਗੀ ਰਾਹੀਂ ਸਗੋਂ ਆਪਣੀ ਸਿਆਸੀ ਅਤੇ ਸੱਭਿਆਚਾਰਕ ਜ਼ਿੰਦਗੀ ਰਾਹੀਂ ਵੀ (ਜਿਹੜੀਆਂ ਦੋਵੇਂ ਹੀ ਪਦਾਰਥਕ ਜ਼ਿੰਦਗੀ ਨਾਲ ਅਟੁੱਟ ਰੂਪ 'ਚ ਜੁੜੀਆਂ ਹੋਈਆਂ ਹਨ) ਵੱਖ-ਵੱਖ ਮਾਤਰਾ 'ਚ, ਮਨੁੱਖਾਂ ਵਿਚਕਾਰ ਵੱਖੋ ਵੱਖ ਸੰਬੰਧਾਂ ਨੂੰ ਜਾਨਣ ਲੱਗਦਾ ਹੈ। ਸਮਾਜਿਕ ਅਭਿਆਸ ਦੀਆਂ ਇਹਨਾਂ ਦੂਸਰੀਆਂ ਵੰਨਗੀਆਂ ਵਿੱਚੋਂ, ਆਪਣੀਆਂ ਸਾਰੀਆਂ ਅਨੇਕਾਂ ਸ਼ਕਲਾਂ ਵਿੱਚ ਜਮਾਤੀ ਘੋਲ ਵਿਸ਼ੇਸ਼ ਕਰਕੇ ਮਨੁੱਖੀ ਗਿਆਨ ਦੇ ਵਿਕਾਸ ਉੱਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਜਮਾਤੀ ਸਮਾਜ ਵਿੱਚ ਹਰੇਕ ਵਿਅਕਤੀ ਕਿਸੇ ਨਾ ਕਿਸੇ ਵਿਸ਼ੇਸ਼ ਜਮਾਤ ਦੇ ਮੈਂਬਰ ਵਜੋਂ ਜ਼ਿੰਦਗੀ ਜਿਊਂਦਾ ਹੈ ਅਤੇ ਬਿਨਾਂ ਕਿਸੇ ਫੁੱਟ ਦੇ, ਹਰੇਕ ਵੰਨਗੀ ਦੀ ਸੋਚਣੀ ਉੱਤੇ ਕਿਸੇ ਨਾ ਕਿਸੇ ਜਮਾਤ ਦੀ ਮੋਹਰਛਾਪ ਲੱਗੀ ਹੁੰਦੀ ਹੈ।

ਮਾਰਕਸਵਾਦੀਆਂ ਦਾ ਵਿਸ਼ਵਾਸ਼ ਹੈ ਕਿ ਮਨੁੱਖੀ ਸਮਾਜ ਅੰਦਰ ਪੈਦਾਵਾਰੀ ਪ੍ਰਕਿਰਿਆ, ਨੀਵੀਂ ਤੋਂ ਉਚੇਰੀ ਪੱਧਰ ਵੱਲ, ਕਦਮ-ਬ-ਕਦਮ, ਵਿਕਾਸ ਕਰਦੀ ਹੈ ਅਤੇ ਸਿੱਟੇ ਵਜੋਂ ਕੁਦਰਤ ਜਾਂ ਸਮਾਜ ਬਾਰੇ ਮਨੁੱਖੀ ਗਿਆਨ ਵੀ, ਨੀਵੀਂ ਤੋਂ ਉਚੇਰੀ ਪੱਧਰ ਵੱਲ, ਕਦਮ-ਬ-ਕਦਮ, ਵਿਕਾਸ ਕਰਦਾ ਹੈ। ਅਰਥਾਤ, ਸਤ੍ਹਹੀ ਤੋਂ ਡੂੰਘਾ ਹੋਣ ਵੱਲ, ਇੱਕ ਪੱਖੀ ਤੋਂ ਬਹੁਪੱਖੀ ਹੋਣ ਵੱਲ। ਇਤਿਹਾਸ ਅੰਦਰ ਬਹੁਤ ਲੰਬੇ ਅਰਸੇ ਤੱਕ, ਸਮਾਜ ਦੇ ਇਤਿਹਾਸ ਬਾਰੇ ਮਨੁੱਖ ਦੀ ਸਮਝ ਲਾਜ਼ਮੀ ਹੀ ਇੱਕ ਪਾਸੜ ਹੋਣ ਤੱਕ ਸੀਮਿਤ ਰਹੀ ਹੈ। ਕਿਉਂਕਿ, ਇਸ ਦਾ ਇੱਕ ਕਾਰਨ ਇਹ ਸੀ ਕਿ ਲੁਟੇਰੀਆਂ ਜਮਾਤਾਂ ਦੇ ਪੱਖਪਾਤ ਨੇ ਹਮੇਸ਼ਾ ਹੀ ਇਤਿਹਾਸ ਦੀ ਤੋੜ-ਮਰੋੜ ਕੀਤੀ ਹੈ, ਦੂਜਾ ਇਹ ਕਿ

ਪੈਦਾਵਾਰ ਦੇ ਛੋਟੇ ਪੈਮਾਨੇ ਨੇ ਮਨੁੱਖ ਦੇ ਦ੍ਰਿਸ਼ਟੀਕੋਣ ਨੂੰ ਸੀਮਤ ਕਰੀਂ ਰੱਖਿਆ ਹੈ। ਇਹ ਵਿਸ਼ਾਲ ਪੈਦਾਵਾਰੀ ਤਾਕਤਾਂ (ਵੱਡੇ ਪੈਮਾਨੇ ਦੀ ਸਨਅਤ) ਸਮੇਤ ਅਜੋਕੇ ਪ੍ਰੋਲੇਤਾਰੀ ਦੇ, ਉਭਰਨ ਨਾਲ ਹੀ ਸੰਭਵ ਹੋਇਆ ਹੈ ਕਿ ਮਨੁੱਖ ਸਮਾਜ ਦੇ ਵਿਕਾਸ ਦੀ ਭਰਵੀਂ ਅਤੇ ਇਤਿਹਾਸਕ ਸਮਝ ਹਾਸਿਲ ਕਰਨ ਅਤੇ ਇਸ ਗਿਆਨ ਦੀ ਵਿਗਿਆਨ, ਮਾਰਕਸਵਾਦ ਦੇ ਵਿਗਿਆਨ ਵਿੱਚ ਕਾਇਆ-ਪਲਟੀ ਕਰਨ ਦੇ ਕਾਬਲ ਹੋਇਆ।

ਮਾਰਕਸਵਾਦੀਆਂ ਦਾ ਵਿਸ਼ਵਾਸ਼ ਹੈ ਕਿ ਮਨੁੱਖ ਦਾ ਸਮਾਜਿਕ ਅਭਿਆਸ ਬਾਹਰੀ ਸੰਸਾਰ ਬਾਰੇ ਮਨੁੱਖੀ ਗਿਆਨ ਦੀ ਸੱਚਾਈ ਦੀ ਇੱਕੋ-ਇੱਕ ਕਸਵੱਟੀ ਹੈ। ਅਸਲ ਵਿੱਚ ਹੁੰਦਾ ਇਸ ਤਰ੍ਹਾਂ ਹੈ ਕਿ ਮਨੁੱਖੀ ਗਿਆਨ ਦੀ ਪੁਸ਼ਟੀ ਉੱਦੋਂ ਹੀ ਹੁੰਦੀ ਹੈ ਜਦੋਂ ਉਹ ਸਮਾਜਿਕ ਅਭਿਆਸ (ਪਦਾਰਥਕ ਪੈਦਾਵਾਰ, ਜਮਾਤੀ ਜਦੋਜਹਿਦ ਅਤੇ ਵਿਗਿਆਨਕ ਤਜਰਬੇ) ਦੀ ਪ੍ਰਕਿਰਿਆ ਅੰਦਰ ਅਨੁਮਾਨੇ ਸਿੱਟੇ ਹਾਸਲ ਕਰਦਾ ਹੈ। ਜੇ ਕੋਈ ਮਨੁੱਖ ਆਪਣੇ ਕੰਮ ਵਿੱਚ ਸਫਲ ਹੋਣਾ ਭਾਵ ਅਨੁਮਾਨੇ ਸਿੱਟੇ ਹਾਸਲ ਕਰਨਾ ਚਾਹੁੰਦਾ ਹੀ ਤਾਂ ਉਸਨੂੰ ਆਪਣੇ ਵਿਚਾਰ ਜ਼ਰੂਰ ਹੀ ਬਾਹਰਮੁੱਖੀ ਸੰਸਾਰ ਦੇ ਨਿਯਮਾਂ ਅਨੁਸਾਰ ਢਾਲਣੇ ਚਾਹੀਦੇ ਹਨ। ਜੇ ਉਸਦੇ ਵਿਚਾਰ ਇਹਨਾਂ ਨਿਯਮਾਂ ਨਾਲ ਮੇਲ ਨਹੀਂ ਖਾਂਦੇ ਤਾਂ ਉਹ ਆਪਣੇ ਅਭਿਆਸ ਵਿੱਚ ਅਸਫਲ ਹੋ ਜਾਵੇਗਾ। ਅਸਫਲ ਹੋਣ ਪਿੱਛੋਂ, ਉਹ ਆਪਣੇ ਸਬਕ ਕੱਢਦਾ ਹੈ, ਬਾਹਰੀ ਸੰਸਾਰ ਦੇ ਨਿਯਮਾਂ ਨਾਲ ਇੱਕਸੁਰ ਕਰਨ ਲਈ ਆਪਣੇ ਵਿਚਾਰਾਂ ਨੂੰ ਦਰੁਸਤ ਕਰਦਾ ਹੈ ਅਤੇ ਇਸ ਤਰ੍ਹਾਂ ਅਸਫਲਤਾ ਨੂੰ ਸਫਲਤਾ ਵਿੱਚ ਬਦਲ ਸਕਦਾ ਹੈ। "ਹਾਰ ਜਿੱਤ ਦੀ ਮਾਂ ਹੁੰਦੀ ਹੈ" ਅਤੇ "ਆਦਮੀ ਡਿੱਗ-ਡਿੱਗ ਕੇ ਸਵਾਰ ਬਣਦਾ ਹੈ" ਦਾ ਅਰਥ ਇਹੀ ਹੈ। ਗਿਆਨ ਦਾ ਦਵੰਦਵਾਦੀ ਪਦਾਰਥਵਾਦੀ ਸਿਧਾਂਤ ਅਭਿਆਸ ਨੂੰ ਪਹਿਲਾ ਸਥਾਨ ਦਿੰਦਾ ਹੈ। ਇਹ ਵਿਸ਼ਵਾਸ਼ ਰੱਖਦਾ ਹੈ ਕਿ ਮਨੁੱਖੀ ਗਿਆਨ ਨੂੰ ਕਿਸੇ ਤਰ੍ਹਾਂ ਵੀ ਅਭਿਆਸ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਇਹ ਉਹਨਾਂ ਸਾਰੇ ਗਲਤ ਸਿਧਾਂਤਾਂ ਨੂੰ ਰੱਦ ਕਰਦਾ ਹੈ ਜਿਹੜੇ ਅਭਿਆਸ ਦੀ ਮਹੱਤਤਾ ਤੋਂ ਇਨਕਾਰੀ ਹਨ ਜਾਂ ਗਿਆਨ ਨੂੰ ਅਭਿਆਸ ਨਾਲੋਂ ਨਿਖੇੜਦੇ ਹਨ। ਲੈਨਿਨ ਨੇ ਇਸ ਤਰ੍ਹਾਂ ਕਿਹਾ ਹੈ, "**ਅਭਿਆਸ (ਸਿਧਾਂਤਕ) ਗਿਆਨ ਨਾਲੋਂ ਉਚੇਰੀ ਥਾਂ ਰੱਖਦਾ ਹੈ ਕਿਉਂਕਿ ਇਸ ਵਿੱਚ ਨਾ ਸਿਰਫ ਸਰਵ-ਵਿਆਪਕਤਾ ਦੀ ਸ਼ਾਨ ਹੈ, ਸਗੋਂ ਫੌਰੀ ਹਕੀਕਤ ਦੀ ਸ਼ਾਨ ਵੀ ਹੈ।**" ਦਵੰਦਵਾਦੀ ਪਦਾਰਥਵਾਦ ਦੇ ਮਾਰਕਸੀ ਫਲਸਫੇ ਦੇ ਦੋ ਕਮਾਲ ਦੇ ਲੱਛਣ ਹਨ। ਇੱਕ ਹੈ ਇਸਦਾ ਜਮਾਤੀ ਸੁਭਾਅ : ਇਹ ਸ਼ਰ੍ਹੇਆਮ ਐਲਾਨ ਕਰਦਾ ਹੈ ਕਿ ਦਵੰਦਵਾਦੀ ਪਦਾਰਥਵਾਦ ਪ੍ਰੋਲੇਤਾਰੀ ਦੀ ਸੇਵਾ ਲਈ ਹੈ। ਦੂਜਾ ਹੈ, ਇਸ ਦੀ ਅਮਲ ਯੋਗਤਾਃ ਇਹ ਸਿਧਾਂਤ ਦੀ ਅਭਿਆਸ ਉੱਤੇ ਨਿਰਭਰਤਾ 'ਤੇ ਜ਼ੋਰ ਦਿੰਦਾ ਹੈ, ਜ਼ੋਰ ਦੇ ਕੇ ਕਹਿੰਦਾ ਹੈ ਕਿ ਸਿਧਾਂਤ ਅਭਿਆਸ ਉੱਤੇ ਅਧਾਰਿਤ ਹੈ ਅਤੇ ਮੋੜਵੇਂ ਰੂਪ 'ਚ ਅਭਿਆਸ ਦੀ ਸੇਵਾ ਕਰਦਾ ਹੈ। ਕਿਸੇ ਵੀ ਗਿਆਨ ਜਾਂ ਸਿਧਾਂਤ ਦੀ ਸਚਾਈ ਅੰਤਰਮੁੱਖੀ ਭਾਵਨਾਵਾਂ ਨਾਲ ਨਿਰਧਾਰਤ ਨਹੀਂ ਹੁੰਦੀ, ਸਗੋਂ ਸਮਾਜਿਕ ਅਭਿਆਸ ਅੰਦਰ ਹਾਸਲ ਕੀਤੇ ਬਾਹਰਮੁਖੀ ਸਿੱਟਿਆਂ ਰਾਹੀਂ ਨਿਰਧਾਰਤ ਹੁੰਦੀ ਹੈ। ਸਿਰਫ ਸਮਾਜਿਕ ਅਭਿਆਸ ਹੀ ਸਚਾਈ ਦੀ ਕਸਵੱਟੀ ਹੋ ਸਕਦਾ ਹੈ। ਗਿਆਨ ਦੇ ਦਵੰਦਵਾਦੀ ਪਦਾਰਥਵਾਦੀ ਸਿਧਾਂਤ ਅੰਦਰ ਅਭਿਆਸ ਦਾ ਨੁਕਤਾਨਜ਼ਰ ਹੀ ਪਹਿਲਾ ਅਤੇ ਬੁਨਿਆਦੀ ਨੁਕਤਾਨਜ਼ਰ ਹੈ।[2]

ਤਾਂ ਫਿਰ ਮਨੁੱਖੀ ਗਿਆਨ ਅਭਿਆਸ ਵਿਚੋਂ ਕਿਵੇਂ ਉਪਜਦਾ ਹੈ ਅਤੇ ਮੋੜਵੇਂ ਰੂਪ 'ਚ ਅਭਿਆਸ ਦੀ ਕਿਵੇਂ ਸੇਵਾ ਕਰਦਾ ਹੈ? ਜੇ ਅਸੀਂ ਗਿਆਨ ਦੇ ਵਿਕਾਸ ਦੀ ਪ੍ਰਕਿਰਿਆ ਨੂੰ

ਪੜਤਾਲੀਏ ਤਾਂ ਇਹ ਗੱਲ ਸਪੱਸ਼ਟ ਹੋ ਜਾਵੇਗੀ।

ਅਭਿਆਸ ਦੀ ਸਰਗਰਮੀ ਅੰਦਰ, ਮਨੁੱਖ ਸਭ ਤੋਂ ਪਹਿਲਾਂ ਵਸਤੂਆਂ ਦੇ ਬਾਹਰੋਂ ਦਿਸਦੇ ਰੂਪ, ਵੱਖ-ਵੱਖ ਪੱਖਾਂ, ਬਾਹਰੀ ਸੰਬੰਧਾਂ ਨੂੰ ਹੀ ਦੇਖਦਾ ਹੈ। ਮਿਸਾਲ ਵਜੋਂ, ਬਾਹਰੋਂ ਕੁੱਝ ਲੋਕ ਨਿਰਖ-ਪਰਖ ਕਰਨ ਲਈ ਯੇਨਾਨ ਆਉਂਦੇ ਹਨ। ਪਹਿਲੇ ਇੱਕ ਦੋ ਦਿਨ, ਉਹ ਇਸ ਥਾਂ ਦਾ ਮੁਹਾਂਦਰਾ, ਗਲੀਆਂ ਅਤੇ ਮਕਾਨ ਆਦਿ ਵੇਖਦੇ ਹਨ। ਉਹ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਨ, ਦਾਅਵਤਾਂ, ਸ਼ਾਮ ਦੀਆਂ ਪਾਰਟੀਆਂ ਅਤੇ ਜਨਤਕ ਮੀਟਿੰਗਾਂ ਵਿੱਚ ਹਾਜਰ ਹੁੰਦੇ ਹਨ, ਵੱਖੋ ਵੱਖ ਤਰ੍ਹਾਂ ਦੀਆਂ ਗੱਲਬਾਤਾਂ ਸੁਣਦੇ ਹਨ ਅਤੇ ਵੱਖੋ ਵੱਖ ਕਿਸਮ ਦੀਆਂ ਦਸਤਾਵੇਜ਼ਾਂ ਪੜ੍ਹਦੇ ਹਨ। ਇਹ ਸਾਰਾ ਕੁੱਝ ਵਸਤੂਆਂ ਦਾ ਬਾਹਰੀ ਰੂਪ, ਵੱਖ-ਵੱਖ ਪੱਖ ਅਤੇ ਬਾਹਰੀ ਸੰਬੰਧ ਹੁੰਦੇ ਹਨ। ਇਸ ਨੂੰ ਗਿਆਨ ਦਾ ਅਨੁਭੱਵੀ ਪੜਾਅ ਕਿਹਾ ਜਾਂਦਾ ਹੈ, ਇੰਦਰੀ ਅਨੁੱਭਵ ਅਤੇ ਪ੍ਰਭਾਵ ਬਨਾਉਣ ਦੇ ਪੜਾਅ ਦਾ ਨਾਉਂ ਦਿੱਤਾ ਜਾਂਦਾ ਹੈ। ਭਾਵ ਯੇਨਾਨ ਦੀਆਂ ਇਹ ਵਿਸ਼ੇਸ਼ ਵਸਤੂਆਂ ਪੜਤਾਲੀਆ ਗਰੁੱਪ ਦੇ ਮੈਂਬਰਾਂ ਦੀਆਂ ਗਿਆਨ-ਇੰਦਰੀਆਂ ਤੇ ਕਿਰਿਆ ਕਰਦੀਆਂ ਹਨ। ਇੰਦਰੀ-ਅਨੁਭਵ ਜਗਾਉਂਦੀਆਂ ਹਨ ਅਤੇ ਉਹਨਾਂ ਦੇ ਦਿਮਾਗਾਂ ਅੰਦਰ ਬਹੁਤ ਸਾਰੇ ਪ੍ਰਭਾਵ ਪੈਦਾ ਕਰਦੀਆਂ ਹਨ, ਨਾਲ ਹੀ ਇਹਨਾਂ ਪ੍ਰਭਾਵਾਂ ਦਰਮਿਆਨ ਬਾਹਰੀ ਸੰਬੰਧਾਂ ਦਾ ਮੋਟਾ ਖਾਕਾ ਵੀ ਖਿੱਚਦੀਆਂ ਹਨ। ਇਹ ਗਿਆਨ ਦਾ ਪਹਿਲਾ ਪੜਾਅ ਹੈ। ਇਸ ਪੜਾਅ ’ਤੇ ਮਨੁੱਖ ਹਾਲੇ ਅਜੇਹੇ ਸੰਕਲਪ ਨਹੀਂ ਬਣਾ ਸਕਦਾ, ਜੋ ਗਹਿਰੇ ਹੋਣ, ਜਾਂ ਉਹ ਹਾਲੇ ਤਰਕਪੂਰਣ ਸਿੱਟੇ ਨਹੀਂ ਕੱਢ ਸਕਦਾ।

ਜਿਵੇਂ-ਜਿਵੇਂ ਸਮਾਜਿਕ ਅਭਿਆਸ ਅੱਗੇ ਤੁਰਦਾ ਹੈ, ਮਨੁੱਖ ਦੇ ਇੰਦਰੀ ਅਨੁਭਵਾਂ ਅਤੇ ਭਾਵਾਂ ਨੂੰ ਜਨਮ ਦੇਣ ਵਾਲੀਆਂ ਵਸਤੂਆਂ, ਬਹੁਤ ਵਾਰੀ ਦੁਹਰਾਈਆਂ ਜਾਂਦੀਆਂ ਹਨ। ਫੇਰ ਗਿਆਨ ਦੀ ਪ੍ਰਕਿਰਿਆ ਦੌਰਾਨ ਦਿਮਾਗ ਵਿੱਚ ਇੱਕ ਅਚਾਨਕ ਤਬਦੀਲੀ (ਛਾਲ) ਆਉਂਦੀ ਹੈ ਅਤੇ ਸੰਕਲਪ ਬਣ ਜਾਂਦੇ ਹਨ। ਸੰਕਲਪ ਹੁਣ ਵਸਤੂਆਂ ਦਾ ਬਾਹਰੀ ਰੂਪ ਅਤੇ ਇਹਨਾਂ ਦੇ ਵੱਖ-ਵੱਖ ਪਹਿਲੂ ਅਤੇ ਇਹਨਾਂ ਦੇ ਬਾਹਰੀ ਸੰਬੰਧ ਨਹੀਂ ਰਹਿੰਦੇ। ਇਹ ਵਸਤੂਆਂ ਦੇ ਤੱਤ, ਇਹਨਾਂ ਦੀ ਸਮੁੱਚਤਾ ਅਤੇ ਇਹਨਾਂ ਦੇ ਅੰਦਰੂਨੀ ਸੰਬੰਧਾਂ ਨੂੰ ਗ੍ਰਹਿਣ ਕਰ ਲੈਂਦੇ ਹਨ। ਸੰਕਲਪਾਂ ਅਤੇ ਇੰਦਰੀ-ਅਨੁਭਵਾਂ ਦਰਮਿਆਨ, ਨਾ ਸਿਰਫ ਮਿਕਦਾਰੀ ਫਰਕ ਹੀ ਹੁੰਦਾ ਹੈ ਸਗੋਂ ਸਿਫਤੀ ਫਰਕ ਵੀ ਹੁੰਦਾ ਹੈ। ਅੱਗੇ ਚਲਦਿਆਂ, ਨਿਰਣੇ ਕਰਨ ਅਤੇ ਗੱਲ ਚੋਂ ਗੱਲ ਕੱਢਣ ਦੀ ਯੋਗਤਾ ਰਾਹੀਂ ਮਨੁੱਖ ਤਰਕਪੂਰਨ ਸਿੱਟੇ ਕੱਢਣ ਦੇ ਕਾਬਲ ਹੋ ਜਾਂਦਾ ਹੈ। ਸਨ ਕੂਓ ਯੈਨ ਯੀ[3] ਵਿੱਚ ਇਹ ਆਖਣ “ਮੱਥੇ ਤੇ ਤਿਉੜੀਆਂ ਪਾਓ, ਤਰਕੀਬ ਨਿਕਲ ਹੀ ਆਉਂਦੀ ਹੈ,” ਜਾਂ ਨਿੱਤ ਦਿਹਾੜੀ ਦੀ ਬੋਲੀ ’ਚ ਇਹ ਕਹਿਣਾ, “ਮੈਨੂੰ ਇਸ ਬਾਰੇ ਸੋਚ ਲੈਣ ਦਿਓ” ਇਸ ਗੱਲ ਵੰਨੀ ਹੀ ਸੰਕੇਤ ਕਰਦੇ ਹਨ ਕਿ ਮਨੁੱਖ ਨਿਰਣੇ ਕਰਨ ਅਤੇ ਦਲੀਲਾਂ ਘੜਨ ਲਈ ਆਪਣੇ ਦਿਮਾਗ ਵਿੱਚ ਸੰਕਲਪਾਂ ਦੀ ਵਰਤੋਂ ਕਰਦਾ ਹੈ। ਇਹ ਗਿਆਨ ਹਾਸਲ ਕਰਨ ਦਾ ਦੂਜਾ ਪੜਾਅ ਹੈ। ਜਦੋਂ ਪੜਤਾਲੀਆ ਗਰੁੱਪ ਦੇ ਮੈਂਬਰ ਵੱਖ ਵੱਖ ਕਿਸਮਾਂ ਦੇ ਤੱਥ ਇਕੱਠੇ ਕਰ ਲੈਂਦੈ ਹਨ ਅਤੇ ਹੋਰ ਅੱਗੇ,“ਇਹਨਾਂ ਬਾਰੇ ਸੋਚ-ਵਿਚਾਰ” ਵੀ ਕਰ ਲੈਂਦੇ ਹਨ, ਤਾਂ ਇਹ ਇਸ ਨਿਰਣੇ ’ਤੇ ਪਹੁੰਚਣ ਦੇ ਯੋਗ ਹੋ ਜਾਂਦੇ ਹਨ ਕਿ “ਕਮਿਊਨਿਸਟ ਪਾਰਟੀ ਦੀ ਜਪਾਨ ਵਿਰੋਧੀ ਕੌਮੀ ਸਾਂਝੇ ਮੋਰਚੇ ਦੀ ਨੀਤੀ ਨਿਯਮਪੂਰਵਕ, ਸੁਹਿਰਦ ਅਤੇ ਯਥਾਰਥਕ ਹੈ।” ਜੇ ਉਹ ਕੌਮ ਨੂੰ ਬਚਾਉਣ ਲਈ ਇੱਕ ਮੁੱਠ ਹੋਣ ਬਾਰੇ ਖਰੇ ਵੀ ਹਨ ਤਾਂ ਇਹ ਨਿਰਣਾ ਕਰਨ ਤੋਂ ਪਿੱਛੋਂ ਉਹ ਇੱਕ ਕਦਮ ਹੋਰ ਅੱਗੇ ਵੱਧ ਸਕਦੇ ਹਨ ਅਤੇ ਇਸ ਨਤੀਜੇ ’ਤੇ

ਅੱਪੜ ਸਕਦੇ ਹਨ," ਜਪਾਨ ਵਿਰੋਧੀ ਕੌਮੀ ਸਾਂਝਾ ਮੋਰਚਾ ਸਫ਼ਲ ਹੋ ਸਕਦਾ ਹੈ। "ਸੰਕਲਪਾਂ, ਨਿਰਣਿਆਂ ਅਤੇ ਦਲੀਲਾਂ ਘੜਨ ਦਾ ਇਹ ਪੜਾਅ ਵਸਤੂ ਨੂੰ ਜਾਨਣ ਦੀ ਸਮੁੱਚੀ ਪ੍ਰਕਿਰਿਆ ਅੰਦਰ ਵੱਧ ਮਹੱਤਵਪੂਰਨ ਪੜਾਅ ਹੈ। ਇਹ ਤਰਕਸ਼ੀਲ ਗਿਆਨ ਦਾ ਪੜਾਅ ਹੈ। ਜਾਨਣ ਦਾ ਅਸਲ ਕਾਰਜ, ਅਨੁਭਵ ਰਾਹੀਂ, ਵਿਚਾਰ ਬਣਾਉਣ ਤੱਕ ਪਹੁੰਚਣਾ ਕਦਮ-ਬ-ਕਦਮ, ਬਾਹਰਮੁੱਖੀ ਵਸਤੂਆਂ ਦੀਆਂ ਅੰਦਰੂਨੀ ਵਿਰੋਧਤਾਈਆਂ ਦੀ, ਇਹਨਾਂ ਦੇ ਨਿਯਮਾਂ ਦੀ ਅਤੇ ਇੱਕ ਪ੍ਰਕਿਰਿਆ ਦੇ ਦੂਸਰੀ ਪ੍ਰਕਿਰਿਆ ਨਾਲ ਅੰਦਰੂਨੀ ਸੰਬੰਧਾਂ ਦੀ ਸਮਝ ਹਾਸਲ ਕਰਨ ਤੱਕ ਪੁਹੰਚਣਾ ਹੈ, ਅਰਥਾਤ, ਤਰਕਪੂਰਨ ਗਿਆਨ ਤੱਕ ਪਹੁੰਚਣਾ ਹੈ। ਆਓ ਦੁਹਰਾਈਏ, ਤਰਕਪੂਰਨ ਗਿਆਨ ਅਨੁਭਵੀ ਗਿਆਨ ਨਾਲੋ ਇਸ ਗੱਲੋਂ ਵੱਖਰਾ ਹੈ ਕਿ ਅਨੁਭਵੀ ਗਿਆਨ ਵਸਤੂਆਂ ਦੇ ਵੱਖ-ਵੱਖ ਪਹਿਲੂਆਂ, ਬਾਹਰੀ ਦਿੱਖ ਅਤੇ ਬਾਹਰੀ ਸੰਬੰਧਾਂ ਨਾਲ ਸੰਬੰਧਤ ਹੈ ਜਦੋਂ ਕਿ ਤਰਕਪੂਰਨ ਗਿਆਨ ਵਸਤੂਆਂ ਦੀ ਸਮੁੱਚਤਾ, ਇਹਨਾਂ ਦੇ ਤੱਤ ਅਤੇ ਅੰਦਰੂਨੀ ਸੰਬੰਧਾਂ ਤੱਕ ਪਹੁੰਚਣ ਲਈ ਇੱਕ ਵੱਡੀ ਪੁਲਾਂਘ ਪੁੱਟਦਾ ਹੈ ਅਤੇ ਆਲੇ ਦੁਆਲੇ ਦੇ ਸੰਸਾਰ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਦ੍ਰਿਸ਼ਟੀਮਾਨ ਕਰਦਾ ਹੈ। ਇਸ ਲਈ, ਤਰਕਪੂਰਨ ਗਿਆਨ ਆਲੇ ਦੁਆਲੇ ਦੇ ਸੰਸਾਰ ਦੇ ਵਿਕਾਸ ਨੂੰ ਸਮੁੱਚਤਾ 'ਚ, ਇਸ ਦੇ ਸਾਰੇ ਪਹਿਲੂਆਂ ਦੇ ਅੰਦਰੂਨੀ ਸੰਬੰਧਾਂ ਨੂੰ ਗ੍ਰਹਿਣ ਕਰਨ ਦੇ ਸਮੱਰਥ ਹੁੰਦਾ ਹੈ।

ਆਪਣੇ ਆਪ ਨੂੰ ਅਭਿਆਸ 'ਤੇ ਅਧਾਰਤ ਕਰਦੇ ਹੋਏ ਅਤੇ ਸਤ੍ਹੀ ਤੋਂ ਡੂੰਘਾਈ ਵੱਲ ਵਧਦੇ ਹੋਏ ਗਿਆਨ ਦੇ ਵਿਕਾਸ ਦੀ ਪ੍ਰਕਿਰਿਆ ਦਾ ਇਹ ਦਵੰਦਵਾਦ ਸਿਧਾਂਤ, ਮਾਰਕਸਵਾਦ ਦੇ ਪੈਦਾ ਹੋਣ ਤੋਂ ਪਹਿਲਾਂ ਕਿਸੇ ਵਲੋਂ ਵੀ ਕਦੇ ਨਹੀਂ ਘੜਿਆ ਗਿਆ। ਮਾਰਕਸੀ ਪਦਾਰਥਵਾਦ ਨੇ ਇਸ ਸਮੱਸਿਆ ਨੂੰ ਪਹਿਲੀ ਵਾਰ ਸਹੀ ਢੰਗ ਨਾਲ ਹੱਲ ਕੀਤਾ। ਪਦਾਰਥਵਾਦੀ ਤੇ ਦਵੰਦਵਾਦੀ ਦੋਵਾਂ ਢੰਗਾਂ ਨਾਲ ਗਿਆਨ ਦੀ ਡੂੰਘੀ ਹੁੰਦੀ ਜਾਂਦੀ ਪ੍ਰਕਿਰਿਆ ਵੱਲ ਧਿਆਨ ਦਿਵਾਇਆ। ਸਮਾਜ ਅੰਦਰ ਪੈਦਾਵਾਰ ਅਤੇ ਜਮਾਤੀ ਘੋਲ ਦੇ ਆਪਣੇ ਗੁੰਝਲਦਾਰ ਤੇ ਲਗਾਤਾਰ ਹੋ ਰਹੇ ਅਭਿਆਸ ਅੰਦਰ, ਮਨੁੱਖ ਇਸ ਪ੍ਰਕਿਰਿਆ ਰਾਹੀਂ ਅਨੁਭਵੀ ਗਿਆਨ ਤੋਂ ਤਰਕਪੂਰਨ ਗਿਆਨ ਵੱਲ ਵਿਕਾਸ ਕਰਦਾ ਹੈ। ਲੈਨਿਨ ਨੇ ਕਿਹਾ ਹੈ,"ਪਦਾਰਥ ਦਾ, ਕੁਦਰਤ ਦੇ ਨਿਯਮ ਦਾ ਅਮੂਰਤੀ ਕਰਨ, ਕਦਰ ਦਾ ਅਮੂਰਤੀਕਰਨ ਆਦਿ ਸੰਖੇਪ ਵਿੱਚ, ਸਾਰੇ ਵਿਗਿਆਨਕ (ਸਹੀ, ਗੰਭੀਰ, ਬੇਹੂਦਾ ਨਹੀਂ) ਅਮੂਰਤੀਕਰਨ ਕੁਦਰਤ ਨੂੰ ਜ਼ਿਆਦਾ ਡੂੰਘਾਈ, ਸੱਚਾਈ ਅਤੇ ਸੰਪੂਰਨਤਾ 'ਚ ਪ੍ਰਤੀਬਿੰਬਤ ਕਰਦੇ ਹਨ।"[4] ਮਾਰਕਸਵਾਦ-ਲੈਨਿਨਵਾਦ ਅਨੁਸਾਰ, ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਦੇ ਦੋਵਾਂ ਪੜਾਵਾਂ ਦੇ ਆਪਣੇ ਆਪਣੇ ਲੱਛਣ ਹਨ। ਗਿਆਨ ਨੀਵੇਂ ਪੜਾਅ 'ਤੇ ਆਪਣੇ ਆਪ ਨੂੰ ਅਨੁਭਵੀ ਰੂਪ ਵਿੱਚ ਪ੍ਰਗਟ ਕਰਦਾ ਹੈ ਪਰ ਦੋਵੇਂ ਹੀ ਗਿਆਨ ਦੀ ਗੁੰਦਵੀਂ ਪ੍ਰਕਿਰਿਆ ਦੇ ਪੜਾਅ ਹਨ। ਅਨੁਭਵੀ ਗਿਆਨ ਅਤੇ ਤਰਕਸ਼ੀਲ ਗਿਆਨ ਸਿਫਤੀ ਤੌਰ 'ਤੇ ਵੱਖ ਵੱਖ ਹਨ ਪਰ ਇੱਕ ਦੂਜੇ ਤੋਂ ਨਿੱਖੜੇ ਹੋਏ ਨਹੀਂ। ਇਹ ਅਭਿਆਸ ਦੇ ਆਧਾਰ 'ਤੇ ਇੱਕ ਜੁੱਟ ਹੁੰਦੇ ਹਨ। ਸਾਡਾ ਅਭਿਆਸ ਪੁਸ਼ਟੀ ਕਰਦਾ ਹੈ ਕਿ ਜੋ ਕੁੱਝ ਅਨੁਭਵ ਕੀਤਾ ਜਾਂਦਾ ਹੈ ਉਸਨੂੰ ਇੱਕ ਦਮ ਸਮਝਿਆ ਨਹੀਂ ਜਾ ਸਕਦਾ ਅਤੇ ਜੋ ਕੁੱਝ ਸਮਝਿਆ ਗਿਆ ਹੈ ਉਸ ਨੂੰ ਹੀ ਵਧੇਰੇ ਡੂੰਘਾਈ 'ਚ ਅਨੁਭਵ ਕੀਤਾ ਜਾ ਸਕਦਾ ਹੈ। ਅਨੁਭਵ ਸਿਰਫ ਬਾਹਰੀ ਰੂਪ ਦੀ ਸਮੱਸਿਆ ਹੱਲ ਕਰਦਾ ਹੈ, ਸਿਧਾਂਤ ਹੀ ਤੱਤ ਦੀ ਸਮੱਸਿਆ ਹੱਲ ਕਰ ਸਕਦਾ ਹੈ। ਇਹਨਾਂ ਦੋਵਾਂ ਮਸਲਿਆਂ ਦਾ ਹੱਲ ਅਭਿਆਸ ਨਾਲੋਂ ਰੱਤੀਮਾਸਾ ਵੀ ਟੁੱਟਿਆ ਹੋਇਆ ਨਹੀਂ ਹੈ। ਜੋ ਵੀ ਕੋਈ ਕਿਸੇ ਵਸਤੂ ਨੂੰ ਜਾਨਣਾ ਚਾਹੁੰਦਾ

ਹੈ, ਉਸ ਲਈ ਵਸਤੂ ਦੇ ਸੰਪਰਕ ’ਚ ਆਉਣ ਅਰਥਾਤ ਇਸ ਦੇ ਵਾਤਾਵਰਣ ਵਿੱਚ ਰਹਿਣ (ਅਭਿਆਸ ਕਰਨ) ਤੋਂ ਬਿਨਾਂ ਇਸ ਨੂੰ ਜਾਨਣ ਦਾ ਹੋਰ ਕੋਈ ਚਾਰਾ ਨਹੀਂ ਹੈ। ਜਗੀਰੂ ਸਮਾਜ ਵਿੱਚ ਸਰਮਾਏਦਾਰੀ ਸਮਾਜ ਦੇ ਨਿਯਮਾਂ ਨੂੰ ਅਗੇਤੇ ਹੀ ਜਾਣ ਲੈਣਾ ਅਸੰਭਵ ਸੀ ਕਿਉਂਕਿ ਸਰਮਾਏਦਾਰੀ ਅਜੇ ਹੋਂਦ ਵਿੱਚ ਨਹੀਂ ਆਈ ਸੀ ਅਤੇ ਢੁੱਕਵੇਂ ਅਭਿਆਸ ਦੀ ਹਾਲੇ ਘਾਟ ਸੀ। ਮਾਰਕਸਵਾਦ ਸਰਮਾਏਦਾਰੀ ਸਮਾਜ ਦੀ ਹੀ ਪੈਦਾਵਾਰ ਹੋ ਸਕਦਾ ਸੀ। ਖੁੱਲੇ ਮੁਕਾਬਲੇ ਵਾਲੀ ਸਰਮਾਏਦਾਰੀ ਦੇ ਯੁੱਗ ਵਿੱਚ, ਮਾਰਕਸ ਸਾਮਰਾਜਵਾਦੀ ਯੁੱਗ ਦੇ ਨਿਸ਼ਚਿਤ ਵਿਲੱਖਣ ਨਿਯਮਾਂ ਨੂੰ ਠੋਸ ਰੂਪ ਵਿੱਚ ਪਹਿਲਾਂ ਹੀ ਨਹੀਂ ਜਾਣ ਸਕਦਾ ਸੀ ਕਿਉਂਕਿ ਸਰਮਾਏਦਾਰੀ ਦਾ ਅੰਤਮ ਪੜਾਅ, ਸਾਮਰਾਜਵਾਦ ਹਾਲੇ ਹੋਂਦ ’ਚ ਨਹੀਂ ਆਇਆ ਸੀ ਅਤੇ ਢੁੱਕਵੇਂ ਅਭਿਆਸ ਦੀ ਘਾਟ ਸੀ। ਲੈਨਿਨ ਅਤੇ ਸਟਾਲਿਨ ਹੀ ਇਸ ਕੰਮ ਨੂੰ ਆਪਣੇ ਹੱਥ ਲੈ ਸਕੇ। ਇਹਨਾਂ ਦੀ ਪ੍ਰਤਿਭਾ ਨੂੰ ਪਾਸੇ ਰੱਖਦੇ ਹੋਏ, ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਵੱਲੋਂ ਆਪਣੇ ਸਿਧਾਂਤ ਨੂੰ ਘੜਨ ਵਿੱਚ ਸਫਲ ਹੋਣ ਦੀ ਮੁੱਖ ਵਜ੍ਹਾ ਇਹ ਹੈ ਕਿ ਉਹਨਾਂ ਨੇ ਆਪਣੇ ਸਮੇਂ ਦੇ ਜਮਾਤੀ ਘੋਲ ਅਤੇ ਵਿਗਿਆਨਕ ਤਜਰਬਾਕਾਰੀ ਦੇ ਅਭਿਆਸ ਵਿੱਚ ਨਿੱਜੀ ਤੌਰ ਤੇ ਹਿੱਸਾ ਲਿਆ ਸੀ। ਇਹ ਸ਼ਰਤ ਪੂਰੀ ਕੀਤੇ ਬਿਨਾਂ, ਕੋਈ ਵੀ ਪ੍ਰਤਿਭਾਵਾਨ ਵਿਅਕਤੀ ਸਫਲ ਨਹੀਂ ਹੋ ਸਕਦਾ ਸੀ। “ਆਪਣੇ ਬੂਹੇ ਤੋਂ ਬਾਹਰ ਪੈਰ ਧਰੇ ਬਿਨਾਂ ਹੀ ਵਿਦਵਾਨ ਸਾਰੇ ਸੰਸਾਰ ਦੇ ਮਾਮਲਿਆਂ ਤੋਂ ਜਾਣੂ ਹੁੰਦਾ ਹੈ,” ਇਹ ਕਹਾਵਤ ਪੁਰਾਣੇ ਸਮਿਆਂ ਵਿੱਚ ਬਿਲਕੁਲ ਥੋਥੀ ਗੱਲ ਸੀ ਜਦੋਂ ਹਾਲੇ ਤਕਨੀਕ ਪਛੜੀ ਹੋਈ ਸੀ। ਵਿਕਸਤ ਤਕਨੀਕ ਦੇ ਮੌਜੂਦਾ ਜਮਾਨੇ ’ਚ ਭਾਵੇਂ ਇਸ ਕਹਾਵਤ ਨੂੰ ਵਾਜਬ ਮੰਨਿਆ ਜਾ ਸਕਦਾ ਹੈ, ਫਿਰ ਵੀ ਅਸਲੀ ਨਿੱਜੀ ਗਿਆਨ ਉਹਨਾਂ ਲੋਕਾਂ ਕੋਲ ਹੈ ਜਿਹੜੇ ਵਿਸ਼ਾਲ ਸੰਸਾਰ ਅੰਦਰ ਅਭਿਆਸ ਵਿੱਚ ਜੁਟੇ ਹੋਏ ਹਨ। ਜਦੋਂ ਇਹ ਲੋਕ ਆਪਣੇ ਅਭਿਆਸ ਰਾਹੀਂ “ਗਿਆਨ” ਹਾਸਲ ਕਰ ਲੈਂਦੇ ਹਨ ਅਤੇ ਜਦੋਂ ਉਹਨਾਂ ਦਾ ਗਿਆਨ ਲਿਖਤਾਂ ਅਤੇ ਤਕਨੀਕੀ ਸਾਧਨਾਂ ਰਾਹੀਂ ਉਹਨਾਂ ਤੱਕ ਪਹੁੰਚਦਾ ਹੈ ਤਾਂ “ਵਿਦਵਾਨ” ਅਸਿੱਧੇ ਢੰਗ ਨਾਲ “ਵਿਸ਼ਾਲ” ਸੰਸਾਰ ਦੇ ਸਾਰੇ ਮਾਮਲਿਆਂ” ਨੂੰ ਜਾਣ ਸਕਦਾ ਹੈ। ਜੇ ਤੁਸੀਂ ਕਿਸੇ ਨਿਸ਼ਚਿਤ ਵਸਤੂ ਜਾਂ ਵਸਤੂ ਦੇ ਕਿਸੇ ਨਿਸ਼ਚਿਤ ਸਮੂਹ ਨੂੰ ਸਿੱਧੇ ਤੌਰ ਤੇ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਹਕੀਕਤ ਨੂੰ ਬਦਲਣ ਦੇ, ਉਸ ਵਸਤੂ ਜਾਂ ਵਸਤੂਆਂ ਦੇ ਸਮੂਹ ਨੂੰ ਬਦਲਣ ਦੇ ਅਮਲੀ ਘੋਲ ਵਿੱਚ ਨਿੱਜੀ ਤੌਰ ’ਤੇ ਹਿੱਸਾ ਲੈਣਾ ਪਵੇਗਾ। ਫਿਰ ਹੀ ਤੁਸੀਂ ਇਹਨਾਂ ਨਾਲ ਬਾਹਰੀ ਰੂਪ ’ਚ ਸੰਪਰਕ ’ਚ ਆ ਸਕਦੇ ਹੋ, ਹਕੀਕਤ ਨੂੰ ਬਦਲਣ ਦੇ ਅਮਲੀ ਘੋਲ ਵਿੱਚ ਨਿੱਜੀ ਤੌਰ ਤੇ ਸ਼ਾਮਲ ਹੋਣ ਰਾਹੀਂ ਹੀ ਤੁਸੀਂ ਉਸ ਵਸਤੂ ਜਾਂ ਵਸਤੂਆਂ ਦੇ ਸਮੂਹ ਦੇ ਤੱਤ ਨੂੰ ਲੱਭ ਸਕਦੇ ਹੋ ਅਤੇ ਇਹਨਾਂ ਨੂੰ ਸਮਝ ਸਕਦੇ ਹੋ। ਇਹ ਗਿਆਨ ਹਾਸਲ ਕਰਨ ਦਾ ਰਾਹ ਹੈ ਜਿਸ ’ਤੇ ਹਰੇਕ ਮਨੁੱਖ ਅਸਲ ਵਿੱਚ ਚਲਦਾ ਹੈ। ਭਾਵੇਂ ਕੁੱਝ ਲੋਕ, ਗੱਲਾਂ ਨੂੰ ਜਾਣ ਬੁੱਝ ਕੇ ਤੋੜ ਮਰੋੜਦੇ ਹੋਏ, ਇਸ ਦੇ ਉਲਟ ਦਲੀਲਬਾਜੀ ਕਰਦੇ ਹਨ। ਦੁਨੀਆਂ ਵਿੱਚ ਸਭ ਤੋਂ ਹਾਸੋ-ਹੀਣਾ ਮਨੁੱਖ ਉਹ “ਸਰਵ ਗਿਆਨੀ ਹੈ” ਜੋ ਸੁਣੀਆਂ-ਸੁਣਾਈਆਂ ਗੱਲਾਂ ਦੀ ਸਤ੍ਹਹੀ ਜਾਣਕਾਰੀ ਹਾਸਲ ਕਰ ਲੈਂਦਾ ਹੈ ਅਤੇ ਆਪਣੇ ਆਪ ਨੂੰ “ਸੰਸਾਰ ਦਾ ਇੱਕ ਨੰਬਰ ਮਾਹਰ” ਐਲਾਨਦਾ ਹੈ। ਇਹ ਗੱਲ ਸਿਰਫ ਇਹੋ ਦਰਸਾਉਂਦੀ ਹੈ ਕਿ ਉਸਨੇ ਆਪਣੇ ਆਪ ਦਾ ਸਹੀ-ਸਹੀ ਨਾਪ ਨਹੀਂ ਲਿਆ। ਗਿਆਨ ਇੱਕ ਵਿਗਿਆਨਕ ਮਾਮਲਾ ਹੈ ਅਤੇ ਕਿਸੇ ਵੀ ਕਿਸਮ ਦੀ ਬੇਈਮਾਨੀ ਜਾਂ ਘੁਮੰਡ ਦੀ ਇਸ ਵਿੱਚ ਇਜਾਜਤ ਨਹੀਂ ਹੈ। ਜਿਸ ਚੀਜ਼ ਦੀ ਲੋੜ ਹੈ ਉਹ ਇਸ ਦੇ ਬਿਲਕੁਲ ਉਲਟ ਇਮਾਨਦਾਰੀ

ਅਤੇ ਨਿਮਰਤਾ ਹੈ। ਜੇ ਤੁਸੀਂ ਗਿਆਨ ਹਾਸਲ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਜ਼ਰੂਰ ਹੀ ਹਕੀਕਤ ਨੂੰ ਬਦਲਣ ਦੇ ਅਭਿਆਸ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਜੇ ਤੁਸੀਂ ਨਾਸ਼ਪਾਤੀ ਦੀ ਸੁਆਦ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਖ਼ੁਦ ਨਾਸ਼ਪਤੀ ਨੂੰ ਖਾਕੇ ਉਸਨੂੰ ਬਦਲਣਾ ਪਵੇਗਾ। ਜੇ ਤੁਸੀਂ ਪਰਮਾਣੂ ਦੀ ਬਣਤਰ ਅਤੇ ਗੁਣਾਂ ਨੂੰ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਪਰਮਾਣੂ ਦੀ ਹਾਲਤ ਬਦਲਣ ਲਈ ਭੌਤਿਕ ਅਤੇ ਰਸਾਇਣਕ ਤਜਰਬੇ ਕਰਨੇ ਚਾਹੀਦੇ ਹਨ। ਜੇ ਤੁਸੀਂ ਇਨਕਲਾਬ ਦਾ ਸਿਧਾਂਤ ਅਤੇ ਤਰੀਕੇ ਜਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਜ਼ਰੂਰ ਹੀ ਇਨਕਲਾਬ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਸਾਰਾ ਖਰਾ ਗਿਆਨ ਸਿੱਧੇ ਤਜਰਬੇ ਚੋਂ ਪੈਦਾ ਹੁੰਦਾ ਹੈ। ਪਰ ਕੋਈ ਜਣਾ ਹਰ ਵਸਤੂ ਦਾ ਸਿੱਧਾ ਤਜਰਬਾ ਹਾਸਲ ਨਹੀਂ ਕਰ ਸਕਦਾ। ਸੱਚੀ ਗੱਲ ਤਾਂ ਇਹ ਹੈ ਕਿ ਸਾਡਾ ਬਹੁਤ ਗਿਆਨ ਅਸਿੱਧੇ ਤਜੱਰਬੇ ਤੋਂ ਹਾਸਲ ਹੁੰਦਾ ਹੈ, ਮਿਸਾਲ ਵਜੋਂ, ਪੁਰਾਣੇ ਸਮਿਆਂ ਦਾ ਅਤੇ ਵਿਦੇਸ਼ਾਂ ਤੋਂ ਮਿਲਿਆ ਸਾਰਾ ਗਿਆਨ। ਸਾਡੇ ਵੱਡ-ਵਡੇਰਿਆਂ ਅਤੇ ਵਿਦੇਸ਼ੀਆਂ ਲਈ, ਅਜਿਹਾ ਗਿਆਨ ਸਿੱਧੇ ਤਜਰਬੇ ਦਾ ਮਾਮਲਾ ਸੀ ਜਾਂ ਹੈ। ਜੇ ਇਹਨਾਂ ਦੇ ਸਿੱਧੇ ਤਜਰਬੇ ਦੌਰਾਨ, ਲੈਨਿਨ ਵਲੋਂ ਬੋਲੀ ਗਈ, "ਵਿਗਿਆਨਕ ਅਮੂਰਤੀਕਰਣ" ਦੀ ਲੋੜ ਨੂੰ ਪੂਰਾ ਕੀਤਾ ਗਿਆ ਸੀ ਜਾਂ ਹੈ ਅਤੇ ਬਾਹਰਮੁੱਖੀ ਹਕੀਕਤ ਨੂੰ ਵਿਗਿਆਨਕ ਢੰਗ ਨਾਲ ਪ੍ਰਤੀਬਿੰਬਤ ਕੀਤਾ ਗਿਆ ਸੀ ਤਾਂ ਇਹ ਗਿਆਨ ਭਰੋਸੇਯੋਗ ਹੈ। ਜੇ ਗੱਲ ਇਉਂ ਨਹੀਂ ਹੈ ਤਾਂ ਇਹ ਭਰੋਸੇਯੋਗ ਨਹੀਂ ਹੈ। ਇਸ ਲਈ, ਮਨੁੱਖੀ ਗਿਆਨ ਦੇ ਹਿੱਸਿਆਂ ਦਾ ਬਣਿਆ ਹੁੰਦਾ ਹੈ,ਇੱਕ ਹਿੱਸਾ ਉਹ ਹੈ ਜੋ ਸਿੱਧੇ ਤਜਰਬੇ ਤੋਂ ਹਾਸਲ ਹੁੰਦਾ ਹੈ ਅਤੇ ਦੂਜਾ ਹਿੱਸਾ ਉਹ ਹੈ ਜੋ ਦੂਸਰੇ ਲੋਕਾਂ ਲਈ ਸਿੱਧਾ ਤਜਰਬਾ ਹੈ। ਸਿੱਟੇ ਵਜੋਂ, ਸਮੁੱਚੇ ਰੂਪ 'ਚ ਵਿਚਾਰਿਆਂ, ਕਿਸੇ ਵੀ ਕਿਸਮ ਦਾ ਗਿਆਨ ਸਿੱਧੇ ਤਜਰਬੇ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਾਰਾ ਗਿਆਨ ਮਨੁੱਖੀ ਸਰੀਰ ਦੀਆਂ ਗਿਆਨ ਇੰਦਰੀਆਂ ਰਾਹੀਂ ਬਾਹਰਮੁੱਖੀ ਸੰਸਾਰ ਦੇ ਅਨੁਭਵ ਚੋਂ ਪੈਦਾ ਹੁੰਦਾ ਹੈ। ਜੇ ਕੋਈ ਜਣਾ ਅਜਿਹੇ ਅਨੁਭਵ ਤੋਂ ਮੁੱਕਰਦਾ ਹੈ, ਸਿੱਧੇ ਤਜਰਬੇ ਤੋਂ ਮੁਕਰਦਾ ਹੈ ਜਾਂ ਹਕੀਕਤ ਨੂੰ ਬਦਲਣ ਦੇ ਅਭਿਆਸ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਹੋਣ ਤੋਂ ਮੁੱਕਰਦਾ ਹੈ ਤਾਂ ਉਹ ਪਦਾਰਥਵਾਦੀ ਨਹੀਂ ਹੈ। ਏਸੇ ਕਰਕੇ ਹੀ "ਸਰਵ ਗਿਆਨੀ ਜੀ" ਹਾਸੋ-ਹੀਣੇ ਵਿਅਕਤੀ ਹਨ। ਇੱਕ ਪੁਰਾਣੀ ਚੀਨੀ ਕਹਾਵਤ ਹੈ, "ਸ਼ੇਰ ਦੇ ਘੁਰਨੇ 'ਚ ਵੜੇ ਬਿਨਾਂ ਤੁਸੀਂ ਸ਼ੇਰ-ਬੱਚੇ ਨੂੰ ਕਿਵੇਂ ਫੜ ਸਕਦੇ ਹੋ" ਇਹ ਕਹਾਵਤ ਮਨੁੱਖੀ ਅਭਿਆਸ 'ਤੇ ਢੁੱਕਦੀ ਹੈ ਅਤੇ ਗਿਆਨ ਦੇ ਸਿਧਾਂਤ 'ਤੇ ਵੀ ਢੁੱਕਦੀ ਹੈ। ਅਭਿਆਸ ਨਾਲੋਂ ਵੱਖ ਹੋ ਕੇ ਕੋਈ ਗਿਆਨ ਹਾਸਲ ਨਹੀਂ ਹੋ ਸਕਦਾ।

ਹਕੀਕਤ ਨੂੰ ਬਦਲਣ ਵਾਲੇ ਅਭਿਆਸ ਦੇ ਆਧਾਰ 'ਤੇ ਪੈਦਾ ਹੋਣ ਵਾਲੇ ਗਿਆਨ ਦੀ ਦਵੰਦਵਾਦੀ ਪਦਾਰਥਵਾਦੀ ਪ੍ਰਕਿਰਿਆ ਨੂੰ ਸਪੱਸ਼ਟ ਕਰਨ ਲਈ, ਗਿਆਨ ਦੀ ਹੌਲੀ-ਹੌਲੀ ਡੂੰਘੀ ਹੁੰਦੀ ਜਾਂਦੀ ਪ੍ਰਕਿਰਿਆ ਨੂੰ ਸਪੱਸ਼ਟ ਕਰਨ ਲਈ, ਕੁੱਝ ਹੋਰ ਠੋਸ ਮਿਸਾਲਾਂ ਹੇਠਾਂ ਦਿੱਤੀਆਂ ਗਈਆਂ ਹਨ।

ਆਪਣੇ ਅਭਿਆਸ ਦੇ ਪਹਿਲੇ ਅਰਸੇ 'ਚ, ਮਸ਼ੀਨਾਂ ਤੋੜਨ ਅਤੇ ਆਪ-ਮੁਹਾਰੇ ਘੋਲ ਦੇ ਅਰਸੇ 'ਚ, ਪ੍ਰੋਲੇਤਾਰੀ ਪੂੰਜੀਵਾਦ ਦੇ ਵਰਤਾਰੇ ਦੇ ਕੁੱਝ ਪੱਖਾਂ ਅਤੇ ਬਾਹਰੀ ਸੰਬੰਧਾਂ ਨੂੰ ਹੀ ਜਾਣਦਾ ਸੀ। ਉਸ ਸਮੇਂ ਤੱਕ ਪ੍ਰੋਲੇਤਾਰੀ ਹਾਲੇ "ਆਪਣੇ ਆਪ ਵਿੱਚ ਜਮਾਤ" ਹੀ ਸੀ। ਪਰ ਜਦੋਂ ਇਹ ਆਪਣੇ ਅਭਿਆਸ ਦੇ ਦੂਸਰੇ ਅਰਸੇ 'ਚ, ਚੇਤਨ ਅਤੇ ਜੱਥੇਬੰਦ ਆਰਥਿਕ ਅਤੇ ਸਿਆਸੀ

ਘੋਲਾਂ ਦੇ ਅਰਸੇ 'ਚ, ਪਹੁੰਚਿਆ, ਪ੍ਰੋਲੇਤਾਰੀ ਪੂੰਜੀਵਾਦੀ ਸਮਾਜ ਦੇ ਤੱਤ ਨੂੰ ਸਮਾਜਿਕ ਜਮਾਤਾਂ ਦਰਮਿਆਨ ਲੁੱਟ-ਖੋਹ ਕਰਨ ਦੇ ਸੰਬੰਧਾਂ ਨੂੰ ਅਤੇ ਆਪਣੇ ਇਤਿਹਾਸਕ ਕਾਰਜ ਨੂੰ ਸਮਝਣ ਦੇ ਯੋਗ ਹੋ ਗਿਆ ਸੀ। ਉਹ ਆਪਣੇ ਅਭਿਆਸ ਕਰਕੇ ਅਤੇ ਲੰਬੀ ਜਦੋ ਜਹਿਦ ਦੇ ਆਪਣੇ ਤਜਰਬੇ ਕਰਕੇ ਇਉਂ ਕਰਨ ਦੇ ਯੋਗ ਹੋਇਆ ਸੀ। ਪ੍ਰੋਲੇਤਾਰੀ ਨੂੰ ਸਿਖਿਅਤ ਕਰਨ ਲਈ, ਮਾਰਕਸਵਾਦ ਦਾ ਸਿਧਾਂਤ ਸਿਰਜਣ ਵਾਸਤੇ ਇਸ ਦੇ ਸਾਰੇ ਰੂਪ ਵਿੱਚ, ਇਸ ਤਜਰਬੇ ਦਾ ਮਾਰਕਸ ਅਤੇ ਏਂਗਲਜ਼ ਨੇ ਨਿਚੋੜ ਕੱਢਿਆ। ਫੇਰ ਹੀ ਪ੍ਰੋਲੇਤਾਰੀ "ਆਪਣੇ ਲਈ ਜਮਾਤ" ਬਣਿਆ। ਸਾਮਰਾਜਵਾਦ ਬਾਰੇ ਚੀਨੀ ਲੋਕਾਂ ਨੂੰ ਗਿਆਨ ਇਵੇਂ ਹੀ ਹੋਇਆ ਹੈ। ਪਹਿਲਾ ਪੜਾਅ ਸਤ੍ਹਹੀ, ਅਨੁਭਵੀ ਗਿਆਨ ਦਾ ਪੜਾਅ ਸੀ, ਜਿਵੇਂ ਕਿ ਤਾਈ-ਪਿੰਗ ਦੀ ਸਵਰਗੀ ਸਲਤਨਤ ਦੀ ਲਹਿਰ[5] ਦਾ ਵਿਦੇਸ਼ੀ-ਵਿਰੋਧੀ ਅੰਧਾ ਧੁੰਦ ਘੋਲ, ਯੀ-ਹੋ-ਤੁਆਨ ਲਹਿਰ[6] ਆਦਿ ਦਰਸਾਉਂਦੇ ਹਨ। ਇਸ ਦੂਜੇ ਪੜਾਅ ਵਿੱਚ ਹੀ ਚੀਨੀ ਲੋਕ ਤਰਕਸ਼ੀਲ ਗਿਆਨ ਦੇ ਪੜਾਅ 'ਤੇ ਪਹੁੰਚੇ, ਸਾਮਰਾਜਵਾਦ ਦੀਆਂ ਅੰਦਰੂਨੀ ਅਤੇ ਬਾਹਰੀ ਵਿਰੋਧਤਾਈਆਂ ਦਾ ਚਾਨਣ ਹੋਇਆ ਅਤੇ ਇਸ ਮੂਲ ਸਚਾਈ ਨੂੰ ਲੱਭਿਆ ਕਿ ਸਾਮਰਾਜਵਾਦ ਨੇ ਚੀਨ ਦੀ ਵਿਸ਼ਾਲ ਜਨਤਾ ਨੂੰ ਲਤਾੜਨ ਅਤੇ ਲੁਟੱਣ ਲਈ ਚੀਨ ਦੀਆਂ ਦਲਾਲ ਅਤੇ ਜਗੀਰੂ ਜਮਾਤਾਂ ਨਾਲ ਸਾਂਝ ਪਾਈ ਹੋਈ ਹੈ। ਇਹ ਗਿਆਨ 1919 ਦੀ ਚਾਰ ਮਈ ਦੀ ਲਹਿਰ ਦੇ ਨੇੜ-ਤੇੜ ਦੇ ਸਮੇਂ ਸ਼ੁਰੂ ਹੋਇਆ।

ਇਸ ਤੋਂ ਅੱਗੇ, ਆਓ ਯੁੱਧ ਬਾਰੇ ਵਿਚਾਰ ਕਰੀਏ। ਉਹ ਲੋਕ ਜੋ ਯੁੱਧ ਦੀ ਅਗਵਾਈ ਕਰਦੇ ਹਨ, ਜੇ ਉਹ ਯੁੱਧ ਦਾ ਤਜਰਬਾ ਨਹੀਂ ਰੱਖਦੇ ਤਾਂ ਫਿਰ ਅਰੰਭਿਕ ਪੜਾਅ 'ਤੇ ਵਿਸ਼ੇਸ਼ ਯੁੱਧ ਨੂੰ ਚਲਾਉਣ ਨਾਲ ਸੰਬੰਧਿਤ ਡੂੰਘੇ ਨਿਯਮਾਂ ਨੂੰ ਨਹੀਂ ਸਮਝ ਸਕਣਗੇ।(ਜਿਵੇਂ ਪਿਛਲੇ ਦਹਾਕੇ ਦਾ ਸਾਡਾ ਜ਼ਰਈ ਇਨਕਲਾਬੀ ਯੁੱਧ) ਅਰੰਭਿਕ ਪੜਾਅ 'ਤੇ ਉਹ ਸਿਰਫ ਲੜਾਈ ਦਾ ਵਾਹਵਾ ਤਜਰਬਾ ਹੀ ਹਾਸਲ ਕਰਨਗੇ ਤੇ ਇਸਤੋਂ ਵੱਧ ਹੋਰ ਉਨ੍ਹਾਂ ਨੂੰ ਬਹੁਤ ਸਾਰੀਆਂ ਹਾਰਾਂ ਦਾ ਮੂੰਹ ਦੇਖਣਾ ਪਵੇਗਾ। ਪਰ ਇਹ ਤਜਰਬਾ (ਜਿੱਤੀਆਂ ਲੜਾਈਆਂ ਅਤੇ ਖਾਸ ਕਰਕੇ ਹਾਰੀਆਂ ਲੜਾਈਆਂ ਦਾ ਤਜਰਬਾ) ਉਹਨਾਂ ਨੂੰ ਸਮੁੱਚੇ ਯੁੱਧ ਦੀ ਅੰਦਰੂਨੀ ਤੰਦ ਨੂੰ ਸਮਝਣ ਦੇ ਯੋਗ ਬਣਾ ਦਿੰਦਾ ਹੈ। ਜੇ, ਅਜਿਹੇ ਮੌਕੇ ਯੁੱਧ ਦੀ ਕਮਾਨ ਕਿਸੇ ਅਨਾੜੀ ਨੂੰ ਸੌਂਪ ਦਿੱਤਾ ਜਾਵੇ, ਤਾਂ ਉਸ ਨੂੰ ਵੀ, ਯੁੱਧ ਦੇ ਸਹੀ ਨਿਯਮ ਸਮਝ ਸਕਣ ਤੋਂ ਪਹਿਲਾਂ ਵਾਹਵਾ ਸਾਰੀਆਂ ਹਾਰਾਂ ਦਾ ਮੂੰਹ ਦੇਖਣਾ (ਤਜਰਬਾ ਹਾਸਲ ਕਰਨਾ।) ਪਵੇਗਾ।

ਜਦੋਂ ਕੋਈ ਸਾਥੀ ਕਿਸੇ ਕੰਮ ਦੀ ਜ਼ਿੰਮੇਵਾਰੀ ਚੁੱਕਣ ਤੋਂ ਝਿਜਕਦਾ ਹੈ ਤਾਂ ਅਸੀਂ ਅਕਸਰ ਇਹ ਟਿੱਪਣੀ ਸੁਣਦੇ ਹਾਂ, "ਮੈਨੂੰ ਯਕੀਨ ਨਹੀਂ ਕਿ ਮੈਂ ਇਸ ਕੰਮ ਨੂੰ ਸੰਭਾਲ ਲਵਾਂਗਾ ਉਸਨੂੰ ਆਪਣੇ ਆਪ ਤੇ ਯਕੀਨ ਕਿਉਂ ਨਹੀਂ ਹੈ ? ਕਿਉਂਕਿ ਉਸ ਦਾ ਅਜਿਹੇ ਕੰਮ ਨਾਲ ਮਮੂਲੀ ਜਾਂ ਉਕਾ ਹੀ ਵਾਹ ਨਹੀਂ ਪਿਆ। ਇਸ ਲਈ ਕੰਮ ਨੂੰ ਚਲਾਉਣ ਵਾਲੇ ਨਿਯਮ ਉਸ ਦੀ ਸਮਝ ਤੋਂ ਬਾਹਰ ਹਨ। ਕੰਮ ਦੇ ਸੁਭਾਅ ਅਤੇ ਹਾਲਤਾਂ ਦੇ ਵਿਸਥਾਰੀ ਵਿਸ਼ਲੇਸ਼ਣ ਤੋਂ ਪਿੱਛੋਂ, ਉਹ ਆਪਣੇ ਬਾਰੇ ਵੱਧ ਭਰੋਸਾ ਮਹਿਸੂਸ ਕਰੇਗਾ ਅਤੇ ਕੰਮ ਨੂੰ ਖੁਸ਼ੀ-ਖੁਸ਼ੀ ਕਰੇਗਾ। ਜੇ ਉਹ ਕੰਮ 'ਤੇ ਕੁੱਝ ਸਮਾਂ ਲਾਉਂਦਾ ਹੈ ਅਤੇ ਤਜਰਬਾ ਹਾਸਲ ਕਰਦਾ ਹੈ ਅਤੇ ਜੇ ਉਹ ਮਸਲਿਆਂ ਨੂੰ ਖੁਲ੍ਹੇ ਮਨ ਨਾਲ ਵਿਚਾਰਨ ਲਈ ਤਿਆਰ ਵਿਅਕਤੀ ਹੈ ਅਤੇ ਮਸਲਿਆਂ ਨੂੰ ਅੰਤਰਮੁੱਖੀ, ਇੱਕਪਾਸੜ ਅਤੇ ਸਤ੍ਹਹੀ ਤੌਰ 'ਤੇ ਵਿਚਾਰਨ ਵਾਲਾ ਨਹੀਂ ਹੈ ਤਾਂ ਉਹ ਆਪਣੇ ਲਈ ਸਿੱਟੇ ਕੱਢ ਸਕਦਾ ਹੈ ਕਿ ਕੰਮ

ਨੂੰ ਕਿਵੇਂ ਕੀਤਾ ਜਾਵੇ ਅਤੇ ਉਹ ਕੰਮ ਨੂੰ ਵੱਧ ਦਲੇਰੀ ਨਾਲ ਕਰ ਸਕੇਗਾ। ਸਿਰਫ ਉਹ ਹੀ ਜਿਹਨਾਂ ਦੀ ਮਸਲਿਆਂ ਵੰਨੀ ਪਹੁੰਚ ਅੰਤਰਮੁੱਖੀ, ਇੱਕਪਾਸੜ ਅਤੇ ਸਤ੍ਹਹੀ ਹੁੰਦੀ ਹੈ, ਹਾਲਤਾਂ ਨੂੰ ਵਿਚਾਰੇ ਬਿਨਾਂ, ਵਸਤੂਆਂ ਨੂੰ ਉਹਨਾਂ ਦੀ ਸਮੁੱਚਤਾ 'ਚ ਦੇਖੇ ਬਿਨਾਂ (ਇਹਨਾਂ ਦਾ ਇਤਿਹਾਸ ਅਤੇ ਸਮੁੱਚੇ ਰੂਪ ਵਿੱਚ ਇਹਨਾਂ ਦੀ ਮੌਜੂਦਾ ਹਾਲਤ) ਅਤੇ ਵਸਤੂਆਂ ਦੇ ਤੱਤ ਨੂੰ ਫੜੇ ਬਿਨਾਂ (ਇਹਨਾਂ ਦਾ ਸੁਭਾਅ, ਇੱਕ ਅਤੇ ਦੂਜੀ ਚੀਜ਼ ਵਿਚਕਾਰ ਅੰਦਰੂਨੀ ਸੰਬੰਧਾਂ), ਉਹ ਮੌਕੇ 'ਤੇ ਪਹੁੰਚਦਿਆਂ ਹੀ ਸਵੈ-ਸੰਤੁਸ਼ਟੀ ਨਾਲ ਹੁਕਮ ਅਤੇ ਨਿਰਦੇਸ਼ ਜਾਰੀ ਕਰਨਗੇ। ਅਜਿਹੇ ਲੋਕ ਠੋਕਰ ਖਾ ਕੇ ਮੂੰਹ-ਭਾਰ ਡਿੱਗਣ ਲਈ ਸਰਾਪੇ ਹੁੰਦੇ ਹਨ।

ਇਸ ਤਰ੍ਹਾਂ ਇਹ ਦੇਖਿਆ ਜਾ ਸਕਦਾ ਹੈ ਕਿ ਗਿਆਨ ਦੀ ਪ੍ਰਕਿਰਿਆ 'ਚ ਪਹਿਲਾ ਕਦਮ ਬਾਹਰੀ ਦੁਨੀਆਂ ਦੀਆਂ ਵਸਤੂਆਂ ਨਾਲ ਸੰਬੰਧ ਕਾਇਮ ਕਰਨਾ ਹੈ; ਇਹ ਕਦਮ ਗਿਆਨ ਦੇ ਅਨੁਭੱਵੀ ਪੜਾਅ ਨਾਲ ਸੰਬੰਧਤ ਹੈ। ਦੂਸਰਾ ਕਦਮ ਤੱਥਾਂ ਨੂੰ ਤਰਤੀਬ ਦੇਕੇ ਅਤੇ ਇਹਨਾਂ ਦਾ ਮੁੜ ਨਿਰਮਾਣ ਕਰਕੇ ਸੰਸਲੇਸ਼ਣ ਕਰਨਾ ਹੈ, ਇਹ ਕਦਮ ਸੰਕਲਪ ਬਨਾਉਣ, ਨਿਰਣੇ ਕਰਨ ਅਤੇ ਦਲੀਲ ਉਸਾਰੀ ਕਰਨ ਨਾਲ ਸੰਬੰਧਿਤ ਹੈ। ਜਦੋਂ ਅਨੁਭੱਵੀਂ ਗਿਆਨ ਦੇ ਤੱਥ ਭਰਪੂਰ ਹੋਣ (ਖਿੰਡੇ ਪੁੰਡੇ ਨਾ ਹੋਣ) ਅਤੇ ਹਕੀਕਤ ਨਾਲ ਮੇਲ ਖਾਂਦੇ ਹੋਣ (ਮਨੋਕਲਪਿਤ ਨਾ ਹੋਣ) ਤਾਂ ਹੀ ਉਹ ਦਰੁਸਤ ਸੰਕਲਪਾਂ ਅਤੇ ਸਿਧਾਂਤਾਂ ਨੂੰ ਘੜਨ ਦਾ ਆਧਾਰ ਬਣ ਸਕਦੇ ਹਨ।

ਇਥੇ ਦੋ ਅਹਿਮ ਨੁਕਤਿਆਂ 'ਤੇ ਜ਼ਰੂਰ ਹੀ ਜੋਰ ਦਿੱਤਾ ਜਾਣਾ ਚਾਹੀਦਾ ਹੈ। ਪਹਿਲਾਂ, ਜਿਹੜਾ ਪਹਿਲਾਂ ਬਿਆਨ ਕੀਤਾ ਜਾ ਚੁੱਕਿਆ ਹੈ ਪਰ ਇਥੇ ਦੁਹਰਾਉਣ ਚਾਹੀਦਾ ਹੈ, ਇਹ ਹੈ ਕਿ ਤਰਕਸ਼ੀਲ ਗਿਆਨ ਅਨੁਭਵੀ ਗਿਆਨ 'ਤੇ ਨਿਰਭਰ ਹੈ। ਜੋ ਕੋਈ ਵੀ ਇਹ ਸਮਝਦਾ ਹੈ ਕਿ ਤਰਕਸ਼ੀਲ ਗਿਆਨ ਨੂੰ ਅਨੁਭਵੀ ਗਿਆਨ ਵਿਚੋਂ ਹਾਸਲ ਕਰਨ ਦੀ ਜ਼ਰੂਰਤ ਨਹੀਂ ਹੈ, ਉਹ ਵਿਚਾਰਵਾਦੀ ਹੈ। ਫਲਸਫੇ ਦੇ ਇਤਿਹਾਸ ਅੰਦਰ, ਇੱਕ "ਤਰਕਸ਼ੀਲ" ਸਕੂਲ ਹੈ ਜਿਹੜਾ ਸਿਰਫ ਤਰਕ ਦੀ ਹਕੀਕਤ ਨੂੰ ਹੀ ਪ੍ਰਵਾਨ ਕਰਦਾ ਹੈ, ਤਜਰਬੇ ਦੀ ਹਕੀਕਤ ਨੂੰ ਨਹੀਂ। ਇਸ ਦਾ ਵਿਸ਼ਵਾਸ਼ ਹੈ ਕਿ ਤਰਕ ਹੀ ਭਰੋਸੇਯੋਗ ਹੈ ਜਦੋਂ ਕਿ ਅਨੁਭਵੀ ਤਜਰਬਾ ਭਰੋਸੇਯੋਗ ਨਹੀਂ ਹੈ। ਇਹ ਸਕੂਲ ਵਸਤੂਆਂ ਨੂੰ ਸਿਰਪਰਨੇ ਖੜ੍ਹੇ ਕਰਨ ਦੀ ਗਲਤੀ ਕਰਦਾ ਹੈ। ਤਰਕ ਇਸ ਕਰਕੇ ਹੀ ਭਰੋਸੇਯੋਗ ਹੈ ਕਿਉਂਕਿ ਇਸ ਦਾ ਸ੍ਰੋਤ ਇੰਦਰੀ ਅਨੁਭਵਾਂ 'ਚ ਹੈ, ਨਹੀਂ ਤਾਂ ਇਹ ਤਰਕ ਸ੍ਰੋਤ ਤੋਂ ਬਿਨਾਂ, ਜੜ੍ਹਾਂ ਬਿਨਾਂ ਦਰਖੱਤ ਵਾਲੀ ਗੱਲ ਹੀ ਹੋਵੇਗੀ। ਅੰਤਰਮੁੱਖੀ, ਮਨਘੜਤ ਅਤੇ ਗੈਰ ਭਰੋਸੇਯੋਗ। ਗਿਆਨ ਹਾਸਲ ਕਰਨ ਦੀ ਪ੍ਰਕਿਰਿਆ ਦੀ ਤਰਤੀਬ ਵਿੱਚ, ਅਨੁਭਵੀ ਤਜਰਬਾ ਪਹਿਲਾਂ ਹੁੰਦਾ ਹੈ। ਗਿਆਨ ਦੀ ਪ੍ਰਕਿਰਿਆ ਅੰਦਰ ਸਮਾਜਿਕ ਤਜਰਬੇ ਦੀ ਮਹੱਤਤਾ ਉੱਤੇ ਅਸੀਂ ਇਸ ਲਈ ਜੋਰ ਦੇਣਾ ਚਾਹੁੰਦੇ ਹਾਂ ਕਿ ਸਿਰਫ ਅਭਿਆਸ ਹੀ ਮਨੁੱਖੀ ਗਿਆਨ ਨੂੰ ਜਨਮ ਦੇ ਸਕਦਾ ਹੈ ਅਤੇ ਸਿਰਫ ਇਹ ਹੀ ਮਨੁੱਖ ਨੂੰ ਬਾਹਰਮੁੱਖੀ ਸੰਸਾਰ ਤੋਂ ਅਨੁਭਵੀ ਤਜਰਬਾ ਹਾਸਲ ਕਰਨ ਦੇ ਰਾਹ ਪਾ ਸਕਦਾ ਹੈ। ਜੋ ਮਨੁੱਖ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ, ਕੰਨਾਂ 'ਚ ਰੂੰ ਦੇ ਲੈਂਦਾ ਹੈ ਅਤੇ ਆਪਣੇ ਆਪ ਨੂੰ ਬਾਹਰਮੁੱਖੀ ਸੰਸਾਰ ਤੋਂ ਪੂਰੀ ਤਰ੍ਹਾਂ ਤੋੜ ਲੈਂਦਾ ਹੈ, ਉਹ ਕੋਈ ਗਿਆਨ ਹਾਸਲ ਨਹੀਂ ਕਰ ਸਕਦਾ। ਗਿਆਨ ਤਜਰਬੇ ਤੋਂ ਸ਼ੁਰੂ ਹੁੰਦਾ ਹੈ। ਇਹ ਗਿਆਨ ਦੇ ਸਿਧਾਂਤ ਦਾ ਪਦਾਰਥਵਾਦ ਹੈ।

ਦੂਜਾ ਨੁਕਤਾ ਇਹ ਹੈ ਕਿ ਗਿਆਨ ਨੂੰ ਡੂੰਘਾ ਕਰਨ ਦੀ ਲੋੜ ਹੁੰਦੀ ਹੈ, ਕਿ ਗਿਆਨ ਦੇ ਅਨੁਭਵੀ ਪੜਾਅ ਨੂੰ ਤਕਸ਼ੀਲ ਪੜਾਅ ਤੱਕ ਵਿਕਸਤ ਕਰਨ ਦੀ ਲੋੜ ਹੁੰਦੀ ਹੈ। ਇਹ

ਗਿਆਨ ਦੇ ਸਿਧਾਂਤ ਦਾ ਦਵੰਦਵਾਦ ਹੈ।[8] ਇਹ ਸੋਚਣਾ ਕਿ ਗਿਆਨ ਨੀਂਵੇਰੇ, ਅਨੁਭਵੀ ਪੱਧਰ 'ਤੇ ਰੁਕ ਸਕਦਾ ਹੈ ਅਤੇ ਇੱਕਲਾ ਅਨੁਭਵੀ ਗਿਆਨ ਹੀ ਭਰੋਸੇਯੋਗ ਹੈ, ਤਰਕਸ਼ੀਲ ਗਿਆਨ ਨਹੀਂ, ਇਹ "ਅਭਿਆਸਵਾਦ" ਦੀ ਇਤਿਹਾਸਕ ਗਲਤੀ ਦੀ ਦੁਹਰਾਈ ਕਰਦਾ ਹੈ ਕਿ ਭਾਵੇਂ ਅਨੁਭਵੀ ਗਿਆਨ ਦੇ ਤੱਥ ਬਾਹਰਮੁਖੀ ਸੰਸਾਰ ਅੰਦਰ ਕੁੱਝ ਹਕੀਕਤਾਂ ਨੂੰ ਜਾਹਰ ਕਰਦੇ ਹਨ (ਮੈਂ ਏਥੇ ਵਿਚਾਰਵਾਦੀ ਅਭਿਆਸਵਾਦ ਬਾਰੇ ਨਹੀਂ ਬੋਲ ਰਿਹਾ ਜਿਹੜਾ ਤਜਰਬੇ ਨੂੰ ਅਖੌਤੀ 'ਆਪਣੜੇ ਗਿਰੇਵਾਨ ਮੇਂ ਸਿਰ ਨੀਵਾਂ ਕਰ ਦੇਖ਼' ਤੱਕ ਸੀਮਤ ਕਰਦਾ ਹੈ)ਪਰ ਇਹ ਬਿਲਕੁਲ ਹੀ ਇੱਕਪਾਸੜ ਅਤੇ ਸਤ੍ਹੀ ਹੁੰਦੇ ਹਨ, ਵਸਤੂਆਂ ਦਾ ਅਧੂਰਾ ਚਿੱਤਰ ਖਿੱਚਦੇ ਹਨ ਅਤੇ ਇਹਨਾਂ ਦੇ ਤੱਤ ਨੂੰ ਪ੍ਰਗਟ ਨਹੀਂ ਕਰਦੇ। ਕਿਸੇ ਵਸਤੂ ਨੂੰ ਇਸ ਦੀ ਸਮੁੱਚਤਾ 'ਚ ਮੁਕੰਮਲ ਤੌਰ 'ਤੇ ਪ੍ਰਗਚ ਕਰਨ ਲਈ, ਇਸ ਦੇ ਤੱਤ ਨੂੰ ਪ੍ਰਗਟ ਕਰਨ ਲਈ, ਇਸ ਦੇ ਜਮਾਂਦਰੂ ਨਿਯਮਾਂ ਨੂੰ ਪ੍ਰਗਟ ਕਰਨ ਲਈ, ਮੈਲ ਨੂੰ ਲਾਹ ਕੇ ਤੱਤ ਦੀ ਚੋਣ ਕਰਦੇ ਹੋਏ ਅਤੇ ਨਕਲੀ ਨੂੰ ਖ਼ਤਮ ਕਰਕੇ ਅਸਲੀ ਨੂੰ ਸਾਂਭਦੇ ਹੋਏ ਅਤੇ ਇੱਕ ਪੱਖ ਤੋਂ ਦੂਜੇ ਪੱਖ ਵੱਲ ਅਤੇ ਬਾਹਰੀ ਦ੍ਰਿਸ਼ ਤੋਂ ਅੰਦਰਲੀ ਹਕੀਕਤ ਵੱਲ ਵੱਧਦੇ ਹੋਏ, ਸੋਚਣ ਦੀ ਕੋਸ਼ਿਸ਼ ਰਾਹੀਂ ਇੰਦਰੀ ਅਨੁਭਵ ਦੇ ਅਮੀਰ ਤੱਥਾਂ ਦੀ ਮੁੜ ਉਸਾਰੀ ਕਰਨੀ ਜ਼ਰੂਰੀ ਹੈ। ਫੇਰ ਹੀ ਸੰਕਲਪਾਂ ਅਤੇ ਸਿਧਾਂਤਾਂ ਦਾ ਇੱਕ ਸਿਸਟਮ ਬਣਾਇਆ ਜਾ ਸਕਦਾ ਹੈ। ਅਨੁਭਵੀ ਗਿਆਨ ਤੋਂ ਤਰਕਸ਼ੀਲ ਗਿਆਨ ਤੱਕ ਛਾਲ ਮਾਰਨੀ ਜ਼ਰੂਰੀ ਹੈ। ਅਜਿਹਾ ਮੁੜ-ਉਸਾਰਿਆ ਗਿਆਨ ਬਹੁਤਾ ਥੋਥਾ ਨਹੀਂ ਹੁੰਦਾ ਜਾਂ ਬਹੁਤਾ ਗੈਰ ਭਰੋਸੇਯੋਗ ਨਹੀਂ ਹੁੰਦਾ ਸਗੋਂ ਇਸ ਦੇ ਉਲਟ, ਅਭਿਆਸ ਦੇ ਆਧਾਰ 'ਤੇ, ਗਿਆਨ ਦੀ ਪ੍ਰਕਿਰਿਆ ਅੰਦਰ ਜੋ ਵੀ ਵਿਗਿਆਨਕ ਢੰਗ ਨਾਲ ਮੁੜ-ਉਸਾਰਿਆ ਜਾਂਦਾ ਹੈ, ਇਹ ਬਾਹਰਮੁਖੀ ਹਕੀਕਤ ਨੂੰ, ਜਿਵੇਂ ਲੈਨਿਨ ਨੇ ਕਿਹਾ ਹੈ, ਵਧੇਰੇ ਡੂੰਘਾਈ ਨਾਲ, ਵਧੇਰੇ ਸੱਚਾਈ ਨਾਲ, ਵਧੇਰੇ ਸੰਪੂਰਨਤਾ ਨਾਲ ਪ੍ਰਗਟ ਕਰਦਾ ਹੈ। ਇਸ ਦੇ ਉਲਟ, ਸਿੱਧੇ ਸਾਦੇ "ਪ੍ਰਯੋਗੀ ਬੰਦੇ" ਤਜਰਬੇ ਦਾ ਆਦਰ ਕਰਦੇ ਹਨ ਪਰ ਸਿਧਾਂਤ ਨੂੰ ਨਫ਼ਰਤ ਕਰਦੇ ਹਨ,ਇਸ ਲਈ ਉਹ ਕਿਸੇ ਸਮੁੱਚੀ ਬਾਹਰਮੁੱਖੀ ਪ੍ਰਕਿਰਿਆ ਬਾਰੇ ਭਰਵਾਂ ਨਜ਼ਰੀਆ ਨਹੀਂ ਅਪਣਾ ਸਕਦੇ। ਉਹ ਸਪੱਸ਼ਟ ਸੇਧ ਅਤੇ ਲੰਬੇ ਦਾਅ ਦੇ ਭਵਿੱਖ-ਨਕਸ਼ੇ ਤੋਂ ਵਿਹੂਣੇ ਹੁੰਦੇ ਹਨ ਅਤੇ ਕਦੇ ਕਦਾਈ ਦੀਆਂ ਸਫ਼ਲਤਾਵਾਂ ਤੇ ਸਚਾਈ ਦੇ ਅਧੂਰੇਪਣ 'ਤੇ ਹੀ ਸਵੈ-ਸੰਤੁਸ਼ਟ ਹੁੰਦੇ ਹਨ। ਜੇ ਅਜਿਹੇ ਮਨੁੱਖ ਇਨਕਲਾਬ ਦੀ ਅਗਵਾਈ ਕਰਦੇ ਹੋਣ, ਤਾਂ ਇਹ ਇਸ ਨੂੰ ਅੰਨ੍ਹੇ-ਖੂਹ ਵਿੱਚ ਲਿਜਾ ਸੁੱਟਣਗੇ।

ਤਰਕਸ਼ੀਲ ਗਿਆਨ ਅਨੁਭਵੀ ਗਿਆਨ 'ਤੇ ਨਿਰਭਰ ਕਰਦਾ ਹੈ ਅਤੇ ਅਨੁਭਵੀ ਗਿਆਨ ਨੂੰ ਤਰਕਸ਼ੀਲ ਗਿਆਨ 'ਚ ਵਿਕਸਤ ਕਰਨਾ ਅਗਲਾ ਕੰਮ ਹੈ-ਇਹ ਗਿਆਨ ਦਾ ਦਵੰਦਵਾਦੀ ਪਦਾਰਥਵਾਦੀ ਸਿਧਾਂਤ ਹੈ। ਫਲਸਫੇ ਅੰਦਰ, ਨਾ ਤਾਂ "ਤਰਕਸ਼ੀਲਤਾ" ਤੇ ਨਾ ਹੀ "ਅਭਿਆਸਵਾਦ" ਗਿਆਨ ਦੇ ਇਤਿਹਾਸਕ ਜਾਂ ਦਵੰਦਵਾਦੀ ਸੁਭਾਅ ਨੂੰ ਸਮਝਦੇ ਹਨ ਭਾਵੇਂ ਇਹਨਾਂ ਚੋਂ ਹਰੇਕ ਮਤ ਸੱਚਾਈ ਦਾ ਇੱਕ ਪੱਖ ਰੱਖਦਾ ਹੈ (ਇਥੇ ਮੈਂ ਪਦਾਰਥਵਾਦੀ ਮੱਤ ਬਾਰੇ ਸੰਕੇਤ ਕਰ ਰਿਹਾ ਹਾਂ ਨਾ ਕਿ ਵਿਚਾਰਵਾਦੀ, ਤਰਕਸ਼ੀਲਤਾ ਅਤੇ ਅਭਿਆਸਵਾਦ ਬਾਰੇ) ਪਰ ਦੋਵੇਂ ਹੀ ਸਮੁੱਚੇ ਤੌਰ 'ਤੇ ਗਿਆਨ ਦੇ ਸਿਧਾਂਤ ਬਾਰੇ ਗਲਤ ਹਨ। ਅਨੁਭਵੀ ਗਿਆਨ ਤੋਂ ਤਰਕਸ਼ੀਲ ਗਿਆਨ ਤੱਕ ਗਿਆਨ ਦੀ ਦਵੰਦਵਾਦੀ ਪਦਾਰਥਵਾਦੀ ਗਤੀ ਨਾਲ ਗਿਆਨ ਦੀ ਛੋਟੀ ਪ੍ਰਕਿਰਿਆ (ਮਿਸਾਲ ਵਜੋਂ ਇੱਕ ਵਸਤੂ ਜਾਂ ਕਾਰਜ ਨੂੰ ਜਾਨਣਾ) ਅਤੇ ਗਿਆਨ ਦੀ ਵੱਡੀ ਤੋਂ ਵੱਡੀ ਪ੍ਰਕਿਰਿਆ ਬਾਰੇ ਵੀ (ਮਿਸਾਲ ਵਜੋਂ, ਸਮੁੱਚੇ ਸਮਾਜ ਜਾਂ ਇਨਕਲਾਬ ਨੂੰ ਜਾਨਣਾ) ਸਹੀ ਹੈ।

ਪਰ ਗਿਆਨ ਦੀ ਗਤੀ ਏਥੇ ਰੁਕ ਨਹੀਂ ਜਾਂਦੀ। ਜੇ ਗਿਆਨ ਦੀ ਦਵੰਦਵਾਦੀ ਪਦਾਰਥਵਾਦੀ ਗਤੀ ਨੇ ਤਰਕਸ਼ੀਲ ਗਿਆਨ 'ਤੇ ਹੀ ਰੁਕ ਜਾਣਾ ਹੈ ਤਾਂ ਇਸ ਨਾਲ ਸਿਰਫ ਅੱਧੀ ਸਮੱਸਿਆ ਹੀ ਨਜਿੱਠੀ ਜਾਵੇਗੀ। ਜਿਥੋਂ ਤੱਕ ਮਾਰਕਸੀ ਫਲਸਫੇ ਦਾ ਸੰਬੰਧ ਹੈ, ਇਸ ਅਨੁਸਾਰ ਘੱਟ ਮਹੱਤਤਾ ਵਾਲੀ ਅੱਧੀ ਸਮੱਸਿਆ ਹੀ ਨਜਿੱਠੀ ਜਾਵੇਗੀ। ਮਾਰਕਸੀ ਫਲਸਫੇ ਦਾ ਮੱਤ ਹੈ ਕਿ ਸਭ ਤੋਂ ਮਹੱਤਵਪੂਰਨ ਸਮੱਸਿਆ ਬਾਹਰਮੁੱਖੀ ਸੰਸਾਰ ਦੇ ਨਿਯਮਾਂ ਨੂੰ ਸਮਝਣ ਅਤੇ ਇਸ ਤਰ੍ਹਾਂ, ਇਸ ਸਮਝ ਦੀ ਵਿਆਖਿਆ ਕਰਨ 'ਚ ਸਮੋਈ ਹੈ। ਮਾਰਕਸੀ ਨਜ਼ਰੀਏ ਅਨੁਸਾਰ, ਸਿਧਾਂਤ ਮਹੱਤਵਪੂਰਨ ਹੈ, ਅਤੇ ਇਸ ਦੀ ਮਹੱਤਤਾ ਲੈਨਿਨ ਦੇ ਇਸ ਬਿਆਨ ਵਿੱਚ ਪੂਰੀ ਤਰ੍ਹਾਂ ਪ੍ਰਗਟਾਈ ਗਈ ਹੈ, "ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਇਨਕਲਾਬੀ ਲਹਿਰ ਨਹੀਂ ਹੋ ਸਕਦੀ।"[੭] ਪਰ ਮਾਰਕਸਵਾਦ ਸਿਧਾਂਤ ਦੀ ਮਹੱਤਤਾ 'ਤੇ ਸਹੀ ਤੌਰ 'ਤੇ ਅਤੇ ਸਿਰਫ ਏਸੇ ਕਰਕੇ ਜ਼ੋਰ ਪਾਉਂਦਾ ਹੈ ਕਿ ਇਹ ਅਭਿਆਸ ਦੀ ਰਾਹਨੁਮਾਈ ਕਰ ਸਕਦਾ ਹੈ। ਜੇ ਸਾਡੇ ਕੋਲ ਦਰਸੁਤ ਸਿਧਾਂਤ ਹੈ ਪਰ ਇਸ ਬਾਰੇ ਜਾਬ੍ਹਾਂ ਦਾ ਭੇੜ ਕਰਦੇ ਰਹਿੰਦੇ ਹਾਂ ਅਤੇ ਇਸ ਨੂੰ ਸੰਤੋਖ ਕੇ ਰੱਖ ਦਿੰਦੇ ਹਾਂ ਅਤੇ ਇਸ ਨੂੰ ਅਮਲ 'ਚ ਨਹੀਂ ਲਿਆਉਂਦੇ ਤਾਂ ਇਹ ਸਿਧਾਂਤ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਇਸ ਦੀ ਕੋਈ ਮਹੱਤਤਾ ਨਹੀਂ ਹੈ। ਗਿਆਨ ਅਭਿਆਸ ਨਾਲ ਸ਼ੁਰੂ ਹੁੰਦਾ ਹੈ ਅਤੇ ਸਿਧਾਂਤਕ ਗਿਆਨ ਅਭਿਆਸ ਰਾਹੀਂ ਹੀ ਹਾਸਲ ਕੀਤਾ ਜਾਂਦਾ ਹੈ ਅਤੇ ਜ਼ਰੂਰ ਹੀ ਮੁੜ ਅਮਲ 'ਚ ਲਿਆਂਦਾ ਜਾਣਾ ਚਾਹੀਦਾ ਹੈ। ਗਿਆਨ ਦਾ ਸਰਗਰਮ ਕਾਰਜ ਆਪਣੇ ਆਪ ਨੂੰ ਨਾ ਸਿਰਫ ਸਰਗਰਮ ਛਾਲ ਰਾਹੀਂ ਅਨੁਭਵੀਂ ਗਿਆਨ ਤੋਂ ਤਰਕਸ਼ੀਲ ਗਿਆਨ 'ਚ ਪ੍ਰਗਟ ਕਰਨਾ ਹੈ ਸਗੋਂ ਇਸ ਨੂੰ ਆਪਣੇ ਆਪ ਨੂੰ ਛਾਲ ਰਾਹੀਂ ਤਰਕਸ਼ੀਲ ਗਿਆਨ ਤੋਂ ਇਨਕਲਾਬੀ ਅਭਿਆਸ 'ਚ ਜਾਹਰ ਕਰਨਾ ਚਾਹੀਦਾ ਹੈ। ਜਿਹੜਾ ਗਿਆਨ ਸੰਸਾਰ ਦੇ ਨਿਯਮਾਂ ਨੂੰ ਗ੍ਰਹਿਣ ਕਰ ਲੈਂਦਾ ਹੈ, ਇਸ ਨੂੰ ਸੰਸਾਰ ਦੀ ਕਾਇਆਪਲਟੀ ਕਰਨ ਦੇ ਅਭਿਆਸ ਵੱਨੀ ਮੁੜ ਸੇਧਿਆ ਜਾਣਾ, ਪੈਦਾਵਾਰ ਦੇ ਅਭਿਆਸ 'ਚ. ਇਨਕਲਾਬੀ ਜਮਾਤੀ ਘੋਲ ਦੇ ਅਭਿਆਸ 'ਚ ਅਤੇ ਵਿਗਿਆਨਿਕ ਤਜਰਬੇ ਦੇ ਅਭਿਆਸ 'ਚ ਨਵੇਂ ਸਿਰਿਓਂ ਲਾਗੂ ਕਰਨਾ ਚਾਹੀਦਾ ਹੈ। ਇਹ ਸਿਧਾਂਤ ਨੂੰ ਪਰਖਣ ਅਤੇ ਵਿਕਾਸ ਕਰਨ ਦੀ ਪ੍ਰਕਿਰਿਆ ਹੈ, ਗਿਆਨ ਹਾਸਲ ਕਰਨ ਦੀ ਸਮੁੱਚੀ ਪ੍ਰਕਿਰਿਆ ਦੀ ਨਿਰੰਤਰਤਾ ਹੈ। ਸਿਧਾਂਤ ਬਾਹਰਮੁੱਖੀ ਹਕੀਕਤ ਨਾਲ ਮੇਲ ਖਾਂਦਾ ਹੈ ਜਾਂ ਨਹੀਂ, ਇਹ ਸਮੱਸਿਆ ਉਪਰ ਬਿਆਨੀ ਅਨੁਭਵੀਂ ਗਿਆਨ ਤੋਂ ਤਰਕਸ਼ੀਲ ਗਿਆਨ ਵੱਲ ਗਤੀ ਨਾਲ ਹੱਲ ਨਹੀਂ ਹੁੰਦੀ ਅਤੇ ਨਾ ਹੀ ਹੱਲ ਕੀਤੀ ਜਾ ਸਕਦੀ ਹੈ। ਇਸ ਸਮੱਸਿਆ ਨੂੰ ਮੁਕੰਮਲ ਰੂਪ 'ਚ ਹੱਲ ਕਰਨ ਦਾ ਇੱਕੋ ਇੱਕ ਤਰੀਕਾ, ਤਰਕਸ਼ੀਲ ਗਿਆਨ ਨੂੰ ਸਮਾਜਿਕ ਅਭਿਆਸ ਵੱਲ ਮੁੱੜ ਸੇਧਣਾ, ਸਿਧਾਂਤ ਨੂੰ ਅਭਿਆਸ 'ਚ ਲਾਗੂ ਕਰਨਾ ਹੈ ਅਤੇ ਇਹ ਵੇਖਣਾ ਹੈ ਕਿ ਕੀ ਇਹ ਅਨੁਮਾਨੇ ਉਦੇਸ਼ ਪ੍ਰਾਪਤ ਕਰ ਸਕਦਾ ਹੈ)। ਕੁਦਰਤੀ ਵਿਗਿਆਨ ਦੇ ਬਹੁਤ ਸਾਰੇ ਸਿਧਾਂਤ ਸਿਰਫ ਏਸੇ ਕਰਕੇ ਹੀ ਦਰੁਸਤ ਨਹੀਂ ਸਮਝੇ ਜਾਂਦੇ ਕਿਉਂਕਿ ਇਹਨਾਂ ਨੂੰ ਉਸ ਵੇਲੇ ਦਰੁਸਤ ਸਮਝਿਆ ਗਿਆ ਜਦੋਂ ਕੁਦਰਤ ਵਿਗਿਆਨੀਆਂ ਨੇ ਇਹਨਾਂ ਦੀ ਸਿਰਜਣਾ ਕੀਤੀ ਸੀ ਸਗੋਂ ਇਸ ਕਰਕੇ ਦਰੁਸਤ ਸਮਝਿਆ ਜਾਂਦਾ ਹੈ ਕਿਉਂਕਿ ਪਿੱਛੋਂ ਦੇ ਵਿਗਿਆਨਿਕ ਅਭਿਆਸ ਅੰਦਰ ਇਹਨਾਂ ਦੀ ਪੁਸ਼ਟੀ ਹੋ ਚੁੱਕੀ ਹੈ। ਏਸੇ ਤਰ੍ਹਾਂ, ਮਾਰਕਸਵਾਦ–ਲੈਨਿਨਵਾਦ ਨੂੰ ਸਿਰਫ ਏਸ ਕਰਕੇ ਹੀ ਦਰੁਸਤ ਨਹੀਂ ਸਮਝਿਆ ਜਾਂਦਾ ਕਿਉਂਕਿ ਇਸ ਨੂੰ ਉਸ ਵੇਲੇ ਦਰੁਸਤ ਮੰਨਿਆ ਗਿਆ ਜਦੋਂ ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਨੇ ਇਸ ਨੂੰ ਵਿਗਿਆਨਕ ਢੰਗ ਨਾਲ ਰਚਿਆ ਸੀ ਸਗੋਂ ਇਸ ਕਰਕੇ ਦਰੁਸਤ ਸਮਝਿਆ

ਜਾਂਦਾ ਹੈ ਕਿਉਂਕਿ ਇਨਕਲਾਬੀ ਜਮਾਤੀ ਘੋਲਾਂ ਅਤੇ ਇਲਕਲਾਬੀ ਕੌਮੀ ਘੋਲਾਂ ਦੇ ਪਿੱਛੋਂ ਦੇ ਅਭਿਆਸ ਅੰਦਰ ਇਸ ਦੀ ਪੁਸ਼ਟੀ ਹੋ ਚੁੱਕੀ ਹੈ। ਦਵੰਦਵਾਦੀ ਪਦਾਰਥਵਾਦ ਸਰਵ-ਵਿਆਪਕ ਤੌਰ 'ਤੇ ਦਰੁਸਤ ਹੈ ਕਿਉਂਕਿ ਕਿਸੇ ਵੀ ਵਿਅਕਤੀ ਲਈ ਆਪਣੇ ਅਭਿਆਸ ਅੰਦਰ ਇਸ ਦੇ ਘੇਰੇ ਤੋਂ ਬਚ ਰਹਿਣਾ ਅਸੰਭਵ ਹੈ। ਮਨੁੱਖੀ ਗਿਆਨ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਕਾਫੀ ਸਿਧਾਂਤਾਂ ਦੀ ਸੱਚਾਈ ਅਧੂਰੀ ਹੀ ਹੁੰਦੀ ਹੈ। ਅਤੇ ਇਹ ਅਧੂਰਾਪਨ ਅਭਿਆਸ ਦੀ ਕਸਵੱਟੀ ਰਾਹੀਂ ਦੂਰ ਕੀਤਾ ਜਾਂਦਾ ਹੈ। ਕਾਫੀ ਸਿਧਾਂਤ ਗਲਤ ਹੁੰਦੇ ਹਨ ਅਤੇ ਅਭਿਆਸ ਦੀ ਕਸਵਟੀ ਰਾਹੀਂ ਇਨ੍ਹਾਂ ਦੀਆਂ ਗਲਤੀਆਂ ਨੂੰ ਦੂਰ ਕੀਤਾ ਜਾਂਦਾ ਹੈ। ਏਸੇ ਕਰਕੇ ਹੀ ਅਭਿਆਸ ਸੱਚਾਈ ਨੂੰ ਪਰਖਣ ਦੀ ਕਸਵੱਟੀ ਬਣਦਾ ਹੈ ਅਤੇ "ਗਿਆਨ ਦੇ ਸਿਧਾਂਤ ਅੰਦਰ ਜ਼ਿੰਦਗੀ ਦਾ, ਅਭਿਆਸ ਦਾ ਨੁਕਤਾ ਨਜ਼ਰ ਪਹਿਲਾ ਅਤੇ ਬੁਨਿਆਦੀ' ਸਥਾਨ ਹਾਸਲ ਕਰਦਾ ਹੈ।"[10] ਸਟਾਲਿਨ ਨੇ ਖੂਬ ਕਿਹਾ ਹੈ, "ਜੇ ਸਿਧਾਂਤ ਇਨਕਲਾਬੀ ਅਮਲ ਨਾਲ ਜੁੜਿਆ ਹੋਇਆ ਨਾ ਹੋਵੇ ਤਾਂ ਇਹ ਅਰਥਹੀਣ ਹੋ ਜਾਂਦਾ ਹੈ, ਇਸੇ ਤਰ੍ਹਾਂ ਜੇ ਇਨਕਲਾਬੀ ਸਿਧਾਂਤ ਅਭਿਆਸ ਦਾ ਰਾਹ ਰੋਸ਼ਨ ਨਾ ਕਰੇ ਤਾਂ ਅਭਿਆਸ ਹਨ੍ਹੇਰੇ ਵਿੱਚ ਟੱਕਰਾਂ ਮਾਰਦਾ ਹੈ।"[11]

ਇਸ ਨੁਕਤੇ ਤੇ ਪਹੁੰਚਕੇ, ਕੀ ਗਿਆਨ ਦੀ ਗਤੀ ਮੁਕੰਮਲ ਹੋ ਗਈ ਹੈ ? ਸਾਡਾ ਜਵਾਬ ਹੈ : ਇਹ ਪੂਰੀ ਵੀ ਹੋ ਗਈ ਹੈ ਅਤੇ ਅਜੇ ਪੂਰੀ ਨਹੀਂ ਵੀ ਹੋਈ। ਸਮਾਜਿਕ ਵਿਕਾਸ ਦੇ ਕਿਸੇ ਨਿਸ਼ਚਿਤ ਪੜਾਅ ਤੇ ਜਦੋਂ ਲੋਕ ਕਿਸੇ ਨਿਸ਼ਚਿਤ ਬਾਹਰਮੁੱਖੀ ਪ੍ਰਕਿਰਿਆ (ਕੁਦਰਤੀ ਜਾਂ ਸਮਾਜਿਕ) ਨੂੰ ਬਦਲਣ ਲਈ ਅਭਿਆਸ 'ਚ ਪੈਂਦੇ ਹਨ ਤਾਂ ਆਪਣੇ ਦਿਮਾਗਾਂ 'ਤੇ ਬਾਹਰਮੁੱਖੀ ਪ੍ਰਕਿਰਿਆ ਦੇ ਪਏ ਅਕਸ ਅਤੇ ਅਪਣਾ ਚੇਤਨ ਗਤੀਮਾਨ ਰੋਲ ਨਿਭਾਉਣ ਦੇ ਸਿੱਟੇ ਵਜੋਂ ਉਹ ਆਪਣੇ ਗਿਆਨ ਨੂੰ ਅਨੁਭਵੀ ਪੜਾਅ ਤੋਂ ਤਰਕਸ਼ੀਲ ਪੜਾਅ ਤੱਕ ਵਧਾਅ ਸਕਦੇ ਹਨ ਅਤੇ ਅਜਿਹੇ ਵਿਚਾਰ, ਸਿਧਾਂਤ, ਵਿਉਂਤਬੰਦੀਆਂ ਅਤੇ ਪ੍ਰੋਗਰਾਮ ਸਿਰਜ ਸਕਦੇ ਹਨ ਜੋ ਆਮ ਤੌਰ ਤੇ ਉਸ ਬਾਹਰਮੁੱਖੀ ਪ੍ਰਕਿਰਿਆ ਦੇ ਨਿਯਮਾਂ ਨਾਲ ਮੇਲ ਖਾਂਦੇ ਹੋਣ। ਫੇਰ, ਉਹ ਇਹਨਾਂ ਵਿਚਾਰਾਂ, ਸਿਧਾਂਤਾਂ ਅਤੇ ਵਿਉਂਤਬੰਦੀਆਂ ਅਤੇ ਪ੍ਰੋਗਰਾਮਾਂ ਨੂੰ ਉਸੇ ਬਾਹਰਮੁੱਖੀ ਪ੍ਰਕਿਰਿਆ 'ਤੇ ਅਭਿਆਸ 'ਚ ਲਾਗੂ ਕਰਦੇ ਹਨ। ਜੇ ਉਹ ਮਿੱਥੇ ਟੀਚਿਆਂ ਨੂੰ ਹਾਸਲ ਕਰ ਲੈਂਦੇ ਹਨ ਅਰਥਾਤ ਜੇ ਉਹ ਅਭਿਆਸ ਦੀ ਉਸੇ ਪ੍ਰਕਿਰਿਆ ਅੰਦਰ ਪਹਿਲਾਂ ਘੜੇ ਵਿਚਾਰਾਂ, ਸਿਧਾਂਤਾਂ, ਵਿਉਂਤਬੰਦੀਆਂ ਜਾਂ ਪ੍ਰੋਗਰਾਮਾਂ ਨੂੰ ਹਕੀਕਤ ਵਿੱਚ ਢਾਲਣ ਵਿੱਚ ਸਫਲ ਹੋ ਜਾਂਦੇ ਹਨ ਜਾਂ ਮੁੱਖ ਤੌਰ 'ਤੇ ਸਫਲ ਹੋ ਜਾਂਦੇ ਹਨ ਤਾਂ ਇਸ ਵਿਸ਼ੇਸ਼ ਪ੍ਰਕਿਰਿਆ ਬਾਰੇ ਗਿਆਨ ਦੀ ਗਤੀ ਨੂੰ ਮੁਕੰਮਲ ਹੋਇਆ ਸਮਝਿਆ ਜਾ ਸਕਦਾ ਹੈ। ਕੁਦਰਤ ਨੂੰ ਬਦਲਣ ਦੀ ਪ੍ਰਕਿਰਿਆ ਅੰਦਰ, ਮਿਸਾਲ ਵਜੋਂ, ਇੰਜਨੀਅਰਿੰਗ ਦੀ ਯੋਜਨਾ ਨੂੰ ਸਿਰੇ ਚਾੜਨਾ, ਕਿਸੇ ਵਿਗਿਆਨਕ ਮਨੌਤ ਦੀ ਪੁਸ਼ਟੀ, ਕੋਈ ਸੰਦ ਬਨਾਉਣ ਜਾਂ ਫਸਲ ਵੱਢਣ ਜਾਂ ਸਮਾਜ ਨੂੰ ਬਦਲਣ ਦੀ ਪ੍ਰਕਿਰਿਆ ਅੰਦਰ, ਉਦਾਹਰਣ ਵਜੋਂ, ਹੜਤਾਲ ਦੀ ਜਿੱਤ, ਜੰਗ 'ਚ ਜਿੱਤ ਜਾਂ ਵਿਦਿਅਕ ਵਿਉਂਤ ਨੂੰ ਸਿਰੇ ਚਾੜਨਾ—ਇਹਨਾਂ ਸਾਰਿਆਂ ਨੂੰ ਮਿੱਥੇ ਟੀਚਿਆਂ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਪਰ ਆਮ ਤੌਰ 'ਤੇ ਵੇਖਣ 'ਚ ਆਉਂਦਾ ਹੈ ਕਿ ਕੁਦਰਤ ਨੂੰ ਬਦਲਣ ਜਾਂ ਸਮਾਜ ਨੂੰ ਬਦਲਣ ਜੇ ਅਭਿਆਸ ਅੰਦਰ, ਵਿਅਕਤੀ ਦੇ ਪਲੇਠੇ ਵਿਚਾਰ, ਸਿਧਾਂਤ ਵਿਉਂਤਬੰਦੀਆਂ ਜਾਂ ਪ੍ਰੋਗਰਾਮ ਅਦਲਾ-ਬਦਲੀ ਕੀਤੇ ਬਿਨਾਂ ਕਦੇ ਹੀ ਸਿਰੇ ਚੜ੍ਹਦੇ ਹਨ। ਇਹ ਇਸ ਕਰਕੇ ਹੈ ਕਿ ਹਕੀਕਤ ਨੂੰ ਬਦਲਣ 'ਚ ਜੁਟੇ ਲੋਕ ਆਮ ਤੌਰ 'ਤੇ ਬਹੁਤ ਸਾਰੀਆਂ ਸੀਮਤਾਈਆਂ 'ਚ ਬੱਝੇ ਹੁੰਦੇ

ਹਨ, ਉਹ ਨਾ ਸਿਰਫ ਮੌਜੂਦਾ ਵਿਗਿਆਨਕ ਅਤੇ ਤਕਨੀਕੀ ਹਾਲਤਾਂ ਕਰਕੇ ਸੀਮਤ ਹੁੰਦੇ ਹਨ, ਸਗੋਂ ਖੁਦ ਬਾਹਰਮੁਖੀ ਪ੍ਰਕਿਰਿਆ ਦੇ ਵਿਕਾਸ ਦੀ ਅਤੇ ਪ੍ਰਕਿਰਿਆ ਦੇ ਪ੍ਰਗਟਾਵੇ ਦੇ ਦਰਜੇ ਦੀ ਹੱਦ ਅੰਦਰ ਵੀ (ਬਾਹਰਮੁਖੀ ਪ੍ਰਕਿਰਿਆ ਦੇ ਪੱਖ ਜਾਂ ਤੱਤ ਅਜੇ ਪੂਰੀ ਤਰਾਂ ਉਧੜਿਆ ਨਾ ਹੋਣ ਕਰਕੇ) ਸੀਮਤ ਹੁੰਦੇ ਹਨ। ਅਜੇਹੀ ਹਾਲਤ ਅੰਦਰ ਅਭਿਆਸ ਦੌਰਾਨ ਅਣਡਿੱਠ ਹਾਲਤਾਂ ਦਾ ਭੇਤ ਪੈਣ ਕਰਕੇ ਵਿਚਾਰ, ਸਿਧਾਂਤ, ਵਿਉਂਤਾਂ ਜਾਂ ਪ੍ਰੋਗਰਾਮ ਆਮ ਤੌਰ ’ਤੇ ਅੰਸ਼ਕ ਰੂਪ ’ਚ ਬਦਲੇ ਜਾਂਦੇ ਹਨ ਅਤੇ ਕਈ ਵਾਰੀ ਸਮੁੱਚੇ ਰੂਪ ਵਿੱਚ ਵੀ ਬਦਲੇ ਜਾਂਦੇ ਹਨ। ਕਹਿਣ ਦਾ ਅਰਥ ਹੈ, ਇਉਂ ਹੁੰਦਾ ਹੀ ਹੈ ਕਿ ਪਲੇਠੇ ਵਿਚਾਰ, ਸਿਧਾਂਤ, ਵਿਉਂਤਾਂ ਜਾਂ ਪ੍ਰੋਗਰਾਮ ਅੰਸ਼ਕ ਜਾਂ ਸਮੁੱਚੇ ਰੂਪ ’ਚ ਹਕੀਕਤ ਨਾਲ ਮੇਲ ਨਹੀਂ ਖਾਂਦੇ ਅਤੇ ਅੰਸ਼ਕ ਜਾਂ ਸਮੁੱਚੇ ਰੂਪ ’ਚ ਦਰੁਸਤ ਨਹੀਂ ਹੁੰਦੇ। ਕਾਫੀ ਮਾਮਲਿਆਂ ’ਚ, ਇਸ ਤੋਂ ਪਹਿਲਾਂ ਕਿ ਗਿਆਨ ਅੰਦਰ ਗਲਤੀਆਂ ਨੂੰ ਦਰੁਸਤ ਕੀਤਾ ਜਾ ਸਕੇ ਜਾਂ ਬਾਹਰਮੁਖੀ ਪ੍ਰਕਿਰਿਆ ਦੇ ਨਿਯਮਾਂ ਨਾਲ ਇਕਸੁਰਤਾ ਹਾਸਲ ਕੀਤੀ ਜਾ ਸਕੇ ਅਤੇ ਸਿੱਟੇ ਵਜੋਂ, ਇਸ ਤੋਂ ਪਹਿਲਾਂ ਕਿ ਅੰਤਰਮੁੱਖਤਾ ਨੂੰ ਬਾਹਰਮੁੱਖਤਾ ਵਿੱਚ ਪਲਟਿਆ ਜਾ ਸਕੇ ਜਾਂ ਦੂਸਰੇ ਸ਼ਬਦਾਂ ਵਿੱਚ ਇਸ ਤੋਂ ਪਹਿਲਾਂ ਕਿ ਅਭਿਆਸ ਅੰਦਰ ਅਨੁਮਾਨੇ ਸਿੱਟੇ ਹਾਸਲ ਕੀਤੇ ਜਾ ਸਕਣ, ਕਈ ਵਾਰ ਅਸਫਲਤਾਵਾਂ ਨੂੰ ਦੁਹਰਾਉਣਾ ਪਵੇਗਾ। ਫੇਰ, ਜਦੋਂ ਇਸ ਨੁਕਤੇ ’ਤੇ ਪਹੁੰਚ ਗਏ ਤਾਂ ਨਿਸ਼ਚਿਤ ਬਾਹਰਮੁਖੀ ਪ੍ਰਕਿਰਿਆ ਦੇ ਵਿਕਾਸ ਦੇ ਨਿਸ਼ਚਿਤ ਪੜਾਅ ਬਾਰੇ ਮਨੁੱਖੀ ਗਿਆਨ ਦੀ ਗਤੀ ਨੂੰ ਮੁਕੰਮਲ ਹੋਇਆ ਸਮਝਿਆ ਜਾ ਸਕਦਾ ਹੈ।

ਤਾਂ ਵੀ, ਜਿੱਥੋਂ ਤੱਕ ਪ੍ਰਕਿਰਿਆ ਦੇ ਵਧਾਰੇ ਦਾ ਸੰਬੰਧ ਹੈ, ਮਨੁੱਖੀ ਗਿਆਨ ਦੀ ਗਤੀ ਮੁਕੰਮਲ ਨਹੀਂ ਹੋਈ। ਕੁਦਰਤ ਜਾਂ ਸਮਾਜ ਦੇ ਖੇਤਰ ਅੰਦਰ ਹਰੇਕ ਪ੍ਰਕਿਰਿਆ ਆਪਣੀ ਅੰਦਰੂਨੀ ਵਿਰੋਧਤਾਈ ਅਤੇ ਘੋਲ ਕਰਕੇ ਅੱਗੇ ਵਧਦੀ ਹੈ ਅਤੇ ਵਿਕਾਸ ਕਰਦੀ ਹੈ, ਇਸ ਦੇ ਨਾਲ ਹੀ ਮਨੁੱਖੀ ਗਿਆਨ ਦੀ ਗਤੀ ਨੂੰ ਅੱਗੇ ਵਧਣਾ ਅਤੇ ਵਿਕਾਸ ਕਰਨਾ ਚਾਹੀਦਾ ਹੈ। ਜਿੱਥੋਂ ਤੱਕ ਸਮਾਜਿਕ ਲਹਿਰਾਂ ਦਾ ਸੰਬੰਧ ਹੈ, ਜਿਵੇਂ ਕਿ ਉਪਰ ਦਰਸਾਇਆ ਹੈ ਹਕੀਕੀ ਇਨਕਲਾਬੀ ਆਗੂਆਂ ਨੂੰ, ਗਲਤੀਆਂ ਦਾ ਪਤਾ ਲੱਗਣ ’ਤੇ ਨਾ ਸਿਰਫ਼ ਆਪਣੇ ਵਿਚਾਰਾਂ, ਸਿਧਾਂਤਾਂ, ਵਿਉਂਤਾਂ ਜਾਂ ਪ੍ਰੋਗਰਾਮਾਂ ਨੂੰ ਦਰੁਸਤ ਕਰਨ ’ਚ ਗੁਣੀ ਹੋਣਾ ਚਾਹੀਦਾ ਹੈ; ਸਗੋਂ ਜਦੋਂ ਨਿਸ਼ਚਿਤ ਬਾਹਰਮੁਖੀ ਪ੍ਰਕਿਰਿਆ ਪਹਿਲਾਂ ਹੀ ਅੱਗੇ ਵੱਧ ਚੁੱਕੀ ਹੈ ਅਤੇ ਵਿਕਾਸ ਦੇ ਇੱਕ ਪੜਾਅ ਤੋਂ ਦੂਸਰੇ ਪੜਾਅ ’ਚ ਤਬਦੀਲ ਹੋ ਚੁੱਕੀ ਹੈ ਤਾਂ ਉਹ ਆਪਣੇ ਆਪ ਨੂੰ ਅਤੇ ਆਪਣੇ ਸਾਰੇ ਸੰਗੀ ਇਨਕਲਾਬੀਆਂ ਨੂੰ ਅੱਗੇ ਵਧਾਉਣ ’ਚ ਅਤੇ ਇਸ ਦੇ ਨਾਲ ਹੀ ਉਹਨਾਂ ਦੇ ਅੰਤਰਮੁੱਖੀ ਗਿਆਨ ’ਚ ਤਬਦੀਲੀ ਕਰਨ ’ਚ ਵੀ ਗੁਣੀ ਹੋਣੇ ਚਾਹੀਦੇ ਹਨ। ਕਹਿਣ ਦਾ ਅਰਥ ਹੈ ਕਿ ਉਹਨਾਂ ਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਤਜਵੀਜਤ ਨਵੇਂ ਇਨਕਲਾਬੀ ਕਾਰਜ ਅਤੇ ਨਵੇਂ ਕਾਰਵਾਈ ਪ੍ਰੋਗਰਾਮ ਹਾਲਤ ਅੰਦਰ ਨਵੀਆਂ ਤਬਦੀਲੀਆਂ ਨਾਲ ਮੇਲ ਖਾਂਦੇ ਹੋਣ। ਇਨਕਲਾਬੀ ਦੌਰ ਅੰਦਰ ਹਾਲਾਤ ਤੇਜ਼ੀ ਨਾਲ ਬਦਲਦੇ ਹਨ। ਜੇ ਇਨਕਲਾਬੀਆਂ ਦਾ ਗਿਆਨ ਹਾਲਤ-ਤਬਦੀਲੀ ਅਨੁਸਾਰ ਤੇਜ਼ੀ ਨਾਲ ਨਹੀਂ ਬਦਲਦਾ ਤਾਂ ਉਹ ਇਨਕਲਾਬ ਦੀ ਜਿੱਤ ਤੱਕ ਅਗਵਾਈ ਕਰਨ ਦੇ ਕਾਬਿਲ ਨਹੀਂ ਹੋਣਗੇ।

ਅਕਸਰ ਇਉਂ ਹੁੰਦਾ ਹੈ ਕਿ ਸੋਚ ਹਕੀਕਤ ਤੋਂ ਪਿੱਛੇ ਰਹਿ ਜਾਂਦੀ ਹੈ। ਇਹ ਇਸ ਕਰਕੇ ਹੈ ਕਿ ਮਨੁੱਖ ਦਾ ਗਿਆਨ ਅਣਗਿਣਤ ਸਮਾਜਿਕ ਹਾਲਤਾਂ ਰਾਹੀਂ ਸੀਮਿਤ ਹੁੰਦਾ ਹੈ। ਅਸੀਂ

ਇਨਕਲਾਬੀ ਸਫਾਂ ਅੰਦਰ ਕੱਟੜਪੰਥੀਆਂ ਦਾ ਵਿਰੋਧ ਕਰਦੇ ਹਾਂ ਜਿਹਨਾਂ ਦੀ ਸੋਚ ਬਦਲ ਰਹੀਆਂ ਬਾਹਰਮੁਖੀ ਹਾਲਤਾਂ ਅਨੁਸਾਰ ਪੇਸ਼ਕਦਮੀ ਕਰਨ 'ਚ ਫੇਲ ਹੋ ਜਾਂਦੀ ਹੈ ਅਤੇ ਇਸ ਨੇ ਇਤਿਹਾਸਕ ਤੌਰ 'ਤੇ ਆਪਣੇ ਆਪ ਨੂੰ ਸੱਜੀ ਮੌਕਾਪ੍ਰਸਤੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਇਹ ਲੋਕ ਇਸ ਗੱਲ ਨੂੰ ਸਮਝਣ 'ਚ ਅਸਫਲ ਰਹਿੰਦੇ ਹਨ ਕਿ ਵਿਰੋਧੀ ਪੱਖਾਂ ਦੇ ਘੋਲ ਨੇ ਬਾਹਰਮੁਖੀ ਪ੍ਰਕਿਰਿਆ ਨੂੰ ਪਹਿਲਾਂ ਹੀ ਧੱਕ ਕੇ ਅੱਗੇ ਤੋਰ ਦਿੱਤਾ ਹੈ ਜਦੋਂ ਕਿ ਉਹਨਾਂ ਦਾ ਗਿਆਨ ਪੁਰਾਣੇ ਪੜਾਅ 'ਤੇ ਰੁਕਿਆ ਖੜ੍ਹਾ ਹੈ। ਸਾਰੇ ਕੱਟੜਪੰਥੀਆਂ ਦੀ ਸੋਚ ਦਾ ਇਹ ਲੱਛਣ ਹੈ। ਇਹਨਾਂ ਦੀ ਸੋਚ ਸਮਾਜਿਕ ਅਭਿਆਸ ਨਾਲੋਂ ਟੁੱਟੀ ਹੁੰਦੀ ਹੈ। ਇਹ ਸਮਾਜ ਦੇ ਰੱਥ ਦੀ ਅਗਵਾਈ ਕਰਨ ਲਈ ਮੂਹਰੇ ਲੱਗ ਕੇ ਨਹੀਂ ਤੁਰ ਸਕਦੇ। ਇਹ ਪਿੱਛੇ ਪੈਰ ਘੜੀਸਦੇ ਹੀ ਤੁਰਦੇ ਹਨ ਅਤੇ ਬੁੜ੍ਹ-ਬੁੜ੍ਹ ਕਰਦੇ ਰਹਿੰਦੇ ਹਨ ਕਿ ਰੱਥ ਬਹੁਤ ਤੇਜ ਜਾਂਦਾ ਹੈ ਅਤੇ ਇਸ ਨੂੰ ਪਿੱਛੇ ਖਿੱਚਣ ਦੀ ਜਾਂ ਉਲਟੀ ਦਿਸ਼ਾ 'ਚ ਭਮਾਉਣ ਦੀ ਕੋਸ਼ਿਸ਼ ਕਰਦੇ ਹਨ।

ਅਸੀਂ "ਖੱਬੀ" ਲਫਾਜੀ ਦਾ ਵੀ ਵਿਰੋਧ ਕਰਦੇ ਹਾਂ। "ਖੱਬੂਆਂ" ਦੀ ਸੋਚ ਬਾਹਰਮੁੱਖੀ ਪ੍ਰਕਿਰਿਆ ਦੇ ਵਿਕਾਸ ਦੇ ਹਾਸਲ ਪੜਾਅ ਨੂੰ ਟੱਪ ਜਾਂਦੀ ਹੈ। ਇਹਨਾਂ ਵਿੱਚੋਂ ਕੁੱਝ ਆਪਦੀਆਂ ਖਿਆਲੀ ਉਡਾਰੀਆਂ ਨੂੰ ਸੱਚ ਮੰਨ ਬੈਠਦੇ ਹਨ ਅਤੇ ਦੂਸਰੇ ਉਸ ਆਦਰਸ਼ ਨੂੰ ਮੌਜੂਦਾ ਸਮੇਂ 'ਚ ਹੀ ਹਾਸਲ ਕਰਨ ਲਈ ਅੱਡੀਆਂ ਚੁੱਕ ਚੁੱਕ ਤਾਣ ਲਾਉਂਦੇ ਹਨ, ਜਿਸ ਨੂੰ ਸਿਰਫ ਭਵਿੱਖ ਵਿੱਚ ਹੀ ਹਾਸਲ ਕੀਤਾ ਜਾ ਸਕਦਾ ਹੈ। ਇਹ ਲੋਕਾਂ ਦੇ ਵੱਡੇ ਹਿੱਸੇ ਦੇ ਚੱਲ ਰਹੇ ਅਭਿਆਸ ਨਾਲੋਂ ਅਤੇ ਮੌਜੂਦਾ ਹਕੀਕਤਾਂ ਨਾਲੋਂ ਆਪਣੇ ਆਪ ਨੂੰ ਤੋੜ ਲੈਂਦੇ ਹਨ ਅਤੇ ਆਪਣੀਆਂ ਕਾਰਵਾਈਆਂ ਅੰਦਰ ਮਾਅਰਕੇਬਾਜ ਹੋਣ ਦਾ ਪ੍ਰਗਟਾਵਾ ਕਰਦੇ ਹਨ।

ਇਹਨਾਂ ਸਾਰਿਆਂ, ਵਿਚਾਰਵਾਦ ਅਤੇ ਮਕੈਨਕੀ ਪਦਾਰਥਵਾਦ, ਮੌਕਾਪ੍ਰਸਤੀ ਅਤੇ ਮਾਅਰਕੇਬਾਜੀ, ਦਾ ਇਹ ਲੱਛਣ ਹੁੰਦਾ ਕਿ ਇਹ ਅੰਤਰਮੁੱਖਤਾ ਨੂੰ ਬਾਹਰਮੁੱਖਤਾ ਨਾਲੋਂ, ਗਿਆਨ ਨੂੰ ਅਭਿਆਸ ਨਾਲੋਂ ਤੋੜਦੇ ਹਨ। ਗਿਆਨ ਦਾ ਮਾਰਕਸੀ ਲੈਨਿਨੀ ਸਿਧਾਂਤ, ਜਿਸਦੀ ਵਿਗਿਆਨਕ ਸਮਾਜਿਕ ਅਭਿਆਸ ਵਜੋਂ ਖਾਸਾ ਬਿਆਨੀ ਕੀਤੀ ਗਈ ਹੈ, ਇਹਨਾਂ ਗਲਤ ਵਿਚਾਰਧਾਰਾਵਾਂ ਦਾ ਦ੍ਰਿੜਤਾ ਨਾਲ ਵਿਰੋਧ ਕਰੇ ਬਿਨਾਂ ਨਹੀਂ ਸਾਰ ਸਕਦਾ। ਮਾਰਕਸਵਾਦੀ ਮੰਨਦੇ ਹਨ ਕਿ ਬ੍ਰਹਿਮੰਡ ਦੇ ਵਿਕਾਸ ਦੀ ਨਿਰਪੇਖ ਅਤੇ ਆਮ ਪ੍ਰਕਿਰਿਆ ਅੰਦਰ, ਹਰੇਕ ਵਿਸ਼ੇਸ਼ ਪ੍ਰਕਿਰਿਆ ਦਾ ਵਿਕਾਸ ਸਾਪੇਖਕ ਹੁੰਦਾ ਹੈ ਅਤੇ ਇਸ ਲਈ, ਨਿਰਪੇਖ ਸੱਚਾਈ ਦੇ ਨਿਰੰਤਰ ਵਹਿਣ ਅੰਦਰ, ਆਪਣੇ ਵਿਕਾਸ ਦੇ ਕਿਸੇ ਵੀ ਹਾਸਲ ਪੜਾਅ ਤੇ, ਕਿਸੇ ਵਿਸ਼ੇਸ਼ ਪ੍ਰਕਿਰਿਆ ਬਾਰੇ ਮਨੁੱਖੀ ਗਿਆਨ ਸਿਰਫ ਸਾਪੇਖਕ ਸੱਚਾਈ ਹੀ ਹੁੰਦੀ ਹੈ। ਅਣਗਿਣਤ ਸਾਪੇਖਕ ਸੱਚਾਈਆਂ ਦੇ ਕੁੱਲ ਜਮਾਂ ਜੋੜ ਨਾਲ ਸੱਚਾਈ ਬਣਦੀ ਹੈ।[12] ਕਿਸੇ ਬਾਹਰਮੁੱਖੀ ਪ੍ਰਕਿਰਿਆ ਦਾ ਵਿਕਾਸ ਵਿਰੋਧਤਾਈਆਂ ਅਤੇ ਜੱਦੋਜਹਿਦ ਨਾਲ ਭਰਪੂਰ ਹੁੰਦਾ ਹੈ ਅਤੇ ਇਸੇ ਤਰ੍ਹਾਂ ਮਨੁੱਖੀ ਗਿਆਨ ਦੀ ਗਤੀ ਦਾ ਵਿਕਾਸ ਭਰਪੂਰ ਹੁੰਦਾ ਹੈ। ਬਾਹਰਮੁਖੀ ਸੰਸਾਰ ਦੀਆਂ ਸਾਰੀਆਂ ਦਵੰਦਵਾਦੀ ਗਤੀਆਂ ਅਗੇਤ-ਪਛੇਤ ਮਨੁੱਖੀ ਗਿਆਨ ਵਿੱਚ ਪ੍ਰਗਟ ਕੀਤੀਆਂ ਜਾ ਸਕਦੀਆਂ ਹਨ। ਸਮਾਜਿਕ ਅਭਿਆਸ ਅੰਦਰ, ਹੋਂਦ ਵਿੱਚ ਆਉਣ, ਵਿਕਾਸ ਕਰਨ ਅਤੇ ਖ਼ਤਮ ਹੋਣ ਦੀ ਪ੍ਰਕਿਰਿਆ ਅਨੰਤ ਹੈ ਅਤੇ ਇਸੇ ਤਰ੍ਹਾਂ ਮਨੁੱਖੀ ਗਿਆਨ ਦੇ ਹੋਂਦ 'ਚ ਆਉਣ. ਵਿਕਾਸ ਕਰਨ ਅਤੇ ਖ਼ਤਮ ਹੋਣ ਦੀ ਪ੍ਰਕਿਰਿਆ ਅਨੰਤ ਹੈ। ਜਿਵੇਂ ਮਨੁੱਖੀ ਅਭਿਆਸ, ਜੋ ਹਾਸਲ ਵਿਚਾਰਾਂ, ਸਿਧਾਂਤਾਂ, ਵਿਉਂਤਾਂ ਜਾਂ ਪ੍ਰੋਗਰਾਮ ਅਨੁਸਾਰ ਬਾਹਰਮੁਖੀ ਹਕੀਕਤ

ਨੂੰ ਬਦਲਦਾ ਹੈ, ਅੱਗੇ ਹੀ ਅੱਗੇ ਪੇਸ਼ਕਦਮੀ ਕਰਦਾ ਜਾਂਦਾ ਹੈ, ਇਸ ਤਰ੍ਹਾਂ ਬਾਹਰਮੁਖੀ ਹਕੀਕਤ ਬਾਰੇ ਮਨੁੱਖੀ ਗਿਆਨ ਵੀ ਡੂੰਘੇਰਾ ਹੁੰਦਾ ਜਾਂਦਾ ਹੈ। ਜਿਵੇਂ ਬਾਹਰਮੁਖੀ ਹਕੀਕਤ ਦੀ ਸੰਸਾਰ ਅੰਦਰ ਤਬਦੀਲੀ ਦੀ ਗਤੀ ਕਦੇ ਮੁਕਦੀ ਨਹੀਂ ਉਸੇ ਤਰ੍ਹਾਂ ਮਨੁੱਖ ਵਲੋਂ ਅਭਿਆਸ ਰਾਹੀਂ ਸੱਚਾਈ ਦਾ ਗਿਆਨ ਹਾਸਲ ਕਰਨ ਦੀ ਗਤੀ ਵੀ ਕਦੇ ਰੁਕਦੀ ਨਹੀਂ। ਮਾਰਕਸਵਾਦ-ਲੈਨਿਨਵਾਦ ਨੇ ਕਿਸੇ ਵੀ ਤਰ੍ਹਾਂ ਸੱਚਾਈ ਦਾ ਪੂਰਾ ਭੇਤ ਨਹੀਂ ਪਾ ਲਿਆ ਹੈ ਸਗੋਂ ਇਹ ਅਭਿਆਸ ਦੌਰਾਨ ਸੱਚਾਈ ਦੇ ਗਿਆਨ ਦੀ ਹੋਰ ਪ੍ਰਾਪਤੀ ਲਈ ਲਗਾਤਾਰ ਰਾਹ ਖੋਲਦਾ ਹੈ। ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਅੰਤਰ-ਮੁੱਖਤਾ ਅਤੇ ਬਾਹਰਮੁਖਤਾ ਵਿਚਕਾਰ, ਸਿਧਾਂਤ ਅਤੇ ਅਭਿਆਸ ਵਿਚਕਾਰ, ਜਾਨਣ ਅਤੇ ਕਰਨ ਵਿਚਕਾਰ ਠੋਸ ਅਤੇ ਇਤਿਹਾਸਕ ਏਕਤਾ ਹੈ। ਅਸੀਂ ਉਨ੍ਹਾਂ ਸਾਰੀਆਂ "ਖੱਬੀਆਂ" ਜਾਂ ਸੱਜੀਆਂ ਗਲਤ ਵਿਚਾਰਧਾਰਾਵਾਂ ਦਾ ਵਿਰੋਧ ਕਰਦੇ ਹਾਂ ਜਿਹੜੀਆਂ ਠੋਸ ਇਤਿਹਾਸ ਤੋਂ ਪਾਸੇ ਜਾਂਦੀਆਂ ਹਨ।

ਸਮਾਜਿਕ ਵਿਕਾਸ ਦੇ ਅਜੋਕੇ ਯੁੱਗ ਅੰਦਰ ਇਤਿਹਾਸ ਨੇ, ਸੰਸਾਰ ਨੂੰ ਸਹੀ ਤਰ੍ਹਾਂ ਜਾਨਣ ਅਤੇ ਇਸਨੂੰ ਬਦਲਣ ਦੀ ਜਿੰਮੇਵਾਰੀ, ਪ੍ਰੋਲੇਤਾਰੀ ਅਤੇ ਇਸਦੀ ਪਾਰਟੀ ਨੂੰ ਸੌਂਪੀ ਹੈ। ਸੰਸਾਰ ਨੂੰ ਬਦਲਣ ਦੇ ਅਭਿਆਸ ਦੀ ਇਹ ਪ੍ਰਕਿਰਿਆ, ਜੋ ਵਿਗਿਆਨਕ ਗਿਆਨ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ, ਸੰਸਾਰ ਅੰਦਰ ਅਤੇ ਚੀਨ ਅੰਦਰ ਪਹਿਲਾਂ ਹੀ ਇੱਕ ਇਤਿਹਾਸਕ ਜ਼ਰੂਰਤ ਬਣ ਚੁੱਕੀ ਹੈ ਜਿਸਦੀ ਮਨੁੱਖੀ ਇਤਿਹਾਸ ਵਿੱਚ ਮਿਸਾਲ ਨਹੀਂ ਮਿਲਦੀ। ਅਰਥਾਤ ਸੰਸਾਰ 'ਚੋਂ ਅਤੇ ਚੀਨ 'ਚੋਂ ਹਨੇਰੇ ਨੂੰ ਮੁਕੰਮਲ ਰੂਪ 'ਚ ਹੂੰਝ ਦੇਣ ਅਤੇ ਸੰਸਾਰ ਨੂੰ ਚਾਨਣ-ਭਰਪੂਰ ਦੁਨੀਆਂ 'ਚ ਬਦਲਣ, ਜੋ ਕਦੇ ਪਹਿਲਾਂ ਹੋਂਦ ਵਿੱਚ ਨਹੀਂ ਸੀ, ਦੀ ਜ਼ਰੂਰਤ ਬਣ ਚੁੱਕੀ ਹੈ, ਸੰਸਾਰ ਨੂੰ ਬਦਲਣ ਲਈ ਪ੍ਰੋਲੇਤਾਰੀ ਅਤੇ ਇਨਕਲਾਬੀ ਲੋਕਾਂ ਦੀ ਜਦੋ ਜਹਿਦ ਵਲੋਂ ਹੇਠ ਲਿਖੇ ਕਾਰਜ ਪੂਰੇ ਕਰਨੇ ਬਣਦੇ ਹਨ :— ਬਾਹਰਮੁੱਖੀ ਸੰਸਾਰ ਨੂੰ ਬਦਲਣਾ ਅਤੇ ਉਸੇ ਸਮੇਂ ਆਪਣੇ ਅੰਤਰਮੁੱਖੀ ਸੰਸਾਰ ਨੂੰ ਬਦਲਣਾ, ਆਪਣੀ ਗਿਆਨ ਹਾਸਲ ਕਰਨ ਦੀ ਯੋਗਤਾ ਨੂੰ ਬਦਲਣਾ ਅਤੇ ਅੰਤਰਮੁੱਖੀ ਅਤੇ ਬਾਹਰਮੁਖੀ ਸੰਸਾਰ ਵਿਚਕਾਰ ਰਿਸ਼ਤਿਆਂ ਨੂੰ ਬਦਲਣਾ ਅਜਿਹੀ ਤਬਦੀਲੀ ਦੁਨੀਆਂ ਦੇ ਇੱਕ ਹਿੱਸੇ ਭਾਵ ਸੋਵੀਅਤ ਯੂਨੀਅਨ ਅੰਦਰ ਪਹਿਲਾਂ ਹੀ ਆ ਚੁੱਕੀ ਹੈ। ਉਥੇ, ਲੋਕ ਤਬਦੀਲੀ ਦੀ ਇਸ ਪ੍ਰਕਿਰਿਆ ਨੂੰ ਅੱਗੇ ਵਧਾ ਰਹੇ ਹਨ। ਚੀਨ ਅਤੇ ਬਾਕੀ ਸੰਸਾਰ ਦੇ ਲੋਕ ਜਾਂ ਤਾਂ ਅਜੇਹੀ ਪ੍ਰਕਿਰਿਆ ਵਿਚਦੀ ਲੰਘ ਰਹੇ ਹਨ ਜਾਂ ਲੰਘਣਗੇ। ਜਿਸ ਬਾਹਰਮੁੱਖੀ ਸੰਸਾਰ ਨੂੰ ਬਦਲਣਾ ਹੈ, ਉਸ ਸੰਸਾਰ ਵਿੱਚ ਸਾਰੇ ਉਹ ਲੋਕ ਵੀ ਰਹਿੰਦੇ ਹਨ ਜੋ ਇਸ ਤਬਦੀਲੀ ਦਾ ਵਿਰੋਧ ਕਰਦੇ ਹਨ ਜਿਹਨਾਂ ਨੂੰ ਤਬਦੀਲ ਹੋਣ ਲਈ ਸਵੈ—ਇੱਛਤ ਚੇਤਨ ਤਬਦੀਲੀ ਦੇ ਪੜਾਅ ਵਿੱਚ ਦਾਖਲ ਹੋਣ ਤੋਂ ਪਹਿਲਾਂ ਮਜਬੂਰੀ-ਵੱਸ ਤਬਦੀਲੀ ਦੇ ਪੜਾਅ ਵਿਚੋਂ ਗੁਜਰਨਾ ਪਵੇਗਾ। ਜਦੋਂ ਸਾਰੀ ਮਨੁੱਖਤਾ ਆਪਣੇ ਆਪ ਨੂੰ ਅਤੇ ਸੰਸਾਰ ਨੂੰ ਸਵੈ-ਇੱਛਤ ਅਤੇ ਚੇਤਨ ਰੂਪ 'ਚ ਤਬਦੀਲ ਕਰ ਲਵੇਗੀ ਤਾਂ ਸੰਸਾਰ ਕਮਿਊਨਿਜ਼ਮ ਦਾ ਯੁੱਗ ਸ਼ੁਰੂ ਹੋਵੇਗਾ।

ਅਭਿਆਸ ਰਾਹੀਂ ਸੱਚ ਨੂੰ ਖੋਜੋ ਅਤੇ ਫਿਰ ਅਭਿਆਸ ਰਾਹੀਂ ਸੱਚ ਦੀ ਪੁਸ਼ਟੀ ਅਤੇ ਵਿਕਾਸ ਕਰੋ। ਅਨੁਭਵੀ ਗਿਆਨ ਤੋਂ ਸ਼ੁਰੂ ਕਰੋ ਅਤੇ ਸਰਗਰਮੀ ਨਾਲ ਇਸ ਦਾ ਤਰਕਸ਼ੀਲ ਗਿਆਨ ਵਿੱਚ ਵਿਕਾਸ ਕਰੋ। ਫੇਰ ਤਰਕਸ਼ੀਲ ਗਿਆਨ ਤੋਂ ਸ਼ੁਰੂ ਕਰੋ ਅਤੇ ਅੰਤਰਮੁੱਖੀ ਅਤੇ ਬਾਹਰਮੁੱਖੀ ਸੰਸਾਰ ਦੋਵਾਂ ਨੂੰ ਬਦਲਣ ਲਈ ਇਨਕਲਾਬੀ ਅਭਿਆਸ ਦੀ ਸਰਗਰਮੀ ਨਾਲ

ਅਗਵਾਈ ਕਰੋ।ਅਭਿਆਸ, ਗਿਆਨ, ਫੇਰ ਅਭਿਆਸ ਅਤੇ ਫੇਰ ਗਿਆਨ।ਇਹ ਸ਼ਕਲ ਆਪਣੇ ਆਪ ਨੂੰ ਅਨੰਤ ਚੱਕਰਾਂ 'ਚ ਦੁਹਰਾਉਂਦੀ ਹੈ ਅਤੇ ਹਰੇਕ ਚੱਕਰ ਨਾਲ ਅਭਿਆਸ ਅਤੇ ਗਿਆਨ ਦਾ ਤੱਤ ਉਚੇਰੇ ਪੱਧਰ 'ਤੇ ਪਹੁੰਚਦਾ ਹੈ। ਅਜੇਹਾ ਹੈ ਗਿਆਨ ਦੇ ਦਵੰਦਵਾਦੀ ਪਦਾਰਥਵਾਦੀ ਸਿਧਾਂਤ ਦਾ ਸਮੁੱਚ ਅਤੇ ਅਜੇਹਾ ਹੀ ਹੈ ਜਾਨਣ ਅਤੇ ਕਰਨ ਦੀ ਏਕਤਾ ਦਾ ਦਵੰਦਵਾਦੀ ਪਦਾਰਥਵਾਦੀ ਸਿਧਾਂਤ।

**ਵਿਸਥਾਰੀ ਟਿੱਪਣੀਆਂ**

1. ਵੀ.ਆਈ.ਲੈਨਿਨ, "ਹੀਗਲ ਦੇ ਮੰਤਕੀ ਵਿਗਿਆਨ ਦਾ ਖਾਕਾ" ਬਾਰੇ ਟਿੱਪਣੀਆਂ।(ਸੰਗ੍ਰਹਿ ਰਚਨਾਵਾਂ ਰੂਸੀ ਐਡੀਸ਼ਨ, ਮਾਸਕੋ 1958, ਸੈਂਚੀ 38, ਸਫਾ 205)

2. ਵੇਖੋ ਕਾਰਲ ਮਾਰਕਸ ਦਾ "ਫਿਉਰਬਾਖ ਬਾਰੇ ਸਿਧਾਂਤ" (ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼ ਦੀਆਂ ਰਚਨਾਵਾਂ ਦਾਈਆਂ ਦੋ ਸੈਂਚੀਆਂ, ਅੰਗਰੇਜ਼ੀ ਐਡੀਸਨ ਮਾਸਕੋ 1958, ਸੈਂਚੀ ਦੂਜੀ, ਸਫਾ 403) ਅਤੇ ਵੀ. ਆਈ. ਲੈਨਿਨ ਦਾ "ਪਦਾਰਥਵਾਦ ਤੇ ਅਭਿਆਸਵਾਦ ਬਾਰੇ ਪੜਚੋਲ" (ਅੰਗ੍ਰੇਜੀ ਐਡੀਸ਼ਨ, ਮਾਸਕੋ 1952, ਪੰਨਾ 136-142)।

3. ਸਾਨ-ਕੁਓ-ਯੈਨ-ਯੀ (ਤਿੰਨ ਬਾਦਸ਼ਾਹੀਆਂ ਦੀਆਂ ਕਹਾਣੀਆਂ) ਇੱਕ ਮਸ਼ਹੂਰ ਚੀਨੀ ਇਤਿਹਾਸਕ ਨਾਵਲ ਹੈ ਜੋ ਲੂ-ਆਗ ਚੁੰਗ, (ਚੌਧਵੀਂ ਸਦੀ ਦੇ ਅੰਤ ਤੇ ਪੰਦਰਵੀਂ ਸਦੀ ਦੇ ਮੁੱਢ ਵਿੱਚ), ਨੇ ਲਿਖਿਆ ਸੀ।

4. ਵੀ. ਆਈ. ਲੈਨਿਨ, "ਹੀਗਲ ਦੇ ਮੰਤਕੀ ਵਿਗਿਆਨ ਦਾ ਖਾਕਾ" ਬਾਰੇ ਟਿੱਪਣੀਆਂ।(ਉਪਰੋਕਤ ਸਫਾ-161)

5. ਤਾਈ-ਪਿੰਗ ਸਵਰਗੀ ਬਾਦਸ਼ਾਹ ਦੀ ਲਹਿਰ 19ਵੀਂ ਸਦੀ ਦੇ ਅੱਧ ਵਿੱਚ ਚਿੰਗ ਪਰਿਵਾਰ, ਜਗੀਰੂ ਰਾਜ ਤੇ ਕੌਮੀ ਜਬਰ ਵਿਰੁੱਧ ਇੱਕ ਇਨਕਲਾਬੀ ਕਿਸਾਨ ਯੁੱਧ ਸੀ। ਜਨਵਰੀ 1951 ਵਿੱਚ ਹੁੰਗ-ਸੀਉਂ-ਚੁਆਨ, ਯਾਂਗ ਸਿਊ-ਚਿੰਗ ਤੇ ਹੋਰ ਆਗੂਆਂ ਨੇ ਕੁਆਂਗਸੀ ਸੂਬੇ ਦੀ ਕੂਈ ਪਿੰਗ ਕਾਉਂਟੀ ਦੇ ਪਿੰਡ ਚਿੰਨਤਨ ਵਿੱਚ ਇੱਕ ਲਹਿਰ ਛੇੜੀ ਅਤੇ ਤਾਈ-ਪਿੰਗ ਸਵਰਗੀ ਸਰਕਾਰ ਬਣਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦੀ ਕਿਸਾਨ ਫੌਜ ਨੇ ਕੁਆਂਗਸੀ ਤੋਂ ਉਤਰ ਵੱਲ ਵਧਕੇ ਹਮਲਾ ਕੀਤਾ ਅਤੇ 1852 ਵਿੱਚ ਹੂਨਾਨ ਤੇ ਹੂਪੇ ਉਤੇ ਕਬਜਾ ਕਰ ਲਿਆ। 1853 ਵਿੱਚ ਇਸ ਫੌਜ ਨੇ ਕਿਆਂਗਸੀ ਤੇ ਆਨ-ਹਵਾਈ ਵਿੱਚ ਦੀ ਲੰਘਕੇ ਨਾਨਕਿੰਗ ਤੇ ਕਬਜਾ ਜਮਾ ਲਿਆ। ਫੌਜ ਦੇ ਇੱਕ ਹਿੱਸੇ ਨੇ ਉੱਤਰ ਵੱਲ ਵਧਣਾ ਜਾਰੀ ਰਖਿਆ। ਫਿਰ ਵੀ ਤਾਈ-ਪਿੰਗ ਫੋਜ ਜਿੱਤੇ ਹੋਏ ਇਲਾਕਿਆਂ ਵਿੱਚ ਪੱਕੇ ਆਧਾਰ ਖੇਤਰ ਉਸਾਰਨ ਵਿੱਚ ਅਸਫਲ ਰਹੀ। ਇਸ ਤੋਂ ਵੱਧ ਨਾਨਕਿੰਗ ਵਿੱਚ ਆਪਣੀ ਰਾਜਧਾਨੀ ਸਥਾਪਤ ਕਰਨ ਪਿੱਛੋਂ ਇਸ ਦੇ ਆਗੂ ਗਰੁੱਪ ਪਾਸੋਂ ਬਹੁਤ ਸਾਰੀਆਂ ਰਾਜਨੀਤਕ ਤੇ ਫੌਜੀ ਗਲਤੀਆਂ ਹੋਈਆਂ। ਇਸ ਲਈ ਇਹ ਚਿੰਗ ਸਰਕਾਰ, ਅੰਗਰੇਜੀ, ਅਮਰੀਕੀ ਤੇ ਫਰਾਂਸੀਸੀ ਹਮਲਾਵਰਾਂ ਦੇ ਇਨਕਲਾਬ-ਵਿਰੋਧੀ ਮਿਲਵੇਂ ਕਤਲੇਆਮ ਵਿਰੁੱਧ ਖੜਨ ਦੇ ਅਯੋਗ ਸੀ ਅਤੇ ਅੰਤ ਵਿੱਚ 1864 ਵਿੱਚ ਹਾਰ ਖਾ ਗਈ।

6. ਸੀ-ਹੋ-ਤੁਆਨ ਲਹਿਰ ਇੱਕ ਸਾਮਰਾਜ ਵਿਰੋਧੀ ਹੱਥਿਆਰਬੰਦ ਸੰਘਰਸ਼ ਸੀ ਜੋ

1900 ਵਿੱਚ ਉਤਰੀ ਚੀਨ ਵਿੱਚ ਲੜਿਆ ਗਿਆ। ਇਸ ਲਹਿਰ ਵਿੱਚ ਕਿਸਾਨਾਂ, ਦਸਤਕਾਰਾਂ ਤੋਂ ਹੋਰ ਜਨਤਾ ਨੇ ਭਾਗ ਲਿਆ। ਧਾਰਮਿਕ ਤੇ ਹੋਰ ਕੜੀਆਂ ਦੁਆਰਾ ਇੱਕ ਦੂਸਰੇ ਨਾਲ ਜੁੜਕੇ ਉਹਨਾਂ ਆਪਣੇ ਆਪ ਨੂੰ ਗੁਪਤ ਜੱਥੇਬੰਦੀਆਂ ਦੇ ਆਧਾਰ 'ਤੇ ਜੱਥੇਬੰਦ ਕੀਤਾ ਅਤੇ ਅਮਰੀਕਾ, ਬਰਤਾਨੀਆਂ, ਜਪਾਨ, ਜਰਮਨੀ, ਰੂਸ, ਫਰਾਂਸ, ਇਟਲੀ ਤੇ ਆਸਟਰੀਆ—ਅੱਠ ਸਾਮਰਾਜੀ ਸ਼ਕਤੀਆਂ ਦੇ ਮਿਲਵੇਂ ਹਮਲੇ ਵਿਰੁੱਧ ਇੱਕ ਬਹਾਦਰਾਨਾ ਸੰਘਰਸ਼ ਲੜਿਆ। ਲਹਿਰ ਵਹਿਸ਼ੀਆਨਾ ਜਬਰ ਰਾਹੀਂ ਦਬਾ ਦਿੱਤੀ ਗਈ ਤੇ ਪਿੱਛੋਂ ਹਮਲਾਵਰ ਸ਼ਕਤੀਆਂ ਨੇ ਤਾਇਨਸਿਨ ਤੇ ਪੀਕਿੰਗ ਉੱਤੇ ਕਬਜਾ ਕਰ ਲਿਆ।

7. ਚਾਰ ਮਈ ਦੀ ਲਹਿਰ ਇੱਕ ਸਾਮਰਾਜ-ਵਿਰੋਧੀ ਤੇ ਜਗੀਰਦਾਰੀ-ਵਿਰੋਧੀ ਇਨਕਲਾਬੀ ਲਹਿਰ ਸੀ ਜੋ 4 ਮਈ 1919 ਨੂੰ ਸ਼ੁਰੂ ਹੋਈ। ਉਸ ਸਾਲ ਦੇ ਪਹਿਲੇ ਸੰਸਾਰ ਯੁੱਧ ਦੇ ਜੇਤੂ ਬਰਤਾਨੀਆਂ, ਫਰਾਂਸ, ਅਮਰੀਕਾ, ਜਾਪਾਨ, ਇੱਟਲੀ ਤੇ ਹੋਰ ਸਾਮਰਾਜੀ ਦੇਸ਼ ਪੈਰਿਸ ਵਿੱਚ ਮਾਰਾਂ (ਲੁੱਟ ਦਾ ਮਾਲ ਅਨੁਵਾਦਕ) ਵੰਡਣ ਲਈ ਇਕੱਠੇ ਹੋਏ ਅਤੇ ਫੈਸਲਾ ਕੀਤਾ ਕਿ ਜਾਪਾਨ ਨੂੰ ਉਹ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਜੋ ਸਹੂਲਤਾਂ ਪਹਿਲਾਂ ਚੀਨ ਦੇ ਸ਼ਾਨਤੁੰਗ ਪ੍ਰਾਂਤ ਵਿੱਚ ਜਰਮਨ ਨੂੰ ਪ੍ਰਾਪਤ ਸਨ। ਪੀਕਿੰਗ ਦੇ ਵਿਦਿਆਰਥੀਆਂ ਨੇ 4 ਮਈ ਨੂੰ ਜਲਸੇ ਤੇ ਮੁਜਾਹਰੇ ਕਰਕੇ ਇਸ ਸਕੀਮ ਦੀ ਸਭ ਤੋਂ ਪਹਿਲਾਂ ਡੱਟਕੇ ਵਿਰੋਧਤਾ ਕੀਤੀ। ਉਤਰੀ ਜੰਗੀ ਲਾਟਾਂ ਦੀ ਸਰਕਾਰ ਨੇ ਇਸ ਵਿਰੋਧੀ ਲਹਿਰ ਨੂੰ ਕੁਚਲਣ ਲਈ ਤੀਹ ਤੋਂ ਵੱਧ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਰੋਸ ਵਜੋਂ, ਪੀਕਿੰਗ ਦੇ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਅਤੇ ਦੇਸ਼ ਦੇ ਹੋਰ ਹਿਸਿਆਂ ਵਿਚਲੇ ਵਿਦਿਆਰਥੀਆਂ ਨੇ ਉਨ੍ਹਾਂ ਦੀ ਹਾਮੀ ਭਰੀ। 3 ਜੂਨ ਨੂੰ ਉਤਰੀ ਜੰਗੀ ਲਾਟਾਂ ਦੀ ਸਰਕਾਰ ਨੇ ਪੀਕਿੰਗ 'ਚ ਆਮ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਅਤੇ ਦੋ ਦਿਨ ਵਿੱਚ ਹੀ ਲਗਭਗ ਇੱਕ ਹਜ਼ਾਰ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਨਾਲ ਦੇਸ਼ ਭਰ ਵਿੱਚ ਰੋਹ ਵਧਿਆ। 5 ਜੂਨ ਤੋਂ ਸ਼ੰਘਾਈ ਤੇ ਹੋਰ ਕਈ ਸ਼ਹਿਰਾਂ ਦੇ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਅਤੇ ਇੱਥੋਂ ਦੇ ਵਿਉਪਾਰੀਆਂ ਨੇ ਆਪਣਈਆਂ ਦੁਕਾਰਾਂ ਬੰਦ ਕਰ ਦਿੱਤੀਆਂ। ਇਸ ਤਰ੍ਹਾਂ, ਪਹਿਲਾਂ ਜਿਹੜੀ ਬੁੱਧੀਜੀਵੀਆਂ ਦੀ ਇੱਕ ਦੇਸ਼-ਭਗਤਕ ਲਹਿਰ ਸੀ, ਤੇਜ਼ੀ ਨਾਲ ਇੱਕ ਕੌਮੀ ਦੇਸ਼-ਭਗਤਕ ਲਹਿਰ ਵਿੱਚ ਵਿਕਸਤ ਹੋ ਗਈ, ਜਿਸ ਲਹਿਰ ਵਿੱਚ ਮਜ਼ਦੂਰ, ਸ਼ਹਿਰੀ ਮੱਧ ਸ਼੍ਰੇਣੀ ਤੇ ਸਰਮਾਏਦਾਰੀ ਵੀ ਸ਼ਾਮਲ ਹੋ ਗਈ ਸੀ ਅਤੇ ਇਸ ਦੇਸ਼-ਭਗਤ ਲਹਿਰ ਦੇ ਵਿਕਾਸ ਨਾਲ ਇੱਕ ਸਭਿਆਚਾਰਕ ਲਹਿਰ, ਜੋ 4 ਮਈ ਤੋਂ ਪਹਿਲਾਂ ਜਗੀਰਦਾਰੀ ਵਿਰੁੱਧ ਅਤੇ ਵਿਗਿਆਨ ਤੇ ਜਮਹੂਰੀਅਤ ਦੀ ਉਨਤੀ ਲਈ ਸ਼ੁਰੂ ਹੋਈ ਸੀ, ਇੱਕ ਵਿਸ਼ਾਲ ਤੇ ਸ਼ਕਤੀਸ਼ਾਲੀ ਇਨਕਲਾਬੀ ਸਭਿਆਚਾਰਕ ਲਹਿਰ ਵਿਚੱ ਵਿਕਸਤ ਹੋ ਗਈ। ਜਿਸਦੀ ਮੁੱਖ ਧਾਰਾ ਮਾਰਕਸਵਾਦ ਲੈਨਿਨਵਾਦ ਦਾ ਪ੍ਰਚਾਰ ਕਰਨਾ ਬਣ ਗਿਆ ਹੈ।

8. ਵੀ. ਆਈ. ਲੈਨਿਨ ਦੇ, "ਹੀਗਲ ਦੇ ਮੰਤਕੀ ਵਿਗਿਆਨ ਦਾ ਖਾਕਾ" ਬਾਰੇ ਨੋਟ। (ਉਪਰੋਕਤ ਸਫਾ-197)

9. ਵੀ. ਆਈ. ਲੈਨਿਨ ਦੀ ਰਚਨਾ, "ਕੀ ਕਰਨਾ ਲੌੜੀਏ" ( ਲੈਨਿਨ ਸੈਂਚੀ ਪੰਜਵੀਂ, ਸਫਾ-369, ਅੰਗਰੇਜੀ ਐਡੀਸ਼ਨ)

10. ਵੀ.ਆਈ. ਲੈਨਿਨ ਦੀ ਰਚਨਾ, "ਪਦਾਰਥਵਾਦ ਤੇ ਅਭਿਆਸਵਾਦ ਦੀ ਪੜਚੋਲ

(ਉਪਰੋਕਤ ਸਫਾ–141)

11. ਜੇ. ਵੀ. ਸਟਾਲਿਨ ਦੀ ਰਚਨਾ, "ਲੈਨਿਨਵਾਦ ਦੀਆਂ ਨੀਹਾਂ" (ਮਾਸਕੋ 1954, ਸਫਾ–31)

12. ਵੀ.ਆਈ.ਲੈਨਿਨ ਦੀ ਰਚਨਾ, "ਪਦਾਰਥਵਾਦ ਤੇ ਅਭਿਆਸ ਦੀ ਪੜਚੋਲ" (ਉਪਰੋਕਤ 129–136)

# ਵਿਰੋਧਤਾਈ ਬਾਰੇ

**ਅਗਸਤ 1937**

ਵਸਤੂਆਂ ਅੰਦਰ ਵਿਰੋਧਤਾਈ ਦਾ ਨਿਯਮ, ਅਰਥਾਤ, ਵਿਰੋਧੀਆਂ ਦੀ ਏਕਤਾ ਦਾ ਨਿਯਮ, ਪਦਾਰਥਵਾਦੀ ਦਵੰਦਵਾਦ ਦਾ ਬੁਨਿਆਦੀ ਨਿਯਮ ਹੈ। ਲੈਨਿਨ ਨੇ ਕਿਹਾ ਸੀ, "ਦਵੰਦਵਾਦ, ਸਹੀ ਅਰਥਾਂ 'ਚ, ਵਸਤੂਆਂ ਦੇ ਐਨ ਤੱਤ 'ਚ ਮੌਜੂਦ ਵਿਰੋਧਤਾਈ ਦਾ ਅਧਿਐਨ ਕਰਨਾ ਹੈ।"[1] ਲੈਨਿਨ ਅਕਸਰ ਹੀ ਇਸ ਨਿਯਮ ਨੂੰ ਦਵੰਦਵਾਦ ਦਾ ਤੱਤ ਕਹਿੰਦੇ ਸਨ; ਉਨ੍ਹਾਂ ਨੇ ਇਸ ਨੂੰ ਦਵੰਦਵਾਦ ਦੀ ਗਿਰੀ ਵੀ ਕਿਹਾ ਸੀ।[2] ਇਸ ਲਈ, ਇਸ ਨਿਯਮ ਦਾ ਅਧਿਐਨ ਕਰਨ ਵੇਲੇ, ਅਸੀਂ ਵੰਨ-ਸੁਵੰਨੀ ਦੇ ਸਵਾਲਾਂ ਅਤੇ ਕਈ ਫਲਸਫਾਨਾਂ ਮਸਲਿਆਂ ਨੂੰ ਛੋਹੇ ਬਿਨਾਂ ਨਹੀਂ ਰਹਿ ਸਕਦੇ। ਜੇ ਅਸੀਂ ਇਹਨਾਂ ਸਾਰਿਆਂ ਮਸਲਿਆਂ ਬਾਰੇ ਸਪੱਸ਼ਟ ਹੋ ਸਕਦੇ ਹਾਂ ਤਾਂ ਅਸੀਂ ਪਦਾਰਥਵਾਦੀ ਵਿਰੋਧ-ਵਿਕਾਸ ਦੀ ਬੁਨਿਆਦੀ ਸਮਝ ਹਾਸਲ ਕਰ ਲਵਾਂਗੇ। ਇਹ ਮਸਲੇ ਹਨ : ਦੋ ਸੰਸਾਰ ਦ੍ਰਿਸ਼ਟੀਕੋਣ, ਵਿਰੋਧਤਾਈ ਦੀ ਸਰਵਵਿਆਪਕਤਾ, ਵਿਰੋਧਤਾਈ ਦੀ ਵਿਸ਼ੇਸ਼ਤਾ, ਮੁੱਖ ਵਿਰੋਧਾਤਾਈ ਅਤੇ ਵਿਰੋਧਤਾਈ ਦਾ ਮੁੱਖ ਪੱਖ, ਵਿਰੋਧਤਾਈ ਦੇ ਪੱਖਾਂ ਦੀ ਸਮਤਾ ਅਤੇ ਘੋਲ ਅਤੇ ਵਿਰੋਧਤਾਈ ਵਿੱਚ ਦੁਸ਼ਮਣੀ ਦਾ ਸਥਾਨ।

ਹੁਣ ਦੇ ਵਰ੍ਹਿਆਂ 'ਚ, ਸੋਵੀਅਤ ਫਲਸਫਾਨਾਂ ਹਲਕਿਆਂ ਵੱਲੋਂ ਡੇਬੋਰਿਨ ਧਾਰਨਾ[3] ਦੇ ਵਿਚਾਰਵਾਦ ਨੂੰ ਜਿਸ ਅਲੋਚਨਾ ਦਾ ਸ਼ਿਕਾਰ ਬਣਾਇਆ ਗਿਆ, ਉਸਨੇ ਸਾਡੇ ਅੰਦਰ ਡੂੰਘੀ ਦਿਲਚਸਪੀ ਜਗਾਈ ਹੈ। ਡੇਬੋਰਿਨ ਦੇ ਵਿਚਾਰਵਾਦ ਨੇ ਚੀਨੀ ਕਮਿਊਨਿਸਟ ਪਾਰਟੀ 'ਤੇ ਬਹੁਤ ਹੀ ਭੈੜਾ ਅਸਰ ਪਾਇਆ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੀ ਪਾਰਟੀ ਅੰਦਰ ਕੱਟੜਪੰਥੀ ਸੋਚ ਦੀ ਇਸ ਧਾਰਨਾ ਦੀ ਪਹੁੰਚ ਨਾਲ ਕੋਈ ਰਿਸ਼ਤਾ ਨਹੀਂ ਹੈ। ਇਸ ਲਈ ਫਲਸਫੇ ਦੇ ਸਾਡੇ ਅਧਿਐਨ ਦਾ ਮੁੱਖ ਮੰਤਵ ਕੱਟੜਪੰਥੀ ਸੋਚ ਨੂੰ ਮਲੀਆਮੇਟ ਕਰ ਦੇਣਾ ਹੋਣਾ ਚਾਹੀਦਾ ਹੈ।

## 1. ਦੋ ਸੰਸਾਰ ਦ੍ਰਿਸ਼ਟੀਕੋਣ

ਮਨੁੱਖੀ ਗਿਆਨ ਦੇ ਸਮੁੱਚੇ ਇਤਿਹਾਸ ਵਿੱਚ, ਬ੍ਰਹਿਮੰਡ ਦੇ ਵਿਕਾਸ ਦੇ ਨਿਯਮ ਬਾਰੇ ਦੋ

---

**ਨੋਟ** :— ਕਾਮਰੇਡ ਮਾਓ-ਜ਼ੇ-ਤੁੰਗ ਨੇ ਫਲਸਫੇ ਬਾਰੇ ਇਹ ਲੇਖ ਆਪਣੀ ਲਿਖਤ "ਅਭਿਆਸ ਬਾਰੇ" ਤੋਂ ਪਿੱਛੋਂ ਲਿਖਿਆ ਸੀ। ਇਸ ਲੇਖ ਦਾ ਮੰਤਵ ਵੀ ਉਸ ਸਮੇਂ ਪਾਰਟੀ ਅੰਦਰ ਮੌਜੂਦ ਕੱਟੜਪੰਥੀ ਸੋਚ ਦੀ ਗੰਭੀਰ ਗਲਤੀ ਨੂੰ ਸਰ ਕਰਨਾ ਸੀ। ਮੌਲਿਕ ਤੌਰ ਤੇ, ਇਸ ਲੇਖ ਨੂੰ ਯੇਨਾਨ ਵਿਖੇ ਜਾਪਾਨ ਵਿਰੋਧੀ ਫੌਜੀ ਅਤੇ ਸਿਆਸੀ ਕਾਲਜ ਵਿੱਚ ਤਕਰੀਰਾਂ ਦੇ ਰੂਪ 'ਚ ਪੇਸ਼ ਕੀਤਾ ਗਿਆ ਸੀ। ਕਾਮਰੇਡ ਮਾਓ ਦੀਆਂ **ਚੋਣਵੀਆਂ ਕਿਰਤਾਂ** ਵਿੱਚ ਸ਼ਾਮਲ ਕਰਨ ਉਪਰੰਤ ਲੇਖਕ ਨੇ ਇਸ ਨੂੰ ਸੋਧਿਆ ਸੀ।

ਸੰਕਲਪ ਰਹੇ ਹਨ: ਅਧਿਆਤਮਵਾਦੀ ਸੰਕਲਪ ਅਤੇ ਦਵੰਦਵਾਦੀ ਸੰਕਲਪ, ਜਿਹੜੇ ਦੋ ਵਿਰੋਧੀ ਦ੍ਰਿਸ਼ਟੀਕੋਣ ਬਣਦੇ ਹਨ। ਲੈਨਿਨ ਨੇ ਕਿਹਾ ਸੀ :

ਵਿਕਾਸ (ਸਹਿਜ-ਵਿਕਾਸ) ਦੇ ਦੋ ਬੁਨਿਆਦੀ (ਜਾਂ ਦੋ ਸੰਭਵ ? ਜਾਂ ਦੋ ਇਤਿਹਾਸਕ ਤੌਰ 'ਤੇ ਨਿਰਖਣਯੋਗ ? ) ਸੰਕਲਪ ਹਨ : ਘਟਣ ਅਤੇ ਵਧਣ ਦੇ ਰੂਪ 'ਚ ਵਿਕਾਸ, ਦੁਹਰਾਅ ਦੇ ਰੂਪ 'ਚ ਵਿਕਾਸ ਅਤੇ ਵਿਰੋਧੀਆਂ ਦੀ ਏਕਤਾ ਦੇ ਰੂਪ 'ਚ ਵਿਕਾਸ (ਏਕਤਾ ਦੀ ਆਪਸ 'ਚ ਨਿਵੇਕਲੇ ਵਿਰੋਧੀਆਂ ਵਿੱਚ ਵੰਡ ਅਤੇ ਇਹਨਾਂ ਦਾ ਆਪਸੀ ਰਿਸ਼ਤਾ)[4]

ਇਥੇ ਲੈਨਿਨ ਇਹਨਾਂ ਦੋ ਵੱਖ-ਵੱਖ ਸੰਸਾਰ ਦ੍ਰਿਸ਼ਟੀਕੋਣ ਦਾ ਹੀ ਹਵਾਲਾ ਦੇ ਰਹੇ ਸਨ।

ਚੀਨ ਅੰਦਰ ਅਧਿਆਤਮਵਾਦ ਦਾ ਇੱਕ ਹੋਰ ਨਾਂ ਸੁਆਨ-ਸੁਏਹ ਹੈ। ਚੀਨ ਜਾਂ ਯੂਰਪ 'ਚ ਲੰਮੇ ਸਮੇਂ ਤੋਂ ਇਤਿਹਾਸ ਅੰਦਰ ਸੋਚਣ ਦੇ ਇਸ ਢੰਗ ਨੇ ਮਨੁੱਖੀ ਸੋਚ ਅੰਦਰ ਭਾਰੂ ਹੈਸੀਅਤ ਬਣਾਈ ਰੱਖੀ, ਜਿਹੜੀ ਵਿਚਾਰਵਾਦੀ ਸੰਸਾਰ ਦ੍ਰਿਸ਼ਟੀਕੋਣ ਦਾ ਅਟੁੱਟ ਅੰਗ ਹੈ। ਯੂਰਪ ਅੰਦਰ, ਬੁਰਜੂਆਜ਼ੀ ਦਾ ਪਦਾਰਥਵਾਦ ਆਪਣੇ ਮੁੱਢਲੇ ਦਿਨਾਂ ਵਿੱਚ ਅਧਿਆਤਮਵਾਦ ਹੀ ਸੀ। ਜਦੋਂ ਖਾਸੇ ਸਾਰੇ ਯੂਰਪੀ ਮੁਲਕਾਂ ਦੇ ਸਮਾਜਿਕ ਅਰਥਚਾਰੇ ਨੇ ਬਹੁਤ ਹੀ ਵਿਕਸਤ ਪੂੰਜੀਵਾਦ ਦੇ ਪੜਾਅ ਤੱਕ ਵਿਕਾਸ ਕਰ ਲਿਆ, ਜਦੋਂ ਪੈਦਾਵਾਰੀ ਤਾਕਤਾਂ, ਜਮਾਤੀ ਜਦੋ ਜਹਿਦ ਅਤੇ ਵਿਗਿਆਨ ਇਤਿਹਾਸ ਅੰਦਰ ਬੇਮਿਸਾਲ ਪੱਧਰ ਤੱਕ ਵਿਕਸਤ ਹੋ ਗਏ ਅਤੇ ਜਦੋਂ ਸਨਅਤੀ ਪ੍ਰੋਲੇਤਾਰੀ ਇਤਿਹਾਸਕ ਵਿਕਾਸ ਅੰਦਰ ਪ੍ਰਮੁੱਖ ਚਾਲਕ ਸ਼ਕਤੀ ਬਣ ਗਿਆ, ਇਥੋਂ ਪਦਾਰਥਵਾਦੀ ਦਵੰਦਵਾਦ ਦੇ ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ ਦਾ ਜਨਮ ਹੋਇਆ। ਫੇਰ ਨਿਸ਼ੰਗ ਅਤੇ ਨਿਰਲੱਜ ਪਿੱਛਾਖੜੀ ਵਿਚਾਰਵਾਦ ਤੋਂ ਇਲਾਵਾ, ਪਦਾਰਥਵਾਦੀ ਦਵੰਦਵਾਦ ਦਾ ਵਿਰੋਧ ਕਰਨ ਲਈ ਬੁਰਜੂਆਜ਼ੀ ਅੰਦਰ ਘਟੀਆ ਸਹਿਜ-ਵਿਕਾਸਵਾਦ ਉਭਰਿਆ।

ਅਧਿਆਤਮਵਾਦੀ ਜਾਂ ਘਟੀਆ ਸਹਿਜ-ਵਿਕਾਸੀ ਸੰਸਾਰ ਦ੍ਰਿਸ਼ਟੀਕੋਣ ਵਸਤੂਆਂ ਨੂੰ ਨਿਖੇੜ ਕੇ, ਸਥਿਰ ਅਤੇ ਇੱਕਪਾਸੜ ਤੌਰ 'ਤੇ ਵੇਖਦਾ ਹੈ। ਇਹ ਬ੍ਰਹਿਮੰਡ ਅੰਦਰ ਸਾਰੀਆਂ ਵਸਤੂਆਂ, ਇਹਨਾਂ ਦੀਆਂ ਸ਼ਕਲਾਂ ਅਤੇ ਇਹਨਾਂ ਦੀਆਂ ਨਸਲਾਂ ਨੂੰ ਸਦੀਵੀਂ ਤੌਰ 'ਤੇ ਇੱਕ ਦੂਜੀ ਤੋਂ ਟੁੱਟੀਆਂ ਹੋਈਆਂ ਅਤੇ ਨਾ ਬਦਲਣਯੋਗ ਸਮਝਦਾ ਹੈ। ਅਜੇਹੀ ਤਬਦੀਲੀ ਸਿਰਫ ਮਿਕਦਾਰ ਵਿੱਚ ਵਾਧਾ ਜਾਂ ਘਾਟਾ ਜਾਂ ਸਥਾਨ ਦੀ ਤਬਦੀਲੀ ਹੀ ਹੋ ਸਕਦੀ ਹੈ। ਇਸ ਤੋਂ ਅੱਗੇ, ਵਸਤੂਆਂ ਵਿੱਚ ਅਜੇਹੇ ਵਾਧੇ ਜਾਂ ਘਾਟੇ ਜਾਂ ਸਥਾਨ-ਬਦਲੀ ਦਾ ਕਾਰਨ ਵਸਤੂਆਂ ਦੇ ਅੰਦਰ ਨਹੀਂ ਬਲਕਿ ਇਹਨਾਂ ਦੇ ਬਾਹਰ ਹੈ, ਅਰਥਾਤ, ਵਸਤੂ ਦੀ ਚਾਲਕ ਸ਼ਕਤੀ ਬਾਹਰ ਹੈ। ਅਧਿਆਤਮਵਾਦੀਆਂ ਦਾ ਮੱਤ ਹੈ ਕਿ ਜਦੋਂ ਤੋਂ ਬ੍ਰਹਿਮੰਡ ਵਿੱਚ ਵਸਤੂਆਂ ਹੋਂਦ 'ਚ ਆਈਆਂ ਹਨ, ਉਦੋਂ ਤੋਂ ਹੀ ਇਹਨਾਂ ਦੀਆਂ ਵੱਖ-ਵੱਖ ਵੰਨਗੀਆਂ ਅਤੇ ਇਹਨਾਂ ਦੇ ਸਾਰੇ ਲੱਛਣ ਸਾਵੇਂ ਦੇ ਸਾਵੇਂ ਹਨ। ਇਹਨਾਂ ਵਿੱਚ ਪਿੱਛੋਂ ਹੋਈਆਂ ਤਬਦੀਲੀਆਂ ਮਾਤਰਾ ਵਿੱਚ ਸਾਧਾਰਨ ਵਾਧਾ ਜਾਂ ਘਾਟਾ ਹੀ ਹਨ। ਉਹ ਬਹਿਸਦੇ ਹਨ ਕਿ ਕੋਈ ਵਸਤੂ, ਸਾਵੀਂ ਕਿਸਮ ਦੀ ਵਸਤੂ ਵਜੋਂ, ਆਪਣੇ ਆਪ ਨੂੰ ਦੁਹਰਾਉਂਦੀ ਤਾਂ ਰਹਿ ਸਕਦੀ ਹੈ ਪਰ ਕਿਸੇ ਵੱਖਰੀ ਵੰਨਗੀ ਵਿੱਚ ਤਬਦੀਲ ਨਹੀਂ ਹੋ ਸਕਦੀ। ਉਹਨਾਂ ਦੇ ਵਿਚਾਰਾਂ ਅਨੁਸਾਰ, ਪੂੰਜੀਵਾਦੀ ਲੁੱਟ, ਪੂੰਜੀਵਾਦੀ ਮੁਕਾਬਲਾ, ਪੂੰਜੀਵਾਦੀ ਸਮਾਜ ਦੀ ਵਿਅਕਤੀ-ਮੁੱਖੀ ਵਿਚਾਰਧਾਰਾ ਅਤੇ ਹੋਰ ਨਿੱਕ-ਸੁੱਕ, ਇਸ ਸਭ ਕਾਸੇ ਨੂੰ ਪੁਰਾਤਨ ਗੁਲਾਮ-ਸਮਾਜ, ਜਾਂ ਇਥੋਂ ਤੱਕ ਕਿ ਮੁੱਢ-ਕਦੀਮੀ ਸਮਾਜ ਵਿੱਚ ਵੀ ਵੇਖਿਆ ਜਾ ਸਕਦਾ ਹੈ ਅਤੇ ਇਹ ਹਮੇਸ਼ਾਂ ਅਬਦਲ ਰਹੇਗਾ। ਉਹ

ਸਮਾਜਿਕ ਵਿਕਾਸ ਦੇ ਕਾਰਨ ਸਮਾਜ ਤੋਂ ਬਾਹਰਲੇ ਅੰਸ਼ਾਂ ਸਿਰ ਮੜ੍ਹਦੇ ਹਨ ਜਿਵੇਂ ਭੂਗੋਲ ਅਤੇ ਪੌਣ ਪਾਣੀ। ਉਹ ਕਿਸੇ ਵਸਤੂ ਦੇ ਵਿਕਾਸ ਦੇ ਕਾਰਨ, ਬਹੁਤ ਹੀ ਸਿੱਧੜ ਢੰਗ ਨਾਲ, ਵਸਤੂ ਤੋਂ ਬਾਹਰ ਭਾਲਦੇ ਹਨ ਅਤੇ ਉਹ ਪਦਾਰਥਵਾਦੀ ਦਵੰਦਵਾਦ ਦੇ ਸਿਧਾਂਤ ਤੋਂ ਮੁਨਕਰ ਹੁੰਦੇ ਹਨ ਇਸ ਸਿਧਾਂਤ ਦਾ ਮੱਤ ਹੈ ਕਿ ਵਸਤੂ ਅੰਦਰਲੀਆਂ ਵਿਰੋਧਤਾਈਆਂ 'ਚੋਂ ਉਸਦਾ ਵਿਕਾਸ ਉਪਜਦਾ ਹੈ। ਸਿੱਟੇ ਵਜੋਂ, ਉਹ ਨਾ ਹੀ ਵਸਤੂਆਂ ਦੀ ਸਿਫਤੀ ਵੰਨ-ਸੁਵੰਨਤਾ ਦਾ ਨਾ ਹੀ ਇੱਕ ਸਿਫਤ ਦੇ ਦੂਜੀ 'ਚ ਤਬਦੀਲ ਹੋਣ ਦੇ ਵਰਤਾਰੇ ਦੀ ਵਿਆਖਿਆ ਕਰ ਸਕਦੇ ਹਨ। ਯੂਰਪ ਅੰਦਰ, ਸੋਚਣ ਦੀ ਇਹ ਵਿਧੀ ਸਤਾਰਵੀਂ ਅਤੇ ਅਠਾਰਵੀਂ ਸਦੀ 'ਚ ਮਕਾਨਕੀ ਪਦਾਰਥਵਾਦ ਦੇ ਰੂਪ 'ਚ ਅਤੇ ਉਨੀਵੀਂ ਸਦੀ ਦੇ ਅਤੇ ਵੀਹਵੀਂ ਸਦੀ ਦੇ ਸ਼ੁਰੂ 'ਚ ਘਟੀਆ ਸਹਿਜ-ਵਿਕਾਸ ਦੇ ਰੂਪ 'ਚ ਬਿਰਾਜਮਾਨ ਰਹੀ ਹੈ। ਚੀਨ ਅੰਦਰ, ਅਧਿਆਤਮਵਾਦੀ ਸੋਚ ਇਸ ਕਹਾਵਤ 'ਚ ਰੂਪਮਾਨ ਹੋਈ ਮਿਲਦੀ ਹੈ, ਜਿਵੇਂ ਸਵਰਗ ਨਹੀਂ ਬਦਲਦਾ ਤਿਵੇਂ ਹੀ ਤਾਓ ਨਹੀਂ ਬਦਲਦਾ।[5] ਇਸ ਨੂੰ ਵੇਲਾ ਵਿਹਾ ਚੁੱਕੀਆਂ ਜਗੀਰੂ ਹਾਕਮ ਜਮਾਤਾਂ ਨੇ ਲੰਬੇ ਸਮੇਂ ਤੱਕ ਢੋਈ ਦਿੱਤੀ। ਪਿੱਛਲੇ ਸੌ ਵਰਿਆਂ 'ਚ ਯੂਰਪ ਤੋਂ ਦਰਾਮਦ ਕੀਤੇ ਮਕਾਨਕੀ ਪਦਾਰਥਵਾਦ ਅਤੇ ਘਟੀਆ-ਸਹਿਜ-ਵਿਕਾਸਵਾਦ ਨੂੰ ਬੁਰਜੂਆਜ਼ੀ ਨੇ ਢੋਈ ਦਿੱਤੀ ਹੈ।

ਅਧਿਆਤਮਵਾਦੀ ਸੰਸਾਰ ਦ੍ਰਿਸ਼ਟੀਕੋਣ ਦੇ ਉਲਟ, ਪਦਾਰਥਵਾਦੀ ਦਵੰਦਵਾਦ ਦੀ ਧਾਰਨਾ ਹੈ ਕਿ ਕਿਸੇ ਵਸਤੂ ਦਾ ਵਿਕਾਸ ਸਮਝਣ ਲਈ ਇਸ ਨੂੰ ਦੂਜੀਆਂ ਵਸਤੂਆਂ ਨਾਲ ਇਸ ਦੇ ਰਿਸ਼ਤਿਆਂ 'ਚ ਰੱਖਕੇ, ਇਸ ਦਾ ਅੰਦਰੂਨੀ ਅਧਿਐਨ ਕਰਨਾ ਚਾਹੀਦਾ ਹੈ। ਦੂਜੇ ਸ਼ਬਦਾਂ 'ਚ, ਵਸਤੂਆਂ ਦੇ ਵਿਕਾਸ ਨੂੰ ਇਹਨਾਂ ਦੀ ਅੰਦਰੂਨੀ ਅਤੇ ਲਾਜ਼ਮੀ ਸਵੈ-ਗਤੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ ਜਦੋਂ ਕਿ ਹਰੇਕ ਵਸਤੂ ਆਪਣੀ ਗਤੀ 'ਚ ਆਪਣੇ ਆਲੇ ਦੁਆਲੇ ਦੀਆਂ ਵਸਤੂਆਂ ਨਾਲ ਅੰਤਰ-ਸੰਬੰਧਤ ਅਤੇ ਅੰਤਰ-ਕਿਰਿਆ 'ਚ ਹੁੰਦੀ ਹੈ। ਵਸਤੂ ਦੇ ਵਿਕਾਸ ਦਾ ਬੁਨਿਆਦੀ ਕਾਰਨ ਬਾਹਰੀ ਨਹੀਂ ਹੁੰਦਾ ਸਗੋਂ ਅੰਦਰੂਨੀ ਹੁੰਦਾ ਹੈ। ਇਹ ਵਸਤੂ ਅੰਦਰਲੀ ਵਿਰੋਧਆਤਮਿਕਤਾ ਵਿੱਚ ਬਿਰਾਜਮਾਨ ਹੁੰਦਾ ਹੈ। ਹਰ ਇੱਕਲੀ ਇਕਹਰੀ ਵਸਤੂ ਵਿੱਚ ਅੰਦਰੂਨੀ ਵਿਰੋਧਤਾਈ ਹੁੰਦੀ ਹੈ, ਸਿੱਟੇ ਵਜੋਂ ਇਸ ਦੀ ਗਤੀ ਅਤੇ ਵਿਕਾਸ ਹੁੰਦਾ ਹੈ। ਵਸਤੂ ਅੰਦਰਲੀ ਵਿਰੋਧਆਤਮਿਕਤਾ ਇਸ ਦੇ ਵਿਕਾਸ ਦਾ ਬੁਨਿਆਦੀ ਕਾਰਨ ਹੈ ਜਦੋਂ ਕਿ ਦੂਜੀਆਂ ਵਸਤਾਂ ਨਾਲ ਇਸ ਦਾ ਅੰਤਰ-ਸੰਬੰਧਿਤਾ ਅਤੇ ਅੰਤਰ-ਕਿਰਿਆਸ਼ੀਲਤਾ ਗੈਰ-ਬੁਨਿਆਦੀ ਕਾਰਨ ਹਨ। ਇਸ ਤਰ੍ਹਾਂ, ਪਦਾਰਥਵਾਦੀ ਦਵੰਦਵਾਦ ਅਧਿਆਤਮਵਾਦੀ ਮਕਾਨਕੀ ਪਦਾਰਥਵਾਦ ਅਤੇ ਘਟੀਆ ਸਹਿਜ-ਵਿਕਾਸਵਾਦ ਵਲੋਂ ਪੇਸ਼ ਕੀਤੇ, ਬਾਹਰੀ ਕਾਰਨਾਂ ਜਾਂ ਬਾਹਰੀ ਚਾਲਕ-ਸ਼ਕਤੀ ਦੇ ਸਿਧਾਂਤ ਦੀਆਂ ਕਾਰਗਰ ਢੰਗ ਨਾਲ ਧੱਜੀਆਂ ਉਡਾਉਂਦਾ ਹੈ। ਇਹ ਪ੍ਰਤੱਖ ਹੈ ਕਿ ਨਿਰੋਲ ਬਾਹਰੀ ਕਾਰਨ ਮਸ਼ੀਨੀ ਗਤੀ ਨੂੰ ਹੀ ਜਨਮ ਦੇ ਸਕਦੇ ਹਨ ਅਰਥਾਤ ਮਿਣਤੀ ਜਾਂ ਮਿਕਦਾਰ 'ਚ ਤਬਦੀਲੀਆਂ ਨੂੰ ਹੀ ਜਨਮ ਦੇ ਸਕਦੇ ਹਨ ਪਰ ਇਸ ਗੱਲ ਦੀ ਵਿਆਖਿਆ ਨਹੀਂ ਕਰ ਸਕਦੇ ਕਿ ਵਸਤੂਆਂ ਹਜਾਰਾਂ ਹੀ ਢੰਗਾਂ ਨਾਲ ਸਿਫਤੀ ਤੌਰ 'ਤੇ ਵੱਖੋ-ਵੱਖ ਕਿਉਂ ਹਨ ਅਤੇ ਇੱਕ ਵਸਤੂ ਦੂਸਰੀ ਵਸਤੂ 'ਚ ਕਿਉ ਤਬਦੀਲ ਹੋ ਜਾਂਦੀ ਹੈ। ਸੱਚੀ ਗੱਲ ਇਹ ਹੈ ਕਿ ਬਾਹਰੀ ਸ਼ਕਤੀ ਅਧੀਨ ਮਸ਼ੀਨੀ ਗਤੀ ਵੀ ਵਸਤੂਆਂ ਦੀ ਅੰਦਰੂਨੀ ਵਿਰੋਧਆਤਮਿਕਤਾ ਰਾਹੀਂ ਹੁੰਦੀ ਹੈ। ਪੌਦਿਆਂ ਅਤੇ ਪਸ਼ੂਆਂ 'ਚ ਸਾਧਾਰਨ ਵਾਧਾ, ਇਹਨਾਂ ਦਾ ਮਿਕਦਾਰੀ ਵਿਕਾਸ ਏਸੇ ਤਰ੍ਹਾਂ ਮੁੱਖ ਤੌਰ 'ਤੇ ਇਹਨਾਂ ਦੀਆਂ ਅੰਦਰੂਨੀ

ਵਿਰੋਧਤਾਈਆਂ ਦਾ ਸਿੱਟਾ ਹੁੰਦਾ ਹੈ। ਏਸੇ ਤਰ੍ਹਾਂ, ਸਮਾਜਿਕ ਵਿਕਾਸ ਮੁੱਖ ਤੌਰ 'ਤੇ ਬਾਹਰੀ ਕਾਰਨਾਂ ਕਰਕੇ ਨਹੀਂ ਸਗੋਂ ਅੰਦਰੂਨੀ ਕਾਰਨਾਂ ਕਰਕੇ ਹੁੰਦਾ ਹੈ। ਸਾਂਵੇ ਪੌਣ-ਪਾਣੀ ਅਤੇ ਭੂਗੋਲਿਕ ਹਾਲਤਾਂ ਵਾਲੇ ਮੁਲਕ ਆਪਣੇ ਵਿਕਾਸ 'ਚ ਭਾਰੀ ਵੰਨ-ਸੁਵੰਨਤਾ ਅਤੇ ਅਸਾਂਵੇਂਪਣ ਦਾ ਪ੍ਰਗਟਾਵਾ ਕਰਦੇ ਹਨ। ਇਸ ਤੋਂ ਅੱਗੇ, ਇੱਕੋ ਹੀ ਮੁਲਕ ਅੰਦਰ ਭਾਰੀ ਸਮਾਜਿਕ ਤਬਦੀਲੀਆਂ ਹੋ ਸਕਦੀਆਂ ਹਨ ਜਦੋਂ ਕਿ ਇਸ ਦੇ ਭੂਗੋਲ ਅਤੇ ਪੌਣਪਾਣੀ ਦੀਆਂ ਹਾਲਤਾਂ ਵਿੱਚ ਕੋਈ ਤਬਦੀਲੀ ਨਾ ਹੋਵੇ। ਸਾਮਰਾਜੀ ਰੂਸ ਸਮਾਜਵਾਦੀ ਸੋਵੀਅਤ ਯੂਨੀਅਨ 'ਚ ਬਦਲ ਗਿਆ ਹੈ ਅਤੇ ਜਗੀਰੂ ਜਾਪਾਨ ਸਾਮਰਾਜੀ ਜਾਪਾਨ 'ਚ ਬਦਲ ਗਿਆ ਹੈ ਭਾਵੇਂ ਸੰਸਾਰ ਵੰਨੀ ਇਸ ਨੇ ਆਪਣੇ ਦਰਵਾਜੇ ਬੰਦ ਕੀਤੇ ਹੋਏ ਸਨ-ਫੇਰ ਵੀ ਇਹਨਾਂ ਮੁਲਕਾਂ ਦੇ ਭੂਗੋਲ ਅਤੇ ਪੌਣਪਾਣੀ 'ਚ ਕੋਈ ਤਬਦੀਲੀ ਨਹੀਂ ਹੋਈ। ਲੰਬੇ ਸਮੇਂ ਤੋਂ ਜਗੀਰਦਾਰੀ ਦੇ ਗਲਬੇ ਅਧੀਨ, ਚੀਨ ਅੰਦਰ ਪਿਛਲੇ ਸੌ ਵਰ੍ਹਿਆਂ 'ਚ ਭਾਰੀ ਤਬਦੀਲੀਆਂ ਹੋਈਆਂ ਹਨ ਅਤੇ ਹੁਣ ਇਹ ਮੁਕਤ ਅਤੇ ਆਜ਼ਾਦ, ਨਵੇਂ ਚੀਨ ਦੀ ਸੇਧ 'ਚ ਬਦਲ ਰਿਹਾ ਹੈ ਭਾਵੇਂ ਇਸ ਦੇ ਪੌਣ ਪਾਣੀ ਅਤੇ ਭੂਗੋਲਿਕ ਹਾਲਤਾਂ ਵਿੱਚ ਕੋਈ ਤਬਦੀਲੀ ਨਹੀਂ ਹੋਈ। ਭੂਗੋਲ ਅਤੇ ਧਰਤੀ ਦੇ ਪੌਣ ਪਾਣੀ 'ਚ ਸਮੁੱਚੇ ਤੌਰ 'ਤੇ ਅਤੇ ਇਸ ਦੇ ਹਰ ਅੰਗ ਵਿੱਚ ਲਾਜ਼ਮੀ ਹੀ ਤਬਦੀਲੀਆਂ ਹੁੰਦੀਆਂ ਹਨ ਪਰ ਸਮਾਜਿਕ ਤਬਦੀਲੀਆਂ ਦੇ ਮੁਕਾਬਲੇ ਇਹ ਮਾਮੂਲੀ ਤਬਦੀਲੀਆਂ ਹਨ। ਭੂਗੋਲਿਕ ਪੌਣ ਪਾਣੀ ਦੀਆਂ ਤਬਦੀਲੀਆਂ ਆਪਣੇ ਆਪ ਨੂੰ ਦਹਿ-ਹਜ਼ਾਰਾਂ ਸਾਲਾਂ 'ਚ ਪ੍ਰਗਟ ਕਰਦੀਆਂ ਹਨ, ਜਦ ਕਿ ਸਮਾਜਿਕ ਤਬਦੀਲੀਆਂ ਆਪਣੇ ਆਪ ਨੂੰ ਹਜ਼ਾਰਾਂ, ਸੈਂਕੜੇ ਸਾਲਾਂ ਜਾਂ ਦਹਾਕਿਆਂ 'ਚ ਅਤੇ ਇਨਕਲਾਬ ਦੇ ਸਮਿਆਂ 'ਚ ਕੁੱਝ ਸਾਲਾਂ ਜਾਂ ਮਹੀਨਿਆਂ 'ਚ ਵੀ ਪ੍ਰਗਟ ਕਰ ਦਿੰਦੀਆਂ ਹਨ। ਪਦਾਰਥਵਾਦੀ ਦਵੰਦਵਾਦ ਅਨੁਸਾਰ, ਕੁਦਰਤ ਅੰਦਰ ਤਬਦੀਲੀਆਂ ਮੁੱਖ ਤੌਰ ਤੇ ਕੁਦਰਤ ਦੀਆਂ ਅੰਦਰੂਨੀ ਵਿਰੋਧਤਾਈਆਂ ਦੇ ਵਿਕਾਸ ਕਰਕੇ ਹੁੰਦੀਆਂ ਹਨ। ਸਮਾਜ ਅੰਦਰ ਤਬਦੀਲੀਆਂ ਮੁੱਖ ਤੌਰ 'ਤੇ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਦੇ ਵਿਕਾਸ ਕਰਕੇ ਹੁੰਦੀਆਂ ਹਨ, ਅਰਥਾਤ, ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਰਿਸ਼ਤਿਆਂ ਦਰਮਿਆਨ ਵਿਰੋਧਤਾਈ, ਜਮਾਤਾਂ ਦਰਮਿਆਨ ਵਿਰੋਧਤਾਈ ਅਤੇ ਪੁਰਾਣੇ ਅਤੇ ਨਵੇਂ ਦਰਮਿਆਨ ਵਿਰੋਧਤਾਈ; ਇਹ ਇਹਨਾਂ ਵਿਰੋਧਤਾਈਆਂ ਦਾ ਵਿਕਾਸ ਹੈ ਜਿਹੜਾ ਸਮਾਜ ਨੂੰ ਅੱਗੇ ਨੂੰ ਧੱਕਦਾ ਹੈ ਅਤੇ ਨਵੇਂ ਸਮਾਜ ਵਲੋਂ ਪੁਰਾਣੇ ਸਮਾਜ ਦੀ ਥਾਂ ਲੈਣ ਲਈ ਇਸ ਨੂੰ ਬਲ ਬਖਸ਼ਦਾ ਹੈ। ਕੀ ਪਦਾਰਥਵਾਦੀ ਦਵੰਦਵਾਦ ਬਾਹਰੀ ਕਾਰਨਾਂ ਨੂੰ ਪਾਸੇ ਛੱਡਦਾ ਹੈ ? ਬਿਲਕੁਲ ਨਹੀਂ। ਇਸ ਦਾ ਮੱਤ ਹੈ ਕਿ ਬਾਹਰੀ ਕਾਰਨ ਤਬਦੀਲੀ ਦੀ ਸ਼ਰਤ ਹਨ ਅਤੇ ਅੰਦਰੂਨੀ ਕਾਰਨਾਂ ਜ਼ਰੀਏ ਅਮਲ 'ਚ ਆਉਂਦੇ ਹਨ। ਮੁਆਫਕ ਤਾਪਮਾਨ 'ਚ ਇੱਕ ਆਂਡਾ ਚੂਚੇ 'ਚ ਬਦਲ ਜਾਂਦਾ ਹੈ, ਪਰ ਕੋਈ ਵੀ ਤਾਪਮਾਨ ਪੱਥਰ-ਰੋੜੇ ਨੂੰ ਚੂਚੇ 'ਚ ਨਹੀਂ ਬਦਲ ਸਕਦਾ, ਕਿਉਂਕਿ ਦੋਵਾਂ ਦਾ ਵੱਖਰਾ-ਵੱਖਰਾ ਆਧਾਰ ਹੈ। ਵੱਖ-ਵੱਖ ਦੇਸ਼ਾਂ ਦੀਆਂ ਕੌਮਾਂ ਵਿਚਕਾਰ ਲਗਾਤਾਰ ਪਰਸਪਰ ਕਿਰਿਆ ਹੁੰਦੀ ਰਹਿੰਦੀ ਹੈ। ਪੂੰਜੀਵਾਦ ਦੇ ਯੁੱਗ ਅੰਦਰ ਅਤੇ ਖਾਸ ਕਰਕੇ ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਯੁੱਗ ਅੰਦਰ ਵੱਖੋ ਵੱਖ ਦੇਸ਼ਾਂ ਦੇ ਸਿਆਸੀ ਆਰਥਿਕ ਅਤੇ ਸੱਭਿਆਚਾਰਕ ਖੇਤਰਾਂ ਅੰਦਰ ਪਰਸਪਰ ਕਿਰਿਆ ਅਤੇ ਆਪਸੀ ਪ੍ਰਭਾਵ ਬਹੁਤ ਹੀ ਵੱਧ ਗਿਆ ਹੈ। ਅਕਤੂਬਰ ਸਮਾਜਵਾਦੀ ਇਨਕਲਾਬ ਸੰਸਾਰ ਇਤਿਹਾਸ ਅੰਦਰ ਅਤੇ ਰੂਸੀ ਇਤਿਹਾਸ ਅੰਦਰ ਵੀ ਇੱਕ ਨਵੇਂ ਯੁੱਗ 'ਚ ਦਾਖਲ ਹੋ ਗਿਆ ਹੈ। ਇਹਨੇ ਸੰਸਾਰ ਅੰਦਰ ਦੂਸਰੇ ਮੁਲਕਾਂ ਦੀਆਂ ਅੰਦਰੂਨੀ ਤਬਦੀਲੀਆਂ 'ਤੇ ਵਿਸ਼ੇਸ਼ ਰੂਪ 'ਚ

ਡੂੰਘਾ ਅਸਰ ਪਾਇਆ ਹੈ। ਤਾਂ ਵੀ, ਚੀਨ ਸਮੇਤ ਇਹ ਤਬਦੀਲੀਆਂ ਇਹਨਾਂ ਮੁਲਕਾਂ ਦੇ ਵਿਕਾਸ ਦੇ ਅੰਦਰੂਨੀ ਨਿਯਮਾਂ ਰਾਹੀਂ ਹੀ ਵਾਪਰੀਆਂ ਹਨ। ਲੜਾਈ ਅੰਦਰ, ਇੱਕ ਫੌਜ ਜੇਤੂ ਹੁੰਦੀ ਹੈ ਅਤੇ ਦੂਸਰੀ ਨੂੰ ਹਾਰ ਮਿਲਦੀ ਹੈ; ਜਿੱਤ ਅਤੇ ਹਾਰ ਨੂੰ ਅੰਦਰੂਨੀ ਕਾਰਨ ਤਹਿ ਕਰਦੇ ਹਨ। ਇੱਕ ਫੌਜ ਇਸ ਕਰਕੇ ਹਾਰੀ ਹੈ ਕਿ ਜਾਂ ਤਾਂ ਇਹ ਤਕੜੀ ਹੈ ਜਾਂ ਇਹ ਯੁੱਧ ਦੀ ਧਨੀ ਹੈ, ਦੂਜੀ ਫੌਜ ਇਸ ਕਰਕੇ ਹਾਰੀ ਹੈ ਕਿ ਜਾਂ ਤਾਂ ਇਹ ਕਮਜ਼ੋਰ ਹੈ ਜਾਂ ਇਹ ਜੰਗ ਦੀ ਧਨੀ ਨਹੀਂ ਹੈ; ਅੰਦਰੂਨੀ ਕਾਰਨਾਂ ਜ਼ਰੀਏ ਹੀ ਬਾਹਰੀ ਕਾਰਨ ਅਮਲ 'ਚ ਆਉਂਦੇ ਹਨ। 1927 'ਚ ਚੀਨ ਅੰਦਰ, ਬੁਰਜੂਆਜ਼ੀ ਵੱਲੋਂ ਪ੍ਰੋਲੇਤਾਰੀ ਦੀ ਹਾਰ ਮੌਕਾਪ੍ਰਸਤੀ ਕਰਕੇ ਹੋਈ ਜਿਹੜੀ ਉਸ ਸਮੇਂ ਚੀਨੀ ਪ੍ਰੋਲੇਤਾਰੀ (ਚੀਨੀ ਕਮਿਊਨਿਸਟ ਪਾਰਟੀ ਅੰਦਰ) ਮੌਜੂਦ ਸੀ। ਜਦੋਂ ਅਸੀਂ ਇਸ ਮੌਕਾਪ੍ਰਸਤੀ ਨੂੰ ਖਤਮ ਕਰ ਦਿੱਤਾ, ਚੀਨੀ ਇਨਕਲਾਬ ਨੇ ਫੇਰ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਪਿੱਛੋਂ, ਦੁਸ਼ਮਣ ਵੱਲੋਂ ਚੀਨੀ ਇਨਕਲਾਬ ਨੂੰ ਮੁੜ ਫੇਰ ਜਬਰਦਸਤ ਪਛਾੜਾਂ ਨਸੀਬ ਹੋਈਆਂ, ਕਿਉਂਕਿ ਸਾਡੀ ਪਾਰਟੀ ਅੰਦਰ ਮਾਅਰਕੇਬਾਜ਼ੀ ਪੈਦਾ ਹੋ ਗਈ ਸੀ। ਜਦੋਂ ਅਸੀਂ ਇਸ ਮਾਅਰਕੇਬਾਜ਼ੀ ਨੂੰ ਖਤਮ ਕਰ ਦਿੱਤਾ, ਸਾਡਾ ਇਨਕਲਾਬ ਇੱਕ ਵਾਰ ਫੇਰ ਅੱਗੇ ਵੱਧਣ ਲੱਗ ਪਿਆ। ਇਸ ਤਰ੍ਹਾਂ, ਇਹ ਵੇਖਿਆ ਜਾ ਸਕਦਾ ਹੈ ਕਿ ਇਨਕਲਾਬ ਦੀ ਧੁਰ ਜਿੱਤ ਤੱਕ ਅੱਗਵਾਈ ਕਰਨ ਲਈ, ਸਿਆਸੀ ਪਾਰਟੀ ਨੂੰ ਆਪਣੀ ਸਿਆਸੀ ਲੀਹ ਦੇ ਦਰੁਸਤ ਹੋਣ ਅਤੇ ਆਪਣੀ ਜੱਥੇਬੰਦੀ ਦੀ ਮਜਬੂਤੀ ਤੇ ਨਿਰਭਰ ਰਹਿਣਾ ਚਾਹੀਦਾ ਹੈ।

ਦਵੰਦਵਾਦੀ ਸੰਸਾਰ ਦ੍ਰਿਸ਼ਟੀਕੋਣ ਪੁਰਾਣੇ ਵਕਤਾਂ ਵਿੱਚ ਚੀਨ ਅਤੇ ਯੂਰਪ ਦੋਵਾਂ ਵਿੱਚ ਪੈਦਾ ਹੋਇਆ। ਪੁਰਾਤਨ ਦਵੰਦਵਾਦ, ਭਾਵੇਂ ਕੁੱਝ ਆਪ ਮੁਹਾਰੇ ਅਤੇ ਸਰਲ ਖਾਸੇ ਵਾਲਾ ਸੀ। ਉਸ ਵੇਲੇ ਦੀਆਂ ਹਾਸਲ ਸਮਾਜਿਕ ਅਤੇ ਇਤਿਹਾਸਕ ਹਾਲਤਾਂ ਵਿੱਚ ਇਹ ਹਾਲੇ ਸਿਧਾਂਤਕ ਪ੍ਰਣਾਲੀ ਬਨਾਉਣ ਦੇ ਕਾਬਲ ਨਹੀਂ ਹੋਇਆ ਸੀ, ਇਸ ਲਈ ਇਹ ਸੰਸਾਰ ਦੀ ਮੁਕੰਮਲ ਵਿਆਖਿਆ ਨਹੀਂ ਕਰ ਸਕਿਆ ਅਤੇ ਅਧਿਆਤਮਵਾਦ ਨੇ ਇਸ ਨੂੰ ਨਿਗਲ ਲਿਆ। ਮਸ਼ਹੂਰ ਜਰਮਨ ਫਲਸਫਾ ਗਿਆਨੀ ਹੀਗਲ ਨੇ ਦਵੰਦਵਾਦ ਨੂੰ ਸਭ ਤੋਂ ਅਹਿਮ ਦੇਣਾਂ ਦਿੱਤੀਆਂ। ਉਹ ਅਠਾਰਵੀਂ ਸਦੀ ਦੇ ਅੰਤ ਵਿੱਚ ਅਤੇ ਉਨੀਵੀਂ ਸਦੀ ਦੇ ਮੁੱਢਲੇ ਸਾਲਾਂ ਵਿੱਚ ਜੀਵਿਆ। ਪਰ ਉਸ ਦਾ ਦਵੰਦਵਾਦ ਵਿਚਾਰਵਾਦੀ ਸੀ। ਪ੍ਰੋਲੇਤਾਰੀ ਲਹਿਰ ਦੇ ਸਿਰਮੌਰ ਹਾਮੀਆਂ, ਮਾਰਕਸ ਅਤੇ ਏਂਗਲਜ਼ ਨੇ, ਮਨੁੱਖੀ ਗਿਆਨ ਦੇ ਇਤਿਹਾਸ ਅੰਦਰ ਹਾਂ-ਪੱਖੀ ਪ੍ਰਾਪਤੀਆਂ ਦਾ ਸੰਸ਼ਲੇਸ਼ਣ ਕੀਤਾ ਅਤੇ ਖਾਸ ਕਰਕੇ ਹੀਗਲਵਾਦੀ ਦਵੰਦਵਾਦ ਦੇ ਤਰਕਸ਼ੀਲ ਅੰਸ਼ਾਂ ਨੂੰ ਪੜਚੋਲਵੇਂ ਢੰਗ ਨਾਲ ਜਜ਼ਬ ਕੀਤਾ ਅਤੇ ਦਵੰਦਵਾਦ ਅਤੇ ਇਤਿਹਾਸਕ ਪਦਾਰਥਵਾਦ ਦਾ ਮਹਾਨ ਸਿਧਾਂਤ ਸਿਰਜਿਆ। ਇਸ ਨਾਲ ਮਨੁੱਖੀ ਗਿਆਨ ਦੇ ਇਤਿਹਾਸ ਵਿੱਚ ਬੇਮਿਸਾਲ ਇਨਕਲਾਬ ਆਇਆ। ਇਸ ਸਿਧਾਂਤ ਨੂੰ ਲੈਨਿਨ ਅਤੇ ਸਟਾਲਿਨ ਨੇ ਹੋਰ ਵਿਕਸਤ ਕੀਤਾ। ਜਿਉਂ ਹੀ ਇਸ ਦਾ ਚੀਨ ਵਿੱਚ ਪਸਾਰਾ ਹੋਇਆ, ਇਸਨੇ ਚੀਨੀ ਵਿਚਾਰਧਾਰਾ ਦੇ ਸੰਸਾਰ ਅੰਦਰ ਲੋਹੜੇ ਦੀਆਂ ਤਬਦੀਲੀਆਂ ਨੂੰ ਅੱਡੀ ਲਾਈ।

ਇਹ ਦਵੰਦਵਾਦੀ ਸੰਸਾਰ ਦ੍ਰਿਸ਼ਟੀਕੋਣ, ਪਹਿਲ-ਪ੍ਰਿਥਮੇ, ਸਾਨੂੰ ਵੱਖੋ-ਵੱਖ ਵਸਤੂਆਂ ਅੰਦਰ ਵਿਰੋਧੀਆਂ ਦੀ ਗਤੀ ਦੀ ਨਿਰਖ ਅਤੇ ਵਿਸ਼ਲੇਸ਼ਣ ਕਰਨਾ ਅਤੇ ਅਜਿਹੇ ਵਿਸ਼ਲੇਸ਼ਣ ਦੇ ਆਧਾਰ ਤੇ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗਾਂ ਨੂੰ ਸੁਝਾਉਣਾ ਸਿਖਾਉਂਦਾ ਹੈ। ਇਸ ਲਈ, ਸਾਡੇ ਲਈ ਇਹ ਸਭ ਤੋਂ ਅਹਿਮ ਗੱਲ ਹੈ ਕਿ ਵਸਤੂਆਂ ਅੰਦਰ ਵਿਰੋਧਤਾਈ ਦੇ ਨਿਯਮ ਨੂੰ ਠੋਸ ਢੰਗ ਨਾਲ ਸਮਝੀਏ।

## 2. ਵਿਰੋਧਤਾਈ ਦੀ ਸਰਵ-ਵਿਆਪਕਤਾ

ਵਿਆਖਿਆ ਨੂੰ ਸੌਖੀ ਬਨਾਉਣ ਲਈ, ਪਹਿਲਾਂ ਮੈਂ ਵਿਰੋਧਤਾਈ ਦੀ ਸਰਵ-ਵਿਆਪਕਤਾ ਦੀ ਚਰਚਾ ਕਰੂੰਗਾ ਅਤੇ ਫੇਰ ਵਿਰੋਧਤਾਈ ਦੀ ਵਿਸ਼ੇਸ਼ਤਾ ਦੀ ਚਰਚਾ ਕਰਨ ਲਈ ਅੱਗੇ ਤੁਰੂੰਗਾ। ਕਾਰਨ ਇਹ ਹੈ ਕਿ ਵਿਰੋਧਤਾਈ ਦੀ ਸਰਵ ਵਿਆਪਕਤਾ ਦੀ ਵਧੇਰੇ ਸੰਖੇਪ ਵਿਆਖਿਆ ਕੀਤੀ ਜਾ ਸਕਦੀ ਹੈ, ਕਿਉਂਕਿ ਜਦੋਂ ਤੋਂ ਮਾਰਕਸਵਾਦ ਦੇ ਮਹਾਨ ਸਿਰਜਣਹਾਰਿਆਂ ਅਤੇ ਇਸ ਨੂੰ ਜਾਰੀ ਰੱਖਣ ਵਾਲਿਆਂ-ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਨੇ ਪਦਾਰਥਵਾਦੀ ਦਵੰਦਵਾਦੀ ਸੰਸਾਰ ਦ੍ਰਿਸ਼ਟੀਕੋਣ ਦੀ ਖੋਜ ਕੀਤੀ ਹੈ ਅਤੇ ਪਦਾਰਥਵਾਦੀ ਦਵੰਦਵਾਦ ਨੂੰ ਮਨੁੱਖੀ ਇਤਿਹਾਸ ਅਤੇ ਕੁਦਰਤ ਦੇ ਇਤਿਹਾਸ ਦੇ ਬਹੁਤ ਸਾਰੇ ਪੱਖਾਂ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਸਮਾਜ ਅਤੇ ਕੁਦਰਤ ਦੇ ਬਹੁਤ ਸਾਰੇ ਪੱਖਾਂ ਨੂੰ ਬਦਲਣ ਲਈ (ਜਿਵੇਂ ਸੋਵੀਅਤ ਯੂਨੀਅਨ ਵਿੱਚ) ਮੁਹਾਰਤ ਨਾਲ ਸਫਲਤਾ ਸਾਹਿਤ ਲਾਗੂ ਕੀਤਾ ਹੈ : ਜਦ ਕਿ ਵਿਰੋਧਤਾਈ ਦੀ ਵਿਸ਼ੇਸ਼ਤਾ ਨੂੰ ਹਾਲੇ ਬਹੁਤ ਸਾਰੇ ਸਾਥੀ, ਖਾਸ ਕਰਕੇ ਕੱਟੜਪੰਥੀ, ਪੂਰੀ ਸਪੱਸ਼ਟਤਾ ਨਾਲ ਨਹੀਂ ਸਮਝਦੇ। ਉਹ ਇਹ ਨਹੀਂ ਸਮਝਦੇ ਕਿ ਇਹ ਐਨ ਵਿਰੋਧਤਾਈ ਦੀ ਵਿਸ਼ੇਸ਼ਤਾ ਹੈ ਜਿਸ ਵਿੱਚ ਵਿਰੋਧਤਾਈ ਦੀ ਸਰਵ-ਵਿਆਪਕਤਾ ਦਾ ਵਾਸਾ ਹੈ। ਨਾ ਹੀ ਉਹ ਇਹ ਸਮਝਦੇ ਹਨ ਕਿ ਇਨਕਲਾਬੀ ਅਭਿਆਸ ਦੀ ਰਾਹੁਨੁਮਾਈ ਕਰਨ ਲਈ ਸਾਨੂੰ ਦਰਪੇਸ਼ ਠੋਸ ਮਸਲਿਆਂ ਅੰਦਰ ਵਿਰੋਧਤਾਈ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਨਾ ਕਿੰਨਾ ਮਹੱਤਵਪੂਰਨ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਵਿਰੋਧਤਾਈ ਦੀ ਵਿਸ਼ੇਸ਼ਤਾ ਦੇ ਅਧਿਐਨ ਤੇ ਜ਼ੋਰ ਦਿੱਤਾ ਜਾਵੇ ਅਤੇ ਇਸ ਦੀ ਵਿਸਥਾਰ ਵਿੱਚ ਵਿਆਖਿਆ ਕੀਤੀ ਜਾਵੇ। ਇਸੇ ਵਜ੍ਹਾ ਕਰਕੇ, ਵਸਤੂਆਂ ਅੰਦਰ ਵਿਰੋਧਤਾਈ ਦੇ ਨਿਯਮ ਦੇ ਸਾਡੇ ਵਿਸ਼ਲੇਸ਼ਣ 'ਚੋਂ, ਆਪਾਂ ਪਹਿਲਾਂ ਵਿਰੋਧਤਾਈ ਦੀ ਸਰਵ-ਵਿਆਪਕਤਾ ਦਾ ਵਿਸ਼ਲੇਸ਼ਣ ਕਰਾਂਗੇ, ਫੇਰ ਵਿਰੋਧਤਾਈ ਦੀ ਵਿਸ਼ੇਸ਼ਤਾਈ ਦਾ ਵਿਸ਼ਲੇਸ਼ਣ ਕਰਨ ਤੇ ਵਿਸ਼ੇਸ਼ ਜੋਰ ਦਿਆਂਗੇ ਅਤੇ ਅੰਤ ਵਿੱਚ ਵਿਰੋਧਤਾਈ ਦੀ ਸਰਵ-ਵਿਆਪਕਤਾ ਵੱਲ ਮੁੜਾਂਗੇ।

ਵਿਰੋਧਤਾਈ ਦੀ ਸਰਵ ਵਿਆਪਕਤਾ ਦੀ ਨਿਰਪੇਖਤਾ ਦੇ ਦੂਹਰੇ ਅਰਥ ਹਨ। ਇੱਕ ਇਹ ਹੈ ਕਿ ਵਿਰੋਧਤਾਈ ਸਾਰੀਆਂ ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਵਿੱਚ ਮੌਜੂਦ ਹੁੰਦੀ ਹੈ ਅਤੇ ਦੂਸਰਾ ਇਹ ਹੈ ਕਿ ਹਰੇਕ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਵਿਰੋਧੀਆਂ ਦੀ ਗਤੀ ਸ਼ੁਰੂ ਤੋਂ ਅੰਤ ਤੱਕ ਮੌਜੂਦ ਰਹਿੰਦੀ ਹੈ।

ਏਂਗਲਜ਼ ਨੇ ਕਿਹਾ ਸੀ, "ਗਤੀ ਆਪ ਹੀ ਵਿਰੋਧਤਾਈ ਹੈ"[6] ਲੈਨਿਨ ਨੇ ਵਿਰੋਧੀਆਂ ਦੀ ਏਕਤਾ ਦੇ ਨਿਯਮ ਨੂੰ ਇਉਂ ਪ੍ਰੀਭਾਸ਼ਿਤ ਕੀਤਾ ਹੈ ਕਿ ਇਹ "ਮਨ ਅਤੇ ਸਮਾਜ ਸਮੇਤ ਕੁਦਰਤ ਦੇ ਸਾਰੇ ਵਰਤਾਰਿਆਂ ਅਤੇ ਪ੍ਰਕਿਰਿਆਵਾਂ ਅੰਦਰ ਇੱਕ ਦੂਸਰੀ ਦਾ ਖੰਡਨ ਕਰਨ ਵਾਲੀਆ, **ਇੱਕ ਦੂਸਰੀ ਨੂੰ ਖਾਰਜ ਕਰਨ ਵਾਲੀਆਂ**, ਵਿਰੋਧੀ ਰੁਚੀਆਂ ਦੀ ਪਛਾਣ (ਖੋਜ) ਹੈ"[7] ਕੀ ਇਹ ਵਿਚਾਰ ਦਰੁਸਤ ਹਨ ? ਹਾਂ, ਇਹ ਵਿਚਾਰ ਦਰੁਸਤ ਹਨ। ਸਾਰੀਆਂ ਵਸਤੂਆਂ ਅੰਦਰ ਮੌਜੂਦ ਸਵੈ-ਵਿਰੋਧੀ ਪੱਖਾਂ ਦੀ ਅੰਤਰ-ਨਿਰਭਰਤਾ ਅਤੇ ਇਹਨਾਂ ਪੱਖਾਂ ਦਰਮਿਆਨ ਘੋਲ ਸਾਰੀਆਂ ਵਸਤੂਆਂ ਦੀ ਜ਼ਿੰਦਗੀ ਨੂੰ ਤਹਿ ਕਰਦਾ ਹੈ ਅਤੇ ਇਹਨਾਂ ਦੇ ਵਿਕਾਸ ਨੂੰ ਅੱਗੇ ਤੋਰਦਾ ਹੈ। ਅਜੇਹੀ ਕੋਈ ਵੀ ਸ਼ੈਅ ਨਹੀਂ ਜਿਸ ਅੰਦਰ ਵਿਰੋਧਤਾਈ ਨਾ ਹੋਵੇ, ਵਿਰੋਧਤਾਈ ਤੋਂ ਬਿਨਾਂ ਕੋਈ ਵੀ ਸ਼ੈਅ ਨਹੀਂ ਹੋ ਸਕਦੀ।

ਵਿਰੋਧਤਾਈ ਗਤੀ (ਮਿਸਾਲ ਵਜੋਂ ਮਸ਼ੀਨੀ ਗਤੀ) ਦੀਆਂ ਸਾਧਾਰਨ ਸ਼ਕਲਾਂ ਦਾ ਆਧਾਰ ਹੈ ਅਤੇ ਇਸ ਤੋਂ ਵੀ ਵੱਧ ਕੇ, ਗਤੀ ਦੀਆਂ ਗੁੰਝਲਦਾਰ ਸ਼ਕਲਾਂ ਦਾ ਆਧਾਰ ਹੈ।

ਏਂਗਲਜ਼ ਨੇ ਵਿਰੋਧਤਾਈ ਦੀ ਸਰਵ ਵਿਆਪਕਤਾ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ:

ਜੇ ਸਾਧਾਰਨ ਮਸ਼ੀਨੀ ਸਥਾਨ-ਬਦਲੀ ਵਿੱਚ ਵਿਰੋਧਤਾਈ ਸਮੋਈ ਹੋਈ ਹੈ, ਇਹ ਗੱਲ ਪਦਾਰਥ ਦੀ ਗਤੀ ਦੀਆਂ ਉਚੇਰੀਆਂ ਸ਼ਕਲਾਂ ਬਾਰੇ ਖਾਸ ਕਰਕੇ ਪ੍ਰਾਣੀ ਜੀਵਨ ਅਤੇ ਇਸ ਦੇ ਵਿਕਾਸ ਬਾਰੇ ਹੋਰ ਵੀ ਸੱਚੀ ਹੈ...ਐਨ ਠੀਕ ਅਤੇ ਪਹਿਲ ਪ੍ਰਿਥਮੇ ਜ਼ਿੰਦਗੀ ਇਸ ਵਿੱਚ ਬਣਦੀ ਹੈ—ਕਿ ਕੋਈ ਵਸਤੂ ਹਰ ਪਲ ਉਸੇ ਤਰ੍ਹਾਂ ਦੀ ਰਹਿੰਦੀ ਹੈ ਅਤੇ ਇਸ ਤੋਂ ਕੁੱਝ ਹੋਰ ਵੀ ਹੁੰਦੀ ਹੈ। ਇਸ ਲਈ, ਜ਼ਿੰਦਗੀ ਵੀ ਵਿਰੋਧਤਾਈ ਹੈ। ਜੋ ਵਸਤੂ ਪ੍ਰਕਿਰਿਆਵਾਂ ਵਿੱਚ ਮੌਜੂਦ ਹੁੰਦੀ ਹੈ, ਜੋ ਖੁਦ ਹੀ ਲਗਾਤਾਰ ਪੈਦਾ ਅਤੇ ਹੱਲ ਹੁੰਦੀ ਰਹਿੰਦੀ ਹੈ; ਜਦੋਂ ਹੀ ਵਿਰੋਧਤਾਈ ਖਤਮ ਹੋ ਜਾਂਦੀ ਹੈ, ਨਾਲ ਹੀ ਜ਼ਿੰਦਗੀ ਖਤਮ ਹੋ ਜਾਂਦੀ ਹੈ ਅਤੇ ਮੌਤ ਦਸਤਕ ਦਿੰਦੀ ਹੈ। ਇਸ ਵਾਂਗ ਹੀ, ਅਸੀਂ ਦੇਖਿਆ ਹੈ ਕਿ ਸੋਚਣੀ ਦੇ ਖੇਤਰ ਅੰਦਰ ਵੀ ਅਸੀਂ ਵਿਰੋਧਤਾਈਆਂ ਤੋਂ ਨਹੀਂ ਬਚ ਸਕਦੇ। ਉਦਾਹਰਣ ਲਈ, ਗਿਆਨ ਹਾਸਲ ਕਰਨ ਲਈ ਮਨੁੱਖ ਦੀ ਨਿਹਿਤ ਅਸੀਮਤ ਸਮਰੱਥਾ ਅਤੇ ਇਸ ਦੀ ਹਕੀਕੀ ਪ੍ਰਾਪਤੀ ਵਿਚਕਾਰ ਵਿਰੋਧਤਾਈ, ਮਨੁੱਖ ਜਿਹੜਾ ਬਾਹਰੀ ਹਾਲਤਾਂ ਰਾਹੀਂ ਸੀਮਤ ਹੁੰਦਾ ਹੈ ਅਤੇ ਸੀਮਤ ਗਿਆਨ ਰੱਖਦਾ ਹੈ। ਇਸ ਵਿਰੋਧਤਾਈ ਦਾ ਹੱਲ, ਸਾਡੇ ਲਈ, ਘੱਟੋ ਘੱਟ ਅਮਲੀ ਤੌਰ 'ਤੇ ਪੁਸ਼ਤ-ਦਰ-ਪੁਸ਼ਤ, ਅੰਤਹੀਣ ਵਿਕਾਸ ਦੇ ਰੂਪ ਵਿੱਚ ਹੁੰਦਾ ਰਹਿੰਦਾ ਹੈ।

.....ਉਚੇਰੀ ਗਣਿਤ ਵਿਦਿਆ ਦੇ ਬੁਨਿਆਦੀ ਅਸੂਲਾਂ ਵਿੱਚੋਂ ਇੱਕ ਅਸੂਲ ਵਿਰੋਧਤਾਈ ਹੈ ਕਿ ਖਾਸ ਹਾਲਤਾਂ ਅੰਦਰ ਸਿੱਧੀਆਂ ਰੇਖਾਵਾਂ ਅਤੇ ਵਿੰਗੀਆਂ ਰੇਖਾਵਾਂ ਇੱਕ ਹੀ ਹੋ ਸਕਦੀਆਂ ਹਨ......

ਹੇਠਲੀ ਪੱਧਰ ਦੀ ਗਣਿਤ ਵਿਦਿਆ ਵੀ ਵਿਰੋਧਤਾਈਆਂ ਨਾਲ ਭਰਪੂਰ ਹੈ[8]

ਲੈਨਿਨ ਨੇ ਵਿਰੋਧਤਾਈ ਦੀ ਸਰਵ-ਵਿਆਪਕਤਾ ਦੇ ਹੇਠ ਲਿੱਖੇ ਦ੍ਰਿਸ਼ਟਾਂਤ ਦਿੱਤੇ ਹਨ:

ਹਿਸਾਬ ਵਿੱਚ : ਜਮਾਂ ਅਤੇ ਮਨਫੀ

ਮਕੈਨਿਕਲ ਵਿਗਿਆਨ ਵਿੱਚ : ਕਿਰਿਆ ਅਤੇ ਪ੍ਰਤੀ ਕਿਰਿਆ

ਭੌਤਿਕ ਵਿਗਿਆਨ ਵਿੱਚ : ਧਨ ਅਤੇ ਰਿਣ ਬਿਜਲੀ

ਰਸਾਇਣ ਵਿਗਿਆਨ ਵਿੱਚ : ਪਰਮਾਣੂਆਂ ਦਾ ਜੁੜਨਾ ਅਤੇ ਬਿੱਖਰਨਾ

ਸਮਾਜਿਕ ਵਿਗਿਆਨ ਵਿੱਚ : ਜਮਾਤੀ ਘੋਲ[9]

ਜੰਗ ਵਿੱਚ ਹਮਲਾ ਅਤੇ ਬਚਾਉ, ਅੱਗੇ ਵੱਧਣਾ ਤੇ ਪਿੱਛੇ ਹੱਟਣਾ, ਜਿੱਤ ਅਤੇ ਹਾਰ, ਇਹ ਪਰਸਪਰ ਵਿਰੋਧੀ ਵਰਤਾਰੇ ਹਨ। ਇੱਕ ਦੀ ਹੋਂਦ ਦੂਜੇ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦੀ। ਦੋਵੇਂ ਪੱਖ, ਇਕੋ ਸਮੇਂ ਟਕਰਾਅ ਵਿੱਚ ਅਤੇ ਅੰਤਰ ਨਿਰਭਰ ਹਨ ਅਤੇ ਇਹ ਗੱਲ ਜੰਗ ਦੀ ਸਮੁੱਚਤਾ ਨੂੰ ਬਣਾਉਂਦੀ ਹੈ, ਇਸ ਦੇ ਵਿਕਾਸ ਨੂੰ ਅੱਗੇ ਤੋਰਦੀ ਹੈ ਅਤੇ ਇਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੀ ਹੈ।

ਮਨੁੱਖਾਂ ਦੇ ਸੰਕਲਪ ਅੰਦਰ ਹਰੇਕ ਵਖਰੇਵੇਂ ਨੂੰ ਬਾਹਰਮੁੱਖੀ ਵਿਰੋਧਤਾਈ ਦੇ ਪਰਤੌਅ ਦੇ ਤੌਰ 'ਤੇ ਸਮਝਿਆ ਜਾਣਾ ਚਾਹੀਦਾ ਹੈ। ਬਾਹਰਮੁੱਖੀ ਵਿਰੋਧਤਾਈਆਂ ਦਾ ਅੰਤਰਮੁੱਖੀ ਸੋਚਣੀ

ਵਿੱਚ ਪਰਤੌਅ ਹੁੰਦਾ ਹੈ ਅਤੇ ਇਹ ਪ੍ਰਕਿਰਿਆ ਸੰਕਲਪਾਂ ਦੀ ਵਿਰੋਧਆਤਮਿਕ ਗਤੀ ਬਣਦੀ ਹੈ, ਸੋਚ ਦੇ ਵਿਕਾਸ ਨੂੰ ਅੱਗੇ ਤੋਰਦੀ ਹੈ ਅਤੇ ਮਨੁੱਖੀ ਸੋਚਣੀ ਦੀਆਂ ਸਮੱਸਿਆਵਾਂ ਨੂੰ ਲਗਾਤਾਰ ਹੱਲ ਕਰਦੀ ਹੈ।

ਪਾਰਟੀ ਅੰਦਰ ਵੱਖੋ ਵੱਖਰੀ ਕਿਸਮ ਦੇ ਵਿਚਾਰਾਂ ਦਰਮਿਆਨ ਵਿਰੋਧ ਅਤੇ ਘੋਲ ਲਗਾਤਾਰ ਚਲਦਾ ਰਹਿੰਦਾ ਹੈ; ਇਹ ਸਮਾਜ ਅੰਦਰ ਪਰਤੌਅ ਹੈ। ਜੇ ਪਾਰਟੀ ਅੰਦਰ ਕੋਈ ਵਿਰੋਧਤਾਈਆਂ ਨਾ ਹੋਣ ਅਤੇ ਇਹਨਾਂ ਨੂੰ ਹੱਲ ਕਰਨ ਲਈ ਕੋਈ ਵਿਚਾਰਧਾਰਕ ਘੋਲ ਨਾ ਚਲਣ ਤਾਂ ਪਾਰਟੀ ਦੀ ਜ਼ਿੰਦਗੀ ਦਾ ਅੰਤ ਹੋ ਜਾਵੇਗਾ।

ਇਸ ਤਰ੍ਹਾਂ ਇਹ ਪਹਿਲਾਂ ਹੀ ਸਪੱਸ਼ਟ ਹੈ ਕਿ ਵਿਰੋਧਤਾਈ ਸਰਵ-ਵਿਆਪੀ ਹੈ ਅਤੇ ਸਾਰੀਆਂ ਪ੍ਰਕਿਰਿਆਵਾਂ ਅੰਦਰ ਮੌਜੂਦ ਹੈ, ਭਾਵੇਂ ਇਹ ਗਤੀ ਦੀਆਂ ਸਾਧਾਰਨ ਜਾਂ ਗੁੰਝਲਦਾਰ ਸ਼ਕਲਾਂ ਹੋਣ, ਭਾਵੇਂ ਇਹ ਬਾਹਰਮੁੱਖੀ ਵਰਤਾਰੇ ਜਾਂ ਵਿਚਾਰਧਾਰਕ ਘੋਲ ਹੋਣ।

ਪਰ ਕੀ ਵਿਰੋਧਤਾਈ ਹਰ ਪ੍ਰਕਿਰਿਆ ਦੇ ਮੁੱਢਲੇ ਪੜਾਅ 'ਤੇ ਵੀ ਮੌਜੂਦ ਹੁੰਦੀ ਹੈ ? ਕੀ ਹਰ ਇੱਕਲੀ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਸ਼ੁਰੂ ਤੋਂ ਅੰਤ ਤੱਕ ਵਿਰੋਧੀਆਂ ਦੀ ਗਤੀ ਹੁੰਦੀ ਹੈ ?

ਜਿਵੇਂ ਸੋਵੀਅਤ ਫਲਾਸਫਰਾਂ ਵੱਲੋਂ ਇਸ ਦੀ ਨੁਕਤਾਚੀਨੀ ਕਰਦੇ ਲਿਖੇ ਲੇਖਾਂ ਤੋਂ ਦੇਖਿਆ ਜਾ ਸਕਦਾ ਹੈ, ਡੇਬੋਰਿਨ ਸਕੂਲ ਦੀ ਧਾਰਨਾ ਹੈ ਕਿ ਵਿਰੋਧਤਾਈ ਕਿਸੇ ਪ੍ਰਕਿਰਿਆ ਦੇ ਮੁੱਢ 'ਚ ਹੀ ਪੈਦਾ ਨਹੀਂ ਹੁੰਦੀ ਸਗੋਂ ਇਸ ਪ੍ਰਕਿਰਿਆ ਦੇ ਇੱਕ ਨਿਸ਼ਚਿਤ ਪੜਾਅ 'ਤੇ ਪ੍ਰਗਟ ਹੁੰਦੀ ਹੈ। ਜੇ ਮਾਮਲਾ ਇਉਂ ਹੈ ਤਾਂ ਇਸ ਪੜਾਅ ਤੋਂ ਪਹਿਲਾਂ ਪ੍ਰਕਿਰਿਆ ਦੇ ਵਿਕਾਸ ਦਾ ਕਾਰਨ ਬਾਹਰੀ ਹੋਵੇਗਾ ਨਾ ਕਿ ਅੰਦਰੂਨੀ। ਇਸ ਤਰ੍ਹਾਂ ਡੇਬੋਰਿਨ ਬਾਹਰੀ ਕਾਰਨ ਅਤੇ ਮਕਾਨਕੀ ਦੇ ਅਧਿਆਤਮਵਾਦੀ ਸਿਧਾਂਤਾਂ ਵੱਨੀ ਪੁੱਠੇ ਪੈਰੀਂ ਮੁੜਦਾ ਹੈ। ਠੋਸ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਲਈ ਇਸ ਵਿਚਾਰ ਨੂੰ ਲਾਗੂ ਕਰਦਾ ਹੋਈ, ਡੇਬੋਰਿਨ ਦੀ ਧਾਰਨਾ ਸੋਵੀਅਤ ਯੂਨੀਅਨ ਅੰਦਰ ਮੌਜੂਦ ਹਾਲਤਾਂ 'ਚ ਆਮ ਤੌਰ 'ਤੇ ਕੁਲਕਾਂ ਅਤੇ ਕਿਸਾਨਾਂ ਵਿਚਕਾਰ ਸਿਰਫ ਵਖਰੇਂਵੇਂ ਹੀ ਵੇਖਦੀ ਹੈ, ਵਿਰੋਧਤਾਈਆਂ ਨਹੀਂ, ਇਸ ਤਰਾਂ ਉਹ ਬੁਖਾਰਿਨ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਾ ਹੈ।[10] ਫਰਾਂਸੀਸੀ ਇਨਕਲਾਬ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਦਾ ਵਿਚਾਰ ਹੈ ਕਿ ਇਨਕਲਾਬ ਤੋਂ ਪਹਿਲਾਂ, ਤੀਜੀ ਮਿੱਲਖ ਜਿਸ ਵਿੱਚ ਮਜ਼ਦੂਰ, ਕਿਸਾਨ ਅਤੇ ਬੁਰਜੂਆਜ਼ੀ ਸੀ, ਅੰਦਰ ਵੀ ਏਸੇ ਤਰ੍ਹਾਂ ਵੱਖਰੇਂਵੇਂ ਹੀ ਸੀ, ਨਾ ਕਿ ਵਿਰੋਧਤਾਈਆਂ। ਡੇਬੋਰਿਨ ਦੀ ਧਾਰਨਾ ਦੇ ਇਹ ਵਿਚਾਰ ਮਾਰਕਸਵਾਦ-ਵਿਰੋਧੀ ਹਨ। ਇਹ ਧਾਰਨਾ ਇਹ ਨਹੀਂ ਸਮਝਦਾ ਕਿ ਹਰ ਇੱਕ ਵੱਖਰੇਵੇਂ ਅੰਦਰ ਪਹਿਲਾਂ ਹੀ ਵਿਰੋਧਤਾਈ ਮੌਜੂਦ ਹੁੰਦੀ ਹੈ ਅਤੇ ਇਹ ਵਖਰੇਵੇਂ ਖੁਦ ਹੀ ਵਿਰੋਧਤਾਈ ਹਨ। ਜਦੋਂ ਤੋਂ ਦੋ ਜਮਾਤਾਂ ਹੋਂਦ 'ਚ ਆਈਆਂ ਹਨ, ਉਦੋਂ ਤੋਂ ਹੀ ਕਿਰਤ ਅਤੇ ਪੂੰਜੀ ਵਿਚਕਾਰ ਵਿਰੋਧਤਾਈ ਮੌਜੂਦ ਹੈ, ਸਿਰਫ ਮੁੱਢ 'ਚ ਹੀ ਵਿਰੋਧਤਾਈ ਤਿੱਖੀ ਨਹੀਂ ਹੋਈ। ਸੋਵੀਅਤ ਯੂਨੀਅਨ ਅੰਦਰ ਮੌਜੂਦ ਸਮਾਜਿਕ ਹਾਲਤਾਂ ਅੰਦਰ ਵੀ, ਮਜ਼ਦੂਰਾਂ ਅਤੇ ਕਿਸਾਨਾਂ 'ਚ ਵਖਰੇਵਾਂ ਹੈ ਅਤੇ ਇਹੀ ਵਖਰੇਂਵਾਂ ਵਿਰੋਧਤਾਈ ਹੈ। ਭਾਵੇਂ ਕਿਰਤ ਅਤੇ ਪੂੰਜੀ ਵਿਚਕਾਰ ਵਿਰੋਧਤਾਈ ਵਾਂਗੂੰ, ਇਸ ਦੁਸ਼ਮਨਾਣਾ ਵਿਰੋਧਤਾਈ ਵਾਂਗ ਤਿੱਖੀ ਨਹੀਂ ਹੋਵੇਗੀ ਜਾਂ ਜਮਾਤੀ ਘੋਲ ਦੀ ਸ਼ਕਲ ਅਖਤਿਆਰ ਨਹੀਂ ਕਰੇਗੀ। ਸਮਾਜਵਾਦੀ ਉਸਾਰੀ ਦੌਰਾਨ ਮਜ਼ਦੂਰਾਂ ਅਤੇ ਕਿਸਾਨਾਂ ਨੇ ਪੱਕਾ ਗੱਠਜੋੜ ਕਾਇਮ

ਕੀਤਾ ਹੋਇਆ ਹੈ ਅਤੇ ਸਮਾਜਵਾਦ ਤੋਂ ਕਮਿਊਨਿਜ਼ਮ ਵੱਲ ਪੇਸ਼ਕਦਮੀ ਦੌਰਾਨ ਹੌਲੀ-ਹੌਲੀ ਇਸ ਵਿਰੋਧਤਾਈ ਨੂੰ ਹੱਲ ਕਰ ਰਹੇ ਹਨ। ਸਵਾਲ ਵਿਰੋਧਤਾਈ ਦੇ ਮੌਜੂਦ ਹੋਣ ਜਾਂ ਨਾ ਹੋਣ ਦਾ ਨਹੀਂ ਸਗੋਂ ਵੱਖਰੀਆਂ ਵੰਨਗੀਆਂ ਦੀ ਵਿਰੋਧਤਾਈ ਦਾ ਹੈ। ਵਿਰੋਧਤਾਈ ਸਰਵ-ਵਿਆਪੀ ਅਤੇ ਨਿਰਪੇਖ ਹੈ, ਇਹ ਸਾਰੀਆਂ ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਮੌਜੂਦ ਹੁੰਦੀ ਹੈ ਅਤੇ ਹਰੇਕ ਪ੍ਰਕਿਰਿਆ 'ਚ ਸ਼ੁਰੂ ਤੋਂ ਅੰਤ ਤੱਕ ਕਾਇਮ ਰਹਿੰਦੀ ਹੈ।

ਨਵੀਂ ਪ੍ਰਕਿਰਿਆ ਦੇ ਪੈਦਾ ਹੋਣ ਤੋਂ ਕੀ ਭਾਵ ਹੈ? ਆਪਣੇ ਵਿਰੋਧੀਆਂ ਨਾਲ ਬਣੀ ਪੁਰਾਣੀ ਏਕਤਾ ਆਪਣੇ ਵਿਰੋਧੀਆਂ ਨਾਲ ਬਣੀ ਨਵੀਂ ਏਕਤਾ ਨੂੰ ਰਾਹ ਦਿੰਦੀ ਹੈ, ਜਿੱਥੇ ਪੁਰਾਣੀ ਪ੍ਰਕਿਰਿਆ ਦੀ ਥਾਂ ਲੈਣ ਲਈ ਨਵੀਂ ਪ੍ਰਕਿਰਿਆ ਪੈਦਾ ਹੁੰਦੀ ਹੈ। ਪੁਰਾਣੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ ਅਤੇ ਨਵੀਂ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਨਵੀਂ ਪ੍ਰਕਿਰਿਆ 'ਚ ਨਵੀਆਂ ਵਿਰੋਧਤਾਈਆਂ ਹੁੰਦੀਆਂ ਹਨ ਅਤੇ ਇਹ ਵਿਰੋਧਤਾਈਆਂ ਦੇ ਵਿਕਾਸ ਦਾ ਆਪਣਾ ਨਵਾਂ ਇਤਿਹਾਸ ਸ਼ੁਰੂ ਕਰਦੀ ਹੈ।

ਜਿਵੇਂ ਲੈਨਿਨ ਨੇ ਦੱਸਿਆ ਹੈ ਕਿ ਮਾਰਕਸ ਨੇ ਆਪਣੇ ਸਰਮਾਇਆ ਵਿੱਚ ਵਿਰੋਧੀਆਂ ਦੀ ਇਸ ਗਤੀ ਦਾ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਹੈ ਜਿਹੜਾ ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਸ਼ੁਰੂ ਤੋਂ ਅੰਤ ਤੱਕ ਕਾਇਮ ਰਹਿੰਦਾ ਹੈ। ਸਾਰੀਆਂ ਵਸਤੂਆਂ ਦੇ ਵਿਕਾਸ ਦਾ ਅਧਿਐਨ ਕਰਨ ਲਈ ਇਸ ਢੰਗ ਦੀ ਲਾਜ਼ਮੀ ਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਲੈਨਿਨ ਨੇ ਵੀ, ਇਸ ਢੰਗ ਦੀ ਦਰੁਸਤ ਵਰਤੋਂ ਕੀਤੀ ਅਤੇ ਆਪਣੀਆਂ ਸਾਰੀਆਂ ਲਿਖਤਾਂ ਅੰਦਰ ਇਸੇ ਢੰਗ ਨੂੰ ਲਾਗੂ ਕਰਨ ਤੇ ਕਾਇਮ ਰਿਹਾ।

ਆਪਣੇ ਸਰਮਾਇਆ ਵਿਚ, ਮਾਰਕਸ ਪਹਿਲਾਂ ਪੂੰਜੀਵਾਦੀ (ਜਿਣਸ) ਸਮਾਜ ਦੇ ਸਭ ਤੋਂ ਸਰਲ, ਸਭ ਤੋਂ ਸਾਧਾਰਨ ਅਤੇ ਬੁਨਿਆਦੀ, ਸਭ ਤੋਂ ਜ਼ਿਆਦਾ ਪ੍ਰਚੱਲਤ ਅਤੇ ਰੋਜਮਰ੍ਹਾ ਦੇ ਰਿਸ਼ਤਿਆਂ ਦਾ ਵਿਸ਼ਲੇਸ਼ਣ ਕਰਦਾ ਹੈ, ਅਜੇਹੇ ਰਿਸ਼ਤਿਆਂ ਦਾ ਜੋ ਕਰੋੜਾਂ ਵਾਰ ਦੇਖਣ ਨੂੰ ਮਿਲਦੇ ਹਨ ਅਰਥਾਤ ਜਿਣਸਾਂ ਦਾ ਤਬਾਦਲਾ। ਇਸ ਬਹੁਤ ਹੀ ਸਰਲ ਵਰਤਾਰੇ (ਪੂੰਜੀਵਾਦੀ ਸਮਾਜ ਦੀ ਇਸ "ਕੋਸ਼ਿਕਾ") ਦਾ ਵਿਸ਼ਲੇਸ਼ਣ ਅਜੋਕੇ ਸਮਾਜ ਦੀਆਂ ਸਾਰੀਆਂ ਵਿਰੋਧਤਾਈਆਂ ( ਜਾਂ ਸਾਰੀਆਂ ਵਿਰੋਧਤਾਈਆਂ ਦੇ ਬੀਜਾਂ) ਨੂੰ ਪ੍ਰਗਟ ਕਰਦਾ ਹੈ। ਬਾਅਦ ਦੀ ਖੋਜ ਸਾਨੂੰ ਸ਼ੁਰੂ ਤੋਂ ਅੰਤ ਤੱਕ ਇਹਨਾਂ ਵਿਰੋਧਤਾਈਆਂ ਦੇ ਅਤੇ ਆਪਣੀ ਅੱਡ-ਅੱਡ ਅੰਗਾਂ ਦੇ (ਕੁਲ ਜਮਾਂ ਜੋੜ) ਰਾਹੀਂ ਇਸ ਸਮਾਜ ਦੇ ਵਿਕਾਸ (ਦੋਵੇਂ ਵਧਾਰਾ ਅਤੇ ਗਤੀ) ਨੂੰ ਦਰਸਾਉਂਦੀ ਹੈ।

ਲੈਨਿਨ ਨੇ ਇਹ ਗੱਲ ਵੀ ਜੋੜੀ ਕਿ " ਵਿਰੋਧ-ਵਿਕਾਸ ਦੀ ਵਿਆਖਿਆ ( ਜਾਂ ਅਧਿਐਨ) ਦਾ ਆਮ ਤੌਰ 'ਤੇ ਅਜਿਹਾ ਢੰਗ ਹੋਣਾ ਚਾਹੀਦਾ ਹੈ।" [11]

ਚੀਨੀ ਕਮਿਊਨਿਸਟਾਂ ਨੂੰ ਇਹ ਢੰਗ ਸਿੱਖਣਾ ਚਾਹੀਦਾ ਹੈ : ਉਹ ਤਾਂ ਹੀ ਇਤਿਹਾਸ ਦਾ, ਚੀਨੀ ਇਨਕਲਾਬ ਦੀਆਂ ਮੌਜੂਦਾ ਹਾਲਤਾਂ ਦਾ, ਸਹੀ ਵਿਸ਼ਲੇਸ਼ਣ ਕਰਨ ਅਤੇ ਭਵਿੱਖ ਲਈ ਨਤੀਜੇ ਕੱਢਣ ਦੇ ਕਾਬਲ ਹੋਣਗੇ।

## 3. ਵਿਰੋਧਤਾਈ ਦੀ ਵਿਸ਼ੇਸ਼ਤਾ

ਵਿਰੋਧਤਾਈ ਸਾਰੀਆਂ ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਮੌਜੂਦ ਹੁੰਦੀ ਹੈ;

ਇਹ ਹਰੇਕ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ, ਸ਼ੁਰੂ ਤੋਂ ਅੰਤ ਤੱਕ ਕਾਇਮ ਰਹਿੰਦੀ ਹੈ। ਇਹ ਵਿਰੋਧਤਾਈ ਦੀ ਸਰਵ-ਵਿਆਪਕਤਾ ਅਤੇ ਨਿਰਪੇਖਤਾ ਹੈ ਜਿਸ ਨੂੰ ਅਸੀਂ ਉਪਰ ਵਿਚਾਰਿਆ ਹੈ। ਆਓ ਹੁਣ, ਆਪਾਂ ਵਿਰੋਧਤਾਈ ਦੀ ਵਿਸ਼ੇਸ਼ਤਾ ਅਤੇ ਸਾਪੇਖਕਤਾ ਨੂੰ ਵਿਚਾਰੀਏ।

ਇਸ ਸੱਮਸਿਆ ਦਾ ਕਈ ਪੱਧਰਾਂ 'ਤੇ ਅਧਿਐਨ ਕਰਨਾ ਚਾਹੀਦਾ ਹੈ।

ਪਹਿਲਾਂ, ਪਦਾਰਥ ਦੀ ਗਤੀ ਦੀ ਹਰ ਇੱਕ ਸ਼ਕਲ ਵਿੱਚ ਵਿਰੋਧਤਾਈ ਦੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ। ਪਦਾਰਥ ਬਾਰੇ ਮਨੁੱਖ ਦਾ ਗਿਆਨ ਪਦਾਰਥ ਦੀ ਗਤੀ ਦੀਆਂ ਸ਼ਕਲਾਂ ਬਾਰੇ ਗਿਆਨ ਹੈ, ਕਿਉਂਕਿ ਸੰਸਾਰ ਵਿੱਚ ਪਦਾਰਥ ਦੀ ਗਤੀ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ ਅਤੇ ਇਹ ਗਤੀ ਨਿਸ਼ਚਿਤ ਸ਼ਕਲਾਂ ਧਾਰਨ ਕਰਦੀ ਹੈ। ਪਦਾਰਥ ਦੀ ਗਤੀ ਦੀ ਹਰ ਇੱਕ ਸ਼ਕਲ ਨੂੰ ਵਿਚਾਰਦੇ ਸਮੇਂ, ਸਾਨੂੰ ਉਹਨਾਂ ਨੁਕਤਿਆਂ ਦੀ ਜ਼ਰੂਰੀ ਨਿਰਖ ਕਰਨੀ ਚਾਹੀਦੀ ਹੈ ਜੋ ਗਤੀ ਦੀਆਂ ਸ਼ਕਲਾਂ ਨਾਲ ਸਾਂਝੇ ਹਨ। ਪਰ ਜੋ ਵਿਸ਼ੇਸ਼ ਤੌਰ 'ਤੇ ਅਹਿਮ ਅਤੇ ਲੋੜੀਂਦੀ ਹੈ, ਇਹ ਇਸ ਗੱਲ ਦੀ ਨਿਰਖ ਕਰਨਾ ਹੈ ਕਿ ਪਦਾਰਥ ਦੀ ਗਤੀ ਦੀ ਇਸ ਸ਼ਕਲ 'ਚ ਵਿਸ਼ੇਸ਼ ਕੀ ਹ ? ਇਸ ਗੱਲ ਦੀ ਨਿਰਖ ਕਰਨਾ ਹੈ ਕਿ ਗਤੀ ਦੀ ਇਸ ਸ਼ਕਲ ਅਤੇ ਦੂਸਰੀਆਂ ਸ਼ਕਲਾਂ ਵਿਚਕਾਰ ਕੀ ਸਿਫਤੀ ਵਖਰੇਵਾਂ ਹੈ ਕਿਉਂਕਿ ਇਹ ਗੱਲ ਵਸਤੂ ਬਾਰੇ ਸਾਡੇ ਗਿਆਨ ਦੀ ਬੁਨਿਆਦ ਬਣਦੀ ਹੈ। ਜਦੋਂ ਅਸੀਂ ਅਜੇਹਾ ਕਰ ਲਿਆ ਤਾਂ ਅਸੀਂ ਵਸਤੂਆਂ ਵਿਚਕਾਰ ਨਿਖੇੜਾ ਕਰ ਸਕਦੇ ਹਾਂ। ਗਤੀ ਦੀ ਹਰ ਇੱਕ ਸ਼ਕਲ 'ਚ ਇਸ ਦੀ ਆਪਣੀ ਵਿਸ਼ੇਸ਼ ਵਿਰੋਧਤਾਈ ਹੁੰਦੀ ਹੈ। ਇਹ ਵਿਸ਼ੇਸ਼ ਵਿਰੋਧਤਾਈ ਵਿਸ਼ੇਸ਼ ਤੱਤ ਬਣਦੀ ਹੈ ਜੋ ਕਿ ਇੱਕ ਵਸਤੂ ਨੂੰ ਦੂਜੀ ਨਾਲੋਂ ਵਖਰਿਆਉਂਦੀ ਹੈ। ਇਹ ਅੰਦਰੂਨੀ ਕਾਰਨ ਹੈ ਜਾਂ ਇਸ ਨੂੰ ਕਿਹਾ ਜਾ ਸਕਦਾ ਹੈ ਕਿ ਇਹ ਸੰਸਾਰ ਅੰਦਰ ਵਸਤੂਆਂ ਦੀ ਅਥਾਹ ਵੰਨ-ਸੁਵੰਨਤਾ ਦਾ ਅਧਾਰ ਹੈ। ਕੁਦਰਤ ਅੰਦਰ ਗਤੀ ਦੀਆਂ ਕਾਫੀ ਸਾਰੀਆਂ ਸ਼ਕਲਾਂ ਹਨ, ਮਕਾਨਕੀ ਗਤੀ, ਅਵਾਜ, ਰੋਸ਼ਨੀ, ਤਪਸ਼, ਬਿਜਲੀ, ਬਿਖਰਨਾ, ਜੁੜਨਾ ਆਦਿ। ਇਹ ਸਾਰੀਆਂ ਸ਼ਕਲਾਂ ਅੰਤਰ-ਨਿਰਭਰ ਹਨ ਪਰ ਤੱਤ ਪੱਖੋਂ ਹਰ ਇੱਕ ਦੂਸਰੀ ਤੋਂ ਵੱਖਰੀ ਹੈ। ਗਤੀ ਦੀ ਹਰ ਇੱਕ ਸ਼ਕਲ ਦਾ ਵਿਸ਼ੇਸ਼ ਤੱਤ ਇਸ ਦੀ ਵਿਸ਼ੇਸ਼ ਵਿਰੋਧਤਾਈ ਰਾਹੀਂ ਤਹਿ ਹੁੰਦਾ ਹੈ। ਇਹ ਸੱਚ ਸਿਰਫ ਕੁਦਰਤ ਤੇ ਹੀ ਲਾਗੂ ਨਹੀਂ ਹੁੰਦਾ ਸਗੋਂ ਇਹ ਸਮਾਜਿਕ ਅਤੇ ਵਿਚਾਰਧਾਰਕ ਵਰਤਾਰਿਆਂ ਤੇ ਵੀ ਲਾਗੂ ਹੁੰਦਾ ਹੈ। ਸਮਾਜ ਦੀ ਹਰ ਸ਼ਕਲ, ਵਿਚਾਰਧਾਰਾ ਦੀ ਹਰ ਸ਼ਕਲ, ਦੀ ਆਪਣੀ ਵਿਸ਼ੇਸ਼ ਵਿਰੋਧਤਾਈ ਹੈ ਅਤੇ ਵਿਸ਼ੇਸ਼ ਤੱਤ ਹੈ।

ਵਿਗਿਆਨਾਂ ਨੂੰ ਉਹਨਾਂ ਦੇ ਅਧਿਐਨ ਦੇ ਆਪਣੇ ਸੰਬੰਧਤ ਵਿਸ਼ਾ-ਵਸਤੂਆਂ ਅੰਦਰ ਸਮੋਈਆਂ ਵਿਸ਼ੇਸ਼ ਵਿਰੋਧਤਾਈਆਂ ਦੇ ਆਧਾਰ ਤੇ ਹੀ ਵਖਰਿਆਇਆ ਜਾਂਦਾ ਹੈ। ਇਸ ਤਰ੍ਹਾਂ ਵਰਤਾਰੇ ਦੇ ਨਿਸ਼ਚਿਤ ਖੇਤਰ ਦੀ ਵਿਲੱਖਣ ਵਿਰੋਧਤਾਈ ਵਿਗਿਆਨ ਦੀ ਵਿਸ਼ੇਸ਼ ਸ਼ਾਖਾ ਦੇ ਅਧਿਐਨ ਦਾ ਵਿਸ਼ਾ-ਵਸਤੂ ਬਣਦੀ ਹੈ। ਮਿਸਾਲ ਵਜੋਂ, ਹਿਸਾਬ ਵਿੱਚ ਜਮਾਂ ਅਤੇ ਘਟਾਓ; ਮਕੈਨਿਕਸ ਵਿੱਚ ਕਿਰਿਆ ਅਤੇ ਪ੍ਰਤੀ ਕਿਰਿਆ; ਭੌਤਿਕ ਵਿਗਿਆਨ ਵਿੱਚ ਧਨ ਅਤੇ ਰਿਣ ਚਾਰਜ; ਰਸਾਇਣਕ ਵਿਗਿਆਨ ਵਿੱਚ ਬਿਖਰਾਅ ਅਤੇ ਜੁੜਨਾ; ਸਮਾਜਿਕ ਵਿਗਿਆਨ ਵਿੱਚ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਰਿਸ਼ਤੇ, ਜਮਾਤਾਂ ਅਤੇ ਜਮਾਤੀ ਜਦੋਜਹਿਦ, ਫੌਜੀ ਵਿਗਿਆਨ ਵਿੱਚ ਹਮਲਾ ਅਤੇ ਬਚਾਅ; ਫਲਸਫੇ ਅੰਦਰ ਵਿਚਾਰਵਾਦ ਅਤੇ ਪਦਾਰਥਵਾਦ, ਅਧਿਆਤਮਵਾਦੀ ਨਜ਼ਰੀਆ ਅਤੇ ਦਵੰਦਵਾਦੀ ਨਜ਼ਰੀਆ ਅਤੇ ਇਸ ਤਰ੍ਹਾਂ ਹੋਰ ਕੁੱਝ। ਇਹ

ਸਾਰੇ ਵਿਗਿਆਨ ਦੀਆਂ ਵੱਖੋ-ਵੱਖ ਸ਼ਾਖਾਵਾਂ ਦੇ ਅਧਿਐਨ ਦੇ ਵਿਸ਼ੇ ਹਨ ਕਿਉਂਕਿ ਹਰ ਇੱਕ ਸ਼ਾਖਾ ਦੀ ਆਪਣੀ ਵਿਸ਼ੇਸ਼ ਵਿਰੋਧਤਾਈ ਅਤੇ ਵਿਸ਼ੇਸ਼ ਤੱਤ ਹੈ। ਨਿਰਸੰਦੇਹ, ਜੇ ਅਸੀਂ ਵਿਰੋਧਤਾਈ ਦੀ ਸਰਵਵਿਆਪਕਤਾ ਨੂੰ ਨਹੀਂ ਸਮਝਦੇ ਤਾਂ ਸਾਡੇ ਲਈ ਵਸਤੂਆਂ ਦੀ ਗਤੀ ਜਾਂ ਵਿਕਾਸ ਦੇ ਸਰਵ-ਵਿਆਪੀ ਕਾਰਨ ਜਾਂ ਅਧਾਰ ਨੂੰ ਖੋਜਣ ਦਾ ਹੋਰ ਕੋਈ ਵਸੀਲਾ ਨਹੀਂ ਹੈ। ਤਾਂ ਵੀ, ਜੇ ਅਸੀਂ ਵਿਰੋਧਤਾਈ ਦੀ ਵਿਸ਼ੇਸ਼ਤਾ ਦਾ ਅਧਿਐਨ ਨਹੀਂ ਕਰਦੇ ਤਾਂ ਸਾਡੇ ਲਈ ਵਸਤੂ ਦੇ ਵਿਸ਼ੇਸ਼ ਤੱਤ ਨੂੰ ਤੈਅ ਕਰਨ ਦਾ ਹੋਰ ਕੋਈ ਵਸੀਲਾ ਨਹੀਂ ਹੈ, ਤੱਤ ਜਿਹੜਾ ਇਸਨੂੰ ਦੂਸਰੀਆਂ ਵਸਤੂਆਂ ਨਾਲੋਂ ਵੱਖਰਿਆਉਂਦਾ ਹੈ, ਵਸਤੂ ਦੀ ਗਤੀ ਜਾਂ ਵਿਕਾਸ ਦੇ ਵਿਸ਼ੇਸ਼ ਕਾਰਨ ਜਾਂ ਵਿਸ਼ੇਸ਼ ਆਧਾਰ ਨੂੰ ਖੋਜਣ ਦਾ ਹੋਰ ਕੋਈ ਵਸੀਲਾ ਨਹੀਂ ਹੈ ਅਤੇ ਇੱਕ ਵਸਤੂ ਨੂੰ ਦੂਸਰੀ ਤੋਂ ਵੱਖਰਿਆਉਣ ਦਾ ਜਾਂ ਵਿਗਿਆਨ ਦੇ ਖੇਤਰਾਂ ਵਿੱਚ ਨਿਖੇੜ ਕਰਨ ਦਾ ਹੋਰ ਕੋਈ ਵਸੀਲਾ ਨਹੀਂ ਹੈ।

ਜਿਥੋਂ ਤੱਕ ਮਨੁੱਖ ਦੇ ਗਿਆਨ ਦੀ ਗਤੀ ਅੰਦਰ ਕਰਮ ਦਾ ਸੰਬੰਧ ਹੈ, ਇਹ ਹਮੇਸ਼ਾ ਹੀ ਵਿਅਕਤੀਗਤ ਅਤੇ ਵਿਸ਼ੇਸ਼ ਵਸਤੂਆਂ ਦੇ ਗਿਆਨ ਤੋਂ ਆਮ ਰੂਪ ਵਿੱਚ ਵਸਤੂਆਂ ਦੇ ਗਿਆਨ ਵੱਲ ਸਹਿਜ ਵਧਾਰਾ ਹੁੰਦਾ ਹੈ। ਜਦੋਂ ਮਨੁੱਖ ਬਹੁਤ ਸਾਰੀਆਂ ਵੱਖੋ ਵੱਖ ਵਸਤੂਆਂ ਦੇ ਵਿਸ਼ੇਸ਼ ਤੱਤ ਨੂੰ ਜਾਣ ਲੈਂਦਾ ਹੈ ਫੇਰ ਹੀ ਉਹ ਸਧਾਰਨੀਕਰਨ ਕਰਨ ਵੱਲ ਤੁਰ ਸਕਦਾ ਹੈ ਅਤੇ ਵਸਤੂਆਂ ਦੇ ਸਾਂਝੇ ਤੱਤ ਨੂੰ ਜਾਣ ਸਕਦਾ ਹੈ। ਜਦੋਂ ਮਨੁੱਖ ਇਸ ਸਾਂਝੇ ਤੱਤ ਦਾ ਗਿਆਨ ਹਾਸਿਲ ਕਰ ਲੈਂਦਾ ਹੈ ਤਾਂ ਉਹ ਇਸ ਦੀ ਮਾਰਗ ਦਰਸ਼ਕ ਦੇ ਤੌਰ ਤੇ ਵਰਤੋਂ ਕਰਦਾ ਹੈ ਅਤੇ ਵੱਖੋ ਵੱਖ ਠੋਸ ਵਸਤੂਆਂ ਦਾ ਅਧਿਐਨ ਕਰਨ ਲਈ, ਜਿਹਨਾਂ ਦਾ ਅਜੇ ਤੱਕ ਅਧਿਐਨ ਨਹੀਂ ਕੀਤਾ ਜਾਂ ਡੂੰਘਾ ਅਧਿਐਨ ਨਹੀਂ ਕੀਤਾ, ਅਤੇ ਹਰ ਇੱਕ ਵਸਤੂ ਦਾ ਵਿਸ਼ੇਸ਼ ਤੱਤ ਖੋਜਣ ਲਈ ਅੱਗੇ ਤੁਰਦਾ ਹੈ। ਇਸ ਤਰ੍ਹਾਂ ਉਹ ਫੇਰ ਹੀ ਵਸਤੂਆਂ ਦੇ ਸਾਂਝੇ ਤੱਤ ਬਾਰੇ ਆਪਣੇ ਗਿਆਨ ਵਿੱਚ ਵਾਧਾ ਕਰਨ ਦੇ, ਇਸ ਨੂੰ ਅਮੀਰ ਬਣਾਉਣ ਅਤੇ ਵਿਕਸਤ ਕਰਨ ਦੇ ਅਤੇ ਅਜੇਹੇ ਗਿਆਨ ਨੂੰ ਮੁਰਝਾਉਣ ਅਤੇ ਖੜੋਤ ਵਿੱਚ ਆਉਣ ਤੋਂ ਬਚਾਉਣ ਦੇ ਕਾਬਲ ਹੋ ਸਕਦਾ ਹੈ। ਇਹ ਗਿਆਨ ਦੀਆਂ ਦੋ ਪ੍ਰਕਿਰਿਆਵਾਂ ਹਨ : ਇੱਕ, ਵਿਸ਼ੇਸ਼ ਗਿਆਨ ਤੋਂ ਆਮ ਗਿਆਨ ਵੱਲ ਅਤੇ ਦੂਜੀ, ਆਮ ਗਿਆਨ ਤੋਂ ਵਿਸ਼ੇਸ਼ ਗਿਆਨ ਵੱਲ। ਇਸ ਤਰ੍ਹਾਂ, ਗਿਆਨ ਹਮੇਸ਼ਾਂ ਚੱਕਰਾਂ ਵਿੱਚ ਤੁਰਦਾ ਹੈ ਅਤੇ (ਜਿੰਨਾ ਚਿਰ ਵਿਗਿਆਨਕ ਢੰਗ ਨੂੰ ਕਰੜਾਈ ਨਾਲ ਲਾਗੂ ਕੀਤਾ ਜਾਂਦਾ ਹੈ) ਹਰ ਇੱਕ ਚੱਕਰ ਮਨੁੱਖੀ ਗਿਆਨ ਦੇ ਇੱਕ ਕਦਮ ਅਗੇਰੇ ਵਧਾਉਂਦਾ ਹੈ ਅਤੇ ਇਸ ਨੂੰ ਹੋਰ ਹੋਰ ਡੂੰਘਾ ਕਰਦਾ ਹੈ। ਸਾਡੇ ਕੱਟੜਪੰਥੀ ਇਸ ਸਵਾਲ ਬਾਰੇ ਜਿੱਥੇ ਗਲਤੀ ਖਾਂਦੇ ਹਨ ਉਹ ਇਹ ਹੈ ਕਿ ਇੱਕ ਬੰਨੇ, ਉਹ ਇਹ ਨਹੀਂ ਸਮਝਦੇ ਕਿ ਵਿਰੋਧਤਾਈ ਦੀ ਸਰਵ ਵਿਆਪਕਤਾ ਅਤੇ ਵਸਤੂਆਂ ਦੇ ਸਾਂਝੇ ਤੱਤ ਨੂੰ ਸਮਝਣ, ਚੰਗੀ ਤਰ੍ਹਾਂ ਜਾਣ ਸਕਣ ਤੋਂ ਪਹਿਲਾਂ ਸਾਨੂੰ ਵਿਰੋਧਤਾਈ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਨਾ ਅਤੇ ਵਿਅਕਤੀਗਤ ਵਸਤੂਆਂ ਦੇ ਵਿਸ਼ੇਸ਼ ਤੱਤ ਨੂੰ ਜਾਨਣਾ ਚਾਹੀਦਾ ਹੈ ਅਤੇ ਦੂਜੇ ਬੰਨੇ, ਉਹ ਇਹ ਨਹੀਂ ਸਮਝਦੇ ਕਿ ਵਸਤੂਆਂ ਦੇ ਸਾਂਝੇ ਤੱਤ ਨੂੰ ਜਾਨਣ ਤੋਂ ਪਿੱਛੋਂ, ਸਾਨੂੰ ਹੋਰ ਅੱਗੇ ਜਾਣਾ ਚਾਹੀਦਾ ਹੈ ਅਤੇ ਉਹਨਾਂ ਠੋਸ ਵਸਤੂਆਂ ਦਾ ਅਧਿਐਨ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਅਜੇ ਭਰਵਾਂ ਅਧਿਐਨ ਨਹੀਂ ਕੀਤਾ ਗਿਆ ਜਾਂ ਜੋ ਹੁਣੇ ਹੀ ਪੈਦਾ ਹੋਈਆਂ ਹਨ। ਸਾਡੇ ਕੱਟੜਪੰਥੀ ਢਿੱਲੜ ਬੰਦੇ ਹਨ। ਉਹ ਠੋਸ ਵਸਤੂਆਂ ਦੇ ਕਿਸੇ ਵੀ ਤਕਲੀਫ ਦੇਹ ਅਧਿਐਨ ਕਰਨ ਤੋਂ ਨਾਂਹ-ਨੁੱਕਰ ਕਰਦੇ ਹਨ। ਉਹ ਸਮਝਦੇ ਹਨ ਕਿ ਆਮ ਸੱਚਾਈਆਂ ਖਲਾਅ 'ਚੋਂ ਪੈਦਾ ਹੁੰਦੀਆਂ ਹਨ, ਉਹ

ਇਹਨਾਂ ਨੂੰ ਸ਼ੁੱਧ ਅਮੂਰਤ ਗੂੜ੍ਹ ਮੰਤਰਾਂ ਵਿਚ ਤਬਦੀਲ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਜਿਸ ਕਰਮ ਰਾਹੀਂ ਮਨੁੱਖ ਸੱਚਾਈਆਂ ਦਾ ਭੇਤ ਪਾਉਂਦਾ ਹੈ, ਉਹ ਇਸ ਆਮ ਕਰਮ ਤੋਂ ਮੁਨਕਰ ਹੁੰਦੇ ਹਨ, ਇਸ ਨੂੰ ਪੁੱਠਾ-ਮੋੜਾ ਦਿੰਦੇ ਹਨ। ਉਹ ਗਿਆਨ ਦੇ ਵਿਸ਼ੇਸ਼ ਤੋਂ ਆਮ ਵੱਲ ਅਤੇ ਫੇਰ ਆਮ ਤੋਂ ਵਿਸ਼ੇਸ਼ ਵੱਲ ਦੀਆਂ ਦੋ ਪ੍ਰਕਿਰਿਆਵਾਂ ਦੇ ਅੰਤਰ-ਸੰਬੰਧ ਨੂੰ ਵੀ ਨਹੀਂ ਸਮਝਦੇ। ਉਹ ਗਿਆਨ ਦੇ ਮਾਰਕਸਵਾਦੀ ਸਿਧਾਂਤ ਨੂੰ ਉਕਾ ਹੀ ਨਹੀਂ ਸਮਝਦੇ।

ਸਿਰਫ ਵਿਸ਼ੇਸ਼ ਵਿਰੋਧਤਾਈ ਦਾ ਅਧਿਐਨ ਕਰਨਾ ਹੀ ਜ਼ਰੂਰੀ ਨਹੀਂ ਹੈ, ਜਿਸ ਰਾਹੀਂ ਪਦਾਰਥ ਦੀ ਗਤੀ ਦੀਆਂ ਸ਼ਕਲਾਂ ਦੀ ਹਰੇਕ ਪ੍ਰਣਾਲੀ ਦਾ ਤੱਤ ਤਹਿ ਹੁੰਦਾ ਹੈ, ਸਗੋਂ ਪਦਾਰਥ ਦੀ ਗਤੀ ਦੀ ਹਰ ਇੱਕ ਸ਼ਕਲ ਦੇ ਵਿਕਾਸ ਦੇ ਲੰਬੇ ਅਰਸੇ ਅੰਦਰ ਵਿਸ਼ੇਸ਼ ਵਿਰੋਧਤਾਈ ਅਤੇ ਹਰ ਇੱਕ ਪ੍ਰਕਿਰਿਆ ਦੇ ਤੱਤ ਦਾ ਅਧਿਐਨ ਵੀ ਕਰਨਾ ਚਾਹੀਦਾ ਹੈ। ਗਤੀ ਦੀ ਹਰੇਕ ਸ਼ਕਲ ਵਿੱਚ ਵਿਕਾਸ ਦੀ ਹਰੇਕ ਪ੍ਰਕਿਰਿਆ, ਜੋ ਹਕੀਕੀ ਹੈ (ਨਾਕਿ ਮਨੋਕਲਪਤ) ਸਿਫਤੀ ਤੌਰ 'ਤੇ ਵੱਖਰੀ ਹੈ। ਸਾਡਾ ਅਧਿਐਨ ਇਸ ਨੁਕਤੇ ਤੋਂ ਤੁਰਨਾ ਚਾਹੀਦਾ ਹੈ ਅਤੇ ਇਸ ਤੇ ਜ਼ੋਰ ਦੇਣਾ ਚਾਹੀਦਾ ਹੈ।

ਸਿਫਤੀ ਤੌਰ 'ਤੇ ਵੱਖਰੀਆਂ ਵਿਰੋਧਤਾਈਆਂ ਨੂੰ ਸਿਫਤੀ ਤੌਰ 'ਤੇ ਵੱਖਰੇ ਢੰਗਾਂ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧਤਾਈ ਸਮਾਜਵਾਦੀ ਇਨਕਲਾਬ ਦੇ ਢੰਗ ਰਾਹੀਂ ਹੱਲ ਕੀਤੀ ਜਾਂਦੀ ਹੈ; ਵਿਸ਼ਾਲ ਜਨਤਾ ਅਤੇ ਜਗੀਰੂ ਢਾਂਚੇ ਦਰਮਿਆਨ ਵਿਰੋਧਤਾਈ ਜਮਹੂਰੀ ਇਨਕਲਾਬ ਦੇ ਢੰਗ ਰਾਹੀਂ ਹੱਲ ਹੁੰਦੀ ਹੈ; ਬਸਤੀਆਂ ਅਤੇ ਸਾਮਰਾਜਵਾਦ ਵਿਚਕਾਰ ਵਿਰੋਧਤਾਈ ਕੌਮੀ ਇਨਕਲਾਬੀ ਜੰਗ ਦੇ ਢੰਗ ਰਾਹੀਂ ਹੱਲ ਹੁੰਦੀ ਹੈ; ਸਮਾਜਵਾਦੀ ਸਮਾਜ ਅੰਦਰ ਮਜ਼ਦੂਰ ਜਮਾਤ ਅਤੇ ਕਿਸਾਨ ਜਮਾਤ ਵਿਚਕਾਰ ਵਿਰੋਧਤਾਈ ਖੇਤੀਬਾੜੀ ਅੰਦਰ ਸਮੂਹੀਕਰਨ ਅਤੇ ਮਸ਼ੀਨੀਕਰਨ ਦੇ ਢੰਗ ਰਾਹੀਂ ਹੱਲ ਹੁੰਦੀ ਹੈ; ਕਮਿਊਨਿਸਟ ਪਾਰਟੀ ਅੰਦਰ ਵਿਰੋਧਤਾਈ ਅਲੋਚਨਾ ਅਤੇ ਆਤਮ-ਅਲੋਚਨਾ ਦੇ ਢੰਗ ਰਾਹੀਂ ਹੱਲ ਹੁੰਦੀ ਹੈ; ਸਮਾਜ ਅਤੇ ਕੁਦਰਤ ਦਰਮਿਆਨ ਵਿਰੋਧਤਾਈ ਪੈਦਾਵਾਰੀ ਤਾਕਤਾਂ ਨੂੰ ਵਿਕਸਤ ਕਰਨ ਦੇ ਢੰਗ ਰਾਹੀਂ ਹੱਲ ਹੁੰਦੀ ਹੈ। ਪ੍ਰਕਿਰਿਆਵਾਂ ਬਦਲ ਜਾਂਦੀਆਂ ਹਨ, ਪੁਰਾਣੀਆਂ ਪ੍ਰਕਿਰਿਆਵਾਂ ਅਤੇ ਪੁਰਾਣੀਆਂ ਵਿਰੋਧਤਾਈਆਂ ਅਲੋਪ ਹੋ ਜਾਂਦੀਆਂ ਹਨ, ਨਵੀਆਂ ਪ੍ਰਕਿਰਿਆਵਾਂ ਅਤੇ ਨਵੀਆਂ ਵਿਰੋਧਤਾਈਆਂ ਪੈਦਾ ਹੋ ਜਾਂਦੀਆਂ ਹਨ ਅਤੇ ਇਸ ਅਨੁਸਾਰ ਹੀ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗ ਵੱਖਰੇ ਹੁੰਦੇ ਹਨ। ਰੂਸ ਅੰਦਰ, ਫਰਵਰੀ ਇਨਕਲਾਬ ਰਾਹੀਂ ਹੱਲ ਕੀਤੀ ਗਈ ਵਿਰੋਧਤਾਈ ਅਤੇ ਅਕਤੂਬਰ ਇਨਕਲਾਬ ਰਾਹੀਂ ਹੱਲ ਕੀਤੀ ਗਈ ਵਿਰੋਧਤਾਈ ਵਿਚਕਾਰ ਬੁਨਿਆਦੀ ਵਖਰੇਂਵਾਂ ਸੀ ਅਤੇ ਇਹਨਾਂ ਨੂੰ ਹੱਲ ਕਰਨ ਦੇ ਢੰਗਾਂ ਵਿਚਕਾਰ ਵੀ ਬੁਨਿਆਦੀ ਵਖਰੇਂਵਾਂ ਸੀ। ਵੱਖੋ-ਵੱਖ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਵੱਖੋ-ਵੱਖ ਢੰਗਾਂ ਦੀ ਵਰਤੋਂ ਕਰਨ ਦਾ ਅਸੂਲ ਅਜੇਹਾ ਹੈ ਜਿਸਦੀ ਮਾਰਕਸਵਾਦੀਆਂ-ਲੈਨਿਨਵਾਦੀਆਂ ਨੂੰ ਕਰੜਾਈ ਨਾਲ ਪਾਲਣਾ ਕਰਨੀ ਚਾਹੀਦੀ ਹੈ। ਕੱਟੜਪੰਥੀ ਇਸ ਅਸੂਲ ਤੇ ਨਹੀਂ ਚਲਦੇ; ਉਹ ਨਹੀਂ ਸਮਝਦੇ ਕਿ ਇਨਕਲਾਬ ਦੀਆਂ ਵੱਖੋ-ਵੱਖ ਵੰਨਗੀਆਂ ਵਿਚ ਹਾਲਤਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ ਅਤੇ ਇਸੇ ਤਰ੍ਹਾਂ ਇਹ ਵੀ ਨਹੀਂ ਸਮਝਦੇ ਕਿ ਵੱਖੋ-ਵੱਖ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਵੱਖੋ-ਵੱਖ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ; ਇਸ ਦੇ ਉਲਟ, ਉਹ ਬਿਨਾਂ ਚੁੱਕੇ ਆਪਣੇ ਕਲਪਤ ਅਣਬਦਲ ਗੁਰ ਨੂੰ ਅਪਨਾਉਂਦੇ ਹਨ ਅਤੇ ਇਸ ਨੂੰ ਹਰ ਥਾਂ ਇੱਕ ਤਰਫਾ ਤੌਰ 'ਤੇ ਲਾਗੂ ਕਰਦੇ ਹਨ, ਜਿਸ ਨਾਲ ਇਨਕਲਾਬ ਨੂੰ

ਪਛਾੜਾਂ ਹੀ ਨਸੀਬ ਹੁੰਦੀਆਂ ਹਨ ਜਾਂ ਜੋ ਕੰਮ ਪਹਿਲਾਂ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਸੀ, ਉਸਦੀ ਪੱਟੀ-ਮੇਸ ਕਰ ਦਿੰਦੇ ਹਨ।

ਵਸਤੂ ਦੇ ਵਿਕਾਸ ਅੰਦਰ ਕਿਸੇ ਵੀ ਪ੍ਰਕਿਰਿਆ ਵਿੱਚ ਵਿਰੋਧਤਾਈ ਦੀ ਵਿਸ਼ੇਸ਼ਤਾ ਨੂੰ ਇਸ ਦੀ ਸਮੁੱਚਤਾ ਜਾਂ ਅੰਤਰ-ਸੰਬੰਧਾਂ ਵਿੱਚ ਜਾਹਰ ਕਰਨ ਲਈ ਅਰਥਾਤ ਪ੍ਰਕਿਰਿਆ ਦੇ ਤੱਤ ਨੂੰ ਜਾਹਰ ਕਰਨ ਲਈ, ਇਸ ਪ੍ਰਕਿਰਿਆ ਅੰਦਰ ਹਰੇਕ ਵਿਰੋਧਤਾਈ ਦੇ ਦੋਵਾਂ ਪੱਖਾਂ ਦੀ ਵਿਸ਼ੇਸ਼ਤਾ ਨੂੰ ਜਾਹਰ ਕਰਨਾ ਜ਼ਰੂਰੀ ਹੈ; ਨਹੀਂ ਤਾਂ ਪ੍ਰਕਿਰਿਆ ਦੇ ਤੱਤ ਨੂੰ ਖੋਜਣਾ ਅਸੰਭਵ ਹੋਵੇਗਾ। ਇਉਂ ਕਰਨ ਲਈ, ਸਾਨੂੰ ਆਪਣੇ ਅਧਿਐਨ ਵਿੱਚ ਬਹੁਤ ਹੀ ਧਿਆਨ ਦੇਣਾ ਚਾਹੀਦਾ ਹੈ।

ਕਿਸੇ ਵੀ ਵੱਡੀ ਵਸਤੂ ਦੇ ਵਿਕਾਸ ਅੰਦਰ ਕਾਫੀ ਵਿਰੋਧਤਾਈਆਂ ਹੁੰਦੀਆਂ ਹਨ। ਮਿਸਾਲ ਵਜੋਂ, ਚੀਨ ਦੇ ਬੁਰਜੂਆ ਜਮਹੂਰੀ ਇਨਕਲਾਬ ਅੰਦਰ, ਜਿਸ ਵਿੱਚ ਹਾਲਤਾਂ ਬਹੁਤ ਹੀ ਗੁੰਝਲਦਾਰ ਹਨ, ਚੀਨੀ ਸਮਾਜ ਦੀਆਂ ਸਾਰੀਆਂ ਦੱਬੀਆਂ-ਕੁਚਲੀਆਂ ਜਮਾਤਾਂ ਅਤੇ ਸਾਮਰਾਜਵਾਦ ਵਿਚਕਾਰ ਵਿਰੋਧਤਾਈ, ਵਿਸ਼ਾਲ ਜਨਤਾ ਅਤੇ ਜਗੀਰਦਾਰੀ ਵਿਚਕਾਰ ਵਿਰੋਧਤਾਈ, ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧਤਾਈ, ਇੱਕ ਪਾਸੇ ਕਿਸਾਨੀ ਅਤੇ ਸ਼ਹਿਰੀ ਨੀਮ-ਸਰਮਾਏਦਾਰੀ ਅਤੇ ਦੂਜੇ ਪਾਸੇ ਸਰਮਾਏਦਾਰੀ ਵਿਚਕਾਰ ਵਿਰੋਧਤਾਈ ਅਤੇ ਵੱਖੋ-ਵੱਖ ਪਿੱਛਾਖੜੀ ਹਾਕਮ ਧੜਿਆਂ ਦਰਮਿਆਨ ਵਿਰੋਧਤਾਈ ਮੌਜੂਦ ਹੈ ਅਤੇ ਇਸੇ ਤਰ੍ਹਾਂ ਹੋਰ। ਇਹਨਾਂ ਵਿਰੋਧਤਾਈਆਂ ਨੂੰ ਸਾਵੇਂ ਢੰਗ ਨਾਲ ਨਹੀਂ ਨਿਜਿਠਿਆ ਜਾ ਸਕਦਾ ਕਿਉਂਕਿ ਹਰੇਕ ਵਿਰੋਧਤਾਈ ਦੀ ਆਪਣੀ ਵਿਸ਼ੇਸ਼ਤਾ ਹੈ। ਹੋਰ ਅੱਗੇ, ਹਰੇਕ ਵਿਰੋਧਤਾਈ ਦੇ ਦੋਵਾਂ ਪੱਖਾਂ ਨੂੰ ਸਾਵੇਂ ਢੰਗ ਨਾਲ ਨਹੀਂ ਨਜਿੱਠਿਆ ਜਾ ਸਕਦਾ ਕਿਉਂਕਿ ਹਰੇਕ ਪੱਖ ਦੀ ਆਪਣੀ ਵਿਸ਼ੇਸ਼ਤਾ ਹੈ। ਚੀਨੀ ਇਨਕਲਾਬ ਵਿੱਚ ਜੁੱਟੇ ਹੋਣ ਕਰਕੇ, ਸਾਨੂੰ ਇਹਨਾਂ ਵਿਰੋਧਤਾਈਆਂ ਦੀ ਵਿਸ਼ੇਸ਼ਤਾ ਨੂੰ ਨਾ ਸਿਰਫ ਇਹਨਾਂ ਦੀ ਸਮੁੱਚਤਾ ਵਿੱਚ ਅਰਥਾਤ ਇਹਨਾਂ ਦੀ ਅੰਤਰ-ਸੰਬੰਧਤਾ ਨੂੰ ਹੀ ਸਮਝਣਾ ਚਾਹੀਦਾ ਹੈ ਸਗੋਂ ਹਰੇਕ ਵਿਰੋਧਤਾਈ ਦੇ ਦੋਵਾਂ ਪੱਖਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਜੋ ਕਿ ਸਮੁੱਚਤਾ ਨੂੰ ਸਮਝਣ ਦਾ ਇਕੋ ਇੱਕ ਸਾਧਨ ਹੈ। ਜਦੋਂ ਅਸੀਂ ਵਿਰੋਧਤਾਈ ਦੇ ਹਰੇਕ ਪੱਖ ਨੂੰ ਸਮਝਣ ਦੀ ਗੱਲ ਕਰਦੇ ਹਾਂ ਤਾਂ ਸਾਡਾ ਅਰਥ ਇਹ ਸਮਝਣ ਤੋਂ ਹੈ ਕਿ ਹਰੇਕ ਪੱਖ ਦੀ ਵਿਸ਼ੇਸ਼ ਪੁਜੀਸ਼ਨ ਕੀ ਹੈ, ਆਪਣੇ ਵਿਰੋਧੀ ਨਾਲ ਅੰਤਰ-ਨਿਰਭਰਤਾ ਵਿੱਚ ਅਤੇ ਆਪਣੀ ਵਿਰੋਧਤਾਈ ਵਿੱਚ ਇਸਨੇ ਕਿਹੜੀ ਠੋਸ ਸ਼ਕਲ ਅਖਤਿਆਰ ਕੀਤੀ ਹੈ, ਅਤੇ ਜਦੋਂ ਦੋਵੇਂ ਪੱਖ ਅੰਤਰ-ਨਿਰਭਰਤਾ ਅਤੇ ਵਿਰੋਧਤਾਈ ਵਿੱਚ ਹਨ ਅਤੇ ਇਹ ਨਿਰਭਰਤਾ ਟੁੱਟ ਜਾਣ ਤੋਂ ਪਿੱਛੋਂ ਵੀ ਆਪਣੇ ਵਿਰੋਧੀ ਨਾਲ ਘੋਲ ਵਿੱਚ ਕਿਹੜੇ-ਕਿਹੜੇ ਠੋਸ ਢੰਗਾਂ ਦੀ ਵਰਤੋਂ ਕੀਤੀ ਹੈ, ਇਹਨਾਂ ਸੱਮਸਿਆਵਾਂ ਦਾ ਅਧਿਐਨ ਕਰਨ ਲਈ ਇਸ ਦੀ ਵੱਡੀ ਮਹੱਤਤਾ ਹੈ। ਲੈਨਿਨ ਨੇ ਜਦੋਂ ਕਿਹਾ ਸੀ ਕਿ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਨਾ।[12] ਮਾਰਕਸਵਾਦ ਦੀ ਸਭ ਤੋਂ ਲਾਜ਼ਮੀ ਵਸਤੂ ਹੈ, ਮਾਰਕਸਵਾਦ ਦਾ ਧੜਕਦਾ ਦਿਲ ਹੈ ਤਾਂ ਉਨ੍ਹਾਂ ਦੇ ਕਹਿਣ ਦਾ ਵੀ ਬਿਲਕੁਲ ਇਹੀ ਅਰਥ ਸੀ। ਸਾਡੇ ਕੱਟੜਪੰਥੀਆਂ ਨੇ ਲੈਨਿਨ ਦੀਆਂ ਸਿੱਖਿਆਵਾਂ ਦੀ ਉਲੰਘਣਾ ਕੀਤੀ ਹੈ, ਉਹ ਕਿਸੇ ਵੀ ਵਸਤੂ ਦਾ ਠੋਸ ਰੂਪ ਵਿੱਚ ਵਿਸ਼ਲੇਸ਼ਣ ਕਰਨ ਲਈ ਕਦੇ ਵੀ ਆਪਣੀ ਖੋਪੜੀ ਨੂੰ ਖੇਚਲ ਨਹੀਂ ਦਿੰਦੇ, ਅਤੇ ਆਪਣੀਆਂ ਲਿਖਤਾਂ ਅਤੇ ਤਕਰੀਰਾਂ ਵਿੱਚ ਉਹ ਹਮੇਸ਼ਾਂ ਤੱਤ ਤੋਂ ਸੱਖਣੇ ਘਸੇ-ਪਿਟੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਤੇ ਇਸ ਤਰ੍ਹਾਂ ਸਾਡੀ ਪਾਰਟੀ ਅੰਦਰ ਬਹੁਤ ਹੀ ਭੈੜੀ ਕੰਮ-ਤਰਜ ਸਿਰਜ ਰਹੇ ਹਨ।

ਸਮੱਸਿਆ ਦਾ ਅਧਿਐਨ ਕਰਨ ਲਈ ਸਾਨੂੰ ਜ਼ਰੂਰ ਹੀ ਅੰਤਰਮੁੱਖਤਾ ਇਕ ਪਾਸੜ ਪੁਣੇ ਅਤੇ ਸਤ੍ਹੀਪਣ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ। ਅੰਤਰਮੁੱਖੀ ਹੋਣ ਦਾ ਅਰਥ ਹੈ: ਮਸਲਿਆਂ ਨੂੰ ਬਾਹਰਮੁੱਖੀ ਤੌਰ 'ਤੇ ਨਾ ਘੋਖਣਾ, ਅਰਥਾਤ ਸਮੱਸਿਆਵਾਂ ਨੂੰ ਘੋਖਣ ਲਈ ਪਦਾਰਥਵਾਦੀ ਨਜ਼ਰੀਏ ਦੀ ਵਰਤੋਂ ਨਾ ਕਰਨੀ। ਮੈਂ ਆਪਣੇ ਲੇਖ "ਅਭਿਆਸ ਬਾਰੇ" ਵਿੱਚ ਇਸ ਮਸਲੇ ਨੂੰ ਬਹਿਸਿਆ ਵਿਚਾਰਿਆ ਹੈ। ਇੱਕ ਪਾਸੜ ਹੋਣ ਦਾ ਅਰਥ ਹੈ: ਸਮੱਸਿਆਵਾਂ ਨੂੰ ਸਾਰੇ ਪਾਸਿਆਂ ਤੋਂ ਨਾ ਘੋਖਣਾ, ਉਦਾਹਰਣ ਲਈ, ਚੀਨ ਨੂੰ ਹੀ ਸਮਝਣਾ ਪਰ ਜਪਾਨ ਨੂੰ ਨਹੀਂ, ਕਮਿਊਨਿਸਟ ਪਾਰਟੀ ਨੂੰ ਹੀ ਸਮਝਣਾ ਪਰ ਕੌਮਿਨਤਾਂਗ ਨੂੰ ਨਹੀਂ, ਪ੍ਰੋਲੇਤਾਰੀ ਨੂੰ ਹੀ ਸਮਝਣਾ ਪਰ ਬੁਰਜੂਆਜ਼ੀ ਨੂੰ ਨਹੀਂ, ਕਿਸਾਨਾਂ ਨੂੰ ਹੀ ਸਮਝਣਾ ਪਰ ਜਗੀਰਦਾਰਾਂ ਨੂੰ ਨਹੀਂ, ਸਾਜਗਾਰ ਹਾਲਤਾਂ ਨੂੰ ਹੀ ਸਮਝਣਾ ਪਰ ਮੁਸ਼ਕਲ ਹਾਲਤਾਂ ਨੂੰ ਨਹੀਂ, ਭੂਤ ਨੂੰ ਸਮਝਣਾ ਪਰ ਭਵਿੱਖ ਨੂੰ ਨਹੀਂ, ਵਿਅਕਤੀਗਤ ਹਿੱਸਿਆਂ ਨੂੰ ਹੀ ਸਮਝਣਾ ਪਰ ਸਾਲਮ ਸਮੁੱਚ ਨੂੰ ਨਹੀਂ, ਨੁਕਸਾਂ ਨੂੰ ਹੀ ਸਮਝਣਾ ਪਰ ਪ੍ਰਾਪਤੀਆਂ ਨੂੰ ਨਹੀਂ, ਮੁਦੱਈ ਨੂੰ ਹੀ ਸਮਝਣਾ, ਮਕਤੂਲ ਨੂੰ ਨਹੀਂ, ਗੁਪਤ ਇਨਕਲਾਬੀ ਕੰਮ ਨੂੰ ਹੀ ਸਮਝਣਾ ਪਰ ਖੁੱਲੇ ਇਨਕਲਾਬੀ ਕੰਮ ਨੂੰ ਨਹੀਂ ਅਤੇ ਇਸੇ ਤਰ੍ਹਾਂ ਹੋਰ ਮਸਲੇ। ਮੁਕਦੀ ਗੱਲ, ਇਸ ਦਾ ਅਰਥ ਹੈ ਕਿ ਵਿਰੋਧਤਾਈ ਦੇ ਦੋਵਾਂ ਪੱਖਾਂ ਦੀ ਵਿਸ਼ੇਸ਼ਤਾ ਨੂੰ ਨਾ ਸਮਝਣਾ। ਸਮੱਸਿਆ ਨੂੰ ਇੱਕ ਪਾਸੜ ਢੰਗ ਨਾਲ ਘੋਖਣ ਤੋਂ ਸਾਡਾ ਭਾਵ ਇਹੀ ਹੈ। ਜਾਂ ਇਸ ਨੂੰ ਕਿਹਾ ਜਾ ਸਕਦਾ ਹੈ ਅੰਸ਼ ਨੂੰ ਦੇਖਣਾ ਪਰ ਸਮੁੱਚੇ ਨੂੰ ਨਹੀਂ, ਦਰੱਖਤਾਂ ਨੂੰ ਦੇਖਣਾ ਪਰ ਜੰਗਲ ਨੂੰ ਨਹੀਂ। ਇਸ ਤਰੀਕੇ ਨਾਲ, ਵਿਰੋਧਤਾਈ ਨੂੰ ਹੱਲ ਕਰਨ ਦਾ ਢੰਗ ਲੱਭਣਾ ਅਸੰਭਵ ਹੈ, ਇਨਕਲਾਬ ਦੇ ਕਾਰਜਾਂ ਨੂੰ ਸਿਰੇ ਚਾੜ੍ਹਨਾ, ਜੁੰਮੇ ਲੱਗੇ ਕੰਮਾਂ ਨੂੰ ਬਾਖੂਬੀ ਨਿਭਾਉਣਾ ਜਾਂ ਅੰਤਰ ਪਾਰਟੀ ਵਿਚਾਰਧਾਰਕ ਘੋਲ ਨੂੰ ਸਹੀ ਢੰਗ ਨਾਲ ਵਿਕਸਤ ਕਰਨਾ ਅਸੰਭਵ ਹੈ। ਫੌਜੀ ਗਿਆਨ ਦੀ ਵਿਚਾਰ-ਚਰਚਾ ਕਰਦਿਆਂ ਜਦੋਂ ਸਨ ਵੂ ਜੂ ਨੇ ਕਿਹਾ "ਦੁਸ਼ਮਣ ਨੂੰ ਜਾਣੋ ਅਤੇ ਆਪਣੇ ਆਪ ਨੂੰ ਜਾਣੋ ਤਾਂ ਤੁਸੀਂ ਹਾਰ ਦੇ ਕਿਸ ਖਤਰੇ ਤੋਂ ਬਿਨਾਂ ਸੈਂਕੜੇ ਲੜਾਈਆਂ ਲੜ ਸਕਦੇ ਹੋ," [13] ਉਦੋਂ ਉਹ ਲੜਾਈ ਅੰਦਰ ਦੋਵਾਂ ਧਿਰਾ ਦਾ ਹਵਾਲਾ ਦੇ ਰਿਹਾ ਤਾਂਗਸ਼ਾਹੀ ਘਰਾਣੇ ਦਾ ਵੀਅ ਚੈਂਗ [14] ਵੀ ਇੱਕ ਪਾਸੜ ਪੁਣੇ ਦੀ ਗਲਤੀ ਨੂੰ ਸਮਝਦਾ ਸੀ, ਉਸਨੇ ਕਿਹਾ, "ਦੋਵਾਂ ਧਿਰਾਂ ਦੀ ਸੁਣੋ ਤਾਂ ਤੁਹਾਨੂੰ ਰੋਸ਼ਨੀ ਮਿਲੇਗੀ, ਜੇ ਸਿਰਫ ਇੱਕ ਧਿਰ 'ਤੇ ਹੀ ਧਿਆਨ ਧਰੋਗੇ ਤਾਂ ਤੁਸੀਂ ਮੂੜ੍ਹ-ਮੱਤੇ ਬਣ ਜਾਵੋਗੇ।" "ਪਰ ਸਾਡੇ ਕਾਮਰੇਡ ਅਕਸਰ ਸਮੱਸਿਆਵਾਂ ਨੂੰ ਇੱਕ ਪਾਸੜ ਢੰਗ ਨਾਲ ਘੋਖਦੇ ਹਨ ਅਤੇ ਇਸ ਤਰ੍ਹਾਂ ਉਹ ਅਕਸਰ ਖੱਡਾਂ ਵਿੱਚ ਜਾ ਡਿੱਗਦੇ ਹਨ। ਸੂਈ ਹੂ ਚੁਆਨ ਨਾਵਲ ਵਿੱਚ ਸੁੰਗ ਚਿਆਂਗ, ਚੂ ਪਿੰਡ [15] ਤੇ ਤਿੰਨ ਵਾਰ ਹਮਲਾ ਕਰਦਾ ਹੈ। ਦੋ ਵਾਰ ਉਸ ਨੂੰ ਹਾਰ ਨਸੀਬ ਹੋਈ ਕਿਉਂਕਿ ਉਹ ਸਥਾਨਕ ਹਾਲਤਾਂ ਤੋਂ ਅਣਜਾਣ ਸੀ ਅਤੇ ਉਸਨੇ ਗਲਤ ਢੰਗ ਵਰਤਿਆ। ਪਿੱਛੋਂ ਉਸਨੇ ਆਪਣਾ ਢੰਗ ਬਦਲ ਲਿਆ, ਪਹਿਲਾਂ ਉਸਨੇ ਹਾਲਤ ਦੀ ਜਾਂਚ ਪੜਤਾਲ ਕੀਤੀ ਅਤੇ ਸੜਕਾਂ ਦੇ ਮੱਕੜ ਜਾਲ ਦੀ ਵਾਕਫੀ ਹਾਸਲ ਕੀਤੀ, ਫੇਰ ਉਸਨੇ ਲੀ, ਹੂ ਅਤੇ ਚੂ ਪਿੰਡਾਂ ਦਾ ਗੱਠਜੋੜ ਤੋੜਿਆ ਅਤੇ ਵਿਦੇਸ਼ੀ ਕਹਾਣੀ ਵਿਚਲੇ ਟਰੋਜਨ ਘੋੜੇ ਦੀ ਜੁਗਤ ਵਾਂਗ ਸਾਂਵੀ ਜੁਗਤ ਵਰਤਦੇ ਹੋਏ, ਆਪਣੇ ਬੰਦਿਆਂ ਨੂੰ ਭੇਸ ਬਦਲਾ ਕੇ, ਉਥੇ ਉਡੀਕ ਕਰਨ ਲਈ ਦੁਸ਼ਮਣ ਅੰਦਰ ਵਾੜਿਆ ਅਤੇ ਤੀਜੇ ਮੌਕੇ ਉਹ ਜਿੱਤ ਗਿਆ। ਸੂਈ ਹੂ ਚੁਆਨ ਨਾਵਲ ਵਿੱਚ ਪਦਾਰਥਵਾਦੀ ਵਿਰੋਧ ਵਿਕਾਸ ਦੀਆਂ ਕਾਫੀ ਉਦਾਹਰਣਾਂ ਹਨ ਜਿਹਨਾਂ ਵਿੱਚੋਂ ਚੂ ਪਿੰਡ 'ਤੇ ਤਿੰਨ ਹਮਲਿਆਂ ਦੀ ਕਥਾ ਵਧੀਆਂ ਕਥਾਵਾਂ 'ਚੋਂ ਇੱਕ ਹੈ। ਲੈਨਿਨ ਨੇ ਕਿਹਾ

ਸੀ :

“....ਅਸਲੀਅਤ ਵਿੱਚ ਕਿਸੇ ਵਸਤੂ ਨੂੰ ਜਾਨਣ ਲਈ ਸਾਨੂੰ ਲਾਜ਼ਮੀ ਇਸ ਦੇ ਸਾਰੇ ਪੱਖਾਂ, ਸਾਰੀਆਂ ਕੜੀਆਂ ਅਤੇ “ਵਸੀਲਿਆਂ” ਨੂੰ ਜਾਨਣ ਦੇ ਘੇਰੇ ਵਿੱਚ ਸ਼ਾਮਲ ਕਰਨਾ ਅਤੇ ਅਧਿਐਨ ਕਰਨਾ ਚਾਹੀਦਾ ਹੈ। ਭਾਵੇਂ ਅਸੀਂ ਇਸਨੂੰ ਮੁਕੰਮਲ ਰੂਪ ਵਿੱਚ ਕਦੇ ਵੀ ਹਾਸਲ ਨਹੀਂ ਕਰਾਂਗੇ, ਪਰ ਸਰਵਪੱਖਤਾ ਦੀ ਮੰਗ ਕਰਨਾ ਗਲਤੀਆਂ ਅਤੇ ਅੜਵਾਈ ਖਿਲਾਫ਼ ਅਗਾਊਂ ਰੱਖਿਆ-ਪ੍ਰਬੰਧ ਹੈ।[16]

ਸਾਨੂੰ ਉਸਦੇ ਲਫਜ਼ ਕੰਠ ਕਰਨੇ ਚਾਹੀਦੇ ਹਨ। ਸਤ੍ਹਹੀ ਹੋਣ ਦਾ ਅਰਥ ਹੈ ਨਾ ਤਾਂ ਵਿਰੋਧਤਾਈ ਦੀਆਂ ਵਿਸ਼ੇਸ਼ਤਾਵਾਂ ਨੂੰ ਇਸ ਸਮੁੱਚਤਾ ਵਿਚ ਵਿਚਾਰਨਾ, ਨਾ ਹੀ ਇਸ ਦੇ ਹਰੇਕ ਪੱਖ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਚਾਰਨਾ। ਇਸ ਦਾ ਅਰਥ ਹੈ ਵਸਤੂ ਦੀ ਡੂੰਘੀ ਕਿਸੇ ਕੰਮ ਨੂੰ ਹੱਥ ਪਾਉਣਾ ਜਾਂ ਕਾਰਵਾਈ ਦਾ.... ਫਰੋਲਾ-ਫਰਾਲੀ ਤੋਂ ਅਤੇ ਇਸ ਦੀ ਵਿਰੋਧਤਾਈ ਦੀਆਂ ਵਿਸ਼ੇਸ਼ਤਾਵਾਂ ਦਾ ਬਰੀਕੀ ਨਾਲ ਅਧਿਐਨ ਕਰਨ ਦੀ ਲੋੜ ਤੋਂ ਮੁਨਕਰ ਹੋਣਾ, ਸਗੋਂ ਇਸ ਦੀ ਥਾਂ, ਵਸਤੂ ਨੂੰ ਦੂਰੋਂ ਹੀ ਵੇਖਣਾ ਅਤੇ ਇਸ ਦੇ ਕੱਚੇ ਖਾਕੇ ਤੇ ਤਰਦੀ ਝਾਤ ਮਾਰਨ ਪਿੱਛੋਂ, ਫੌਰੀ ਤੌਰ ’ਤੇ ਵਿਰੋਧਤਾਈ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨਾ (ਕਿਸੇ ਸਵਾਲ ਦਾ ਜਵਾਬ ਦੇਣਾ, ਕਿਸੇ ਝਗੜੇ ਦਾ ਨਿਪਟਾਰਾ ਕਰਨਾ ਦੇਣਾ)। ਕੰਮ ਕਰਨ ਦਾ ਇਹ ਤਰੀਕਾ ਲਾਜ਼ਮੀ ਹੀ ਗੜਬੜ ਪੈਦਾ ਕਰੇਗਾ। ਚੀਨ ਅੰਦਰ ਕੱਟੜਪੰਥੀ ਅਤੇ ਅਭਿਆਸਵਾਦੀ ਕਾਮਰੇਡਾਂ ਵਲੋਂ ਗਲਤੀਆਂ ਕਰਨ ਦਾ ਆਧਾਰ ਇਹਨਾਂ ਵੱਲੋਂ ਮਸਲਿਆਂ ਨੂੰ ਅੰਤਰਮੁਖੀ ਇਕਪਾਸੜ ਅਤੇ ਸਤ੍ਹਹੀ ਢੰਗ ਨਾਲ ਦੇਖਣ ਵਿਚ ਪਿਆ ਹੈ। ਇੱਕ ਪਾਸੜ ਅਤੇ ਸਤ੍ਹਹੀ ਹੋਣਾ, ਨਾਲ ਹੀ ਨਾਲ ਅੰਤਰਮੁਖੀ ਹੋਣਾ ਵੀ ਹੈ। ਕਿਉਂਕਿ ਸਾਰੀਆਂ ਬਾਹਰਮੁੱਖੀ ਵਸਤੂਆਂ ਹਕੀਕਤ ਵਿੱਚ ਅੰਤਰ-ਸੰਬੰਧਤ ਹੁੰਦੀਆਂ ਹਨ ਅਤੇ ਅੰਦਰੂਨੀ ਨਿਯਮਾਂ ਦੇ ਵੱਸ ਹੋ ਕੇ ਚਲਦੀਆਂ ਹਨ। ਪਰ ਜਿਵੇਂ ਵਸਤੂਆਂ ਹਕੀਕਤ ਵਿੱਚ ਹਨ, ਉਹਨਾਂ ਦਾ ਉਸ ਤਰ੍ਹਾਂ ਹੀ ਇਜਹਾਰ ਕਰਨ ਦੇ ਕਾਰਜ ਨੂੰ ਹੱਥ ਲੈਣ ਦੀ ਥਾਂ ਕੁੱਝ ਲੋਕ ਵਸਤੂਆਂ ਨੂੰ ਇੱਕਪਾਸੜ ਅਤੇ ਸਤੱਹੀ ਢੰਗ ਨਾਲ ਹੀ ਦੇਖਦੇ ਹਨ ਅਤੇ ਉਹ ਨਾਂ ਹੀ ਇਹਨਾਂ ਦੇ ਅੰਤਰ-ਸੰਬੰਧਾਂ ਨੂੰ ਅਤੇ ਨਾ ਹੀ ਇਹਨਾਂ ਦੇ ਅੰਦਰੂਨੀ ਨਿਯਮਾਂ ਨੂੰ ਜਾਣਦੇ ਹਨ ਅਤੇ ਇਸ ਤਰ੍ਹਾਂ ਉਹਨਾਂ ਦਾ ਢੰਗ ਅੰਤਰਮੁਖੀ ਹੁੰਦਾ ਹੈ।

ਨਾ ਸਿਰਫ ਕਿਸੇ ਵਸਤੂ ਦੇ ਵਿਕਾਸ ਦੇ ਸਮੁੱਚੇ ਅਮਲ ਅੰਦਰ, ਵਿਰੋਧਪੱਖਾਂ ’ਚੋਂ ਹਰੇਕ ਦੀ ਅਤੇ ਇੱਕ ਦੂਜੇ ਨਾਲ ਅੰਤਰ-ਸੰਬੰਧ ’ਚ, ਗਤੀ ਦੇ ਵਿਸ਼ੇਸ਼ ਲੱਛਣ ਹੁੰਦੇ ਹਨ ਜਿਨ੍ਹਾਂ ਵੱਲ ਸਾਨੂੰ ਤਵੱਜੋਂ ਦੇਣੀ ਚਾਹੀਦੀ ਹੈ। ਸਗੋਂ ਇਸ ਪ੍ਰਕਿਰਿਆ ਅੰਦਰ ਹਰੇਕ ਪੜਾਅ ਦੇ ਆਪਣੇ ਵਿਸ਼ੇਸ਼ ਲੱਛਣ ਹੁੰਦੇ ਹਨ ਜਿਨ੍ਹਾਂ ਵੱਲ ਵੀ ਸਾਨੂੰ ਤਵੱਜੋ ਦੇਣੀ ਚਾਹੀਦੀ ਹੈ।

ਕਿਸੇ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਬੁਨਿਆਦੀ ਵਿਰੋਧਤਾਈ ਅਤੇ ਇਸ ਵਲੋਂ ਪ੍ਰਕਿਰਿਆ ਦਾ ਨਿਸ਼ਚਿਤ ਕੀਤਾ ਤੱਤ ਉਨਾਂ ਚਿਰ ਅਲੋਪ ਨਹੀਂ ਹੁੰਦਾ ਜਿੰਨਾ ਚਿਰ ਇਹ ਪ੍ਰਕਿਰਿਆ ਮੁਕੰਮਲ ਨਹੀਂ ਹੁੰਦੀ। ਪਰ ਲੰਮੀ ਪ੍ਰਕਿਰਿਆ ਅੰਦਰ ਹਰੇਕ ਪੜਾਅ ’ਤੇ ਹਾਲਾਤਾਂ ਆਮ ਤੌਰ ’ਤੇ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਭਾਵੇਂ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਬੁਨਿਆਦੀ ਵਿਰੋਧਤਾਈ ਦਾ ਸੁਭਾਅ ਅਤੇ ਪ੍ਰਕਿਰਿਆ ਦਾ ਤੱਤ ਅਬਦਲ ਰਹਿੰਦੇ ਹਨ ਪਰ ਲੰਮੀ ਪ੍ਰਕਿਰਿਆ ਅੰਦਰ ਜਿਉਂ-ਜਿਉਂ ਬੁਨਿਆਦੀ ਵਿਰੋਧਤਾਈ ਇੱਕ

ਪੜਾਅ ਚੋਂ ਦੂਜੇ ਵਿੱਚ ਦਾਖਲ ਹੁੰਦੀ ਹੈ, ਇਹ ਹੋਰ ਤਿੱਖੀ ਹੁੰਦੀ ਜਾਂਦੀ ਹੈ। ਨਾਲ ਵਾਧਾ ਇਹ ਕਿ ਅਣਗਿਣਤ ਵੱਡੀਆਂ ਅਤੇ ਛੋਟੀਆਂ ਵਿਰੋਧਤਾਈਆਂ ਵਿੱਚੋਂ, ਜਿਨ੍ਹਾਂ ਨੂੰ ਬੁਨਿਆਦੀ ਵਿਰੋਧਤਾਈ ਤੈਅ ਜਾਂ ਪ੍ਰਭਾਵਿਤ ਕਰਦੀ ਹੈ, ਕੁੱਝ ਤਿੱਖੀਆਂ ਹੋ ਜਾਂਦੀਆਂ ਹਨ, ਕੁਝ ਵਕਤੀ ਤੌਰ ’ਤੇ ਮੱਠੀਆਂ ਪੈ ਜਾਂਦੀਆਂ ਹਨ ਜਾਂ ਅੰਸ਼ਕ ਰੂਪ ਵਿੱਚ ਹੱਲ ਹੋ ਜਾਂਦੀਆਂ ਹਨ, ਅਤੇ ਕੁੱਝ ਨਵੀਆਂ ਉਭਰ ਆਉਂਦੀਆਂ ਹਨ। ਸਿੱਟੇ ਵਜੋਂ ਪ੍ਰਕਿਰਿਆ ਪੜਾਵਾਂ ’ਚ ਹੁੰਦੀ ਹੈ। ਜੋ ਲੋਕ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਪੜਾਵਾਂ ਵੱਲ ਧਿਆਨ ਨਹੀਂ ਦਿੰਦੇ, ਉਹ ਇਸ ਦੀਆਂ ਵਿਰੋਧਤਾਈਆਂ ਨੂੰ ਸਹੀ ਰੂਪ ਵਿੱਚ ਨਹੀਂ ਨਜਿੱਠ ਸਕਦੇ।

ਉਦਾਹਰਣ ਲਈ, ਜਦੋਂ ਖੁੱਲੇ ਮੁਕਾਬਲੇ ਦੇ ਯੁੱਗ ਦਾ ਪੂੰਜੀਵਾਦ, ਸਾਮਰਾਜਵਾਦ ਵਿਚ ਵਿਕਸਤ ਹੋਇਆਂ ਤਾਂ ਬੁਨਿਆਦੀ ਵਿਰੋਧਤਾਈ ਅੰਦਰ ਦੋ ਜਮਾਤਾਂ ਭਾਵ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਦੇ ਜਮਾਤੀ ਸੁਭਾਅ ਵਿੱਚ ਭਾਵ ਸਮਾਜ ਦੇ ਪੂੰਜੀਵਾਦ ਤੱਤ ਵਿੱਚ ਕੋਈ ਤਬਦੀਲੀ ਨਹੀਂ ਹੋਈ। ਤਾਂ ਵੀ ਇਹਨਾਂ ਦੋ ਜਮਾਤਾਂ ਵਿਚਕਾਰ ਵਿਰੋਧਤਾਈ ਤਿੱਖੀ ਹੋ ਗਈ। ਅਜਾਰੇਦਾਰ ਪੂੰਜੀ ਅਤੇ ਗੈਰ-ਅਜਾਰੇਦਾਰ ਪੂੰਜੀ ਵਿਚਕਾਰ ਵਿਰੋਧਤਾਈ ਪੈਦਾ ਹੋ ਗਈ, ਬਸਤੀਵਾਦੀ ਤਾਕਤਾਂ ਅਤੇ ਬਸਤੀਆਂ ਵਿਚਕਾਰ ਵਿਰੋਧਤਾਈ ਤਿੱਖੀ ਹੋ ਗਈ, ਪੂੰਜੀਵਾਦੀ ਮੁਲਕਾਂ ਦੇ ਅਣਸਾਵੇਂ ਵਿਕਾਸ ਦੇ ਸਿੱਟੇ ਵਜੋਂ ਇਹਨਾਂ ਮੁਲਕਾਂ ਦਰਮਿਆਨ ਵਿਰੋਧਤਾਈ ਵਿਸ਼ੇਸ਼ ਪਰਚੰਡਤਾ ਨਾਲ ਜਾਹਰ ਹੋਈ ਅਤੇ ਇਸ ਤਰ੍ਹਾਂ, ਪੂੰਜੀਵਾਦ ਦਾ ਵਿਸ਼ੇਸ਼ ਪੜਾਅ, ਸਾਮਰਾਜਵਾਦ ਦਾ ਪੜਾਅ, ਉਤਪੰਨ ਹੋਇਆ। ਲੈਨਿਨਵਾਦ, ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਯੁੱਗ ਦਾ ਮਾਰਕਸਵਾਦ ਐਨ ਇਸੇ ਕਰਕੇ ਹੈ ਕਿ ਲੈਨਿਨ ਅਤੇ ਸਟਾਲਿਨ ਨੇ ਸਹੀ ਰੂਪ ਵਿੱਚ ਇਹਨਾਂ ਵਿਰੋਧਤਾਈਆਂ ਦੀ ਵਿਆਖਿਆ ਕੀਤੀ ਅਤੇ ਇਹਨਾਂ ਦੇ ਹੱਲ ਲਈ ਪ੍ਰੋਲੇਤਾਰੀ ਇਨਕਲਾਬ ਦਾ ਦਰੁਸਤ ਸਿਧਾਂਤ ਅਤੇ ਦਾਅਪੇਚ ਘੜੇ।

ਚੀਨ ਦੇ ਬੁਰਜੂਆ ਜਮਹੂਰੀ ਇਨਕਲਾਬ ਦੀ ਪ੍ਰਕਿਰਿਆ ਨੂੰ ਹੀ ਲਓ, ਜੋ 1911 ਦੇ ਇਨਕਲਾਬ[17] ਨਾਲ ਸ਼ੁਰੂ ਹੋਈ। ਇਸ ਦੇ ਵੀ ਕਈ ਨਿਵੇਕਲੇ ਪੜਾਅ ਹਨ। ਬੁਰਜੂਆ ਅਗਵਾਈ ਦੇ ਅਰਸੇ ਦਾ ਇਨਕਲਾਬ ਅਤੇ ਪ੍ਰੋਲੇਤਾਰੀ ਲੀਡਰਸ਼ਿਪ ਦੇ ਅਰਸੇ ਦਾ ਇਨਕਲਾਬ, ਖਾਸ ਤੌਰ ’ਤੇ ਦੋ ਬਹੁਤ ਹੀ ਵੱਖਰੇ ਇਤਿਹਾਸਿਕ ਪੜਾਵਾਂ ਦੀ ਨੁਮਾਇੰਦਗੀ ਕਰਦੇ ਹਨ। ਦੂਜਰੇ ਲਫਜ਼ਾਂ ਵਿੱਚ, ਪ੍ਰੋਲੇਤਾਰੀ ਲੀਡਰਸ਼ਿਪ ਨੇ ਇਨਕਲਾਬ ਦਾ ਸਮੁੱਚਾ ਮੂੰਹ ਮੱਥਾ ਹੀ ਬੁਨਿਆਦੀ ਤੌਰ ’ਤੇ ਬਦਲ ਕੇ ਰੱਖ ਦਿੱਤਾ, ਜਮਾਤਾਂ ਦੀ ਕਤਾਰਬੰਦੀ ਕੀਤੀ, ਕਿਸਾਨ ਇਨਕਲਾਬ ਅੰਦਰ ਲੋਹੜੇ ਦੇ ਉਭਾਰ ਨੂੰ ਜਨਮ ਦਿੱਤਾ, ਸਾਮਰਾਜਵਾਦ ਅਤੇ ਜਗੀਰਦਾਰੀ ਖਿਲਾਫ ਘੋਲ ਨੂੰ ਮੁਕੰਮਲਤਾ ਬਖ਼ਸ਼ੀ, ਜਮਹੂਰੀ ਇਨਕਲਾਬ ਨੂੰ ਸਮਾਜਵਾਦੀ ਇਨਕਲਾਬ ਵਿਚ ਪਲਟਣ ਦੀ ਸੰਭਾਵਨਾ ਸਿਰਜੀ ਆਦਿ ਆਦਿ। ਜਦੋਂ ਇਨਕਲਾਬ ਬੁਰਜੂਆ ਲੀਡਰਸ਼ਿਪ ਅਧੀਨ ਸੀ ਤਾਂ ਇਸ ਵਿਚੋਂ ਕੁੱਝ ਵੀ ਸੰਭਵ ਨਹੀਂ ਸੀ। ਭਾਵੇਂ ਸਮੁੱਚੇ ਤੌਰ ’ਤੇ ਪ੍ਰਕਿਰਿਆ ਅੰਦਰ ਬੁਨਿਆਦੀ ਵਿਰੋਧਤਾਈ ਦੇ ਸੁਭਾਅ ਅੰਦਰ ਕੋਈ ਤਬਦੀਲੀ ਨਹੀਂ ਆਈ ਯਾਨੀ ਕਿ ਪ੍ਰਕਿਰਿਆ ਦੇ ਸਾਮਰਾਜ ਵਿਰੋਧੀ, ਜਗੀਰਦਾਰੀ ਵਿਰੋਧੀ ਜਮਹੂਰੀ ਇਨਕਲਾਬੀ ਸੁਭਾਅ ਵਿੱਚ ਕੋਈ ਤਬਦੀਲੀ ਨਹੀਂ ਆਈ ( ਜਿਸਦਾ ਉਲਟ ਪਾਸਾ, ਇਸਦਾ ਅਰਧ-ਬਸਤੀਵਾਦੀ ਅਤੇ ਅਰਧ-ਜਗੀਰੂ ਸੁਭਾਅ ਹੈ) ਤਾਂ ਵੀ ਇਹ ਪ੍ਰਕਿਰਿਆ ਵੀਹ ਸਾਲਾਂ ਤੋਂ ਵੱਧ ਅਰਸੇ ਅੰਦਰ ਵਿਕਾਸ ਦੇ ਕਈ ਪੜਾਵਾਂ ਵਿੱਚ ਦੀ ਲੰਘ ਚੁੱਕੀ ਹੈ। ਇਸ ਸਮੇਂ ਦੌਰਾਨ ਬਹੁਤ

ਸਾਰੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ—1911 ਦੇ ਇਨਕਲਾਬ ਦੀ ਨਾਕਾਮੀ ਅਤੇ ਉਤਰੀ ਯੁੱਧ-ਸਰਦਾਰਾਂ ਦੇ ਰਾਜਪ੍ਰਬੰਧ ਦੀ ਸਥਾਪਤੀ, ਪਹਿਲੇ ਕੌਮੀ ਸਾਂਝੇ ਮੋਰਚੇ ਦਾ ਗਠਨ ਅਤੇ 1924-27 ਦਾ ਇਨਕਲਾਬ[18] ਸਾਂਝੇ ਮੋਰਚੇ ਦਾ ਟੁੱਟਣਾ ਅਤੇ ਬੁਰਜੂਆਜ਼ੀ ਦਾ ਉਲਟ-ਇਨਕਲਾਬ ਦੀ ਧਿਰ ਵੱਲ ਪਲਾਇਨ,, ਨਵੇਂ ਯੁੱਧ-ਸਰਦਾਰਾਂ, ਦਰਮਿਆਨ ਜੰਗ, ਜਰਈ ਇਨਕਲਾਬੀ ਜੰਗ[19] ਦੂਜੇ ਕੌਮੀ ਸਾਂਝੇ ਮੋਰਚੇ ਦੀ ਸਥਾਪਤੀ ਅਤੇ ਜਪਾਨ-ਵਿਰੋਧੀ ਟਾਕਰੇ ਦੀ ਜੰਗ। ਇਹ ਪੜਾਅ ਵਿਸ਼ੇਸ਼ ਲੱਛਣਾਂ ਨਾਲ ਅੰਕਤ ਹਨ ਜਿਵੇਂ ਕਿ ਨਿਸ਼ਚਿਤ ਵਿਰੋਧਤਾਈਆਂ ਦਾ ਤਿੱਖਾਪਣ। (ਉਦਾਹਰਣ ਲਈ, ਜਰੱਈ ਇਨਕਲਾਬੀ ਜੰਗ ਅਤੇ ਚਾਰ ਉਤਰ-ਪੂਰਬੀ ਸੂਬਿਆਂ ਤੇ ਜਪਾਨ ਦਾ ਹਮਲਾ[20] ਦੂਸਰੀਆਂ ਵਿਰੋਧਤਾਈਆਂ ਦਾ ਅੰਸ਼ਕ ਜਾਂ ਵਕਤੀ ਹੱਲ ( ਉਦਾਹਰਣ ਲਈ, ਉਤਰੀ ਯੁੱਧ ਸਰਦਾਰਾਂ ਦੀ ਤਬਾਹੀ ਅਤੇ ਸਾਡੇ ਵੱਲੋਂ ਜਗੀਰਦਾਰਾਂ ਦੀਆਂ ਜਮੀਨਾਂ ਜਬਤ ਕਰਨੀਆਂ) ਦੂਸਰੀਆਂ ਵਿਰੋਧਤਾਈਆਂ ਦਾ ਪੈਦਾ ਹੋਣਾ (ਉਦਾਹਰਣ ਲਈ, ਨਵੇਂ ਯੁੱਧ-ਸਰਦਾਰਾਂ ਦਰਮਿਆਨ ਲੜਾਈਆਂ ਅਤੇ ਦੱਖਣ ਵਿੱਚ ਸਾਡੇ ਆਧਾਰ ਇਲਾਕੇ ਖੁੱਸ ਜਾਣ ਤੋਂ ਪਿੱਛੋਂ ਜਗੀਰਦਾਰਾਂ ਵੱਲੋਂ ਜ਼ਮੀਨਾਂ ਤੇ ਮੁੜ ਕਬਜਾ)।

ਕਿਸੇ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਹਰੇਕ ਪੜਾਅ 'ਤੇ ਵਿਰੋਧਤਾਈਆਂ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਦੇ ਸਮੇਂ, ਸਾਨੂੰ ਨਾ ਸਿਰਫ ਵਿਰੋਧਤਾਈਆਂ ਦੀ ਇਹਨਾਂ ਦੇ ਅੰਤਰ-ਸੰਬੰਧਾਂ ਵਿੱਚ ਜਾਂ ਇਹਨਾਂ ਦੀ ਸਮੁੱਚਤਾ ਵਿੱਚ ਹੀ ਨਿਰਖ ਪਰਖ ਨਹੀਂ ਕਰਨੀ ਚਾਹੀਦੀ ਹੈ, ਸਗੋਂ ਹਰੇਕ ਵਿਰੋਧਤਾਈ ਦੇ ਦੋ ਪੱਖਾਂ ਦੀ ਛਾਣ-ਬੀਣ ਵੀ ਕਰਨੀ ਚਾਹੀਦੀ ਹੈ।

ਉਦਾਹਰਣ ਲਈ, ਕੋਮਿਨਤਾਂਗ ਅਤੇ ਕਮਿਊਨਿਸਟ ਪਾਰਟੀ ਨੂੰ ਹੀ ਲਓ। ਇੱਕ ਪੱਖ ਕੋਮਿਨਤਾਂਗ ਨੂੰ ਲਵੋ। ਪਹਿਲੇ ਸਾਂਝੇ ਮੋਰਚੇ ਦੇ ਅਰਸੇ ਅੰਦਰ ਕੋਮਿਨਤਾਂਗ ਨੇ ਰੂਸ ਨਾਲ ਗੱਠਜੋੜ, ਕਮਿਊਨਿਸਟ ਪਾਰਟੀ ਨਾਲ ਸਹਿਯੋਗ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹਾਇਤਾ ਕਰਨ ਦੀਆਂ ਸੁਨਯਤ ਸੈਨ ਦੀਆਂ ਤਿੰਨ ਮਹਾਨ ਨੀਤੀਆਂ ਤੇ ਅਮਲ ਕੀਤਾ, ਸਿੱਟੇ ਵਜੋਂ ਇਹ ਇਨਕਲਾਬੀ ਅਤੇ ਬਲਧਾਰੀ ਸੀ। ਇਹ ਜਮਹੂਰੀ ਇਨਕਲਾਬ ਲਈ ਵੱਖੋ-ਵੱਖ ਜਮਾਤਾਂ ਦਾ ਗੱਠਜੋੜ ਸੀ। 1927 ਤੋਂ ਪਿੱਛੋਂ, ਕੋਮਿਨਤਾਂਗ ਨੇ ਖੁਦ ਨੂੰ ਆਪਦੇ ਉਲਟ ਵਿੱਚ ਬਦਲ ਲਿਆ ਅਤੇ ਇਹ ਜਗੀਰਦਾਰਾਂ ਅਤੇ ਵੱਡੀ ਸਰਮਾਏਦਾਰੀ ਦਾ ਪਿਛਾਖੜੀ ਦਲ ਬਣ ਗਈ। ਦਸੰਬਰ 1936 ਵਿੱਚ ਸਿਆਨ ਘਟਨਾ[21] ਤੋਂ ਪਿੱਛੋਂ, ਇਸ ਨੇ ਘਰੇਲੂ ਯੁੱਧ ਦਾ ਖਾਤਮਾ ਕਰਨ ਅਤੇ ਜਪਾਨੀ ਸਾਮਰਾਜਵਾਦ ਦਾ ਸਾਂਝਾ ਵਿਰੋਧ ਕਰਨ ਲਈ ਕਮਿਊਨਿਸਟ ਪਾਰਟੀ ਨਾਲ ਸਹਿਯੋਗ ਦੀ ਸੇਧ ਵਿੱਚ ਇੱਕ ਹੋਰ ਤਬਦੀਲੀ ਸ਼ੁਰੂ ਕੀਤੀ। ਤਿੰਨ ਪੜਾਵਾਂ ਵਿੱਚ ਕੋਮਿਨਤਾਂਗ ਦੇ ਵਿਸ਼ੇਸ਼ ਲੱਛਣ ਅਜੇਹੇ ਰਹੇ ਹਨ। ਬੇਸ਼ੱਕ ਇਹ ਲੱਛਣ ਵੰਨ ਸੁਵੰਨੇ ਕਾਰਨਾਂ ਵਿਚੋਂ ਉਪਜੇ ਹਨ। ਹੁਣ ਦੂਜੇ ਪੱਖ ਨੂੰ ਲਵੋ, ਕਮਿਊਨਿਸਟ ਪਾਰਟੀ ਬਾਲ ਅਵਸਥਾ ਵਿੱਚ ਸੀ। ਇਸ ਨੇ 1924-27 ਦੇ ਇਨਕਲਾਬ ਦੀ ਦਲੇਰੀ ਨਾਲ ਅਗਵਾਈ ਕੀਤੀ ਪਰ ਇਨਕਲਾਬ ਦੇ ਖਾਸੇ, ਕਾਰਜਾਂ ਅਤੇ ਢੰਗਾਂ ਬਾਰੇ ਆਪਣੀ ਸਮਝ ਦੀ ਕਚਿਆਈ ਉਜਾਗਰ ਕੀਤੀ ਅਤੇ ਸਿੱਟੇ ਵਜੋਂ ਇਸ ਇਨਕਲਾਬ ਦੇ ਪਿਛਲੇ ਅਰਸੇ ਵਿੱਚ ਚੈਨ-ਤੂ-ਸਿਊਵਾਦ ਨੂੰ ਆਪਣੀ ਪੁਗਾਉਣ ਦਾ ਮੌਕਾ ਮਿਲਿਆ ਅਤੇ ਇਸਨੇ ਇਨਕਲਾਬ ਨੂੰ ਹਾਰ ਨਸੀਬ ਕਰਾਈ। 1927 ਤੋਂ ਪਿੱਛੋਂ ਕਮਿਊਨਿਸਟ ਪਾਰਟੀ ਨੇ ਬਹਾਦਰੀ ਨਾਲ ਜਰੱਈ ਇਨਕਲਾਬੀ ਜੰਗ ਦੀ ਅੱਗਵਾਈ ਕੀਤੀ, ਇਨਕਲਾਬੀ ਫੌਜ ਅਤੇ ਇਨਕਲਾਬੀ ਅਧਾਰ ਇਲਾਕੇ ਸਿਰਜੇ। ਫੇਰ

ਵੀ, ਇਸਨੇ ਮਾਅਰਕੇ ਬਾਜ ਗਲਤੀਆਂ ਕੀਤੀਆਂ। ਜਿਨ੍ਹਾਂ ਨਾਲ ਫੌਜ ਅਤੇ ਆਧਾਰ ਇਲਾਕਿਆਂ, ਦੋਵਾਂ ਦਾ ਬਹੁਤ ਹੀ ਭਾਰੀ ਨੁਕਸਾਨ ਹੋਇਆ। 1935 ਵਿੱਚ ਪਾਰਟੀ ਨੇ ਇਹਨਾਂ ਗਲਤੀਆਂ ਨੂੰ ਦਰੁਸਤ ਕਰ ਲਿਆ ਹੈ ਅਤੇ ਜਪਾਨ ਵਿਰੋਧੀ ਟਾਕਰੇ ਦੇ ਨਵੇਂ ਸਾਂਝੇ ਮੋਰਚੇ ਦੀ ਅਗਵਾਈ ਕਰਦੀ ਆ ਰਹੀ ਹੈ। ਇਹ ਮਹਾਨ ਘੋਲ ਹੁਣ ਵਿਕਸਤ ਹੋ ਰਿਹਾ ਹੈ। ਮੌਜੂਦਾ ਪੜਾਅ ਤੇ ਕਮਿਊਨਿਸਟ ਪਾਰਟੀ ਅਜੇਹੀ ਪਾਰਟੀ ਹੈ ਜਿਹੜੀ ਦੋ ਇਨਕਲਾਬਾਂ ਦੀ ਕੁਠਾਲੀ ਵਿੱਚੋਂ ਲੰਘ ਚੁੱਕੀ ਹੈ ਅਤੇ ਜਿਸਨੇ ਤਜਰਬੇ ਦੀ ਦੌਲਤ ਗ੍ਰਹਿਣ ਕੀਤੀ ਹੈ। ਤਿੰਨ ਪੜਾਵਾਂ ਵਿੱਚ ਕਮਿਊਨਿਸਟ ਪਾਰਟੀ ਦੇ ਵਿਸ਼ੇਸ਼ ਲੱਛਣ ਵੀ ਵੰਨ-ਸੁਵੰਨੇ ਕਾਰਨਾਂ ਦੀ ਉਪਜ ਹਨ। ਲੱਛਣਾਂ ਦੇ ਇਹਨਾਂ ਦੋਵਾਂ ਪੂਰਾਂ ਦਾ ਅਧਿਐਨ ਕਰੇ ਤੋਂ ਬਿਨਾਂ, ਅਸੀਂ ਦੋਵਾਂ ਪਾਰਟੀਆਂ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ-ਸਾਂਝੇ ਮੋਰਚੇ ਦੀ ਸਥਾਪਤੀ, ਸਾਂਝੇ ਮੋਰਚੇ ਦਾ ਟੁੱਟਣਾ ਅਤੇ ਇੱਕ ਹੋਰ ਸਾਂਝੇ ਮੋਰਚੇ ਦੀ ਸਥਾਪਨਾ—ਦੌਰਾਨ ਇਹਨਾਂ ਵਿਚਕਾਰ ਵਿਸ਼ੇਸ਼ ਰਿਸ਼ਤੇ ਨੂੰ ਨਹੀਂ ਸਮਝ ਸਕਦੇ। ਦੋਵਾਂ ਪਾਰਟੀਆਂ ਦੇ ਵਿਸ਼ੇਸ਼ ਲੱਛਣਾਂ ਦਾ ਅਧਿਐਨ ਕਰਨ ਲਈ ਜੋ ਹੋਰ ਵੀ ਜਰੂਰੀ ਹੈ ਉਹ ਇਹ ਹੈ ਕਿ ਦੋਵਾਂ ਪਾਰਟੀਆਂ ਦੇ ਜਮਾਤੀ ਅਧਾਰ ਅਤੇ ਇਸ ਦੇ ਸਿੱਟੇ ਵਜੋਂ ਵਿਰੋਧਤਾਈਆਂ ਦੀ ਛਾਣ-ਬੀਣ ਕੀਤੀ ਜਾਵੇ ਜਿਹੜੀਆਂ ਵੱਖ-ਵੱਖ ਸਮਿਆਂ ਤੇ ਹਰੇਕ ਪਾਰਟੀ ਅਤੇ ਦੂਸਰੀਆਂ ਤਾਕਤਾਂ ਵਿਚਕਾਰ ਪੈਦਾ ਹੋਈਆਂ। ਉਦਾਹਰਣ ਲਈ ਕਮਿਊਨਿਸਟ ਪਾਰਟੀ ਨਾਲ ਆਪਣੇ ਪਹਿਲੇ ਸਹਿਯੋਗ ਦੇ ਅਰਸੇ ਅੰਦਰ, ਕੋਮਿਨਤਾਂਗ ਵਿਦੇਸ਼ੀ ਸਾਮਰਾਜ ਦੇ ਵਿਰੋਧ ਵਿੱਚ ਡਟੀ ਅਤੇ ਇਸ ਲਈ ਸਾਮਰਾਜਵਾਦ ਵਿਰੋਧੀ ਸੀ। ਦੂਜੇ ਬੰਨੇ, ਇਹ ਮੁਲਕ ਅੰਦਰ ਵਿਸ਼ਾਲ ਲੋਕਾਈ ਦੇ ਖਿਲਾਫ ਖੜੀ ਭਾਵੇਂ ਸ਼ਬਦਾਂ ਵਿੱਚ ਇਸਨੇ ਮਿਹਨਤਕਸ਼ ਲੋਕਾਂ ਦਾ ਫਾਇਦਾ ਕਰਨ ਦੇ ਬਥੇਰੇ ਵਾਅਦੇ ਕੀਤੇ ਸਨ, ਅਸਲ ਵਿੱਚ ਇਸ ਨੇ ਲੋਕਾਂ ਨੂੰ ਛੁਣਛੁਣਾਂ ਦਿਖਾਇਆ। ਕਮਿਊਨਿਸਟ ਵਿਰੋਧੀ ਜੰਗ ਦੇ ਅਰਸੇ ਦੌਰਾਨ, ਕੋਮਿਨਤਾਂਗ ਨੇ ਵਿਸ਼ਾਲ ਲੋਕਾਂ ਖਿਲਾਫ ਸਾਮਰਾਜਵਾਦ ਅਤੇ ਜਗੀਰਦਾਰੀ ਨਾਲ ਭਿਆਲੀ ਪਾਈ ਅਤੇ ਇਨਕਲਾਬ ਅੰਦਰ ਲੋਕਾਂ ਦੀਆਂ ਸਾਰੀਆਂ ਪ੍ਰਾਪਤੀਆਂ ਤੇ ਝਾੜੂ ਫੇਰ ਦਿੱਤਾ ਅਤੇ ਇਸ ਤਰ੍ਹਾਂ ਲੋਕਾਂ ਨਾਲ ਆਪਣੀਆਂ ਵਿਰੋਧਤਾਈਆਂ ਤਿੱਖੀਆਂ ਕੀਤੀਆਂ। ਜਪਾਨ-ਵਿਰੋਧੀ ਜੰਗ ਦੇ ਮੌਜੂਦਾ ਅਰਸੇ ਵਿੱਚ ਕੋਮਿਨਤਾਂਗ ਜਾਪਾਨੀ ਸਾਮਰਾਜ ਦੇ ਵਿਰੋਧ ਵਿੱਚ ਖੜਦੀ ਹੈ ਅਤੇ ਕਮਿਊਨਿਸਟ ਪਾਰਟੀ ਅਤੇ ਲੋਕਾਂ ਖਿਲਾਫ ਜਾਂ ਇਹਨਾਂ ਨੂੰ ਦਬਾਉਣ ਲਈ ਆਪਣੇ, ਘੋਲ ਨੂੰ ਨਰਮ ਕਰੇ ਬਿਨਾਂ ਇਹ ਕਮਿਊਨਿਸਟ ਪਾਰਟੀ ਨਾਲ ਸਹਿਯੋਗ ਕਰਨਾ ਚਾਹੁੰਦੀ ਹੈ। ਜਿੱਥੋਂ ਤੱਕ ਕਮਿਊਨਿਸਟ ਪਾਰਟੀ ਦਾ ਸੰਬੰਧ ਹੈ ਇਹ ਹਮੇਸ਼ਾ ਹੀ, ਹਰ ਸਮੇਂ ਵਿੱਚ ਸਾਮਰਾਜਵਾਦ ਅਤੇ ਜਗੀਰਦਾਰੀ ਖਿਲਾਫ ਵਿਸ਼ਾਲ ਜਨਤਾ ਨਾਲ ਹੀ ਖੜ੍ਹੀ ਹੈ। ਪਰ ਜਪਾਨ-ਵਿਰੋਧੀ ਜੰਗ ਦੇ ਮੌਜੂਦਾ ਅਰਸੇ ਵਿੱਚ ਇਸਨੇ ਕੋਮਿਨਤਾਂਗ ਅਤੇ ਘਰੇਲੂ ਜਗੀਰੂ ਤਾਕਤਾਂ ਵੰਨੀ ਨਰਮ ਨੀਤੀ ਅਪਨਾਈ ਹੀ ਕਿਉਂਕਿ ਕੌਮਿਨਤਾਂਗ ਨੇ ਜਪਾਨ ਦਾ ਟਾਕਰਾ ਕਰਨ ਦੇ ਪੱਖ ਵਿੱਚ ਇਜ਼ਹਾਰ ਕੀਤਾ ਹੈ। ਉਪਰ ਬਿਆਨੀਆਂ ਹਾਲਤਾਂ ਦਾ ਸਿੱਟਾ ਇਹ ਨਿਕਲਿਆ ਕਿ ਦੋਵਾਂ ਪਾਰਟੀਆਂ ਵਿਚਕਾਰ ਕਦੇ ਗੱਠਜੋੜ ਹੁੰਦਾ ਹੈ ਅਤੇ ਦੋਵਾਂ ਵਿਚਕਾਰ ਕਦੇ ਘੋਲ ਹੁੰਦਾ ਹੈ ਅਤੇ ਇਥੋਂ ਤੱਕ ਕਿ ਗੱਠਜੋੜ ਅਤੇ ਘੋਲ ਦੀ ਗੁੰਝਲਦਾਰ ਹਾਲਤ ਵੀ ਰਹੀ ਹੈ। ਜੇ ਅਸੀਂ ਵਿਰੋਧਤਾਈ ਦੇ ਦੋਵਾਂ ਪੱਖਾਂ ਦੇ ਵਿਸ਼ੇਸ਼ ਲੱਛਣਾਂ ਦਾ ਅਧਿਐਨ ਨਹੀਂ ਕਰਦੇ ਤਾਂ ਅਸੀਂ ਨਾ ਸਿਰਫ ਹਰੇਕ ਪਾਰਟੀ ਦੇ ਦੂਸਰੀਆਂ ਸ਼ਕਤੀਆਂ ਨਾਲ ਰਿਸ਼ਤਿਆਂ ਨੂੰ ਸਮਝਣ ਵਿੱਚ ਹੀ ਨਾਕਾਮ ਰਹਾਂਗੇ ਸਗੋਂ ਦੋਵਾਂ ਪਾਰਟੀਆਂ ਵਿਚਕਾਰ ਰਿਸ਼ਤਿਆਂ ਨੂੰ ਸਮਝਣ ਵਿੱਚ ਵੀ ਨਾਕਾਮ

ਰਹਾਂਗੇ।

ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਕਿਸੇ ਵੀ ਵੰਨਗੀ ਦੀ ਵਿਰੋਧਤਾਈ ਦੀ ਵਿਸ਼ੇਸ਼ਤਾਈ ਦਾ ਅਧਿਐਨ ਕਰਦੇ ਹੋਏ ਪਦਾਰਥ ਦੀ ਗਤੀ ਦੀ ਹਰੇਕ ਸ਼ਕਲ 'ਚ ਵਿਰੋਧਤਾਈ, ਵਿਕਾਸ ਦੀ ਆਪਣੀ ਹਰੇਕ ਪ੍ਰਕਿਰਿਆ 'ਚ ਵਿਰੋਧਤਾਈ, ਹਰੇਕ ਪ੍ਰਕਿਰਿਆ ਅੰਦਰ ਵਿਰੋਧਦਤਾਈਆਂ ਦੇ ਦੋਵੇਂ ਪੱਖ, ਪ੍ਰਕਿਰਿਆ ਦੇ ਹਰੇਕ ਪੜਾਅ 'ਤੇ ਵਿਰੋਧਤਾਈ ਅਤੇ ਹਰੇਕ ਪੜਾਅ ਤੇ ਵਿਰੋਧਤਾਈ ਦੇ ਦੋਵੇਂ ਪੱਖ ਇਹਨਾਂ ਸਾਰੀਆਂ ਵਿਰੋਧਤਾਈਆਂ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਦੇ ਹੋਏ, ਸਾਨੂੰ ਲਾਜ਼ਮੀ ਹੀ ਅੰਤਰਮੁੱਖਤਾ ਅਤੇ ਮਨ-ਮਰਜੀ ਤੋਂ ਬਚਣਾ ਚਾਹੀਦਾ ਹੈ, ਸਗੋਂ ਇਹਨਾਂ ਦਾ ਠੋਸ ਰੂਪ 'ਚ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਠੋਸ ਵਿਸ਼ਲੇਸ਼ਣ ਤੋਂ ਬਿਨਾਂ ਕਿਸੇ ਵੀ ਵਿਰੋਧਤਾਈ ਦੀ ਵਿਸ਼ੇਸ਼ਤਾ ਦਾ ਗਿਆਨ ਨਹੀਂ ਹੋ ਸਕਦਾ। ਸਾਨੂੰ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਨ ਦੇ, ਲੈਨਿਨ ਦੇ ਇਹ ਸ਼ਬਦ ਮਨੀਂ ਵਸਾਉਣੇ ਚਾਹੀਦੇ ਹਨ।

ਮਾਰਕਸ ਅਤੇ ਏਂਗਲਜ਼ ਸਭ ਤੋਂ ਪਹਿਲੇ ਸਨ ਜਿਨ੍ਹਾਂ ਨੇ ਸਾਨੂੰ ਅਜੇਹੇ ਠੋਸ ਵਿਸ਼ਲੇਸ਼ਣ ਦੇ ਸ਼ਾਨਦਾਰ ਨਮੂਨੇ ਪੇਸ਼ ਕੀਤੇ।

ਜਦੋਂ ਮਾਰਕਸ ਅਤੇ ਏਂਗਲਜ਼ ਨੇ ਵਸਤੂਆਂ ਅੰਦਰ ਵਿਰੋਧਤਾਈ ਦੇ ਨਿਯਮ ਨੂੰ ਸਮਾਜੀ-ਇਤਿਹਾਸਕ ਪ੍ਰਕਿਰਿਆ ਦਾ ਅਧਿਐਨ ਕਰਨ ਲਈ ਲਾਗੂ ਕੀਤਾ ਤਾਂ ਉਹਨਾਂ ਨੇ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਰਿਸ਼ਤਿਆਂ ਵਿਚਕਾਰ ਵਿਰੋਧਤਾਈ ਦੀ ਖੋਜ ਕੀਤੀ, ਉਹਨਾਂ ਨੇ ਲੁਟੇਰੀਆਂ ਅਤੇ ਲੁੱਟੀਂਦੀਆਂ ਜਮਾਤਾਂ ਵਿਚਕਾਰ ਵਿਰੋਧਤਾਈ ਦੀ ਖੋਜ ਕੀਤੀ ਅਤੇ ਇਸਦੇ ਸਿੱਟੇ ਵਜੋਂ ਹੀ ਆਰਥਿਕ ਆਧਾਰ ਅਤੇ ਇਸ ਦੇ ਉੱਚ ਉਸਾਰ (ਸਿਆਸਤ, ਵਿਚਾਰਧਾਰਾ ਆਦਿ) ਵਿਚਕਾਰ ਵਿਰੋਧਤਾਈ ਦੀ ਵੀ ਖੋਜ ਕੀਤੀ ਅਤੇ ਉਹਨਾਂ ਨੇ ਖੋਜ ਕੀਤੀ ਕਿ ਕਿਵੇਂ ਇਹਨਾਂ ਵਿਰੋਧਤਾਈਆਂ ਕਰਕੇ ਅਟੱਲ ਤੌਰ 'ਤੇ ਵੱਖ-ਵੱਖ ਕਿਸਮ ਦੇ ਸਮਾਜਾਂ ਅੰਦਰ ਵੱਖਰੀ-ਵੱਖਰੀ ਵੰਨਗੀ ਦੇ ਸਮਾਜਿਕ ਇਨਕਲਾਬ ਹੁੰਦੇ ਹਨ।

ਜਦੋਂ ਮਾਰਕਸ ਨੇ ਪੂੰਜੀਵਾਦੀ ਸਮਾਜ ਦੇ ਆਰਥਿਕ ਢਾਂਚੇ ਦਾ ਅਧਿਐਨ ਕਰਨ ਲਈ ਇਸ ਨਿਯਮ ਦੀ ਵਰਤੋਂ ਕੀਤੀ ਤਾਂ ਉਸਨੇ ਭੇਦ ਖੋਲਿਆ ਕਿ ਇਸ ਸਮਾਜ ਦੀ ਬੁਨਿਆਦੀ ਵਿਰੋਧਤਾਈ ਪੈਦਾਵਾਰ ਦੇ ਸਮਾਜਿਕ ਖਾਸੇ ਅਤੇ ਮਾਲਕੀ ਦੇ ਨਿੱਜੀ ਖਾਸੇ ਵਿਚਕਾਰ ਵਿਰੋਧਤਾਈ ਹੈ। ਇਹ ਵਿਰੋਧਤਾਈ ਖੁਦ ਵਿਅਕਤੀਗਤ ਸੱਨਅਤਾਂ ਅੰਦਰ ਪੈਦਾਵਾਰ ਦੇ ਜੱਥੇਬੰਦ ਖਾਸੇ ਅਤੇ ਸਮੁੱਚੇ ਸਮਾਜ ਅੰਦਰ ਪੈਦਾਵਾਰ ਦੀ ਅਰਾਜਕਤਾ ਵਾਲੇ ਖਾਸੇ ਵਿਚਕਾਰ ਵਿਰੋਧਤਾਈ ਵਿੱਚ ਪ੍ਰਗਟ ਹੁੰਦੀ ਹੈ। ਜਮਾਤੀ ਰਿਸ਼ਤਿਆਂ ਪੱਖੋਂ, ਇਹ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਕਾਰ ਵਿਰੋਧਤਾਈ ਵਿੱਚ ਹਾਜ਼ਰ ਹੁੰਦੀ ਹੈ।

ਕਿਉਂਕਿ ਵਸਤੂਆਂ ਦਾ ਦਾਇਰਾ ਵਿਸ਼ਾਲ ਹੁੰਦਾ ਹੈ ਅਤੇ ਇਹਨਾਂ ਦੇ ਵਿਕਾਸ ਦੀ ਕੋਈ ਹੱਦ ਨਹੀਂ ਹੁੰਦੀ, ਇਸ ਲਈ , ਜੋ ਇਕ ਪ੍ਰਸੰਗ 'ਚ ਸਰਵ-ਵਿਆਪਕ ਹੈ ਉਹ ਦੂਸਰੇ ਪ੍ਰਸੰਗ 'ਚ ਵਿਸ਼ੇਸ਼ ਬਣ ਜਾਂਦਾ ਹੈ। ਇਸ ਦੇ ਉਲਟ, ਜੋ ਇੱਕ ਪ੍ਰਸੰਗ ਵਿੱਚ ਵਿਸ਼ੇਸ਼ ਹੁੰਦਾ ਹੈ ਉਹ ਦੂਸਰੇ ਪ੍ਰਸੰਗ ਵਿੱਚ ਸਰਵ-ਵਿਆਪਕ ਬਣ ਜਾਂਦਾ ਹੈ। ਪੂੰਜਾਵਾਦੀ ਪ੍ਰਬੰਧ 'ਚ ਪੈਦਾਵਾਰ ਦੇ ਸਮਾਜਿਕ ਖਾਸੇ ਅਤੇ ਪੈਦਾਵਾਰੀ ਸਾਧਨਾਂ ਦੀ ਨਿੱਜੀ ਮਾਲਕੀ ਵਿਚਕਾਰ ਵਿਰੋਧਤਾਈ ਉਹਨਾਂ ਸਾਰਿਆਂ ਮੁਲਕਾਂ ਵਿੱਚ ਸਾਂਝੀ ਹੈ ਜਿਥੇ ਪੂੰਜੀਵਾਦ ਦੀ ਹੋਂਦ ਹੈ ਅਤੇ ਇਹ ਵਿਕਾਸ ਕਰਦਾ ਹੈ। ਜਿਥੋਂ ਤੱਕ ਪੂੰਜੀਵਾਦ

ਦਾ ਸੰਬੰਧ ਹੈ, ਇਹ ਵਿਰੋਧਤਾਈ ਦੀ ਸਰਵ-ਵਿਆਪਕਤਾ ਬਣਦੀ ਹੈ। ਪਰ ਪੂੰਜੀਵਾਦ ਅੰਦਰ ਇਹ ਵਿਰੋਧਤਾਈ ਜਮਾਤੀ ਸਮਾਜ ਦੇ ਆਮ ਵਿਕਾਸ ਅੰਦਰ ਸਿਰਫ ਇੱਕ ਨਿਸ਼ਚਿਤ ਪੜਾਅ ਨਾਲ ਹੀ ਸੰਬੰਧ ਰੱਖਦੀ ਹੈ। ਜਿੱਥੋਂ ਤੱਕ ਸਮੁੱਚੇ ਤੌਰ 'ਤੇ ਜਮਾਤੀ ਸਮਾਜ ਵਿੱਚ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਰਿਸ਼ਤਿਆਂ ਵਿਚਕਾਰ ਵਿਰੋਧਤਾਈ ਦਾ ਸੰਬੰਧ ਹੈ ਇਹ ਵਿਰੋਧਤਾਈ ਦੀ ਵਿਸ਼ੇਸ਼ਤਾ ਬਣਦੀ ਹੈ। ਫੇਰ ਵੀ, ਪੂੰਜੀਵਾਦੀ ਸਮਾਜ ਅੰਦਰ ਇਹਨਾਂ ਸਾਰੀਆਂ ਵਿਰੋਧਤਾਈਆਂ ਦੀ ਵਿਸ਼ੇਸ਼ਤਾ ਦੀ ਚੀਰ-ਫਾੜ ਕਰਦੇ ਹੋਏ, ਮਾਰਕਸ ਨੇ ਜਮਾਤੀ ਸਮਾਜ ਅੰਦਰ ਆਮ ਰੂਪ 'ਚ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਰਿਸ਼ਤਿਆਂ ਦਰਮਿਆਨ ਵਿਰੋਧਤਾਈ ਦੀ ਸਰਵ-ਵਿਆਪਕਤਾ ਦੀ ਹੋਰ ਵੀ ਵੱਧ ਡੂੰਘੀ, ਹੋਰ ਭਰਵੀਂ ਅਤੇ ਹੋਰ ਮੁਕੰਮਲ ਵਿਆਖਿਆ ਦਿੱਤੀ ਹੈ।

ਕਿਉਂਕਿ ਵਿਸ਼ੇਸ਼, ਸਰਵ-ਵਿਆਪਕ ਨਾਲ ਹੀ ਜੁੜਿਆ ਹੁੰਦਾ ਹੈ ਅਤੇ ਵਿਰੋਧਤਾਈ ਦੀ ਸਰਵ-ਵਿਆਪਕਤਾ ਅਤੇ ਵਿਸ਼ੇਸ਼ਤਾ ਹਰ ਵਸਤੂ ਦੇ ਵਜੂਦ 'ਚ ਹੀ ਹੁੰਦੀ ਹੈ, ਸਰਵ ਵਿਆਪਕਤਾ ਵਿਸ਼ੇਸ਼ਤਾ 'ਚ ਵਧਦੀ ਹੈ, ਇਸ ਲਈ ਜਦੋਂ ਅਸੀਂ ਕਿਸੇ ਵਸਤੂ ਦਾ ਅਧਿਐਨ ਕਰਦੇ ਹਾਂ ਸਾਨੂੰ ਦੋਵਾਂ ਵਿਸ਼ੇਸ਼ ਅਤੇ ਸਰਵ ਵਿਆਪਕ ਦੀ ਅਤੇ ਇਨ੍ਹਾਂ ਦੇ ਅੰਤਰ-ਸੰਬੰਧਾਂ ਦੀ ਖੋਜ ਕਰਨ ਦੀ, ਵਸਤੂ ਦੇ ਅੰਦਰ ਦੀ ਵਿਸ਼ੇਸ਼ਤਾ ਅਤੇ ਸਰਵ-ਵਿਆਪਕਤਾ ਦੀ ਅਤੇ ਇਹਨਾਂ ਦੇ ਅੰਤਰ-ਸੰਬੰਧਾਂ ਦੀ ਵੀ ਖੋਜ ਕਰਨ ਦੀ ਅਤੇ ਇਸ ਵਸਤੂ ਦੇ ਬਾਹਰਲੀਆਂ ਬਹੁਤ ਸਾਰੀਆਂ ਵਸਤੂਆਂ ਨਾਲ ਸੰਬੰਧਾਂ ਦੀ ਖੋਜ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਸਟਾਲਿਨ ਨੇ ਆਪਣੀ ਮਸ਼ਹੂਰ ਕਿਰਤ **ਲੈਨਿਨਵਾਦ ਦੀਆਂ ਨੀਹਾਂ** ਵਿੱਚ ਲੈਨਿਨਵਾਦ ਦੀਆਂ ਇਤਿਹਾਸਕ ਜੜ੍ਹਾਂ ਦੀ ਵਿਆਖਿਆ ਕੀਤੀ ਸੀ ਤਾਂ ਉਸਨੇ ਉਸ ਕੌਮਾਂਤਰੀ ਹਾਲਤ ਦਾ ਵਿਸ਼ਲੇਸ਼ਣ ਕੀਤਾ ਸੀ ਜਿਸ ਵਿਚੋਂ ਲੈਨਿਨਵਾਦ ਪੈਦਾ ਹੋਇਆ, ਪੂੰਜੀਵਾਦ ਦੀਆਂ ਉਹਨਾਂ ਵਿਰੋਧਤਾਈਆਂ ਦਾ ਵਿਸ਼ੇਲਸ਼ਣ ਕੀਤਾ ਜਿਹੜੀਆਂ ਸਾਮਰਾਜਵਾਦ ਅਧੀਨ ਸਿਖਰ 'ਤੇ ਪੁੱਜ ਗਈਆਂ ਸਨ ਅਤੇ ਦਰਸਾਇਆ ਕਿ ਕਿਵੇਂ ਇਹਨਾਂ ਵਿਰੋਧਤਾਈਆਂ ਨੇ ਪ੍ਰੋਲੇਤਾਰੀ ਇਨਕਲਾਬ ਨੂੰ ਫੌਰੀ ਕਾਰਵਾਈ ਦਾ ਮਸਲਾ ਬਣਾ ਦਿੱਤਾ ਹੈ ਅਤੇ ਪੂੰਜੀਵਾਦ ਉਤੇ ਸਿੱਧਾ ਹਮਲਾ ਕਰਨ ਲਈ ਸਾਜਗਰ ਹਾਲਤਾਂ ਸਿਰਜੀਆਂ ਹਨ। ਹੋਰ ਅੱਗੇ, ਉਸਨੇ ਉਹਨਾਂ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਜਿਸ ਕਰਕੇ ਰੂਸ ਲੈਨਿਨਵਾਦ ਦਾ ਪੰਘੂੜਾ ਬਣਿਆ, ਜਿਸ ਕਰਕੇ ਰੂਸ ਸਾਮਰਾਜਵਾਦ ਦੀਆਂ ਸਾਰੀਆਂ ਵਿਰੋਧਤਾਈਆਂ ਦਾ ਕੇਂਦਰ ਬਿੰਦੂ ਬਣਿਆ ਅਤੇ ਜਿਸ ਕਰਕੇ ਰੂਸੀ ਪ੍ਰੋਲੇਤਾਰੀ ਲਈ ਕੌਮਾਂਤਰੀ ਇਨਕਲਾਬੀ ਪ੍ਰੋਲੇਤਾਰੀ ਦਾ ਆਗੂ ਦਸਤਾ ਬਣਨਾ ਸੰਭਵ ਹੋਇਆ। ਇਸ ਤਰ੍ਹਾਂ ਲੈਨਿਨਵਾਦ ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਯੁੱਗ ਦਾ ਮਾਰਕਸਵਾਦ ਹੈ, ਇਸ ਨੂੰ ਦਰਸਾਉਂਦੇ ਹੋਏ, ਸਟਾਲਿਨ ਨੇ ਸਾਮਰਾਜਵਾਦ ਅੰਦਰ ਵਿਰੋਧਤਾਈ ਦੀ ਸਰਵ-ਵਿਆਪਕਤਾ ਦਾ ਵਿਸ਼ਲੇਸ਼ਣ ਕੀਤਾ। ਨਾਲ ਹੀ, ਇਸ ਆਮ ਵਿਰੋਧਤਾਈ ਦੇ ਅੰਦਰ ਜਾਰਸ਼ਾਹੀ ਰੂਸੀ ਸਾਮਰਾਜਵਾਦ ਦੀ ਵਿਸ਼ੇਸ਼ਤਾ ਦਾ ਵਿਸ਼ਲੇਸ਼ਣ ਕੀਤਾ ਅਤੇ ਦਰਸਾਇਆ ਕਿ ਰੂਸ ਪ੍ਰੋਲੇਤਾਰੀ ਇਨਕਲਾਬ ਦੇ ਸਿਧਾਂਤ ਅਤੇ ਦਾਅਪੇਚਾਂ ਦੀ ਜੰਮਣ-ਭੋਂਇ ਕਿਵੇਂ ਬਣਿਆ, ਦਰਸਾਇਆ ਕਿ ਵਿਰੋਧਤਾਈ ਦੀ ਸਰਵ-ਵਿਆਪਕਤਾ ਇਸ ਵਿਸ਼ਲੇਸ਼ਣ ਵਿੱਚ ਕਿਵੇਂ ਸਮੋਈ ਹੋਈ ਹੈ। ਵਿਰੋਧਤਾਈ ਦੀ ਵਿਸ਼ੇਸ਼ਤਾ ਅਤੇ ਸਰਵ-ਵਿਆਪਕਤਾ ਅਤੇ ਇਹਨਾਂ ਦੇ ਅੰਤਰ-ਸੰਬੰਧਾਂ ਨੂੰ ਗ੍ਰਹਿਣ ਕਰਨ ਲਈ ਸਟਾਲਿਨ ਦਾ ਵਿਸ਼ਲੇਸ਼ਣ ਸਾਨੂੰ ਨਮੂਨਾ ਪੇਸ਼ ਕਰਦਾ ਹੈ।

ਬਾਹਰਮੁਖੀ ਵਰਤਾਰਿਆਂ ਦਾ ਅਧਿਐਨ ਕਰਨ ਲਈ ਵਿਰੋਧ-ਵਿਕਾਸ ਦੀ ਵਰਤੋਂ

ਕਰਨ ਦੇ ਸਵਾਲ ਬਾਰੇ ਮਾਰਕਸ ਅਤੇ ਏਂਗਲਜ਼ ਅਤੇ ਇਸੇ ਤਰ੍ਹਾਂ ਲੈਨਿਨ ਅਤੇ ਸਟਾਲਿਨ ਲੋਕਾਂ ਨੂੰ ਕਿਸੇ ਤਰ੍ਹਾਂ ਵੀ ਅੰਤਰਮੁੱਖੀ ਨਾ ਹੋਣ ਅਤੇ ਮਨਮਰਜੀ ਨਾ ਕਰਨ ਦੀ ਸਿਫਾਰਸ਼ ਕਰਦੇ ਹਨ ਸਗੋਂ ਇਹਨਾਂ ਵਰਤਾਰਿਆਂ ਦੀ ਹਕੀਕੀ ਬਾਹਰਮੁੱਖੀ ਗਤੀ ਅੰਦਰ ਠੋਸ ਹਾਲਤਾਂ 'ਚੋਂ ਇਹਨਾਂ ਦੀਆਂ ਠੋਸ ਵਿਰੋਧਤਾਈਆਂ ਦੀ ਖੋਜ ਕਰਨ ਲਈ ਹਰੇਕ ਵਿਰੋਧਤਾਈ ਦੇ ਹਰ ਇੱਕ ਪੱਖ ਦੀ ਠੋਸ ਹਾਲਤ ਦੀ ਖੋਜ ਕਰਨ ਲਈ ਅਤੇ ਵਿਰੋਧਤਾਈਆਂ ਦੇ ਠੋਸ ਅੰਤਰ-ਸੰਬੰਧਾਂ ਦੀ ਖੋਜ ਕਰਨ ਲਈ ਕਹਿੰਦੇ ਹਨ। ਅਧਿਐਨ ਕਰਨ ਲਈ ਸਾਡੇ ਕੱਟੜਪੰਥੀਆਂ ਦਾ ਇਹ ਰਵੱਈਆ ਨਹੀਂ ਹੈ ਅਤੇ ਇਸ ਲਈ ਇਹ ਕੋਈ ਦਰੁਸਤ ਹੱਲ ਨਹੀਂ ਲੱਭ ਸਕਦੇ। ਸਾਨੂੰ ਇਹਨਾਂ ਦੀ ਨਾਕਾਮੀ ਤੋਂ ਸੁਚੇਤ ਹੋਣਾ ਚਾਹੀਦਾ ਹੈ ਅਤੇ ਇਸ ਰਵੱਈਏ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਜਿਹੜਾ ਅਧਿਐਨ ਕਰਨ ਲਈ ਇਕੋ ਇੱਕ ਸਹੀ ਰਵਈਆ ਹੈ।

ਵਿਰੋਧਤਾਈ ਦੀ ਸਰਵ-ਵਿਆਪਕਤਾ ਅਤੇ ਵਿਸ਼ੇਸ਼ਤਾ ਵਿਚਕਾਰ ਰਿਸ਼ਤਾ ਵਿਰੋਧਤਾਈ ਦੇ ਆਮ ਖਾਸੇ ਅਤੇ ਵਿਅਕਤੀਗਤ ਖਾਸੇ ਵਿਚਕਾਰ ਰਿਸ਼ਤਾ ਹੈ। ਪਹਿਲੇ ਤੋਂ ਸਾਡਾ ਅਰਥ ਹੈ ਕਿ ਵਿਰੋਧਤਾਈ ਸਾਰੀਆਂ ਪ੍ਰਕਿਰਿਆਵਾਂ ਵਿੱਚ ਮੌਜੂਦ ਹੁੰਦੀ ਹੈ ਅਤੇ ਇਹ ਸ਼ੁਰੂ ਤੋਂ ਅੰਤ ਤੱਕ ਮੌਜੂਦ ਰਹਿੰਦੀ ਹੈ। ਗਤੀ, ਵਸਤਾਂ, ਪ੍ਰਕਿਰਿਆਵਾਂ, ਸੋਚਣੀ ਇਹ ਸਾਰੀਆਂ ਵਿਰੋਧਤਾਈਆਂ ਹਨ : ਵਿਰੋਧਤਾਈ ਤੋਂ ਮੁਨਕਰ ਹੋਣਾ, ਸਭ ਕਾਸੇ ਤੋਂ ਮੁਨਕਰ ਹੋਣਾ ਹੈ। ਇਹ ਸਾਰੇ ਸਮਿਆਂ ਅਤੇ ਸਾਰੇ ਮੁਲਕਾਂ ਲਈ ਸਰਵ-ਵਿਆਪਕ ਸੱਚਾਈ ਹੈ, ਜੋ ਕੋਈ ਵੀ ਛੋਟ ਨਹੀਂ ਦਿੰਦੀ। ਇਸ ਲਈ, ਵਿਰੋਧਤਾਈ ਦਾ ਆਮ ਅਤੇ ਨਿਰਪੇਖ ਖਾਸਾ ਬਣਦਾ ਹੈ। ਇਹ ਆਮ ਖਾਸਾ ਹਰੇਕ ਵਿਅਕਤੀਗਤ ਖਾਸੇ ਵਿੱਚ ਸਮੋਇਆ ਹੁੰਦਾ ਹੈ। ਵਿਅਕਤੀਗਤ ਖਾਸੇ ਤੋਂ ਬਿਨਾਂ, ਕੋਈ ਆਮ ਖਾਸਾ ਨਹੀਂ ਹੋ ਸਕਦਾ। ਜੇ ਸਾਰੇ ਵਿਅਕਤੀਗਤ ਖਾਸਿਆਂ ਨੂੰ ਪਾਸੇ ਕਰ ਦੇਈਏ ਤਾਂ ਕਿਹੜਾ ਆਮ ਖਾਸਾ ਬਚੇਗਾ ? ਇਹ ਇਸ ਕਰਕੇ ਹੈ ਕਿ ਹਰ ਇੱਕ ਵਿਰੋਧਤਾਈ ਵਿਸ਼ੇਸ਼ ਵਿਰੋਧਤਾਈ ਹੈ ਜਿਸ 'ਚੋਂ ਵਿਅਕਤੀਗਤ ਖਾਸਾ ਪੈਦਾ ਹੁੰਦਾ ਹੈ। ਸਾਰੇ ਵਿਅਕਤੀਗਤ ਖਾਸਿਆਂ ਦੀ ਹੋਂਦ ਸ਼ਰਤੀਆ ਹੈ ਅਤੇ ਵਕਤੀ ਹੈ ਅਤੇ ਸਿੱਟੇ ਵਜੋਂ ਸਾਪੇਖਕ ਹੈ।

ਆਮ ਅਤੇ ਵਿਅਕਤੀਗਤ ਖਾਸੇ ਬਾਰੇ, ਨਿਰਪੇਖ ਅਤੇ ਸਾਪੇਖ ਬਾਰੇ ਇਹ ਸੱਚਾਈ ਵਸਤੂਆਂ ਅੰਦਰ ਵਿਰੋਧਤਾਈ ਦੀ ਸਮੱਸਿਆ ਦਾ ਸਾਰ-ਤੱਤ ਹੈ। ਇਸ ਨੂੰ ਸਮਝਣ 'ਚ ਨਕਾਮੀ ਦਵੰਦਵਾਦ ਨੂੰ ਛੱਡਣ ਦੇ ਤੁੱਲ ਹੈ।

## 4. ਮੁੱਖ ਵਿਰੋਧਤਾਈ ਅਤੇ ਵਿਰੋਧਤਾਈ ਦਾ ਮੁੱਖ ਪੱਖ

ਵਿਰੋਧਤਾਈ ਦੀ ਵਿਸ਼ੇਸ਼ਤਾ ਦੀ ਸਮੱਸਿਆ ਅੰਦਰ ਅਜੇ ਦੋ ਹੋਰ ਨੁਕਤੇ ਹਨ ਜਿਨ੍ਹਾਂ ਦਾ ਅਲਹਿਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਜਾਨਿ ਕਿ ਮੁੱਖ ਵਿਰੋਧਤਾਈ ਅਤੇ ਵਿਰੋਧਤਾਈ ਦਾ ਮੁੱਖ ਪੱਖ।

ਕਿਸੇ ਗੁੰਝਲਦਾਰ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਕਈ ਸਾਰੀਆਂ ਵਿਰੋਧਤਾਈਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਵਿਚੋਂ ਲਾਜ਼ਮੀ ਹੀ ਇੱਕ ਮੁੱਖ ਵਿਰੋਧਤਾਈ ਹੁੰਦੀ ਹੈ, ਜਿਸ ਦੀ ਹੋਂਦ ਅਤੇ ਵਿਕਾਸ ਦੂਸਰੀਆਂ ਵਿਰੋਧਤਾਈਆਂ ਦੀ ਹੋਂਦ ਅਤੇ ਵਿਕਾਸ ਨੂੰ ਤਹਿ ਕਰਦਾ ਹੈ ਜਾਂ ਪ੍ਰਭਾਵਿਤ ਕਰਦਾ ਹੈ।

ਉਦਾਹਰਣ ਲਈ, ਪੂੰਜੀਵਾਦੀ ਸਮਾਜ ਅੰਦਰ ਵਿਰੋਧਤਾਈ ਦੀਆਂ ਦੋ ਸ਼ਕਤੀਆਂ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ, ਮੁੱਖ ਵਿਰੋਧਤਾਈ ਬਣਦੀਆਂ ਹਨ। ਦੂਸਰੀਆਂ ਵਿਰੋਧਤਾਈਆਂ, ਜਿਵੇਂ ਜਗੀਰੂ ਜਮਾਤ ਦੀ ਰਹਿੰਦ ਖੂੰਹਦ ਅਤੇ ਬੁਰਜੂਆਜ਼ੀ ਵਿਚਕਾਰ, ਕਿਸਾਨ ਨੀਮ-ਬੁਰਜੂਆਜ਼ੀ ਅਤੇ ਬੁਰਜੂਆਜ਼ੀ ਵਿਚਕਾਰ, ਪ੍ਰੋਲੇਤਾਰੀ ਅਤੇ ਕਿਸਾਨ ਨੀਮ-ਬੁਰਜੂਆਜ਼ੀ ਵਿਚਕਾਰ, ਗੈਰ-ਅਜਾਰੇਦਾਰ ਪੂੰਜੀਵਾਦੀਆਂ ਅਤੇ ਅਜਾਰੇਦਾਰ ਪੂੰਜੀਵਾਦੀਆਂ ਵਿਚਕਾਰ, ਬੁਰਜੂਆ ਜਮਹੂਰੀਅਤ ਅਤੇ ਬੁਰਜੂਆ ਫਾਸ਼ੀਵਾਦੀ ਪੂੰਜੀਵਾਦੀ ਮੁਲਕਾਂ ਵਿਚਕਾਰ, ਸਾਮਰਾਜਵਾਦ ਅਤੇ ਬਸਤੀਆਂ ਵਿਚਕਾਰ ਵਿਰੋਧਤਾਈਆਂ, ਸਾਰੀਆਂ ਹੀ ਇਸ ਮੁੱਖ ਵਿਰੋਧਤਾਈ ਰਾਹੀਂ ਤਹਿ ਜਾਂ ਪ੍ਰਭਾਵਿਤ ਹੁੰਦੀਆਂ ਹਨ।

ਚੀਨ ਜਿਹੇ ਅਰਧ-ਬਸਤੀਵਾਦੀ ਦੇਸ਼ ਅੰਦਰ, ਮੁੱਖ ਵਿਰੋਧਤਾਈ ਅਤੇ ਗੈਰ-ਮੁੱਖ ਵਿਰੋਧਤਾਈ ਵਿਚਕਾਰ ਰਿਸ਼ਤਾ ਗੁੰਝਲਦਾਰ ਤਸਵੀਰ ਪੇਸ਼ ਕਰਦਾ ਹੈ।

ਜਦੋਂ ਸਾਮਰਾਜਵਾਦ ਅਜੇਹੇ ਮੁਲਕ ਖਿਲਾਫ਼ ਹਮਲਾਵਰ ਜੰਗ ਛੇੜਦਾ ਹੈ ਤਾਂ ਕੁੱਝ ਗਦਾਰਾਂ ਨੂੰ ਛੱਡ ਕੇ, ਇਸ ਦੇਸ਼ ਦੀਆਂ ਸਾਰੀਆਂ ਜਮਾਤਾਂ ਸਾਮਰਾਜਵਾਦ ਖਿਲਾਫ ਕੌਮੀ ਜੰਗ ਅੰਦਰ ਵਕਤੀ ਤੌਰ 'ਤੇ ਇੱਕ ਮੁੱਠ ਹੋ ਸਕਦੀਆਂ ਹਨ। ਅਜੇਹੇ ਮੌਕੇ, ਸਾਮਰਾਜਵਾਦ ਅਤੇ ਸੰਬੰਧਤ ਮੁਲਕ ਵਿਚਕਾਰ ਵਿਰੋਧਤਾਈ ਮੁੱਖ ਵਿਰੋਧਤਾਈ ਬਣ ਜਾਂਦੀ ਹੈ ਜਦੋਂ ਕਿ ਮੁਲਕ ਅੰਦਰ ਵੱਖੋ-ਵੱਖ ਜਮਾਤਾਂ ਦਰਮਿਆਨ ਸਾਰੀਆਂ ਵਿਰੋਧਤਾਈਆਂ ( ਸਮੇਤ ਜਗੀਰਦਾਰੀ ਢਾਂਚੇ ਅਤੇ ਵਿਸ਼ਾਲ ਜਨਤਾ ਦਰਮਿਆਨ ਮੁੱਖ ਵਿਰੋਧਤਾਈ ਦੇ) ਵਕਤੀ ਤੌਰ 'ਤੇ ਦੂਸਰੀ ਅਤੇ ਮਤਾਹਿਤ ਹਾਲਤ ਵਿੱਚ ਧੱਕੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੀ ਚੀਨ ਅੰਦਰ 1840 ਦੀ ਅਫੀਮੀ ਜੰਗ ਸਮੇਂ, 1894 ਦੀ ਚੀਨੀ-ਜਪਾਨੀ ਜੰਗ ਸਮੇਂ 1900 ਦੀ ਯੀ-ਹੋ-ਤੁਆਨ ਜੰਗ ਸਮੇਂ ਵਾਪਰਿਆ ਸੀ ਅਤੇ ਇਸੇ ਤਰ੍ਹਾਂ ਮੌਜੂਦਾ ਚੀਨੀ ਜਪਾਨੀ ਜੰਗ ਸਮੇਂ ਵਾਪਰਿਆ ਹੈ।

ਪਰ ਕਿਸੇ ਹੋਰ ਹਾਲਤ ਵਿੱਚ ਵਿਰੋਧਤਾਈਆਂ ਪੁਜੀਸ਼ਨ ਬਦਲ ਜਾਂਦੀਆਂ ਹਨ। ਜਦੋਂ ਸਾਮਰਾਜਵਾਦ ਲੋਕਾਂ ਨੂੰ ਜੰਗ ਰਾਹੀਂ ਨਹੀਂ, ਸਗੋਂ ਨਰਮ ਸਾਧਨਾਂ—ਸਿਆਸੀ ਆਰਥਿਕ ਅਤੇ ਸਭਿਆਚਾਰਕ-ਰਾਹੀਂ ਦਬਾਉਂਦਾ ਹੈ ਅਤੇ ਬਸਤੀਵਾਦ ਮੁਲਕਾਂ ਦੀਆਂ ਹਾਕਮ ਜਮਾਤਾਂ ਸਾਮਰਾਜਵਾਦ ਮੂਹਰੇ ਗੋਡੇ ਟੇਕ ਦਿੰਦੀਆਂ ਹਨ ਅਤੇ ਦੋਵੇਂ ਲੋਕਾਂ ਨੂੰ ਸਾਂਝੇ ਰੂਪ ਵਿਚ ਦਬਾਉਣ ਲਈ ਗੱਠਜੋੜ ਕਾਇਮ ਕਰਦੇ ਹਨ। ਅਜਿਹੇ ਸਮੇਂ ਜਨਤਾ ਸਾਮਰਾਜਵਾਦ ਅਤੇ ਜਗੀਰੂ ਜਮਾਤਾਂ ਖਿਲਾਫ ਘਰੇਲੂ ਜੰਗ ਲੜਦੀ ਹੈ। ਜਦੋਂ ਸਾਮਰਾਜਵਾਦ ਅਕਸਰ ਅਰਧ-ਬਸਤੀਵਾਦੀ ਮੁਲਕਾਂ ਅੰਦਰ ਲੋਕਾਂ ਨੂੰ ਦਬਾਉਣ-ਕੁਚਲਣ ਲਈ ਸਿੱਧੀ ਕਾਰਵਾਈ ਦੀ ਥਾਂ ਅਜਿਹੇ ਢੰਗ ਨਾਲ ਪਿਛਾਖੜੀਆਂ ਦੀ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਅੰਦਰੂਨੀ ਵਿਰੋਧਤਾਈਆਂ ਵਿਸ਼ੇਸ਼ ਕਰਕੇ ਤਿੱਖੀਆਂ ਹੋ ਜਾਂਦੀਆਂ ਹਨ। ਅਜੇਹਾ 1911 ਦੀ ਇਨਕਲਾਬੀ ਜੰਗ ਸਮੇਂ, 1924-27 ਦੀ ਇਨਕਲਾਬੀ ਜੰਗ ਸਮੇਂ ਅਤੇ 1927 ਤੋਂ ਪਿੱਛੋਂ ਦਸ-ਸਾਲਾ ਜਰੱਈ ਇਨਕਲਾਬੀ ਜੰਗ ਸਮੇਂ ਚੀਨ ਵਿੱਚ ਵਾਪਰਿਆ ਹੈ। ਅਰਧ-ਬਸਤੀਵਾਦੀ ਮੁਲਕਾਂ ਅੰਦਰ ਵੱਖੋ-ਵੱਖ ਪਿਛਾਖੜੀ ਹਾਕਮ ਗਰੁੱਪਾਂ ਦਰਮਿਆਨ ਜੰਗਾਂ, ਉਦਾਹਰਣ ਲਈ, ਚੀਨ ਅੰਦਰ ਯੁੱਧ-ਸਰਦਾਰਾਂ ਦਰਮਿਆਨ ਜੰਗਾਂ ਇਸੇ ਵੰਨਗੀਆਂ ਦੀਆਂ ਜੰਗਾਂ ਹਨ।

ਜਦੋਂ ਇਨਕਲਾਬੀ ਘਰੇਲੂ ਜੰਗ ਸਾਮਰਾਜਵਾਦ ਅਤੇ ਇਸ ਦੇ ਪਾਲਤੂ ਕੁੱਤਿਆਂ ਦੀ

ਹੋਂਦ ਨੂੰ ਹੀ ਖਤਰਾ ਬਣਨ ਦੇ ਨੁਕਤੇ ਤੱਕ ਵਿਕਸਤ ਹੋ ਜਾਂਦੀ ਹੈ ਤਾਂ ਘਰੇਲੂ ਪਿਛਾਖੜੀ ਤੇ ਸਾਮਰਾਜਵਾਦ ਅਕਸਰ ਆਪਣਾ ਰਾਜ ਬਰਕਰਾਰ ਰੱਖਣ ਲਈ ਦੂਸਰੇ ਢੰਗ ਅਪਨਾਉਂਦਾ ਹੈ। ਇਹ ਜਾਂ ਤਾਂ ਇਨਕਲਾਬੀ ਮੋਰਚੇ ਨੂੰ ਅੰਦਰੋਂ ਭੰਨਦਾ ਹੈ ਜਾਂ ਘਰੇਲੂ ਪਿਛਾਖੜੀਆਂ ਦੀ ਮਦਦ ਲਈ ਸਿੱਧੀਆਂ ਹਥਿਆਰਬੰਦ ਸ਼ਕਤੀਆਂ ਭੇਜਦਾ ਹੈ। ਅਜੇਹੇ ਮੌਕੇ, ਵਿਦੇਸ਼ੀ ਸਾਮਰਾਜਵਾਦ ਅਤੇ ਘਰੇਲੂ ਪਿਛਾਖੜੀ ਬਿਲਕੁਲ ਸ਼ਰੇਆਮ ਇੱਕ ਸਿਰੇ ਤੇ ਖੜ੍ਹੇ ਹੁੰਦੇ ਹਨ ਜਦੋਂ ਜਨਤਾ ਦੂਜੇ ਸਿਰੇ ਤੇ ਖੜ੍ਹੀ ਹੁੰਦੀ ਹੈ ਅਤੇ ਇਸ ਤਰ੍ਹਾਂ ਮੁੱਖ ਵਿਰੋਧਤਾਈ ਬਣਦੀ ਹੈ ਜਿਹੜੀਆਂ ਦੂਜੀਆਂ ਵਿਰੋਧਤਾਈਆਂ ਦੇ ਵਿਕਾਸ ਨੂੰ ਤੈਅ ਜਾਂ ਪ੍ਰਭਾਵਿਤ ਕਰਦੀ ਹੈ ਅਕਤੂਬਰ ਇਨਕਲਾਬ ਤੋਂ ਪਿੱਛੋਂ ਰੂਸੀ ਪਿਛਾਖੜੀਆਂ ਨੂੰ ਵੱਖੋ ਵੱਖ ਪੂੰਜੀਵਾਦੀ ਮੁਲਕਾਂ ਵਲੋਂ ਦਿੱਤੀ ਸਹਾਇਤਾ ਹਥਿਆਰਬੰਦ ਦਖਲਅੰਦਾਜ਼ੀ ਦੀ ਉਦਾਹਰਣ ਹੈ। 1927 ਵਿੱਚ ਚਿਆਂਗ-ਕਾਈ-ਸ਼ੇਕ ਦੀ ਗਦਾਰੀ ਇਨਕਲਾਬੀ ਮੋਰਚੇ 'ਚ ਫੁੱਟ ਪਾਉਣ ਦੀ ਉਦਾਹਰਣ ਹੈ।

ਭਾਵੇਂ ਕੁੱਝ ਵੀ ਵਾਪਰਦਾ ਹੈ, ਇਸ ਵਿੱਚ ਬਿਲਕੁਲ ਹੀ ਕੋਈ ਸ਼ੱਕ ਨਹੀਂ ਕਿ ਪ੍ਰਕਿਰਿਆ ਦੇ ਵਿਕਾਸ ਅੰਦਰ ਹਰੇਕ ਪੜਾਅ ਤੇ ਸਿਰਫ ਇੱਕ ਹੀ ਮੁੱਖ ਵਿਰੋਧਤਾਈ ਹੁੰਦੀ ਹੈ ਜੋ ਆਗੂ ਰੋਲ ਅਦਾ ਕਰਦੀ ਹੈ।

ਇਸ ਲਈ, ਜੇ ਕਿਸੇ ਪ੍ਰਕਿਰਿਆ ਅੰਦਰ ਕਾਫੀ ਸਾਰੀਆਂ ਵਿਰੋਧਤਾਈਆਂ ਹਨ ਤਾਂ ਇਨ੍ਹਾਂ ਵਿੱਚੋਂ ਇੱਕ ਵਿਰੋਧਤਾਈ ਜ਼ਰੂਰ ਹੀ ਆਗੂ ਅਤੇ ਫ਼ੈਸਲਾਕੁਨ ਰੋਲ ਨਿਭਾਉਂਦੀ ਮੁੱਖ ਵਿਰੋਧਤਾਈ ਹੋਵੇਗੀ ਜਦੋਂ ਕਿ ਦੂਸਰੀਆਂ ਦੀ ਦੋਮ ਦਰਜੇ ਦੀ ਅਤੇ ਮਾਤਹਿਤ ਹੈਸੀਅਤ ਹੋਵੇਗੀ। ਇਸ ਲਈ, ਕਿਸੇ ਵੀ ਗੁੰਝਲਦਾਰ ਪ੍ਰਕਿਰਿਆ ਦਾ ਅਧਿਐਨ ਕਰਨ ਸਮੇਂ, ਜਿਸ ਵਿੱਚ ਦੋ ਜਾਂ ਵੱਧ ਵਿਰੋਧਤਾਈਆਂ ਹਨ, ਸਾਨੂੰ ਇਸ ਦੀ ਮੁੱਖ ਵਿਰੋਧਤਾਈ ਲੱਭਣ ਲਈ ਹਰ ਕੋਸ਼ਿਸ਼ ਜੁਟਾਉਣੀ ਚਾਹੀਦੀ ਹੈ। ਇੱਕ ਵਾਰੀ ਜਦੋਂ ਇਹ ਮੁੱਖ ਵਿਰੋਧਤਾਈ ਗ੍ਰਹਿਣ ਕਰ ਲਈ ਜਾਂਦੀ ਹੈ ਤਾਂ ਸਾਰੀਆਂ ਸਮੱਸਿਆਵਾਂ ਸਹਿਜੇ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ। ਇਹ ਢੰਗ ਸਾਨੂੰ ਮਾਰਕਸ ਨੇ ਆਪਣੇ ਪੂੰਜੀਵਾਦੀ ਸਮਾਜ ਦੇ ਅਧਿਐਨ 'ਚ ਸਿਖਾਇਆ ਹੈ। ਜਦੋਂ ਲੈਨਿਨ ਅਤੇ ਸਟਾਲਿਨ ਨੇ ਸਾਮਰਾਜਵਾਦ ਅਤੇ ਪੂੰਜੀਵਾਦ ਦੇ ਆਮ ਸੰਕਟ ਦਾ ਅਧਿਐਨ ਕੀਤਾ ਅਤੇ ਜਦੋਂ ਉਹਨਾਂ ਨੇ ਸੋਵੀਅਤ ਅਰਥਚਾਰੇ ਦਾ ਅਧਿਐਨ ਕੀਤਾ ਤਾਂ ਉਹਨਾਂ ਨੇ ਵੀ ਸਾਨੂੰ ਇਹੀ ਢੰਗ ਸਿਖਾਇਆ ਹੈ। ਹਜਾਰਾਂ ਹੀ ਵਿਦਵਾਨ ਅਤੇ ਸਰਗਰਮ ਬੰਦੇ ਹਨ ਜੋ ਇਸ ਨੂੰ ਨਹੀਂ ਸਮਝਦੇ ਅਤੇ ਸਿੱਟਾ ਇਹ ਹੈ ਕਿ ਧੁੰਦ 'ਚ ਗੁਆਚੇ ਉਹ ਸਮੱਸਿਆ ਦੀ ਤਹਿ ਤੱਕ ਪਹੁੰਚਣ ਦੇ ਅਯੋਗ ਹਨ ਅਤੇ ਸੁਭਾਵਿਕ ਹੀ ਉਹ ਇਹਨਾਂ ਵਿਰੋਧਤਾਈਆਂ ਨੂੰ ਹੱਲ ਕਰਨ ਦਾ ਢੰਗ ਵੀ ਨਹੀਂ ਲੱਭ ਸਕਦੇ।

ਜਿਵੇਂ ਅਸੀਂ ਕਿਹਾ ਹੈ, ਕਿਸੇ ਪ੍ਰਕਿਰਿਆ ਅੰਦਰ ਸਾਰੀਆਂ ਵਿਰੋਧਤਾਈਆਂ ਨੂੰ ਬਰਾਬਰ ਦੀ ਹੈਸੀਅਤ ਵਾਲੀਆਂ ਨਹੀਂ ਸਮਝਣਾ ਚਾਹੀਦਾ ਸਗੋਂ ਮੁੱਖ ਅਤੇ ਦੋਮ ਦਰਜੇ ਦੀਆਂ ਵਿਰੋਧਤਾਈਆਂ ਵਿੱਚ ਨਿਖੇੜਾ ਕਰਨਾ ਚਾਹੀਦਾ ਹੈ ਅਤੇ ਮੁੱਖ ਨੂੰ ਗ੍ਰਹਿਣ ਕਰਨ ਲਈ ਵਿਸ਼ੇਸ਼ ਤਵੱਜੋਂ ਦੇਣੀ ਚਾਹੀਦੀ ਹੈ। ਪਰ, ਕਿਸੇ ਹਾਸਲ ਵਿਰੋਧਤਾਈ ਵਿੱਚ, ਭਾਵੇਂ ਇਹ ਮੁੱਖ ਹੈ ਜਾਂ ਦੋਮ ਦਰਜੇ ਦੀ ਵਿਰੋਧਤਾਈ ਹੈ, ਕੀ ਸਾਨੂੰ ਦੋ ਵਿਰੋਧੀ ਪੱਖਾਂ ਨੂੰ ਬਰਾਬਰ ਦੇ ਸਮਝਣਾ ਚਾਹੀਦਾ ਹੈ ? ਫੇਰ, ਨਹੀਂ। ਕਿਸੇ ਵੀ ਵਿਰੋਧਤਾਈ ਅੰਦਰ, ਵਿਰੋਧੀ ਪੱਖਾਂ ਦਾ ਵਿਕਾਸ ਅਣਸਾਂਵਾਂ ਹੁੰਦਾ ਹੈ। ਕਈ ਵਾਰ ਉਹ ਬਰਾਬਰ ਦੀ ਹਾਲਤ 'ਚ ਦਿਖਾਈ ਦਿੰਦੇ ਹਨ, ਜੋ ਕਿ ਸਿਰਫ ਵਕਤੀ ਅਤੇ ਮੁਕਾਬਲਤਨ ਹੈ, ਜਦੋਂ

ਕਿ ਅਣਸਾਂਵਾਂਪਣ ਬੁਨਿਆਦੀ ਹੈ। ਦੋ ਵਿਰੋਧੀ ਪੱਖਾਂ ਵਿਚੋਂ, ਇੱਕ ਜ਼ਰੂਰ ਹੀ ਮੁੱਖ ਪੱਖ ਹੋਣਾ ਚਾਹੀਦਾ ਹੈ ਅਤੇ ਦੂਸਰਾ ਦੋਮ ਦਰਜੇ ਦਾ ਮੁੱਖ। ਮੁੱਖ ਪੱਖ ਉਹ ਹੈ ਜੋ ਵਿਰੋਧਤਾਈ ਵਿੱਚ ਆਗੂ ਰੋਲ ਨਿਭਾਅ ਰਿਹਾ ਹੈ। ਕਿਸੇ ਵਸਤੂ ਦਾ ਸੁਭਾਅ ਮੁੱਖ ਤੌਰ ਤੇ ਵਿਰੋਧਤਾਈ ਦੇ ਮੁੱਖ ਪੱਖ, ਜਿਸਨੇ ਭਾਰੂ ਹੈਸੀਅਤ ਹਾਸਲ ਕਰ ਲਈ ਹੈ, ਰਾਹੀਂ ਤੈਅ ਹੁੰਦਾ ਹੈ।

ਪਰ ਇਹ ਹਾਲਤ ਗਤੀਹੀਣ ਨਹੀਂ ਹੁੰਦੀ, ਵਿਰੋਧਤਾਈ ਦੇ ਮੁੱਖ ਅਤੇ ਗੈਰ ਮੁੱਖ ਪੱਖ ਇੱਕ ਦੂਸਰੇ 'ਚ ਪਲਟ ਜਾਂਦੇ ਹਨ ਅਤੇ ਇਸ ਅਨੁਸਾਰ ਹੀ ਵਸਤੂ ਦਾ ਸੁਭਾਅ ਬਦਲ ਜਾਂਦਾ ਹੈ। ਕਿਸੇ ਹਾਸਲ ਪ੍ਰਕਿਰਿਆ ਵਿੱਚ, ਜਾਂ ਵਿਰੋਧਤਾਈ ਦੇ ਵਿਕਾਸ ਅੰਦਰ ਹਾਸਲ ਪੜਾਅ ਤੇ, ੳ ਮੁੱਖ ਪੱਖ ਹੈ ਅਤੇ ਅ ਗੈਰ ਮੁੱਖ ਪੱਖ ਹੈ। ਕਿਸੇ ਹੋਰ ਪੜਾਅ 'ਤੇ ਜਾਂ ਕਿਸੇ ਹੋਰ ਪ੍ਰਕਿਰਿਆ ਅੰਦਰ ਉਲਟ ਰੋਲ ਹੋ ਜਾਂਦੇ ਹਨ। ਇਹ ਤਬਦੀਲੀ ਕਿਸੇ ਵਸਤੂ ਦੇ ਵਿਕਾਸ ਦੇ ਇੱਕ ਅਰਸੇ ਅੰਦਰ ਹਰੇਕ ਪੱਖ ਦੇ ਦੂਸਰੇ ਪੱਖ ਨਾਲ ਆਪਣੇ ਜਦੋਜਹਿਦ ਵਿੱਚ ਇਸ ਦੀ ਸ਼ਕਤੀ ਦੀ ਵਾਧ ਜਾਂ ਘਾਟ ਦੀ ਹੱਦ ਰਾਹੀਂ ਤੈਅ ਹੁੰਦੀ ਹੈ।

ਅਸੀਂ ਅਕਸਰ ਹੀ "ਨਵੇਂ ਵੱਲੋਂ ਪੁਰਾਣੇ ਨੂੰ ਹੜੱਪ ਕਰ ਜਾਣ" ਦੀ ਗੱਲ ਕਰਦੇ ਹਾਂ। ਨਵੇਂ ਵਲੋਂ ਪੁਰਾਣੇ ਨੂੰ ਹੜੱਪ ਕਰ ਜਾਣਾ ਬ੍ਰਹਿਮੰਡ ਦਾ ਇੱਕ ਆਮ ਸਦੀਵੀ ਅਤੇ ਅਟੱਲ ਨਿਯਮ ਹੈ। ਵਸਤੂ ਦੇ ਤੱਤ ਅਤੇ ਬਾਹਰੀ ਹਾਲਤਾਂ ਅਨੁਸਾਰ ਵੱਖ-ਵੱਖ ਸ਼ਕਲਾਂ ਦੇ ਛੜੱਪਿਆਂ ਰਾਹੀਂ, ਇੱਕ ਵਸਤੂ ਦੀ ਦੂਜੀ ਵਸਤੂ 'ਚ ਕਾਇਆਪਲਟੀ ਹੋਣੀ, ਇਹ ਨਵੇਂ ਵੱਲੋਂ ਪੁਰਾਣੇ ਨੂੰ ਹੜੱਪ ਕਰ ਜਾਣ ਦੀ ਪ੍ਰਕਿਰਿਆ ਹੈ। ਹਰ ਵਸਤੂ ਅੰਦਰ, ਇਸ ਦੇ ਨਵੇਂ ਅਤੇ ਪੁਰਾਣੇ ਨੂੰ ਹੜੱਪ ਕਰ ਜਾਣ ਦੀ ਪ੍ਰਕਿਰਿਆ ਹੈ। ਹਰ ਵਸਤੂ ਅੰਦਰ, ਇਸ ਦੇ ਨਵੇਂ ਅਤੇ ਪੁਰਾਣੇ ਪੱਖਾਂ ਵਿਚਕਾਰ ਵਿਰੋਧਤਾਈ ਹੁੰਦੀ ਹੈ ਅਤੇ ਇਸ ਨਾਲ ਬਹੁਤ ਸਾਰੇ ਮੋੜਾਂ-ਘੋੜਾਂ ਵਾਲੇ ਘੋਲਾਂ ਦੀ ਲੜੀ ਦਾ ਜਨਮ ਹੁੰਦਾ ਹੈ। ਇਹਨਾਂ ਘੋਲਾਂ ਦੇ ਸਿੱਟੇ ਵਜੋਂ, ਨਵਾਂ ਪੱਖ ਛੋਟੇ ਤੋਂ ਵੱਡਾ ਹੋ ਜਾਂਦਾ ਹੈ ਆਸਤੇ ਆਸਤੇ ਮਰ-ਮੁੱਕ ਜਾਂਦਾ ਹੈ। ਜਿਉਂ ਹੀ ਨਵਾਂ ਪੱਖ ਪੁਰਾਣੇ ਪੱਖ ਤੇ ਭਾਰੂ ਹੁੰਦਾ ਹੈ, ਪੁਰਾਣੀ ਵਸਤੂ ਸਿਫਤੀ ਤੌਰ 'ਤੇ ਨਵੀਂ ਵਸਤੂ 'ਚ ਬਦਲ ਜਾਂਦੀ ਹੈ। ਇਸ ਤਰ੍ਹਾਂ ਇਹ ਦੇਖਿਆ ਜਾ ਸਕਦਾ ਹੈ ਕਿ ਕਿਸੇ ਵਸਤੂ ਦਾ ਸੁਭਾਅ ਮੁੱਖ ਤੌਰ 'ਤੇ ਵਿਰੋਧਤਾਈ ਦੇ ਮੁੱਖ ਪੱਖ ਰਾਹੀਂ ਤੈਅ ਹੁੰਦਾ ਹੈ, ਜਿਸ ਪੱਖ ਨੇ ਭਾਰੂ ਹੈਸੀਅਤ ਅਖਤਿਆਰ ਕਰ ਲਈ ਹੈ। ਜਦੋਂ ਮੁੱਖ ਪੱਖ ਜਿਸਨੇ ਭਾਰੂ ਹੈਸੀਅਤ ਹਾਸਲ ਕਰ ਲਈ ਹੈ, ਬਦਲ ਜਾਂਦਾ ਹੈ, ਇਸ ਅਨੁਸਾਰ ਹੀ ਵਸਤੂ ਦਾ ਸੁਭਾਅ ਬਦਲ ਜਾਂਦਾ ਹੈ।

ਪੂੰਜੀਵਾਦੀ ਸਮਾਜ ਵਿੱਚ ਪੂੰਜੀਵਾਦ ਨੇ ਪੁਰਾਣੇ ਜਗੀਰੂ ਯੁੱਗ ਵਿੱਚ ਮਤਾਹਿਤ ਸ਼ਕਤੀ ਹੋਣ ਤੋਂ ਭਾਰੂ ਸ਼ਕਤੀ ਬਣਕੇ ਆਪਣੀ ਹੈਸੀਅਤ ਵਿੱਚ ਤਬਦੀਲੀ ਕੀਤੀ ਹੈ ਅਤੇ ਇਸ ਅਨੁਸਾਰ ਹੀ ਸਮਾਜ ਦਾ ਸੁਭਾਅ ਜਗੀਰੂ ਤੋਂ ਪੂੰਜੀਵਾਦੀ ਵਿੱਚ ਤਬਦੀਲ ਹੋ ਗਿਆ। ਨਵੇਂ ਪੂੰਜੀਵਾਦੀ ਯੁੱਗ ਵਿੱਚ ਜਗੀਰੂ ਸ਼ਕਤੀਆਂ ਆਪਣੀ ਪਹਿਲੀ ਭਾਰੂ ਹੈਸੀਅਤ ਤੋਂ ਮਤਾਹਿਤ ਹੈਸੀਅਤ ਵਿੱਚ ਤਬਦੀਲ ਹੋ ਗਈਆਂ ਅਤੇ ਆਸਤੇ ਆਸਤੇ ਮਰ ਮੁੱਕ ਰਹੀਆਂ ਹਨ। ਉਦਾਹਰਣ ਲਈ, ਬਰਤਾਨੀਆ ਅਤੇ ਫਰਾਂਸ ਵਿੱਚ ਅਜੇਹਾ ਹੀ ਮਾਮਲਾ ਸੀ। ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ, ਅਗਾਂਹ ਵਧੂ ਰੋਲ ਅਦਾ ਕਰਦੀ ਨਵੀਂ ਜਮਾਤ ਤੋਂ ਬੁਰਜੂਆਜ਼ੀ ਪਿਛਾਖੜੀ ਰੋਲ ਅਦਾ ਕਰਦੀ ਪੁਰਾਣੀ ਜਮਾਤ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਜਦੋਂ ਪ੍ਰੋਲੇਤਾਰੀ ਇਸ ਨੂੰ ਉਲਟਾ ਦਿੰਦਾ ਹੈ, ਤਾਂ ਇਹ ਪੈਦਾਵਾਰੀ ਸਾਧਨਾਂ ਦੀ ਵਿੱਜੀ ਮਾਲਕੀ ਤੋਂ ਵਾਂਝੀ ਅਤੇ ਤਾਕਤ ਵਿਹੂਣੀ ਜਮਾਤ ਬਣ ਜਾਂਦੀ ਹੈ ਅਤੇ ਇਹ

ਵੀ ਆਸਤੇ ਆਸਤੇ ਮਰ-ਮੁੱਕ ਜਾਂਦੀ ਹੈ। ਪ੍ਰੋਲੇਤਾਰੀ ਜਿਸਦੀ ਬੁਰਜੂਆਜ਼ੀ ਨਾਲੋਂ ਬਹੁਤ ਵੱਡੀ ਗਿਣਤੀ ਹੈ ਅਤੇ ਇਸਦੇ ਨਾਲ ਨਾਲ ਹੀ ਪਰ ਇਸ ਦੇ ਰਾਜ ਅਧੀਨ ਵੱਧਦੀ ਹੈ, ਨਵੀਂ ਸ਼ਕਤੀ ਹੈ, ਇਤਿਹਾਸ ਅੰਦਰ ਆਗੂ ਰੋਲ ਨਿਭਾਉਂਦੇ ਹੋਏ ਆਜਾਦ ਜਮਾਤ ਬਣ ਜਾਂਦੀ ਹੈ ਅਤੇ ਅੰਤ ਨੂੰ ਸਿਆਸੀ ਸੱਤ੍ਹਾ ਤੇ ਕਬਜਾ ਕਰ ਲੈਂਦੀ ਹੈ ਅਤੇ ਹਾਕਮ ਜਮਾਤ ਬਣ ਬੈਠਦੀ ਹੈ। ਇਸ ਤੋਂ ਪਿੱਛੋਂ ਸਮਾਜ ਦਾ ਸੁਭਾਅ ਬਦਲ ਜਾਂਦਾ ਹੈ, ਅਤੇ ਪੁਰਾਣਾ ਪੂੰਜੀਵਾਦੀ ਸਮਾਜ ਨਵਾਂ ਸਮਾਜਵਾਦੀ ਸਮਾਜ ਬਣ ਜਾਂਦਾ ਹੈ। ਇਸ ਰਸਤੇ ਸੋਵੀਅਤ ਯੂਨੀਅਨ ਪਹਿਲਾਂ ਹੀ ਚੱਲਿਆ ਹੈ ਅਤੇ ਦੂਸਰੇ ਸਾਰੇ ਮੁਲਕ ਇਸ ਰਸਤੇ ਲਾਜ਼ਮੀ ਹੀ ਪੈਣਗੇ।

ਉਦਾਹਰਣ ਲਈ, ਚੀਨ ਵੱਲ ਵੇਖੋ। ਸਾਮਰਾਜਵਾਦ ਦੀ ਵਿਰੋਧਤਾਈ 'ਚ ਮੁੱਖ ਹੈਸੀਅਤ ਹੈ ਜਿਸ ਕਰਕੇ ਚੀਨ ਅਰਧ-ਬਸਤੀ ਹੈ, ਇਹ ਚੀਨ ਨੂੰ ਦਬਾਉਂਦਾ ਲਤਾੜਦਾ ਹੈ। ਚੀਨ ਅਜਾਦ ਮੁਲਕ ਤੋਂ ਅਰਧ-ਬਸਤੀਵਾਦੀ ਮੁਲਕ 'ਚ ਤਬਦੀਲ ਹੋ ਗਿਆ ਹੈ ਪਰ ਇਹ ਹਾਲਤ ਅਟੱਲ ਰੂਪ 'ਚ ਤਬਦੀਲ ਹੋਵੇਗੀ। ਦੋ ਧਿਰਾਂ ਵਿਚਕਾਰ ਜਦੋਜਹਿਦ ਵਿੱਚ, ਚੀਨੀ ਲੋਕਾਂ ਦੀ ਤਾਕਤ, ਜਿਹੜੀ ਪ੍ਰੋਲੇਤਾਰੀ ਦੀ ਅਗਵਾਈ ਅਧੀਨ ਵਧ ਫੁੱਲ ਰਹੀ ਹੈ, ਚੀਨ ਨੂੰ ਅਰਧ-ਬਸਤੀਵਾਦੀ ਮੁਲਕ ਤੋਂ ਅਜਾਦ ਮੁਲਕ ਵਿੱਚ ਅਟੱਲ ਤੌਰ ਤੇ ਤਬਦੀਲ ਕਰੇਗੀ ਜਦੋਂ ਕਿ ਸਾਮਰਾਜਵਾਦ ਮੁਲਕ ਤੋਂ ਅਜਾਦ ਮੁਲਕ ਵਿੱਚ ਅਟੱਲ ਤੌਰ 'ਤੇ ਤਬਦੀਲ ਕਰੇਗੀ ਜਦੋਂ ਕਿ ਸਾਮਰਾਜਵਾਦ ਨੂੰ ਉਲਟਾ ਦਿੱਤਾ ਜਾਵੇਗਾ ਅਤੇ ਪੁਰਾਣਾ ਚੀਨ ਅਟੱਲ ਤੌਰ 'ਤੇ ਨਵੇਂ ਚੀਨ 'ਚ ਤਬਦੀਲ ਹੋ ਜਾਵੇਗਾ।

ਚੀਨ ਦੀ ਪੁਰਾਣੇ ਚੀਨ ਤੋਂ ਨਵੇਂ ਚੀਨ 'ਚ ਤਬਦੀਲੀ 'ਚ ਮੁਲਕ ਅੰਦਰ ਪੁਰਾਣੀਆਂ ਜਗੀਰੂ ਤਾਕਤਾਂ ਅਤੇ ਨਵੀਆਂ ਲੋਕ-ਤਾਕਤਾਂ ਦਰਮਿਆਨ ਰਿਸ਼ਤੇ 'ਚ ਤਬਦੀਲੀ ਵੀ ਸ਼ਾਮਲ ਹੈ। ਪੁਰਾਣੀ ਜਗੀਰੂ ਜਗੀਰਦਾਰ ਜਮਾਤ ਉਲਟਾ ਦਿੱਤੀ ਜਾਵੇਗੀ ਅਤੇ ਇਹ ਹਾਕਮ ਤੋਂ ਮਹਿਕੂਮ ਵਿਚ ਤਬਦੀਲ ਹੋ ਜਾਵੇਗੀ ਅਤੇ ਇਹ ਜਮਾਤ ਵੀ ਆਸਤੇ ਆਸਤੇ ਮਰ-ਮੁੱਕ ਜਾਵੇਗੀ। ਪ੍ਰੋਲੇਤਾਰੀ ਦੀ ਅਗਵਾਈ 'ਚ ਲੋਕ ਮਹਿਕੂਮ ਤੋਂ ਹਾਕਮ ਬਣ ਜਾਣਗੇ। ਇਸ ਤੋਂ ਪਿੱਛੋਂ, ਚੀਨੀ ਸਮਾਜ ਦਾ ਸੁਭਾਅ ਬਦਲ ਜਾਵੇਗਾ ਅਤੇ ਪੁਰਾਣਾ ਅਰਧ-ਬਸਤੀਵਾਦੀ ਅਤੇ ਅਰਧ-ਜਗੀਰੂ ਸਮਾਜ ਨਵੇਂ ਜਮਹੂਰੀ ਸਮਾਜ ਵਿੱਚ ਤਬਦੀਲ ਹੋ ਜਾਵੇਗਾ।

ਅਜੇਹੀ ਪਰਸਪਰ ਕਾਇਆਪਲਟੀ ਦੀਆਂ ਉਦਾਹਰਣਾ ਸਾਡੇ ਅਤੀਤ ਦੇ ਤਜਰਬੇ 'ਚ ਵੀ ਮਿਲਦੀਆਂ ਹਨ। ਲਗਭਗ ਤਿੰਨ ਸੋ ਸਾਲ ਰਾਜ ਕਰਨ ਵਾਲਾ ਚਿੰਗ ਵੰਸ਼ 1911 ਦੇ ਇਨਕਲਾਬ 'ਚ ਉਲਟਾ ਦਿੱਤਾ ਗਿਆ ਸੀ ਅਤੇ ਸੁਨ-ਯਤ-ਸੈਨ ਦੀ ਅਗਵਾਈ ਅਧੀਨ ਤੁੰਗ-ਮੈਂਗ-ਹੂਈ ਕੁੱਝ ਸਮੇਂ ਲਈ ਜੇਤੂ ਹੋਇਆ ਸੀ। 1924-27 ਦੀ ਇਨਕਲਾਬੀ ਜੰਗ ਅੰਦਰ, ਕਮਿਊਨਿਸਟ-ਕੌਮਿਨਤਾਂਗੀ ਗੱਠਜੋੜ ਦੀਆਂ ਇਨਕਲਾਬੀ ਤਾਕਤਾਂ ਦੱਖਣ 'ਚ ਕਮਜੋਰ ਤੋਂ ਤਾਕਤਵਰ 'ਚ ਤਬਦੀਲ ਹੋ ਗਈਆਂ ਸਨ ਅਤੇ ਉਤਰੀ ਮੁਹਿੰਮ 'ਚ ਜਿੱਤ ਜਿੱਤੀ ਸੀ, ਜਦੋਂ ਕਿ ਉਤਰੀ ਯੁੱਧ-ਸਰਦਾਰ, ਜਿਨਾਂ ਦਾ ਸਿੱਕਾ ਚਲਦਾ ਸੀ, ਉਲਟਾ ਦਿੱਤੇ ਗਏ ਸਨ। 1927 'ਚ, ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਲੋਕ ਤਾਕਤਾਂ ਕੌਮਿਨਤਾਂਗੀ ਪਿਛਾਖੜ ਦੇ ਹਮਲਿਆਂ ਕਰਕੇ ਗਿਣਤੀ 'ਚ ਬਹੁਤ ਹੀ ਘੱਟ ਗਈਆਂ ਸਨ, ਪਰ ਆਪਣੀਆਂ ਸਫਾਂ 'ਚ ਮੌਕਾਪ੍ਰਸਤੀ ਨੂੰ ਖਤਮ ਕਰਕੇ ਇਹ ਫੇਰ ਹੌਲੀ ਹੌਲੀ ਵੱਧ ਹੋ ਗਈਆਂ ਹਨ। ਕਮਿਊਨਿਸਟ ਅਗਵਾਈ ਅਧੀਨ ਇਨਕਲਾਬੀ ਆਧਾਰ ਇਲਾਕਿਆਂ 'ਚ ਕਿਸਾਨਾਂ ਦੀ ਮਹਿਕੂਮਾਂ ਤੋਂ ਹਾਕਮਾਂ ਵਿੱਚ ਤਬਦੀਲੀ ਹੋ

ਗਈ ਸੀ ਜਦੋਂ ਕਿ ਜਗੀਰਦਾਰਾਂ ਦੀ ਉਲਟੀ ਹਾਲਤ ਹੋ ਗਈ ਸੀ। ਸੰਸਾਰ ਵਿਚ ਹਮੇਸ਼ਾਂ ਇਉਂ ਹੀ ਹੁੰਦਾ ਹੈ, ਨਵਾਂ ਪੁਰਾਣੇ ਨੂੰ ਹੜੱਪ ਕਰਦਾ ਹੈ, ਪੁਰਾਣੇ ਨੂੰ ਨਵੇਂ ਵਲੋਂ ਹੜੱਪਿਆ ਜਾਂਦਾ ਹੈ, ਪੁਰਾਣੇ ਨੂੰ ਨਵੇਂ ਦਾ ਰਸਤਾ ਬਨਾਉਣ ਲਈ ਖਤਮ ਕਰ ਦਿੱਤਾ ਜਾਂਦਾ ਹੈ ਅਤੇ ਪੁਰਾਣੇ ਚੋਂ ਨਵਾਂ ਜਨਮ ਧਾਰਦਾ ਹੈ।

ਇਨਕਲਾਬੀ ਘੋਲ ਅੰਦਰ, ਨਿਸ਼ਚਿਤ ਸਮਿਆਂ 'ਚ ਮੁਸ਼ਕਲਾਂ ਸਾਜਗਾਰ ਹਾਲਤਾਂ ਨਾਲੋਂ ਭਾਰੂ ਹੁੰਦੀਆਂ ਅਤੇ ਵਿਰੋਧਤਾਈ ਦਾ ਮੁੱਖ ਪੱਖ ਬਣਦੀਆਂ ਹਨ ਅਤੇ ਸਾਜਗਾਰ ਹਾਲਤਾਂ ਦੋਮ-ਦਰਜੇ ਦਾ ਪੱਖ ਬਣਦੀਆਂ ਹਨ। ਪਰ ਆਪਣੀਆਂ ਕੋਸ਼ਿਸ਼ਾਂ ਰਾਹੀਂ ਇਨਕਲਾਬੀ ਕਦਮ-ਬ-ਕਦਮ ਮੁਸ਼ਕਲਾਂ ਨੂੰ ਸਰ ਕਰ ਸਕਦੇ ਹਨ ਅਤੇ ਸਾਜਗਰ ਨਵੀਂ ਹਾਲਤ ਦੇ ਬੂਹੇ ਖੋਲ ਸਕਦੇ ਹਨ। ਇਸ ਤਰ੍ਹਾਂ, ਮੁਸ਼ਕਲ ਹਾਲਤ ਸਾਜਗਰ ਹਾਲਤ ਨੂੰ ਥਾਂ ਦਿੰਦੀ ਹੈ। ਚੀਨ ਅੰਦਰ 1937 'ਚ ਇਨਕਲਾਬ ਦੀ ਹਾਰ ਤੋਂ ਪਿੱਛੋਂ ਅਤੇ ਚੀਨੀ ਲਾਲ ਫੌਜ ਦੇ ਲੰਬੇ ਕੂਚ ਦੌਰਾਨ ਇਉਂ ਹੀ ਹੋਇਆ ਸੀ। ਮੌਜੂਦਾ ਚੀਨੀ-ਜਪਾਨੀ ਜੰਗ ਅੰਦਰ, ਚੀਨ ਫੇਰ ਮੁਸ਼ਕਲ ਹਾਲਤ 'ਚ ਹੈ, ਪਰ ਅਸੀਂ ਇਸ ਨੂੰ ਬਦਲ ਸਕਦੇ ਹਾਂ ਅਤੇ ਚੀਨ ਅਤੇ ਜਪਾਨ ਵਿਚਕਾਰ ਹਾਲਤ ਦੀ ਬੁਨਿਆਦੀ ਕਾਇਆਪਲਟੀ ਕਰ ਸਕਦੇ ਹਾਂ। ਉਲਟ ਰੂਪ 'ਚ, ਜੇ ਇਨਕਲਾਬੀ ਗਲਤੀਆਂ ਕਰਦੇ ਹਨ ਤਾਂ ਸਾਜਗਾਰ ਹਾਲਤਾਂ ਮੁਸ਼ਕਲ ਹਾਲਤਾਂ 'ਚ ਬਦਲ ਸਕਦੀਆਂ ਹਨ। ਇਸ ਤਰ੍ਹਾਂ 1924-27 ਦੇ ਇਨਕਲਾਬ ਦੀ ਜਿੱਤ ਹਾਰ 'ਚ ਬਦਲ ਗਈ। 1927 ਤੋਂ ਪਿੱਛੋਂ ਦੱਖਣੀ ਸੂਬਿਆਂ 'ਚ ਵਧੇ ਫੁਲੇ ਸਾਰੇ ਇਨਕਲਾਬੀ ਅਧਾਰ ਇਲਾਕੇ 1934 ਤੱਕ ਮਾਤ ਖਾ ਗਏ ਹਨ।

ਜਦੋਂ ਅਸੀਂ ਅਧਿਐਨ ਕਰਦੇ ਹਾਂ, ਤਾਂ ਅਗਿਆਨਤਾ ਤੋਂ ਗਿਆਨ ਤੱਕ ਦੇ ਸਫਰ ਦੀ ਵਿਰੋਧਤਾਈ ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਮਾਰਕਸਵਾਦ ਦੇ ਸਾਡੇ ਅਧਿਐਨ ਦੇ ਸ਼ੁਰੂ-ਸ਼ੁਰੂ 'ਚ ਮਾਰਕਸਵਾਦ ਬਾਰੇ ਸਾਡੀ ਅਗਿਆਨਤਾ ਜਾਂ ਇਸ ਬਾਰੇ ਨਾਂ-ਮਾਤਰ ਵਾਕਫੀਅਤ ਮਾਰਕਸਵਾਦ ਬਾਰੇ ਗਿਆਨ ਨਾਲ ਵਿਰੋਧਤਾਈ 'ਚ ਖੜ੍ਹਦੀ ਹੈ। ਪਰ ਨੀਝ ਨਾਲ ਅਧਿਐਨ ਕਰਕੇ, ਅਗਿਆਨਤਾ ਨੂੰ ਗਿਆਨ 'ਚ, ਨਾ-ਮਾਤਰ ਗਿਆਨ ਨੂੰ ਭਰਪੂਰ ਗਿਆਨ 'ਚ ਅਤੇ ਮਾਰਕਸਵਾਦ ਨੂੰ ਲਾਗੂ ਕਰਨ 'ਚ ਅਨਾੜੀਪੁਣੇ ਨੂੰ ਇਸ ਨੂੰ ਲਾਗੂ ਕਰਨ 'ਚ ਮੁਹਾਰਤ ਹਾਸਲ ਕਰਨ 'ਚ ਬਦਲਿਆ ਜਾ ਸਕਦਾ ਹੈ।

ਕੁੱਝ ਲੋਕ ਸੋਚਦੇ ਹਨ ਕਿ ਇਹ ਗੱਲ ਕੁੱਝ ਵਿਰੋਧਤਾਈਆਂ ਬਾਰੇ ਸਹੀ ਨਹੀਂ ਹੈ। ਉਦਾਹਰਣ ਲਈ, ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਰਿਸ਼ਤਿਆਂ ਵਿਚਕਾਰ ਵਿਰੋਧਤਾਈ ਅੰਦਰ ਪੈਦਾਵਾਰੀ ਸ਼ਕਤੀਆਂ ਮੁੱਖ ਪੱਖ ਹੈ; ਸਿਧਾਂਤ ਅਤੇ ਅਭਿਆਸ ਵਿਚਕਾਰ ਵਿਰੋਦਤਾਈ ਅੰਦਰ ਅਭਿਆਸ ਮੁੱਖ ਪੱਖ ਹੈ, ਆਰਥਿਕ ਅਧਾਰ ਅਤੇ ਉੱਚ ਉਸਾਰ ਵਿਚਕਾਰ ਵਿਰੋਧਤਾਈ 'ਚ, ਆਰਥਿਕ ਅਧਾਰ ਮੁੱਖ ਪੱਖ ਹੈ, ਅਤੇ ਇਹਨਾਂ ਦੀਆਂ ਸੰਬੰਧਤ ਪੁਜੀਸ਼ਨਾਂ 'ਚ ਕੋਈ ਤਬਦੀਲੀ ਨਹੀਂ ਹੁੰਦੀ। ਇਹ ਮਸ਼ੀਨੀ ਪਦਾਰਥਵਾਦੀ ਸੰਕਲਪ ਹੈ, ਦਵੰਦਵਾਦੀ ਪਦਾਰਥਵਾਦੀ ਸੰਕਲਪ ਨਹੀਂ ਹੈ। ਇਹ ਗੱਲ ਠੀਕ ਹੈ, ਪੈਦਾਵਾਰੀ ਸ਼ਕਤੀਆਂ, ਅਭਿਆਸ ਆਧਾਰ ਆਮ ਤੌਰ 'ਤੇ ਮੁੱਖ ਅਤੇ ਫੈਸਲਾਕੁਨ ਰੋਲ ਅਦਾ ਕਰਦੇ ਹਨ। ਜੋ ਵੀ ਕੋਈ ਇਸ ਤੋਂ ਮੁਨਕਰ ਹੁੰਦਾ ਹੈ, ਉਹ ਪਦਾਰਥਵਾਦੀ ਨਹੀਂ ਹੈ। ਪਰ ਸਾਨੂੰ ਇਹ ਵੀ ਜਰੂਰ ਹੀ ਮੰਨਣਾ ਚਾਹੀਦਾ ਹੈ ਕਿ ਕੁੱਝ ਖਾਸ ਹਾਲਤਾਂ 'ਚ ਅਜੇਹੇ ਪੱਖ ਜਿਵੇਂ ਪੈਦਾਵਾਰੀ ਰਿਸ਼ਤੇ, ਸਿਧਾਂਤ ਅਤੇ ਉਸਾਰ ਮੋੜਵੇਂ ਰੂਪ 'ਚ ਮੁੱਖ ਅਤੇ ਫੈਸਲਾਕੁਨ ਰੋਲ

ਅਦਾ ਕਰਦੇ ਹਨ। ਜਦੋਂ ਪੈਦਾਵਾਰੀ ਸ਼ਕਤੀਆਂ ਲਈ ਪੈਦਾਵਾਰੀ ਰਿਸ਼ਤਿਆਂ 'ਚ ਤਬਦੀਲੀ ਕੀਤੇ ਬਿਨਾਂ ਵਿਕਾਸ ਕਰਨਾ ਅਸੰਭਵ ਬਣ ਜਾਂਦਾ ਹੈ ਤਾਂ ਪੈਦਾਵਾਰੀ ਰਿਸ਼ਤਿਆਂ 'ਚ ਤਬਦੀਲੀ ਮੁੱਖ ਅਤੇ ਫੈਸਲਾਕੁਨ ਰੋਲ ਅਦਾ ਕਰਦੀ ਹੈ। ਉਹਨਾਂ ਸਮਿਆਂ 'ਚ ਇਨਕਲਾਬੀ ਸਿਧਾਂਤ ਦੀ ਸਿਰਜਣਾ ਅਤੇ ਵਕਾਲਤ ਮੁੱਖ ਅਤੇ ਫੈਸਲਾਕੁਨ ਰੋਲ ਅਦਾ ਕਰਦੀ ਹੈ ਜਿਨ੍ਹਾਂ ਬਾਰੇ ਲੈਨਿਨ ਨੇ ਕਿਹਾ ਸੀ, "ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਵੀ, ਇਨਕਲਾਬੀ ਲਹਿਰ ਨਹੀਂ ਹੋ ਸਕਦੀ"। ਜਦੋਂ ਕੋਈ ਵੀ ਕਾਰਜ ਕਰਨਾ ਪੈਂਦਾ ਹੈ ਪਰ ਜਿਸ ਬਾਰੇ ਅਜੇ ਕੋਈ ਅਗਵਾਈ ਲੀਹ, ਢੰਗ, ਵਿਉਂਤ ਜਾਂ ਨੀਤੀ ਨਹੀਂ ਹੈ ਤਾਂ ਮੁੱਖ ਅਤੇ ਫੈਸਲਾਕੁਨ ਗੱਲ ਅਗਵਾਈ ਲੀਹ, ਢੰਗ, ਵਿਉਂਤ ਜਾਂ ਨੀਤੀ ਘੜਨੀ ਬਣਦੀ ਹੈ। ਜਦੋਂ ਉੱਚ ਉਸਾਰ (ਸਿਆਸਤ, ਸਭਿਆਚਾਰ ਆਦਿ) ਆਰਥਕ ਅਧਾਰ ਦੇ ਵਿਕਾਸ 'ਚ ਅੜਿੱਕਾ ਬਣਦਾ ਹੈ, ਸਿਆਸੀ ਅਤੇ ਸਭਿਆਚਾਰਕ ਤਬਦੀਲੀਆਂ ਮੁੱਖ ਅਤੇ ਫੈਸਲਾਕੁਨ ਬਣ ਜਾਂਦੀਆਂ ਹਨ। ਜਦੋਂ ਅਸੀਂ ਇਉਂ ਕਹਿੰਦੇ ਹਾਂ, ਕੀ ਅਸੀਂ ਪਦਾਰਥਵਾਦ ਦੇ ਖਿਲਾਫ ਗੱਲ ਕਰ ਰਹੇ ਹਾਂ? ਨਹੀਂ। ਵਜ੍ਹਾ ਇਹ ਹੈ ਕਿ ਜਦੋਂ ਅਸੀਂ ਇਸ ਨੂੰ ਮੰਨਦੇ ਹਾਂ ਕਿ ਇਤਿਹਾਸ ਦੇ ਆਮ ਵਿਕਾਸ ਅੰਦਰ ਪਦਾਰਥ ਮਾਨਸਿਕਤਾ ਨੂੰ ਤੈਅ ਕਰਦਾ ਹੈ ਅਤੇ ਸਮਾਜਿਕ ਹੋਂਦ ਸਮਾਜਿਕ ਚੇਤਨਾ ਨੂੰ ਤੈਅ ਕਰਦੀ ਹੈ, ਤਾਂ ਅਸੀਂ ਮਨ ਦੇ ਪਦਾਰਥਿਕ ਵਸਤਾਂ ਤੇ ਜਵਾਬੀਕਰਮ ਨੂੰ, ਸਮਾਜਿਕ ਚੇਤਨਾ ਦੇ ਸਮਾਜਿਕ ਹੋਂਦ 'ਤੇ ਜਵਾਬੀ ਕਰਮ ਨੂੰ ਅਤੇ ਉੱਚ ਉਸਾਰ ਦੇ ਆਰਥਕ ਆਧਾਰ 'ਤੇ ਜਵਾਬੀ ਕਰਮ ਨੂੰ ਮੰਨਦੇ ਹਾਂ ਅਤੇ ਨਿਰਸੰਦੇਹ ਲਾਜ਼ਮੀ ਹੀ ਮੰਨਣਾ ਚਾਹੀਦਾ ਹੈ। ਇਹ ਮਕਾਨਕੀ ਪਦਾਰਥਵਾਦ ਤੋਂ ਬਚਾਉਂਦਾ ਹੈ ਅਤੇ ਦ੍ਰਿੜਤਾ ਨਾਲ ਦਵੰਦਵਾਦ ਪਦਾਰਥਵਾਦ ਨੂੰ ਬੁਲੰਦ ਕਰਦਾ ਹੈ।

ਵਿਰੋਧਤਾਈ ਦੀ ਵਿਸ਼ੇਸ਼ਤਾ ਦਾ ਅਧਿਐਨ ਕਰਦੇ ਸਮੇਂ, ਜੇ ਅਸੀਂ ਇਹਨਾਂ ਦੋ ਪਹਿਲੂਆਂ—ਪ੍ਰਕਿਰਿਆ ਅੰਦਰ ਮੁੱਖ ਅਤੇ ਗੈਰ-ਮੁੱਖ ਵਿਰੋਧਤਾਈਆਂ ਅਤੇ ਵਿਰੋਧਤਾਈ ਦੇ ਮੁੱਖ ਅਤੇ ਗੈਰ-ਮੁੱਖ ਪੱਖਾਂ ਦੀ ਛਾਣ-ਬੀਣ ਨਹੀਂ ਕਰਦੇ ਅਰਥਾਤ ਜੇ ਅਸੀਂ ਵਿਰੋਧਤਾਈ ਦੇ ਇਹਨਾਂ ਦੋ ਪਹਿਲੂਆਂ ਦੇ ਭਿੰਨ-ਭਿੰਨ ਖਾਸੇ ਦੀ ਛਾਣ-ਬੀਣ ਨਹੀਂ ਕਰਦੇ ਤਾਂ ਅਸੀਂ ਅਮੂਰਤ ਵਿੱਚ ਗੁਆਚ ਜਾਵਾਂਗੇ, ਵਿਰੋਧਤਾਈ ਨੂੰ ਠੋਸ ਰੂਪ 'ਚ ਸਮਝਣ ਦੇ ਅਯੋਗ ਹੋਵਾਂਗੇ ਅਤੇ ਸਿੱਟੇ ਵਜੋਂ ਇਸਨੂੰ ਹੱਲ ਕਰਨ ਦਾ ਸਹੀ ਢੰਗ ਲੱਭਣ ਦੇ ਅਯੋਗ ਹੋ ਜਾਵਾਂਗੇ। ਵਿਰੋਧਤਾਈ ਦੇ ਇਹਨਾਂ ਦੋ ਪਹਿਲੂਆਂ ਦਾ ਭਿੰਨ-ਭਿੰਨ ਖਾਸਾ ਜਾਂ ਵਿਸ਼ੇਸ਼ਤਾ ਵਿਰੋਧਤਾਈ ਅੰਦਰ ਸ਼ਕਤੀਆਂ ਦੇ ਅਣਸਾਂਵੇਪਣ ਨੂੰ ਦਰਸਾਉਂਦੀ ਹੈ। ਦੁਨੀਆਂ ਵਿੱਚ ਕੁੱਝ ਵੀ ਅਜੇਹਾ ਨਹੀਂ ਜਿਸਦਾ ਨਿਰਪੇਖ ਰੂਪ ਵਿੱਚ ਸਾਵਾਂ ਵਿਕਾਸ ਹੁੰਦਾ ਹੈ। ਸਾਨੂੰ ਸਾਵੇਂ ਵਿਕਾਸ ਦੇ ਸਿਧਾਂਤ ਦਾ ਜਾਂ ਸਮਤੋਲ ਦੇ ਸਿਧਾਂਤ ਦਾ ਵਿਰੋਧ ਕਰਨਾ ਚਾਹੀਦਾ ਹੈ। ਹੋਰ ਅੱਗੇ, ਵਿਰੋਧਤਾਈ ਦੇ ਇਹ ਠੋਸ ਲੱਛਣ ਹਨ ਅਤੇ ਇਸ ਦੇ ਵਿਕਾਸ ਅੰਦਰ ਮੁੱਖ ਅਤੇ ਗੈਰ ਮੁੱਖ ਪੱਖਾਂ ਵਿੱਚ ਤਬਦੀਲੀਆਂ ਹਨ ਜੋ ਨਵੇਂ ਵੱਲੋਂ ਪੁਰਾਣੇ ਨੂੰ ਹੜੱਪ ਕਰ ਜਾਣ ਨੂੰ ਜਾਹਰ ਕਰਦੀਆਂ ਹਨ। ਵਿਰੋਧਤਾਈਆਂ, ਅੰਦਰ ਅਣਸਾਵੇਂਪਣ ਦੀਆਂ ਵੱਖ-ਵੱਖ ਹਾਲਤਾਂ, ਮੁੱਖ ਅਤੇ ਗੈਰ-ਮੁੱਖ ਵਿਰੋਧਤਾਈਆਂ, ਵਿਰੋਧਤਾਈ ਦੇ ਮੁੱਖ ਅਤੇ ਗੈਰ-ਮੁੱਖ ਪੱਖਾਂ ਦਾ ਅਧਿਐਨ ਹੀ ਲਾਜ਼ਮੀ ਢੰਗ ਬਣਦਾ ਹੈ ਜਿਸ ਰਾਹੀਂ ਇੱਕ ਇਨਕਲਾਬੀ ਸਿਆਸੀ ਪਾਰਟੀ ਸਿਆਸੀ ਅਤੇ ਫੌਜੀ ਦੋਵਾਂ ਮਾਮਲਿਆਂ 'ਚ ਸਹੀ ਰੂਪ 'ਚ ਆਪਣੀਆਂ ਯੁੱਧਨੀਤਿਕ ਅਤੇ ਦਾਅਪੇਚਕ ਨੀਤੀਆਂ ਤੈਅ ਕਰ ਸਕਦੀ ਹੈ। ਸਾਰੇ ਕਮਿਊਨਿਸਟਾਂ ਨੂੰ ਇਸ ਵੱਲ ਤਵੱਜੋ ਦੇਣੀ ਚਾਹੀਦੀ ਹੈ।

## 5. ਵਿਰੋਧਤਾਈ ਦੇ ਪੱਖਾਂ ਦੀ ਸਮਤਾ ਅਤੇ ਘੋਲ

ਜਦੋਂ ਅਸੀਂ ਵਿਰੋਧਤਾਈ ਦੀ ਸਰਵ-ਵਿਆਪਕਤਾ ਅਤੇ ਵਿਸ਼ੇਸ਼ਤਾ ਨੂੰ ਸਮਝ ਲਿਆ ਹੈ ਤਾਂ ਸਾਨੂੰ ਵਿਰੋਧਤਾਈ ਦੇ ਪੱਖਾਂ ਦੀ ਸਮਤਾ ਅਤੇ ਘੋਲ ਦੀ ਸਮੱਸਿਆ ਦਾ ਅਧਿਐਨ ਕਰਨ ਲਈ ਅੱਗੇ ਵਧਣਾ ਚਾਹੀਦਾ ਹੈ।

ਸਮਤਾ, ਏਕਤਾ, ਮੌਕਾਮੇਲ, ਅੰਤਰ-ਦਖਲਅੰਦਾਜੀ, ਅੰਤਰ ਵਿਆਪਕਤਾ, ਅੰਤਰ-ਨਿਰਭਰਤਾ (ਜਾਂ ਹੋਂਦ ਲਈ ਪਰਸਪਰ ਨਿਰਭਰਤਾ), ਅੰਤਰ-ਸੰਬੰਧਤ ਜਾਂ ਪਰਸਪਰ ਸਹਿਯੋਗ ਇਹਨਾਂ ਸਾਰੇ ਵੱਖ-ਵੱਖ ਲਕਬਾਂ ਦਾ ਇਕੋ ਅਰਥ ਹੈ ਅਤੇ ਇਹ ਅੱਗੇ ਲਿਖੇ ਦੋ ਨੁਕਤਿਆਂ ਨੂੰ ਬਿਆਨ ਕਰਦੇ ਹਨ : ਪਹਿਲਾਂ, ਕਿਸੇ ਵਸਤੂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਵਿਰੋਧਤਾਈ ਦੇ ਦੋਵਾਂ ਪੱਖਾਂ 'ਚੋਂ ਹਰੇਕ ਦੂਸਰੇ ਪੱਖ ਦੀ ਹੋਂਦ ਦੀ ਪੂਰਵ-ਧਾਰਨਾ ਨੂੰ ਮੰਨਕੇ ਚਲਦਾ ਹੈ ਅਤੇ ਦੋਵੇਂ ਪੱਖਾਂ ਦੀ ਇੱਕ ਇਕਹਿਰੇ ਵਜੂਦ 'ਚ ਸਹਿ ਹੋਂਦ ਹੁੰਦੀ ਹੈ, ਦੂਸਰਾ ਹਾਸਲ ਹਾਲਤਾਂ 'ਚ ਹਰੇਕ ਦੋ ਵਿਰੋਧੀ ਪੱਖ ਆਪਣੇ ਆਪ ਨੂੰ ਆਪ ਦੇ ਵਿਰੋਧੀ 'ਚ ਤਬਦੀਲ ਕਰ ਲੈਂਦੇ ਹਨ। ਸਮਤਾ ਦਾ ਇਹ ਅਰਥ ਹੈ।

ਲੈਨਿਨ ਨੇ ਕਿਹਾ ਸੀ :

**ਦਵੰਦਵਾਦ** ਉਹ ਸਿੱਖਿਆ ਹੈ ਜਿਹੜੀ ਦਰਸਾਉਂਦੀ ਹੈ ਕਿ ਕਿਵੇਂ ਵਿਰੋਧੀ ਸਮ ਹੋ ਸਕਦੇ ਹਨ ਅਤੇ ਕਿਵੇਂ ਉਹ ਸਮ ਹੁੰਦੇ ( ਕਿਵੇਂ ਬਣਦੇ), ਹਨ ਕਿੰਨਾਂ ਹਾਲਤਾਂ 'ਚ ਉਹ ਸਮ ਬਣਦੇ ਹਨ, ਆਪਣੇ ਆਪ ਨੂੰ ਇੱਕ ਦੂਜੇ 'ਚ ਤਬਦੀਲ ਕਰ ਲੈਂਦੇ ਹਨ ਕਿਵੇਂ ਮਨੁੱਖ ਨੂੰ ਇਹਨਾਂ ਵਿਰੋਧੀਆਂ ਨੂੰ ਬੇਜਾਨ, ਅਚੱਲ ਵਜੋਂ ਨਹੀਂ ਲੈਣਾ ਚਾਹੀਦਾ ਸਗੋਂ ਸਜਿੰਦ, ਸ਼ਰਤੀਆ ਹਰਕਤਸ਼ੀਲ ਅਤੇ ਆਪਣੇ ਆਪ ਨੂੰ ਇੱਕ ਦੂਸਰੇ 'ਚ ਤਬਦੀਲ ਕਰਨ ਵਾਲਿਆਂ ਵਜੋਂ ਲੈਣਾ ਚਾਹੀਦਾ ਹੈ।

ਇਸ ਪੈਰੇ ਦਾ ਕੀ ਅਰਥ ਹੈ ?

ਹਰ ਪ੍ਰਕਿਰਿਆ ਅੰਦਰ ਵਿਰੋਧੀ ਪੱਖ ਇੱਕ ਦੂਸਰੇ ਨੂੰ ਖਾਰਜ ਕਰਦੇ ਹਨ। ਇੱਕ ਦੂਸਰੇ ਵਿਰੁੱਧ ਘੋਲ ਕਰਦੇ ਹਨ ਅਤੇ ਇੱਕ ਦੂਸਰੇ ਦੇ ਵਿਰੁੱਧ ਹੁੰਦੇ ਹਨ। ਬਿਨਾਂ ਕਿਸੇ ਛੋਟ ਦੇ ਇਹ ਸਾਰੀਆਂ ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਅਤੇ ਸਾਰੀ ਮਨੁੱਖੀ ਸੋਚ ਅੰਦਰ ਸਮੋਏ ਹੁੰਦੇ ਹਨ। ਇੱਕ ਸਾਧਾਰਨ ਵਰਤਾਰੇ ਅੰਦਰ ਸਿਰਫ ਵਿਰੋਧੀਆਂ ਦਾ ਇੱਕ ਜੋੜਾ ਹੀ ਹੁੰਦਾ ਹੈ, ਜਦੋਂ ਕਿ ਗੁੰਝਲਦਾਰ ਪ੍ਰਕਿਰਿਆ ਅੰਦਰ ਬਹੁਤੇ ਜੋੜੇ ਹੁੰਦੇ ਹਨ ਅਤੇ ਮੋੜਵੇਂ ਰੂਪ ਵਿੱਚ ਵਿਰੋਧੀਆਂ ਦੇ ਜੋੜੇ ਇੱਕ ਦੂਸਰੇ ਨਾਲ ਵਿਰੋਧਤਾਈ ਵਿੱਚ ਹੁੰਦੇ ਹਨ। ਬਾਹਰਮੁੱਖੀ ਸੰਸਾਰ ਅੰਦਰ ਸਾਰੀਆਂ ਵਸਤੂਆਂ ਅਤੇ ਸਾਰੀਆਂ ਮਨੁੱਖਾਂ ਸੋਚ ਇਉਂ ਹੀ ਬਣਦੀਆਂ ਹਨ ਅਤੇ ਇਸ ਕਰਕੇ ਹੀ ਗਤੀ ਵਿੱਚ ਹੁੰਦੀਆਂ ਹਨ।

ਹਾਲਤ ਇਉਂ ਹੋਣ ਕਰਕੇ ਹੀ ਸਮਤਾ ਜਾਂ ਏਕਤਾ ਦੀ ਬਿਲਕੁਲ ਹੀ ਅਣਹੋਂਦ ਹੈ। ਤਾਂ ਫਿਰ ਕੋਈ ਸਮਤਾ ਜਾਂ ਏਕਤਾ ਬਾਰੇ ਕਿਵੇਂ ਗੱਲ ਕਰ ਸਕਦਾ ਹੈ ?

ਹਕੀਕਤ ਇਹ ਹੈ ਕਿ ਕਿਸੇ ਵੀ ਵਿਰੋਧੀ ਪੱਖ ਦੀ ਇੱਕਲੇ ਦੀ ਹੋਂਦ ਨਹੀਂ ਹੋ ਸਕਦੀ। ਆਪਣੇ ਵਿਰੋਧੀ ਪੱਖ ਤੋਂ ਬਿਨਾਂ ਹਰੇਕ ਪੱਖ ਆਪਣੀ ਹੋਂਦ ਦੀ ਸ਼ਰਤ ਗੁਆ ਬਹਿੰਦਾ ਹੈ। ਜ਼ਰਾ ਸੋਚੋ, ਕਿ ਕਿਸੇ ਵਸਤੂ ਦੇ ਜਾਂ ਮਨੁੱਖੀ ਸੋਚ ਅੰਦਰ ਸੰਕਲਪ ਦੇ ਇਕੱਲੇ ਪੱਖ ਦੀ ਅਜਾਦ ਹੋਂਦ ਹੋ ਸਕਦੀ

ਹੈ ? ਜ਼ਿੰਦਗੀ ਤੋਂ ਬਿਨਾਂ, ਕੋਈ ਮੌਤ ਨਹੀਂ ਹੁੰਦੀ। ਮੌਤ ਤੋਂ ਬਿਨਾਂ, ਕੋਈ ਜ਼ਿੰਦਗੀ ਨਹੀਂ ਹੁੰਦੀ। "ਉਪਰ ਤੋਂ ਬਿਨਾਂ ਕੋਈ; ਹੇਠਾਂ" ਨਹੀਂ ਹੋ ਸਕਦਾ, "ਹੇਠਾਂ ਤੋਂ ਬਿਨਾਂ ਕੋਈ "ਉਪਰ" ਨਹੀਂ ਹੋ ਸਕਦਾ। ਬਦ-ਕਿਸਮਤੀ ਤੋਂ ਬਿਨਾਂ, ਕੋਈ ਖੁਸ਼-ਕਿਸਮਤੀ ਨਹੀਂ ਹੋ ਸਕਦੀ, ਖੁਸ਼ਕਿਸਮਤੀ ਤੋਂ ਬਿਨਾਂ, ਬਦਕਿਸਮਤੀ ਨਹੀਂ ਹੋ ਸਕਦੀ। ਸਹੂਲਤ ਤੋਂ ਬਿਨਾਂ, ਕੋਈ ਮੁਸ਼ਕਲ ਨਹੀਂ ਹੋ ਸਕਦੀ, ਮੁਸ਼ਕਲ ਤੋਂ ਬਿਨਾਂ, ਕੋਈ ਸਹੂਲਤ ਨਹੀਂ ਹੋ ਸਕਦੀ। ਜਗੀਰਦਾਰਾਂ ਤੋਂ ਬਿਨਾਂ, ਮੁਜਾਰੇ-ਕਿਸਾਨ ਨਹੀਂ ਹੋ ਸਕਦੇ, ਮੁਜਾਰੇ ਕਿਸਾਨਾਂ ਤੋਂ ਬਿਨਾਂ, ਜਗੀਰਦਾਰ ਨਹੀਂ ਹੋ ਸਕਦੇ, ਬੁਰਜੂਆਜ਼ੀ ਤੋਂ ਬਿਨਾਂ ਪ੍ਰੋਲੇਤਾਰੀ ਨਹੀਂ ਹੋ ਸਕਦਾ, ਪ੍ਰੋਲੇਤਾਰੀ ਤੋਂ ਬਿਨਾਂ ਬੁਰਜੂਆਜ਼ੀ ਨਹੀਂ ਹੋ ਸਕਦੀ। ਕੌਮਾਂ ਦੇ ਸਾਮਰਾਜੀ ਦਾਬੇ ਤੋਂ ਬਿਨਾਂ, ਬਸਤੀਆਂ ਜਾਂ ਅਰਧ-ਬਸਤੀਆਂ ਨਹੀਂ ਹੋ ਸਕਦੀਆਂ, ਬਸਤੀਆਂ ਜਾਂ ਅਰਧ-ਬਸਤੀਆਂ ਤੋਂ ਬਿਨਾਂ, ਕੋਮਾਂ ਦਾ ਸਾਮਰਾਜੀ ਦਾਬਾ ਨਹੀਂ ਹੋ ਸਕਦਾ। ਸਾਰੇ ਵਿਰੋਧੀਆਂ ਦਾ ਇਹ ਹਾਲ ਹੈ। ਹਾਸਲ ਹਾਲਤਾਂ ਅੰਦਰ, ਇੱਕ ਬੰਨੇ, ਉਹ ਇੱਕ ਦੂਜੇ ਦੇ ਵਿਰੋਧੀ ਹਨ ਅਤੇ ਦੂਜੇ ਬੰਨੇ, ਉਹ ਅੰਤਰ-ਸੰਬੰਧਤ ਅੰਤਰ-ਦਖਲਅੰਦਾਜ਼, ਅੰਤਰ ਵਿਆਪਕ ਅਤੇ ਅੰਤਰ-ਨਿਰਭਰ ਹਨ ਅਤੇ ਇਸ ਖਾਸੇ ਦੀ ਸਮਤਾ ਵਜੋਂ ਵਿਆਖਿਆ ਕੀਤੀ ਜਾਂਦੀ ਹੈ। ਹਾਸਲ ਹਾਲਤਾਂ ਅੰਦਰ, ਸਾਰੇ ਵਿਰੋਧੀ ਪੱਖਾਂ ਦਾ ਗੈਰ ਸਮ ਖਾਸਾ ਹੁੰਦਾ ਹੈ ਅਤੇ ਇਸ ਲਈ,ਇਹਨਾਂ ਦੀ ਵਿਰੋਧਤਾਈ ਵਿੱਚ ਹੋਣ ਵਜੋਂ ਵਿਆਖਿਆ ਕੀਤੀ ਜਾਂਦੀ ਹੈ। ਪਰ ਇਹ ਸਮਤਾ ਦਾ ਖਾਸਾ ਵੀ ਰੱਖਦੇ ਹਨ ਅਤੇ ਇਸ ਲਈ ਅੰਤਰ-ਸੰਬੰਧਤ ਹੁੰਦੇ ਹਨ। ਲੈਨਿਨ ਦਾ ਇਹੋ ਅਰਥ ਹੈ ਜਦੋਂ ਉਹ ਕਹਿੰਦਾ ਹੈ ਕਿ ਦਵੰਦਵਾਦ "ਵਿਰੋਧੀਆਂ ਦੀ ਸਮਤਾ ਕਿਵੇਂ ਹੋ ਸਕਦੀ ਹੈ" ਦਾ ਅਧਿਐਨ ਕਰਦਾ ਹੈ। ਇਹ ਸਮ ਕਿਵੇਂ ਹੋ ਸਕਦੇ ਹਨ ? ਇਸ ਲਈ ਕਿਉਂਕਿ ਹਰ ਇੱਕ ਪੱਖ ਦੂਜੇ ਦੀ ਹੋਂਦ ਦੀ ਸ਼ਰਤ ਹੈ। ਇਹ ਸਮਤਾ ਦਾ ਪਹਿਲਾ ਅਰਥ ਹੈ।

ਪਰ ਕੀ ਐਨਾ ਕਹਿਣਾ ਹੀ ਕਾਫੀ ਹੈ ਕਿ ਹਰ ਵਿਰੋਧੀ ਪੱਖ ਦੂਜੇ ਦੀ ਹੋਂਦ ਦੀ ਸ਼ਰਤ ਹੈ, ਕਿ ਇਹਨਾਂ ਵਿਚਕਾਰ ਸਮਤਾ ਹੈ, ਕਿ ਸਿੱਟੇ ਵਜੋਂ ਇਹਨਾਂ ਦੀ ਇੱਕ ਹੀ ਵਜੂਦ ਵਿਚ ਸਹਿ-ਹੋਂਦ ਹੋ ਸਕਦੀ ਹੈ ? ਨਹੀਂ, ਐਨਾ ਕਹਿਣਾ ਕਾਫੀ ਨਹੀਂ ਹੈ। ਆਪਣੀ ਹੋਂਦ ਲਈ ਇੱਕ ਪੱਖ ਦੇ ਦੂਸਰੇ ਪੱਖ ਉਤੇ ਨਿਰਭਰ ਹੋਣ ਨਾਲ ਹੀ ਗੱਲ ਮੁੱਕ ਨਹੀਂ ਜਾਂਦੀ। ਜੋ ਜ਼ਿਆਦਾ ਮਹੱਤਵਪੂਰਨ ਹੈ ਉਹ ਇਹਨਾਂ ਦੀ ਇੱਕ ਦੂਸਰੇ ਵਿੱਚ ਕਾਇਆ-ਪਲਟੀ ਹੈ। ਕਹਿਣ ਦਾ ਅਰਥ ਹੈ ਕਿ ਹਾਸਲ ਹਾਲਤਾਂ ਅੰਦਰ, ਕਿਸੇ ਵਸਤੂ ਵਿੱਚ ਹਰੇਕ ਵਿਰੋਧੀ ਪੱਖ ਆਪਣੇ ਆਪ ਨੂੰ ਆਪਣੇ ਵਿਰੋਧੀ ਪੱਖ ਵਿੱਚ ਤਬਦੀਲ ਕਰਦਾ ਹੈ, ਆਪਣੀ ਪੁਜੀਸ਼ਨ ਬਦਲਕੇ ਵਿਰੋਧੀ ਦੀ ਪੁਜੀਸ਼ਨ ਮੱਲਦਾ ਹੈ। ਵਿਰੋਧਤਾਈ ਦੀ ਸਮਤਾ ਦਾ ਇਹ ਦੂਸਰਾ ਅਰਥ ਹੈ।

ਪਰ ਇਥੇ ਵੀ ਸਮਤਾ ਕਿਉਂ ਹੈ ? ਤੁਸੀਂ ਦੇਖਦੇ ਹੋ ਕਿ ਪ੍ਰੋਲੇਤਾਰੀਆ ਇਨਕਲਾਬ ਰਾਹੀਂ, ਇਸ ਸਮੇਂ ਮਹਿਕੂਮ ਹੋਣ ਤੋਂ ਹਾਕਮ ਵਿੱਚ ਤਬਦੀਲ ਹੋ ਜਾਂਦਾ ਹੈ। ਜਦੋਂ ਕਿ ਬੁਰਜੂਆਜ਼ੀ, ਸਾਬਕਾ ਹਾਕਮ, ਮਹਿਕੂਮ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਆਪਣੇ ਵਿਰੋਧੀ ਵੱਲੋਂ ਮਵੀ ਪਹਿਲੀ ਪੁਜ਼ੀਸ਼ਨ 'ਚ ਤਬਦੀਲ ਹੋ ਜਾਂਦੀ ਹੈ। ਸੋਵੀਅਤ ਯੂਨੀਅਨ ਅੰਦਰ ਇਸ ਤਰ੍ਹਾਂ ਪਹਿਲਾਂ ਹੀ ਵਾਪਰ ਚੁੱਕਿਆ ਹੈ ਅਤੇ ਸਾਰੇ ਸੰਸਾਰ ਵਿੱਚ ਵੀ ਇਉਂ ਵਾਪਰੇਗਾ। ਜੇ ਹਾਸਲ ਹਾਲਤਾਂ ਵਿੱਚ, ਵਿਰੋਧੀਆ ਵਿੱਚ ਅੰਤਰ ਸੰਬੰਧਤਾ ਜਾਂ ਸਮਤਾ ਨਹੀਂ ਸੀ ਤਾਂ ਅਜੇਹੀ ਤਬਦੀਲੀ ਹੋ ਹੀ ਕਿਉਂ ਸਕੀ ?

ਕੋਮਨਤਾਂਗ, ਜਿਸਨੇ ਅਜੋਕੇ ਚੀਨੀ ਇਤਿਹਾਸ ਵਿੱਚ ਇੱਕ ਨਿਸ਼ਚਿਤ ਪੜਾਅ ਤੇ

ਨਿਸ਼ਚਿਤ ਹਾਂ-ਪੱਖੀ ਰੋਲ ਅਦਾ ਕੀਤਾ ਸੀ, ਆਪਣੇ ਵਜੂਦ ਸਮੋਏ ਜਮਾਤੀ ਸੁਭਾਅ ਕਰਕੇ ਅਤੇ ਸਾਮਰਾਜੀਆਂ ਵੱਲੋਂ ਭਰਮਾਉਣ ਕਰਕੇ ( ਇਹ ਸ਼ਰਤਾਂ ਹੋਣ ਕਰਕੇ), 1927 ਪਿੱਛੋਂ ਤਿੱਖੀ ਹੋਣ ਕਰਕੇ ਤੇ ਚੀਨੀ ਕਮਿਊਨਿਸਟ ਪਾਰਟੀ ਦੀ ਸਾਂਝੇ ਮੋਰਚੇ ਦੀ ਨੀਤੀ ਹੋਣ ਕਰਕੇ (ਇਹ ਸ਼ਰਤਾਂ ਹੋਣ ਕਰਕੇ) ਇਸ ਨੂੰ ਜਪਾਨ ਦਾ ਟਾਕਰਾ ਕਰਨ ਲਈ ਰਜਾਮੰਦ ਹੋਣ ਵਾਸਤੇ ਮਜਬੂਰ ਕੀਤਾ ਗਿਆ। ਵਿਰੋਧਤਾਈ ਅੰਦਰ ਵਸਤਾਂ ਇੱਕ ਦੂਜੇ ਵਿਚ ਤਬਦੀਲ ਹੋ ਜਾਂਦੀਆਂ ਹਨ ਅਤੇ ਇਥੇ ਹੀ ਨਿਸ਼ਚਿਤ ਸਮਤਾ ਬਿਰਾਜਮਾਨ ਹੈ।

ਸਾਡਾ ਜਰੱਈ ਇਨਕਲਾਬ ਇੱਕ ਪ੍ਰਕਿਰਿਆ ਰਹੀ ਹੈ ਜਿਸ ਵਿਚ ਜਮੀਨ ਮਾਲਕ ਜਗੀਰਦਾਰ ਜਮਾਤ ਅਜੇਹੀ ਜਮਾਤ ਵਿੱਚ ਤਬਦੀਲ ਹੋ ਗਈ ਜਿਸ ਦੀ ਜਮੀਨ ਖੁਸ ਗਈ ਜਦੋਂ ਕਿ ਇੱਕ ਵਾਰ ਜਮੀਨ ਖੁੱਸੇ ਕਿਸਾਨ ਛੋਟੇ ਮਾਲਕਾਂ ਵਿਚ ਤਬਦੀਲ ਹੋ ਗਏ ਜਿਨ੍ਹਾਂ ਨੇ ਜਮੀਨ ਹਾਸਲ ਕਰ ਲਈ ਅਤੇ ਇੱਕ ਵਾਰ ਫੇਰ ਅਜੇਹੀ ਪ੍ਰਕਿਰਿਆ ਚਲੇਗੀ। ਹਾਸਲ ਹਾਲਤਾਂ ਅੰਦਰ ਕੀ ਕੁੱਝ ਪ੍ਰਾਪਤ ਹੈ ਜਾਂ ਨਹੀਂ ਹੈ, ਹਾਸਲ ਕਰਨਾ ਅਤੇ ਗੁਆਉਣਾ ਅੰਤਰ-ਸੰਬੰਧਤ ਹਨ; ਇਹ ਦੋ ਧਿਰਾਂ ਦੀ ਸਮਤਾ ਹੈ। ਸਮਾਜਵਾਦ ਅਧੀਨ, ਨਿੱਜੀ ਕਿਸਾਨ ਮਾਲਕੀ ਸਮਾਜਵਾਦੀ ਖੇਤੀਬਾੜੀ ਦੀ ਲੋਕ-ਮਲਕੀਅਤ ਵਿੱਚ ਬਦਲ ਦਿੱਤੀ ਜਾਂਦੀ ਹੈ; ਇਉਂ ਸੋਵੀਅਤ ਯੂਨੀਅਨ ਵਿੱਚ ਪਹਿਲਾਂ ਹੀ ਹੋ ਚੁੱਕਿਆ ਹੈ ਅਤੇ ਇਹ ਹੋਰ ਜਗ੍ਹਾ ਵੀ ਹੋ ਜਾਵੇਗਾ। ਨਿੱਜੀ ਜਾਇਦਾਦ ਤੋਂ ਲੋਕ-ਜਾਇਦਾਦ ਨੂੰ ਜਾਂਦੀ ਇੱਕ ਪੁਲੀ ਹੈ ਜਿਸਨੂੰ ਫਲਸਫੇ ਵਿੱਚ ਸਮਤਾ ਕਹਿੰਦੇ ਹਨ ਜਾਂ ਇੱਕ ਦੂਜੇ ਵਿੱਚ ਕਾਇਆਪਲਟੀ ਜਾਂ ਅੰਤਰ ਦਖਲ ਕਹਿੰਦੇ ਹਨ।

ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਜਾਂ ਲੋਕਾਂ ਦੀ ਤਾਨਾਸ਼ਾਹੀ ਨੂੰ ਪੱਕੇ ਪੈਰੀਂ ਕਰਨਾ ਅਸਲ ਵਿੱਚ ਇਸ ਤਾਨਾਸ਼ਾਹੀ ਦੇ ਖਾਤਮੇ ਦੀਆਂ ਹਾਲਤਾਂ ਤਿਆਰ ਕਰਨਾ ਅਤੇ ਜਦੋਂ ਸਾਰੇ ਰਾਜਕੀ ਢਾਂਚੇ ਖਤਮ ਕਰ ਦਿੱਤੇ ਗਏ; ਤਾਂ ਇਹ ਉਚੇਰੇ ਪੜਾਅ ਵੰਨੀ ਪੇਸ਼ਕਦਮੀ ਕਰਨਾ ਹੈ। ਕਮਿਊਨਿਸਟ ਪਾਰਟੀ ਨੂੰ ਸਥਾਪਤ ਕਰਨਾ ਅਤੇ ਉਸਾਰਨਾ, ਅਸਲ 'ਚ ਕਮਿਊਨਿਸਟ ਪਾਰਟੀ ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਖਾਤਮੇ ਦੀਆਂ ਹਾਲਤੰ ਤਿਆਰ ਕਰਨੀਆਂ ਹਨ। ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਅਧੀਨ ਇਨਕਲਾਬੀ ਫੌਜ ਦੀ ਉਸਾਰੀ ਕਰਨੀ ਅਤੇ ਇਨਕਲਾਬੀ ਜੰਗ ਚਲਾਉਣੀ, ਅਸਲ ਵਿੱਚ ਜੰਗ ਦੇ ਸਦੀਵੀਂ ਖਾਤਮੇ ਲਈ ਹਾਲਤਾਂ ਤਿਆਰ ਕਰਨੀਆਂ ਹਨ। ਇਹ ਵਿਰੋਧੀ ਇੱਕੋ ਸਮੇਂ ਪੂਰਕ ਵੀ ਹਨ।

ਜਿਵੇਂ ਸਾਰੇ ਜਾਣਦੇ ਹਨ, ਜੰਗ ਅਤੇ ਅਮਨ ਆਪਣੇ ਆਪ ਨੂੰ ਇੱਕ ਦੂਜੇ ਵਿਚ ਤਬਦੀਲ ਕਰ ਲੈਂਦੇ ਹਨ। ਜੰਗ, ਅਮਨ ਵਿੱਚ ਤਬਦੀਲ ਹੋ ਜਾਂਦੀ ਹੈ, ਉਦਾਹਰਣ ਲਈ, ਪਹਿਲੀ ਸੰਸਾਰ ਜੰਗ ਪਿੱਛੋਂ ਆ ਕੇ ਅਮਨ ਵਿਚ ਤਬਦੀਲ ਹੋ ਗਈ ਅਤੇ ਚੀਨ ਅੰਦਰ ਘਰੇਲੂ ਜੰਗ ਰੁਕ ਗਈ ਹੈ ਅਤੇ ਅੰਦਰੂਨੀ ਅਮਨ ਕਾਇਮ ਹੋ ਗਿਆ ਹੈ। ਅਮਨ, ਜੰਗ ਵਿਚ ਤਬਦੀਲ ਹੋ ਜਾਂਦਾ ਹੈ; ਉਦਾਹਰਣ ਲਈ, ਕੌਮਿਨਤਾਂਗ-ਕਮਿਊਨਿਸਟ ਸਹਿਯੋਗ 1927 ਵਿੱਚ ਜੰਗ 'ਚ ਤਬਦੀਲ ਹੋ ਗਿਆ ਅਤੇ ਅਜੋਕੀ ਸੰਸਾਰ ਅਮਨ ਦੀ ਹਾਲਤ ਦੂਜੀ ਜੰਗ 'ਚ ਤਬਦੀਲ ਹੋ ਸਕਦੀ ਹੈ। ਅਜੇਹਾ ਕਿਉਂ ਹੁੰਦਾ ਹੈ ? ਇਸ ਲਈ ਕਿਉਂਕਿ ਜਮਾਤੀ ਸਮਾਜ ਅੰਦਰ ਅਜੇਹੀਆਂ ਵਿਰੋਧੀ ਵਸਤਾਂ ਦੀ, ਜਿਵੇਂ ਜੰਗ ਅਤੇ ਅਮਨ ਦੀ, ਹਾਸਲ ਹਾਲਤਾਂ 'ਚ ਸਮਤਾ ਹੁੰਦੀ ਹੈ।

ਸਾਰੀਆਂ ਵਿਰੋਧੀ ਵਸਤਾਂ ਅੰਤਰ-ਸੰਬੰਧਤ ਹੁੰਦੀਆਂ ਹਨ। ਹਾਲਤਾਂ 'ਚ, ਨਾ ਸਿਰਫ

ਇੱਕ ਵਜੂਦ ਵਿੱਚ ਹੀ ਉਲਟ ਦੀ ਸਹਿਹੋਂਦ ਹੁੰਦੀ ਹੈ ਸਗੋਂ ਹੋਰ ਹਾਸਲ ਹਾਲਤਾਂ ਵਿੱਚ ਉਹ ਇੱਕ ਦੂਸਰੇ ਵਿੱਚ ਤਬਦੀਲ ਵੀ ਹੋ ਜਾਂਦੇ ਹਨ। ਇਹ ਵਿਰੋਧੀਆਂ ਦੀ ਸਮਤਾ ਦਾ ਮੁਕੰਮਲ ਅਰਥ ਹੈ। ਲੈਨਿਨ ਦਾ ਵੀ ਇਹੀ ਅਰਥ ਹੈ ਜਦੋਂ ਉਹ ਵਿਚਾਰ ਚਰਚਾ ਕਰਦੇ ਹਨ, " ਉਹ ਸਮਰੂਪ (ਕਿਵੇਂ ਹੋ ਜਾਂਦੇ ਹਨ) ਕਿਉਂ ਹੋ ਜਾਂਦੇ ਹਨ-ਕਿੰਨਾਂ ਹਾਲਤਾਂ ਅਧੀਨ ਉਹ ਸਮਰੂਪ ਹਨ, ਆਪਣੇ ਆਪ ਨੂੰ ਇੱਕ ਦੂਸਰੇ ਵਿਚ ਤਬਦੀਲ ਕਰ ਲੈਂਦੇ ਹਨ।"

ਅਜੇਹਾ ਕਿਉਂ ਹੈ ਕਿ "ਮਨੁੱਖ ਵੱਲੋਂ ਇਨ੍ਹਾਂ ਵਿਰੋਧੀਆਂ ਨੂੰ ਨਿਰਜੀਵ, ਗਤੀਹੀਣ ਨਹੀਂ ਸਮਝਿਆ ਜਾਣਾ ਚਾਹੀਦਾ ਸਗੋਂ ਸਜੀਵ, ਸ਼ਰਤੀਆ ਗਤੀਸ਼ੀਲ ਅਤੇ ਇੱਕ ਦੂਸਰੇ ਵਿੱਚ ਤਬਦੀਲ ਹੋਣ ਵਾਲਿਆਂ ਵਜੋਂ ਸਮਝਣਾ ਚਾਹੀਦਾ ਹੈ ਕਿਉਂਕਿ ਬਾਹਰਮੁਖੀ ਹਕੀਕਤ ਵਿੱਚ ਵਸਤਾਂ ਹਨ ਹੀ ਇਸ ਤਰ੍ਹਾਂ। ਸੱਚਾਈ ਇਹ ਹੈ ਕਿ ਬਾਹਰਮੁਖੀ ਵਸਤਾਂ ਵਿੱਚ ਵਿਰੋਧੀਆਂ ਦੀ ਏਕਤਾ ਜਾਂ ਸਮਤਾ ਨਿਰਜੀਵ ਜਾਂ ਗਤੀਹੀਣ ਨਹੀਂ ਹੁੰਦੀ ਸਗੋਂ ਸਜੀਵ, ਸ਼ਰਤੀਆ ਗਤੀਸ਼ੀਲ , ਵਕਤੀ ਅਤੇ ਸਾਪੇਖਕ ਹੁੰਦੀ ਹੈ। ਹਾਸਲ ਹਾਲਤਾਂ ਵਿੱਚ ਹਰੇਕ ਵਿਰੋਧੀ ਪੱਖ ਆਪਣੇ ਆਪ ਨੂੰ ਆਪਣੇ ਵਿਰੋਧੀ ਪੱਖ ਵਿੱਚ ਤਬਦੀਲ ਕਰ ਲੈਂਦਾ ਹੈ। ਮਨੁੱਖੀ ਸੋਚ ਅੰਦਰ ਪ੍ਰਤੀਬਿੰਬਤ ਹੋ ਕੇ, ਇਹ ਪਦਾਰਥਵਾਦੀ ਦਵੰਦਵਾਦ ਦਾ ਮਾਰਕਸਵਾਦੀ ਨਜ਼ਰੀਏ ਬਣ ਜਾਂਦਾ ਹੈ। ਇਹ ਸਿਰਫ ਅਤੀਤ ਅਤੇ ਮੌਜੂਦਾ ਸਮੇਂ ਦੀਆਂ ਪਿਛਾਖੜੀ ਹਾਕਮ ਜਮਾਤਾਂ ਅਤੇ ਇਹਨਾਂ ਦੀ ਸੇਵਾ ਵਿਚ ਅਧਿਆਤਮਵਾਦੀ ਹੀ ਹਨ ਜਿਹੜੇ ਵਿਰੋਧੀਆਂ ਨੂੰ ਸਜੀਵ, ਸ਼ਰਤੀਆ ਗਤੀਸ਼ੀਲ ਅਤੇ ਇੱਕ ਦੂਸਰੇ 'ਚ, ਤਬਦੀਲ ਹੋਣ ਵਾਲੇ ਨਹੀਂ ਮੰਨਦੇ ਸਗੋਂ ਨਿਰਜੀਵ ਅਤੇ ਗਤੀਹੀਣ ਸਮਝਦੇ ਹਨ। ਲੋਕਾਂ ਨੂੰ ਚੱਕਰਾਂ 'ਚ ਪਾਈ ਰੱਖਣ ਲਈ ਉਹ ਇਸ ਗੁਮਰਾਹ ਕਰੂ ਦਲੀਲ ਦਾ ਹਰ ਥਾਂ ਪ੍ਰਚਾਰ ਕਰਦੀਆਂ ਹਨ ਅਤੇ ਇਸ ਤਰ੍ਹਾਂ ਆਪਣੇ ਰਾਜ ਨੂੰ ਜਾਰੀ ਰੱਖਣਾ ਚਾਹੁੰਦੀਆਂ ਹਨ। ਕਮਿਊਨਿਸਟਾਂ ਦਾ ਕਾਰਜ ਪਿੱਛਾਖੜੀਆਂ ਅਤੇ ਅਧਿਆਤਮਵਾਦੀਆਂ ਦੀਆਂ ਗੁਮਰਾਹ ਕਰੂ ਦਲੀਲਾਂ ਦਾ ਪਰਦਾਚਾਕ ਕਰਨਾ, ਵਸਤੂਆਂ ਵਿੱਚ ਸਮੋਏ ਦਵੰਦਵਾਦ ਦਾ ਪ੍ਰਚਾਰ ਕਰਨਾ ਅਤੇ ਇਸ ਤਰ੍ਹਾਂ ਵਸਤੂਆਂ ਦੀ ਕਾਇਆਪਲਟੀ ਕਰਨੀ ਅਤੇ ਇਨਕਲਾਬ ਦਾ ਨਿਸ਼ਾਨਾ ਹਾਸਲ ਕਰਨਾ ਹੈ।

ਹਾਸਲ ਹਾਲਤਾਂ 'ਚ ਵਿਰੋਧੀਆਂ ਦੀ ਸਮਤਾ ਬਾਰੇ ਗੱਲ ਕਰਨਾ, ਜਿਸ ਦਾ ਅਸੀਂ ਜਿਕਰ ਕਰ ਰਹੇ ਹਾਂ, ਅਸਲੀ ਅਤੇ ਠੋਸ ਵਿਰੋਧੀਆਂ ਦੀ ਗੱਲ ਕਰਨਾ, ਵਿਰੋਧੀਆਂ ਦੀ ਇੱਕ ਦੂਸਰੇ ਵਿੱਚ ਅਮਲ ਅਤੇ ਠੋਸ ਕਾਇਆ-ਪਲਟੀ ਬਾਰੇ ਗੱਲ ਕਰਨਾ ਹੈ। ਕਥਾ-ਸ਼ਾਸਤਰ ਵਿੱਚ ਅਨੇਕਾਂ ਕਾਇਆ ਪਲਟੀਆਂ ਦਾ ਜਿਕਰ ਹੈ, ਅਸਲੀ ਅਤੇ ਠੋਸ ਵਿਰੋਧੀ ਦੀ ਗੱਲ ਕਰਨਾ, ਵਿਰੋਧੀਆਂ ਦੀ ਇੱਕ ਦੂਸਰੇ ਵਿੱਚ ਅਮਲ ਅਤੇ ਠੋਸ ਕਾਇਆ-ਪਲਟੀ ਬਾਰੇ ਗੱਲ ਕਰਨਾ ਹੈ। ਕਥਾ-ਸ਼ਾਸਤਰ ਵਿਚ ਅਨੇਕਾਂ ਕਾਇਆਪਲਟੀਆਂ ਦਾ ਜਿਕਰ ਹੈ, ਉਦਾਹਰਣ ਲਈ, ਸ਼ਾਨ ਹਾਈ ਚਿੰਗ [26] ਵਿੱਚ ਕੁਆ੍ ਫੂ ਦੀ ਸੂਰਜ ਨਾਲ ਦੌੜ , ਹੁਆਈ ਨਾਨ ਜੂ[27] ਵਿੱਚ ਯੀ ਵੱਲੋਂ ਨੌਂ ਸੂਰਜਾਂ ਨੂੰ ਮਾਰ ਗਿਰਾਉਣਾ, ਸੀ ਯੂ ਚੀ[28] ਅੰਦਰ ਬਾਂਦਰ ਰਾਜੇ ਦਾ ਬਹੱਤਰ ਵਾਰ ਦੇਹ ਪਲਟਣਾ, ਲਿਆਓ ਚਾਈ ਦੀਆਂ ਅਜਬ ਕਥਾਵਾਂ[29] ਅੰਦਰ ਭੂਤਾਂ ਅਤੇ ਲੂੰਬੜਾ ਦੇ ਮਨੁੱਖੀ ਦੇਹ ਧਾਰਨ ਕਰਨ ਦੇ ਅਣਗਿਣਤ ਕਿੱਸੇ ਆਦਿ। ਪਰ ਵਿਰੋਧੀਆਂ ਦੀ ਕਾਇਆਪਲਟੀ ਦੀਆਂ ਇਹ ਦੰਦ-ਕਥਾਵਾਂ ਠੋਸ ਵਿਰੋਧਤਾਈਆਂ ਨੂੰ ਪ੍ਰਗਟ ਕਰਦੀਆਂ ਠੋਸ ਤਬਦੀਲੀਆਂ ਨਹੀਂ ਹਨ। ਇਹ ਵਿਰੋਧੀਆਂ ਦੀਆਂ ਇੱਕ ਦੂਸਰੇ ਵਿੱਚ ਅਨੇਕਾਂ ਹਕੀਕੀ ਅਤੇ ਗੁੰਝਲਦਾਰ ਕਾਇਆ ਪਲਟੀਆਂ ਨੂੰ ਮਨੁੱਖੀ ਮਨ ਵਿੱਚ ਮੁੜ ਘੜਕੇ ਸਿੱਧੜ, ਮਨੋ-

ਕਲਪਤ ਅਤੇ ਅੰਤਰਮੁੱਖੀ ਤੌਰ 'ਤੇ ਸੋਚੀਆਂ ਕਾਇਆਪਲਟੀਆਂ ਹਨ। ਮਾਰਕਸ ਨੇ ਕਿਹਾ ਸੀ," ਸਾਰਾ ਕਥਾ ਸ਼ਾਸ਼ਤਰ ਕਲਪਨਾ ਰਾਹੀਂ ਕੁਦਰਤ ਦੀਆਂ ਸ਼ਕਤੀਆਂ ਤੇ ਮੁਹਾਰਤ ਹਾਸਲ ਕਰਦਾ ਅਤੇ ਇਸ ਤੇ ਗਾਲਬ ਹੁੰਦਾ ਹੈ ਅਤੇ ਇਸ ਨੂੰ ਢਾਲਦਾ ਹੈ। ਸਿੱਟੇ ਵਜੋਂ ਜਦੋਂ ਮਨੁੱਖ ਕੁਦਰਤ ਦੀਆਂ ਸ਼ਕਤੀਆਂ ਨੂੰ ਵੱਸ ਵਿਚ ਕਰ ਲੈਂਦਾ ਹੈ ਤਾਂ ਇਹ ਕਥਾ-ਸ਼ਾਸਤਰ ਉਸ ਸਮੇਂ ਅਲੋਪ ਹੋ ਜਾਂਦਾ ਹੈ। [30] ਕਥਾ-ਸ਼ਾਸਤਰ ਅੰਦਰ ਹਜਾਰਾ ਲੱਖਾਂ ਤਬਦੀਲੀਆਂ (ਬਾਲ-ਕਥਾਵਾਂ ਅੰਦਰ ਵੀ) ਲੋਕਾਂ ਨੂੰ ਖੁਸ਼ ਕਰਦੀਆਂ ਹਨ ਕਿਉਂਕਿ ਉਹ ਮਨੁੱਖ ਦੀ ਕੁਦਰਤੀ ਸ਼ਕਤੀਆਂ ਉਤੇ ਜਿੱਤ ਦੀ ਮਨੋ-ਕਲਪਿਤ ਤਸਵੀਰ ਬਣਾਉਂਦੇ ਹਨ ਅਤੇ ਜਿਵੇਂ ਮਾਰਕਸ ਨੇ ਕਿਹਾ ਹੈ ਸਭ ਤੋਂ ਵਧੀਆਂ ਦੰਦ ਕਥਾਵਾਂ "ਸਦੀਵੀਂ ਖਿੱਚ" ਰੱਖਦੀਆਂ ਹਨ। ਪਰ ਦੰਦ-ਕਥਾਵਾਂ ਹਾਸਲ ਹਾਲਤਾਂ ਅੰਦਰ ਮੌਜੂਦ ਠੋਸ ਵਿਰੋਧਤਾਈਆਂ ਵਿੱਚੋਂ ਨਹੀਂ ਉਸਰੀਆਂ ਹੁੰਦੀਆਂ ਅਤੇ ਇਸ ਲਈ ਹਕੀਕਤ ਦਾ ਵਿਗਿਆਨਕ ਪ੍ਰਤੀਬਿੰਬ ਨਹੀਂ ਹੁੰਦੀਆਂ। ਕਹਿਣ ਦਾ ਅਰਥ ਹੈ, ਦੰਦ-ਕਥਾਵਾਂ ਜਾਂ ਬਾਲ-ਕਥਾਵਾਂ ਅੰਦਰ, ਵਿਰੋਧਤਾਈ ਨੂੰ ਬਣਾਉਂਦੇ ਪੱਖਾਂ ਦੀ ਕਲਪਤ ਸਮਤਾ ਹੀ ਹੁੰਦੀ ਹੈ ਨਾ ਕਿ ਠੋਸ ਸਮਤਾ। ਠੋਸ ਕਾਇਆਪਲਟੀ ਅੰਦਰ ਸਮਤਾ ਦਾ ਵਿਗਿਆਨਕ ਪ੍ਰਤੀਬਿੰਬ ਮਾਰਕਸਵਾਦੀ ਦਵੰਦਵਾਦ ਹੈ।

ਇੱਕ ਆਂਡੇ ਨੂੰ ਹੀ ਚੂਚੇ ਵਿਚ ਕਿਉਂ ਬਦਲਿਆ ਜਾ ਸਕਦਾ ਹੈ, ਰੋੜੇ ਨੂੰ ਕਿਉਂ ਨਹੀਂ? ਜੰਗ ਅਤੇ ਅਮਨ ਵਿਚ ਹੀ ਸਮਤਾ ਕਿਉਂ ਹੈ ਅਤੇ ਜੰਗ ਅਤੇ ਰੋੜੇ ਵਿਚ ਸਮਤਾ ਕਿਉਂ ਨਹੀਂ? ਇਨਸਾਨ ਇਨਸਾਨ ਨੂੰ ਹੀ ਕਿਉਂ ਜਨਮ ਦਿੰਦਾ ਹੈ, ਹੋਰ ਕਿਸੇ ਚੀਜ਼ ਨੂੰ ਕਿਉਂ ਨਹੀਂ? ਇਸ ਦਾ ਇੱਕੋ ਇੱਕ ਕਾਰਨ ਇਹ ਹੈ ਕਿ ਵਿਰੋਧੀਆਂ ਦੀ ਸਮਤਾ ਲੋੜੀਂਦੀਆਂ ਹਾਸਲ ਹਾਲਤਾਂ ਵਿਚ ਹੀ ਮੌਜੂਦ ਹੁੰਦੀ ਹੈ। ਇਹਨਾਂ ਲੋੜੀਂਦੀਆਂ ਹਾਲਤਾਂ ਤੋਂ ਬਿਨਾਂ ਕਿਸੇ ਕਿਸਮ ਦੀ ਸਮਤਾ ਨਹੀਂ ਹੋ ਸਕਦੀ।

ਇਸ ਤਰ੍ਹਾਂ ਕਿਉਂ ਹੈ ਕਿ 1917 ਵਿੱਚ ਰੂਸ ਅੰਦਰ ਬੁਰਜੂਆ-ਜਮਹੂਰੀ ਫਰਵਰੀ ਇਨਕਲਾਬ ਦਾ ਪ੍ਰੋਲੇਤਾਰੀ ਸਮਾਜਵਾਦੀ ਅਕਤੂਬਰ ਇਨਕਲਾਬ ਨਾਲ ਸਿੱਧਾ ਕੜੀ-ਜੋੜ ਸੀ, ਜਦੋਂ ਕਿ ਫਰਾਂਸ ਅੰਦਰ ਬੁਰਜੂਆ ਇਨਕਲਾਬ ਦਾ ਸਮਾਜਵਾਦੀ ਇਨਕਲਾਬ ਨਾਲ ਸਿੱਧਾ ਕੜੀ-ਜੋੜ ਨਹੀਂ ਸੀ ਅਤੇ 1871 ਦਾ ਪੈਰਿਸ ਕਮਿਊਨ [31] ਨਾਕਾਮ ਰਿਹਾ? ਇਸ ਤਰ੍ਹਾਂ ਕਿਉਂ ਹੈ? ਇੱਕ ਬੰਨੇ, ਮੰਗੋਲੀਆਂ ਅਤੇ ਕੇਂਦਰੀ ਏਸ਼ੀਆਂ ਦੇ ਖਾਨਾ-ਬਦੋਸ਼ ਪ੍ਰਬੰਧ ਦਾ ਸਮਾਜਵਾਦ ਨਾਲ ਸਿੱਧਾ ਕੜੀ ਜੋੜ ਕੀਤਾ ਗਿਆ ਹੈ? ਇਸ ਤਰ੍ਹਾਂ ਕਿਉਂ ਹੈ ਕਿ ਚੀਨੀ ਇਨਕਲਾਬ ਪੂੰਜੀਵਾਦੀ ਭਵਿੱਖ ਤੋਂ ਬਚ ਸਕਦਾ ਹੈ ਅਤੇ ਪੱਛਮੀ ਮੁਲਕਾਂ ਦੇ ਪੁਰਾਣੇ ਇਤਿਹਾਸਕ ਰਾਹ ਪਏ ਬਿਨਾਂ, ਬੁਰਜੂਆ ਤਾਨਾਸ਼ਾਹੀ ਦੇ ਇੱਕ ਅਰਸੇ ਚੋਂ ਗੁਜਰੇ ਬਿਨਾਂ, ਇਸ ਦਾ ਸਮਾਜਵਾਦ ਨਾਲ ਸਿਧਾ ਕੜੀ-ਜੋੜ ਕੀਤਾ ਜਾ ਸਕਦਾ ਹੈ? ਇਸ ਦਾ ਇੱਕੋ-ਇੱਕ ਕਾਰਨ ਵੇਲੇ ਦੀਆਂ ਠੋਸ ਹਾਲਤਾਂ ਹਨ। ਜਦੋਂ ਕੁਝ ਲੋੜੀਂਦੀਆਂ ਸ਼ਰਤਾਂ ਮੌਜੂਦ ਹੁੰਦੀਆਂ ਹਨ, ਵਸਤੂਆਂ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਨਿਸ਼ਚਿਤ ਵਿਰੋਧਤਾਈਆਂ ਪੈਦਾ ਹੁੰਦੀਆਂ ਹਨ, ਇਸ ਤੋਂ ਵੱਧ, ਇਹਨਾਂ ਵਿੱਚ ਸਮੋਏ ਵਿਰੋਧੀ ਅੰਤਰ-ਨਿਰਭਰ ਹੁੰਦੇ ਹਨ ਅਤੇ ਇੱਕ ਦੂਜੇ ਵਿਚ ਬਦਲ ਜਾਂਦੇ ਹਨ. ਨਹੀਂ ਤਾਂ ਅਜੇਹਾ ਕੁਝ ਵੀ ਨਹੀਂ ਵਾਪਰੇਗਾ।

ਅਜੇਹੀ ਹੈ ਸਮਤਾ ਦੀ ਸਮੱਸਿਆ। ਤਾਂ ਫੇਰ ਘੋਲ ਕੀ ਹੈ? ਅਤੇ ਸਮਤਾ ਅਤੇ ਘੋਲ ਦਰਮਿਆਨ ਕੀ ਰਿਸ਼ਤਾ ਹੈ?

ਲੈਨਿਨ ਨੇ ਕਿਹਾ ਸੀ :

ਵਿਰੋਧੀਆਂ ਦੀ ਏਕਤਾ (ਮੌਕਾਮੇਲ, ਸਮਤਾ, ਸਮਕਿਰਿਆ) ਸ਼ਰਤੀਆ, ਵਕਤੀ, ਅਸਥਿਰ, ਸਪੇਖਕ ਹੈ। ਪਰਸਪਰ ਖਾਰਜ–ਕਰੂ ਵਿਰੋਧੀਆਂ ਦਾ ਘੋਲ ਨਿਰਪੇਖ ਹੈ ਜਿਵੇਂ ਵਿਕਾਸ ਅਤੇ ਗਤੀ ਨਿਰਪੇਖ ਹਨ।[32]

ਇਸ ਪੈਰੇ ਦਾ ਕੀ ਅਰਥ ਹੈ ?

ਸਾਰੀਆਂ ਪ੍ਰਕਿਰਿਆਵਾਂ ਦਾ ਆਦਿ ਅਤੇ ਅੰਤ ਹੁੰਦਾ ਹੈ, ਸਾਰੀਆਂ ਪ੍ਰਕਿਰਿਆਵਾਂ ਆਪਣੇ ਆਪ ਨੂੰ ਆਪਣੇ ਵਿਰੋਧੀ ਵਿਚ ਤਬਦੀਲ ਕਰ ਲੈਂਦੀਆਂ ਹਨ। ਸਾਰੀਆਂ ਪ੍ਰਕਿਰਿਆਵਾਂ ਦੀ ਅਡੋਲਤਾ ਸਾਪੇਖਕ ਹੈ ਪਰ ਇੱਕ ਪ੍ਰਕਿਰਿਆ ਦੀ ਦੂਸਰੀ ਵਿਚ ਕਾਇਆਪਲਟੀ ਅੰਦਰ ਜਾਹਰ ਹੋਈ ਪਰਵਰਤਨਸ਼ੀਲਤਾ ਨਿਰਪੇਖਕ ਹੈ।

ਸਾਰੀਆਂ ਵਸਤਾਂ ਅੰਦਰ ਗਤੀ ਦੀਆਂ ਦੋ ਹਾਲਤਾਂ ਹਨ, ਸਾਪੇਖਕ ਗਤੀਹੀਣ ਹਾਲਤ ਅਤੇ ਪ੍ਰਤੱਖ ਤਬਦੀਲੀ ਦੀ ਹਾਲਤ। ਦੋਵੇਂ ਹੀ ਵਸਤੂ ਅੰਦਰ ਸਮੋਏ ਦੋ ਵਿਰੋਧੀ ਅੰਸ਼ਾਂ ਦਰਮਿਆਨ ਘੋਲ ਰਾਹੀਂ ਪੈਦਾ ਹੁੰਦੀਆਂ ਹਨ। ਜਦੋਂ ਵਸਤੂ ਗਤੀ ਦੀ ਪਹਿਲੀ ਹਾਲਤ ’ਚ ਹੈ ਤਾਂ ਇਸ ਵਿਚ ਮਿਕਦਾਰੀ, ਨਾ ਕਿ ਸਿਫਤੀ, ਤਬਦੀਲੀ ਹੁੰਦੀ ਹੈ ਅਤੇ ਸਿੱਟੇ ਵਜੋਂ, ਗਤੀਹੀਣ ਹੋਣ ਦੀ ਬਾਹਰੀ ਸੂਰਤ ਪੇਸ਼ ਕਰਦੀ ਹੈ। ਜਦੋਂ ਵਸਤੂ ਗਤੀ ਦੀ ਦੂਜੀ ਹਾਲਤ ’ਚ ਹੁੰਦੀ ਹੈ ਤਾਂ ਪਹਿਲੀ ਹਾਲਤ ਦੀ ਮਿਕਦਾਰੀ ਤਬਦੀਲੀ ਪਹਿਲਾਂ ਹੀ ਸਿਖਰ–ਨੁਕਤੇ ’ਤੇ ਪਹੁੰਚ ਚੁੱਕੀ ਹੁੰਦੀ ਹੈ ਅਤੇ ਵਜੂਦ ਵਜੋਂ ਵਸਤੂ ਦੇ ਖਾਤਮੇ ਨੂੰ ਜਨਮ ਦਿੰਦੀ ਹੈ ਅਤੇ ਇਸ ਪਿੱਛੋਂ ਸਿਫਤੀ ਤਬਦੀਲੀ ਹੁੰਦੀ ਹੈ ਅਤੇ ਸਿੱਟੇ ਵਜੋਂ ਪ੍ਰਤੱਖ ਤਬਦੀਲੀ ਸਾਹਮਣੇ ਆਉਂਦੀ ਹੈ। ਏਕਤਾ, ਯੱਕਯਹਿਤੀ, ਮਿਲਾਪ, ਇੱਕਸੁਰਤਾ, ਸਮਤੋਲ, ਠਹਿਰਾਅ, ਅੜਚਣ, ਟਿਕਾਅ, ਸਥਿਰਤਾ, ਮਜਬੂਤੀ, ਖਿੱਚ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜਿੰਦਗੀ ਵਿੱਚ ਵੇਖਦੇ ਹਾਂ, ਮਿਕਦਾਰੀ ਤਬਦੀਲੀਆਂ ਦੀ ਹਾਲਤ ’ਚ ਵਸਤੂਆਂ ਦੇ ਪ੍ਰਗਟਾਵੇ ਹਨ। ਦੂਸਰੇ ਬੰਨੇ, ਏਕਤਾ ਦਾ ਖਾਤਮਾ ਜਾਨਿ ਕਿ ਇਸ ਯੱਕਜਹਿਤੀ, ਮਿਲਾਪ, ਇੱਕਸੁਰਤਾ, ਸਮਤੋਲ, ਠਹਿਰਾਅ, ਅੜਚਣ, ਟਿਕਾਅ, ਸਥਿਰਤਾ, ਮਜਬੂਤੀ ਅਤੇ ਖਿੱਚ ਦੀ ਤਬਾਹੀ ਅਤੇ ਹਰੇਕ ਦੀ ਆਪਣੇ ਵਿਰੋਧੀ ਵਿਚ ਕਾਇਆ–ਪਲਟੀ ਸਿਫਤੀ ਤਬਦੀਲੀ ਦੀ ਹਾਲਤ ’ਚ ਵਸਤੂਆਂ ਦੇ, ਇੱਕ ਪ੍ਰਕਿਰਿਆ ਦੇ ਦੂਸਰੀ ’ਚ ਤਬਦੀਲ ਹੋਣ ਦੇ ਪ੍ਰਗਟਾਵੇ ਹਨ। ਵਸਤੂਆਂ ਲਗਾਤਾਰ ਹੀ ਆਪਣੇ ਆਪ ਨੂੰ ਗਤੀ ਦੀ ਪਹਿਲੀ ਹਾਲਤ ’ਚੋਂ ਦੂਜੀ ਹਾਲਤ ’ਚ ਤਬਦੀਲ ਕਰ ਰਹੀਆਂ ਹਨ। ਵਿਰੋਧੀਆਂ ਦਾ ਘੋਲ ਦੋਵਾਂ ਹਾਲਤਾਂ ’ਚ ਚਲਦਾ ਰਹਿੰਦਾ ਹੈ ਪਰ ਵਿਰੋਧਤਾਈ ਦੂਸਰੀ ਹਾਲਤ ਰਾਹੀਂ ਹੀ ਹੱਲ ਹੁੰਦੀ ਹੈ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਵਿਰੋਧੀਆਂ ਦੀ ਏਕਤਾ ਸ਼ਰਤੀਆ, ਵਕਤੀ ਅਤੇ ਸਾਪੇਖਕ ਹੈ ਜਦੋਂ ਕਿ ਪਰਸਪਰ ਖਾਰਜ–ਕਰੂ ਵਿਰੋਧੀਆਂ ਦਾ ਘੋਲ ਨਿਰਪੇਖ ਹੈ।

ਜਦੋਂ ਅਸੀਂ ਉਪਰ ਕਿਹਾ ਸੀ ਕਿ ਦੋ ਵਿਰੋਧੀ ਵਸਤੂਆਂ ਦੀ ਇੱਕ ਇਕਾਈ ’ਚ ਸਹਿਹੋਂਦ ਹੋ ਸਕਦੀ ਹੈ ਅਤੇ ਆਪਣੇ ਆਪ ਨੂੰ ਇੱਕ ਦੂਸਰੇ ’ਚ ਬਦਲ ਸਕਦੀਆਂ ਹਨ ਕਿਉਂਕਿ ਇਹਨਾਂ ਵਿਚਕਾਰ ਸਮਤਾ ਹੈ ਤਾਂ ਸ਼ਰਤੀਆ ਹੋਣ ਦੀ ਗੱਲ ਕਰ ਰਹੇ ਸੀ। ਯਾਨੀ ਕਿ ਹਾਸਲ ਹਾਲਤਾਂ ਅੰਦਰ, ਦੋ ਵਿਰੋਧੀ ਵਸਤੂਆਂ ਇੱਕਮੁਠ ਹੋ ਸਕਦੀਆਂ ਹਨ ਅਤੇ ਇੱਕ ਦੂਸਰੇ ’ਚ ਤਬਦੀਲ ਹੋ ਸਕਦੀਆਂ ਹਨ। ਪਰ ਇਹਨਾਂ ਹਾਲਤਾਂ ਦੀ ਅਣਹੋਂਦ ’ਚ ਇਹ ਵਿਰੋਧਤਾਈ ਨਹੀਂ ਬਣ ਸਕਦੀਆਂ ਅਤੇ ਉਸੇ ਇਕਾਈ ਵਿੱਚ ਸਹਿਹੋਂਦ ਨਹੀਂ ਕਰ ਸਕਦੀਆਂ ਅਤੇ ਆਪਣੇ ਆਪ ਨੂੰ ਇੱਕ ਦੂਸਰੇ ’ਚ

ਤਬਦੀਲ ਨਹੀਂ ਕਰ ਸਕਦੀਆਂ। ਇਹ ਇਸ ਕਰਕੇ ਹੈ ਕਿਉਂਕਿ ਵਿਰੋਧੀਆਂ ਦੀ ਸਮਤਾ ਹਾਸਲ ਹਾਲਤਾਂ 'ਚ ਹੀ ਪ੍ਰਾਪਤ ਹੁੰਦੀ ਹੈ। ਇਸ ਲਈ ਅਸੀਂ ਕਿਹਾ ਸੀ ਕਿ ਸਮਤਾ ਸ਼ਰਤੀਆ ਅਤੇ ਸਾਪੇਖਕ ਹੈ। ਅਸੀਂ ਇਹ ਵੀ ਜੋੜ ਸਕਦੇ ਹਾਂ ਕਿ ਵਿਰੋਧੀਆਂ ਦਰਮਿਆਨ ਘੋਲ ਪ੍ਰਕਿਰਿਆ ਅੰਦਰ ਆਦਿ ਤੋਂ ਅੰਤ ਤੱਕ ਵਿਆਪਕ ਹੁੰਦਾ ਹੈ ਅਤੇ ਇੱਕ ਪ੍ਰਕਿਰਿਆ ਨੂੰ ਦੂਜੀ 'ਚ ਤਬਦੀਲ ਕਰਦਾ ਹੈ, ਕਿ ਇਹ ਹਾਜ਼ਰ ਨਾਜ਼ਰ ਹੈ ਅਤੇ ਕਿ ਘੋਲ ਗੈਰ ਸ਼ਰਤੀਆ ਅਤੇ ਨਿਰਪੇਖ ਹੈ।

ਸ਼ਰਤੀਆ, ਸਾਪੇਖਕ ਸਮਤਾ ਅਤੇ ਗੈਰ ਸ਼ਰਤੀਆ, ਨਿਰਪੇਖ ਘੋਲ ਦਾ ਜੋੜ ਸਾਰੀਆਂ ਵਸਤੂਆਂ 'ਚ ਵਿਰੋਧੀਆਂ ਦੀ ਗਤੀ ਨੂੰ ਜਨਮ ਦਿੰਦਾ ਹੈ।

ਅਸੀਂ ਚੀਨੀ ਅਕਸਰ ਕਹਿੰਦੇ ਹਾਂ, "ਜਿਹੜੀਆਂ ਵਸਤੂਆਂ ਇੱਕ ਦੂਸਰੇ ਦਾ ਵਿਰੋਧ ਕਰਦੀਆਂ ਹਨ, ਉਹ ਇੱਕ ਦੂਸਰੇ ਦੀਆਂ ਪੂਰਕ ਵੀ ਹਨ" [33] ਅਰਥਾਤ, ਇੱਕ ਦੂਸਰੇ ਦੀਆਂ ਵਿਰੋਧੀ ਵਸਤਾਂ 'ਚ ਸਮਤਾ ਹੈ। ਇਉਂ ਕਹਿਣਾ ਦਵੰਦਵਾਦੀ ਹੈ ਅਤੇ ਅਧਿਆਤਮਵਾਦ ਦੇ ਉਲਟ ਹੈ। "ਇੱਕ ਦੂਸਰੇ ਦਾ ਵਿਰੋਧ ਕਰਦੀਆਂ ਹਨ" ਪਰਸਪਰ ਖਾਰਜ ਕਰਨ ਜਾਂ ਦੋ ਵਿਰੋਧੀ ਪੱਖਾਂ ਦੇ ਘੋਲ ਵੱਲ ਇਸ਼ਾਰਾ ਹੈ। "ਇੱਕ ਦੂਜੇ ਦੀਆਂ ਪੂਰਕ ਹਨ" ਦਾ ਅਰਥ ਹੈ ਕਿ ਹਾਸਲ ਹਾਲਤਾਂ 'ਚ ਦੋ ਵਿਰੋਧੀ ਪੱਖ ਇੱਕਮੁਠ ਹੁੰਦੇ ਹਨ ਅਤੇ ਸਮਤਾ ਹਾਸਲ ਕਰਦੇ ਹਨ। ਫੇਰ ਵੀ ਸਮਤਾ ਵਿੱਚ ਘੋਲ ਸਮੋਇਆ ਹੋਇਆ ਹੈ ਅਤੇ ਘੋਲ ਤੋਂ ਬਿਨਾਂ, ਕੋਈ ਸਮਤਾ ਨਹੀਂ ਹੋ ਸਕਦੀ।

ਸਮਤਾ 'ਚ ਜਦੋਜਹਿਦ ਹੈ, ਵਿਸ਼ੇਸ਼ਤਾ 'ਚ ਸਰਵ ਵਿਆਪਕਤਾ ਹੈ, ਵਿਅਕਤੀਗਤਤਾ 'ਚ ਸਧਾਰਨੀਕਰਨ ਹੈ। ਜੇ ਲੈਨਿਨ ਦਾ ਹਵਾਲਾ ਦੇਣਾ ਹੋਵੇ, "......ਸਾਪੇਖ 'ਚ ਨਿਰਪੇਖ ਹੁੰਦਾ ਹੈ" [34]

## 6. ਵਿਰੋਧਤਾਈ 'ਚ ਦੁਸ਼ਮਣੀ ਦਾ ਸਥਾਨ

ਵਿਰੋਧੀਆਂ ਦੀ ਏਕਤਾ ਦੇ ਸਵਾਲ ਵਿੱਚ ਇਹ ਵੀ ਸ਼ਾਮਲ ਹੈ ਕਿ ਦੁਸ਼ਮਣੀ ਕੀ ਹੁੰਦੀ ਹੈ। ਸਾਡਾ ਜਵਾਬ ਹੈ ਕਿ ਦੁਸ਼ਮਣੀ ਵਿਰੋਧੀਆਂ ਦੇ ਘੋਲ ਦੀ ਇੱਕ ਸ਼ਕਲ ਹੈ ਪਰ ਇੱਕੋ ਇੱਕ ਸ਼ਕਲ ਨਹੀਂ।

ਮਨੁੱਖੀ ਇਤਿਹਾਸ ਅੰਦਰ, ਜਮਾਤਾਂ ਵਿਚਕਾਰ ਦੁਸ਼ਮਣੀ ਵਾਲੇ ਵਿਰੋਧੀਆਂ ਦੇ ਘੋਲ ਦੇ ਵਿਸ਼ੇਸ਼ ਪ੍ਰਗਟਾਵੇ ਮੌਜੂਦ ਹਨ। ਲੁਟੇਰੀਆਂ ਅਤੇ ਲੁੱਟੀਦੀਆਂ ਜਮਾਤਾਂ ਵਿਚਕਾਰ ਵਿਰੋਧਤਾਈ ਬਾਰੇ ਵਿਚਾਰ ਕਰੋ। ਅਜੇਹੀਆਂ ਵਿਰੋਧੀ ਜਮਾਤਾਂ ਉਸੇ ਸਮਾਜ ਵਿੱਚ ਲੰਬੇ ਸਮੇਂ ਤੋਂ ਮੌਜੂਦ ਹਨ, ਭਾਵੇਂ ਇਹ ਗੁਲਾਮਦਾਰੀ ਸਮਾਜ, ਜਗੀਰੂ ਸਮਾਜ ਜਾਂ ਪੂੰਜੀਵਾਦੀ ਸਮਾਜ ਹੋਵੇ ਅਤੇ ਇਹ ਇੱਕ ਦੂਸਰੀ ਵਿਰੁੱਧ ਘੋਲ ਕਰਦੀਆਂ ਹਨ। ਪਰ ਦੋਵਾਂ ਜਮਾਤਾਂ ਵਿਚਕਾਰ ਵਿਰੋਧਤਾਈ ਇੱਕ ਨਿਸ਼ਚਿਤ ਪੜਾਅ ਤੇ ਪਹੁੰਚ ਕੇ ਹੀ ਖੁੱਲੀ ਦੁਸ਼ਮਣੀ ਦੀ ਸ਼ਕਲ ਅਖਤਿਆਰ ਕਰਦੀ ਹੈ ਅਤੇ ਇਨਕਲਾਬ 'ਚ ਵਿਕਸਤ ਹੁੰਦੀ ਹੈ। ਜਮਾਤੀ ਸਮਾਜ ਅੰਦਰ ਇਹੀ ਸੱਚ ਅਮਨ ਦੀ ਜੰਗ ਵਿਚ ਤਬਦੀਲੀ ਤੇ ਢੁੱਕਦਾ ਹੈ।

ਫਟਣ ਤੋਂ ਪਹਿਲਾਂ, ਬੰਬ ਇੱਕ ਇਕਹਿਰੀ ਇਕਾਈ ਹੈ ਜਿਸ ਵਿੱਚ ਵਿਰੋਧੀ ਹਾਸਲ ਹਾਲਤਾਂ 'ਚ ਸਹਿਵਾਸ ਕਰਦੇ ਹਨ। ਧਮਾਕਾ ਸਿਰਫ ਉਦੋਂ ਹੀ ਹੁੰਦਾ ਹੈ ਜਦੋਂ ਨਵੀਂ ਸ਼ਰਤ, ਬਲਣ, ਮੌਜੂਦ ਹੁੰਦੀ ਹੈ। ਇਸ ਦੇ ਨਾਲ ਮਿਲਦੀ-ਜੁਲਦੀ ਹਾਲਤ ਉਹਨਾਂ ਸਾਰੇ ਕੁਦਰਤੀ ਵਰਤਾਰਿਆਂ

ਵਿੱਚ ਪੈਦਾ ਹੁੰਦੀ ਹੈ ਜਿਹੜੇ ਪੁਰਾਣੀਆਂ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਖੁੱਲੀ ਲੜਾਈ ਦੀ ਸ਼ਕਲ ਅਖਤਿਆਰ ਕਰਦੇ ਹਨ ਅਤੇ ਨਵੀਆਂ ਵਸਤੂਆਂ ਨੂੰ ਉਪਜਦੇ ਹਨ।

ਇਸ ਸੱਚਾਈ ਨੂੰ ਗ੍ਰਹਿਣ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਇਹ ਸਾਨੂੰ ਇਹ ਗੱਲ ਸਮਝਣ ਦੇ ਯੋਗ ਬਣਾਉਂਦੀ ਹੈ ਕਿ ਜਮਾਤੀ ਸਮਾਜ ਵਿੱਚ ਇਨਕਲਾਬ ਅਤੇ ਇਨਕਲਾਬੀ ਜੰਗਾਂ ਅਟੱਲ ਹਨ, ਕਿ ਇਹਨਾਂ ਤੋਂ ਬਿਨਾਂ, ਸਮਾਜਿਕ ਵਿਕਾਸ ਅੰਦਰ ਛਾਲ ਮਾਰਨੀ ਅਤੇ ਪਿਛਾਖੜੀ ਹਾਕਮ ਜਮਾਤਾਂ ਦਾ ਤਖਤਾ ਉਲਟਾਉਣਾ ਅਸੰਭਵ ਹੈ ਅਤੇ ਇਸ ਲਈ ਲੋਕਾਂ ਵੱਲੋਂ ਸਿਆਸੀ ਸੱਤ੍ਹਾ ਜਿੱਤਣਾ ਅਸੰਭਵ ਹੈ। ਕਮਿਊਨਿਸਟਾਂ ਨੂੰ ਪਿਛਾਖੜੀਆਂ ਦੇ ਫਰੇਬੀ ਪ੍ਰਚਾਰ ਦਾ ਪਰਦਾਚਾਕ ਕਰਨਾ ਚਾਹੀਦਾ ਹੈ ਜਿਵੇਂ ਇਹਨਾਂ ਵੱਲੋਂ ਜੋਰ ਦੇ ਕੇ ਕਹਿਣਾ ਕਿ ਸਮਾਜਿਕ ਇਨਕਲਾਬ ਬੇ-ਲੋੜਾ ਅਤੇ ਅਸੰਭਵ ਹੈ। ਕਮਿਊਨਿਸਟਾਂ ਨੂੰ ਸਮਾਜਿਕ ਇਨਕਲਾਬ ਦਾ ਮਾਰਕਸੀ-ਲੈਨਿਨੀ ਸਿਧਾਂਤ ਦ੍ਰਿੜਤਾ ਨਾਲ ਬੁਲੰਦ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਇਹ ਸਮਝਣ ਦੇ ਯੋਗ ਬਨਾਉਣਾ ਚਾਹੀਦਾ ਹੈ ਕਿ ਸਮਾਜਿਕ ਇਨਕਲਾਬ ਨਾ ਸਿਰਫ ਸਰਾਸਰ ਜਰੂਰੀ ਹੈ ਸਗੋਂ ਸਰਾਸਰ ਅਮਲ-ਯੋਗ ਵੀ ਹੈ। ਕਿ ਮਨੁੱਖਤਾ ਦੇ ਸਮੁੱਚੇ ਇਤਿਹਾਸ ਅਤੇ ਸੋਵੀਅਤ ਯੂਨੀਅਨ ਦੀ ਜਿੱਤ ਨੇ ਇਸ ਵਿਗਿਆਨਕ ਸੱਚਾਈ ਤੇ ਮੋਹਰ ਲਾ ਦਿੱਤੀ ਹ।

ਤਾਂ ਵੀ, ਸਾਨੂੰ ਵਿਰੋਧੀਆਂ ਦੇ ਹਰੇਕ ਵਿਸ਼ੇਸ਼ ਘੋਲ ਦੀਆਂ ਹਾਲਤਾਂ ਦਾ ਠੋਸ ਅਧਿਐਨ ਕਰਨਾ ਚਾਹੀਦਾ ਹੈ ਅਤੇ ਉਪਰ ਵਿਚਾਰਿਆ ਗੁਰ ਮਨਮਰਜੀ ਨਾਲ ਹਰੇਕ ਵਸਤੂ 'ਤੇ ਲਾਗੂ ਨਹੀਂ ਕਰਨਾ ਚਾਹੀਦਾ। ਵਿਰੋਧਤਾਈ ਅਤੇ ਘੋਲ ਸਰਵ-ਵਿਆਪਕ ਅਤੇ ਨਿਰਪੇਖ ਹਨ ਪਰ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗ ਯਾਨੀ ਕਿ, ਘੋਲ ਦੀਆਂ ਸ਼ਕਲਾਂ, ਵਿਰੋਧਤਾਈਆਂ ਦੇ ਸੁਭਾਅ 'ਚ ਵੱਖਰੇਵਿਆਂ ਅਨੁਸਾਰ ਵੱਖ-ਵੱਖ ਹੁੰਦੇ ਹਨ। ਕੁੱਝ ਵਿਰੋਧਤਾਈਆਂ ਦਾ ਖੁੱਲੀ ਦੁਸ਼ਮਣੀ ਵਾਲਾ ਖਾਸਾ ਹੈ, ਦੂਸਰੀਆਂ ਦਾ ਨਹੀਂ। ਵਸਤੂਆਂ ਦੇ ਠੋਸ ਵਿਕਾਸ ਅਨੁਸਾਰ, ਕੁੱਝ ਵਿਰੋਧਤਾਈਆਂ, ਜੋ ਮੁੱਢ 'ਚ ਗੈਰ-ਦੁਸ਼ਮਨਾਨਾ ਸਨ, ਦੁਸ਼ਮਣਾਨਾ ਵਿਰੋਧਤਾਈਆਂ 'ਚ ਵਿਕਸਤ ਹੋ ਜਾਂਦੀਆਂ ਹਨ, ਜਦੋਂ ਕਿ ਦੂਸਰੀਆਂ ਜੋ ਮੁੱਢ 'ਚ ਦੁਸ਼ਮਨਾਨਾ ਸਨ, ਗੈਰ-ਦੁਸ਼ਮਨਾਨਾ ਵਿਰੋਧਤਾਈਆਂ 'ਚ ਵਿਕਸਤ ਹੋ ਜਾਂਦੀਆਂ ਹਨ।

ਜਿਵੇਂ ਪਹਿਲਾ ਜਿਕਰ ਕੀਤਾ ਹੈ, ਜਿੰਨਾ ਚਿਰ ਜਮਾਤਾਂ ਮੌਜੂਦ ਹਨ, ਕਮਿਊਨਿਸਟ ਪਾਰਟੀ ਅੰਦਰ ਸਹੀ ਅਤੇ ਗਲਤ ਵਿਚਾਰਾਂ ਵਿਚਕਾਰ ਵਿਰੋਧਤਾਈਆਂ ਪਾਰਟੀ ਅੰਦਰ ਜਮਾਤੀ ਵਿਰੋਧਤਾਈਆਂ ਦਾ ਪਰਛਾਵਾਂ ਹਨ। ਮੁੱਢ ਵਿੱਚ ਕੁੱਝ ਮਸਲਿਆਂ ਬਾਰੇ ਹੋ ਸਕਦਾ ਹੈ ਕਿ ਅਜੇਹੀਆਂ ਵਿਰੋਧਤਾਈਆਂ ਦੁਸ਼ਮਨਾਨਾ ਰੂਪ ਨਾ ਅਖਤਿਆਰ ਕਰਨ। ਪਰ ਜਮਾਤੀ ਘੋਲ ਦੇ ਵਿਕਾਸ ਨਾਲ ਇਹ ਵਧ ਸਕਦੀਆਂ ਹਨ ਅਤੇ ਦੁਸ਼ਮਨਾਨਾ ਬਣ ਸਕਦੀਆਂ ਹਨ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਸਾਨੂੰ ਦਰਸਾਉਂਦਾ ਹੈ ਕਿ ਲੈਨਿਨ ਅਤੇ ਸਟਾਲਿਨ ਦੀ ਦਰੁਸਤ ਸੋਚਣੀ ਅਤੇ ਟਰਾਟਸਕੀ[35] ਬੁਖਾਰਿਨ ਅਤੇ ਦੂਸਰਿਆਂ ਦੀ ਗਲਤ ਸੋਚਣੀ ਵਿਚਕਾਰ ਵਿਰੋਧਤਾਈਆਂ ਪਹਿਲਾਂ ਪਹਿਲ ਦੁਸ਼ਮਨਾਨਾ ਸ਼ਕਲ ਵਿੱਚ ਪ੍ਰਗਟ ਹਨੀਂ ਹੋਈਆਂ ਪਰ ਪਿਛੋਂ ਉਹਨਾਂ ਨੇ ਦੁਸ਼ਮਨਾਨਾ ਸ਼ਕਲ ਅਖਤਿਆਰ ਕਰ ਲਈ। ਚੀਨੀ ਕਮਿਊਨਿਸਟ ਪਾਰਟੀ ਅੰਦਰ ਵੀ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਮਿਲਦੇ ਹਨ। ਪਹਿਲਾਂ ਪਹਿਲ, ਸਾਡੇ ਪਾਰਟੀ ਸਾਥੀਆਂ ਦੀ ਦਰੁਸਤ ਸੋਚਣੀ ਅਤੇ ਚੈਨ-ਤੂ-ਸਿਊ, ਚਾਂਗ-ਕੂਓ-ਤਾਓ ਅਤੇ ਦੂਸਰਿਆਂ ਦੀ ਗਲਤ ਸੋਚਣੀ

ਵਿਚਕਾਰ ਵਿਰੋਧਤਾਈਆਂ ਦੁਸ਼ਮਨਾਨਾ ਸ਼ਕਲ ਵਿੱਚ ਪ੍ਰਗਟ ਨਹੀਂ ਹੋਈਆਂ ਪਰ ਪਿੱਛੋਂ ਦੁਸ਼ਮਨਾਨਾ ਸ਼ਕਲ ਅਖਤਿਆਰ ਕਰ ਲਈ। ਮੌਜੂਦਾ ਸਮੇਂ ਸਾਡੀ ਪਾਰਟੀ ਅੰਦਰ ਦਰੁਸਤ ਅਤੇ ਗਲਤ ਸੋਚਣੀ ਵਿਚਕਾਰ ਵਿਰੋਧਤਾਈ ਦੁਸ਼ਮਣਾਨਾ ਸ਼ਕਲ ਵਿੱਚ ਪ੍ਰਗਟ ਨਹੀਂ ਹੁੰਦੀ ਅਤੇ ਜਿਨਾਂ ਸਾਥੀਆਂ ਨੇ ਗਲਤੀਆਂ ਕੀਤੀਆਂ ਹਨ ਜੇ ਉਹ ਇਹਨਾਂ ਨੂੰ ਦਰੁਸਤ ਕਰ ਲੈਂਦੇ ਹਨ ਤਾਂ ਇਹ ਦੁਸ਼ਮਨਾਨਾ ਵਿਰੋਧਤਾਈ ਵਿੱਚ ਵਿਕਸਤ ਨਹੀਂ ਹੋਵੇਗੀ। ਇਸ ਲਈ ਪਾਰਟੀ ਨੂੰ , ਇੱਕ ਪਾਸੇ, ਗਲਤ ਸੋਚਣੀ ਖਿਲਾਫ ਗੰਭੀਰ ਘੋਲ ਕਰਨਾ ਚਾਹੀਦਾ ਹੈ ਅਤੇ ਦੂਸਰੇ ਪਾਸੇ, ਜਿੰਨਾ ਸਾਥੀਆਂ ਨੇ ਗਲਤੀਆਂ ਕੀਤੀਆਂ ਹਨ, ਉਹਨਾਂ ਨੂੰ ਜਾਗਣ ਦਾ ਕਾਫੀ ਮੌਕਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਹਾਲਤ ਵਿੱਚ ਵਧਵਾਂ ਜਦੋਜਹਿਦ ਸਪੱਸ਼ਟ ਤੌਰ 'ਤੇ ਹੀ ਗੈਰ ਵਾਜਬ ਹੈ। ਜਿਨਾ ਨੇ ਗਲਤਾਆਂ ਕੀਤੀਆਂ ਹਨ ਜੇ ਉਹ ਇਹਨਾਂ ਨੂੰ ਜਾਰੀ ਰੱਖਦੇ ਹਨ ਅਤੇ ਵਧਾਉਂਦੇ ਹਨ ਤਾਂ ਇਹ ਸੰਭਾਵਨਾ ਹੈ ਕਿ ਇਹ ਵਿਰੋਧਤਾਈ ਦੁਸ਼ਮਨਾਨਾ ਵਿਰੋਧਤਾਈ 'ਚ ਵਿਕਸਤ ਹੋ ਜਾਵੇ।

ਆਰਥਕ ਤੌਰ 'ਤੇ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਵਿਰੋਧਤਾਈ ਦੋਵਾਂ, ਪੂੰਜੀਵਾਦੀ ਸਮਾਜ 'ਚ ਜਿੱਥੇ ਬੁਰਜੂਆਜ਼ੀ ਦੇ ਰਾਜ ਅਧੀਨ ਸ਼ਹਿਰ ਪਿੰਡਾਂ ਦੀ ਵਹਿਸ਼ੀ ਲੁੱਟ ਕਰਦੇ ਹਨ ਅਤੇ ਚੀਨ ਅੰਦਰ ਕੋਮਿਨਤਾਂਗੀ ਇਲਾਕਿਆਂ 'ਚ ਜਿੱਥੇ ਵਿਦੇਸ਼ੀ ਸਾਮਰਾਜ ਅਤੇ ਚੀਨੀ ਵੱਡੀ ਦਲਾਲ ਸਰਮਾਏਦਾਰੀ ਦੇ ਰਾਜ ਅਧੀਨ ਸ਼ਹਿਰ ਪਿੰਡਾਂ ਦੀ ਬਹੁਤ ਹੀ ਅਤਿਆਚਾਰੀ ਲੁੱਟ ਕਰਦੇ ਹਨ, ਬਹੁਤ ਹੀ ਦੁਸ਼ਮਨਾਨਾ ਵਿਰੋਧਤਾਈ ਹੈ। ਪਰ ਸਮਾਜਵਾਦੀ ਮੁਲਕ 'ਚ ਅਤੇ ਸਾਡੇ ਇਨਕਲਾਬੀ ਅਧਾਰ ਇਲਾਕਿਆਂ 'ਚ ਇਹ ਦੁਸ਼ਮਨਾਨਾ ਵਿਰੋਧਤਾਈ ਗੈਰ-ਦੁਸ਼ਮਨਾਨਾ ਵਿਰੋਧਤਾਈ 'ਚ ਬਦਲ ਚੁੱਕੀ ਹੈ ਅਤੇ ਜਦੋਂ ਕਮਿਊਨਿਸਟ ਸਮਾਜ ਕਾਇਮ ਹੋਇਆ ਤਾਂ ਇਹ ਖਤਮ ਕਰ ਦਿੱਤੀ ਜਾਵੇਗੀ।

ਲੈਨਿਨ ਨੇ ਕਿਹਾ ਸੀ, "ਦੁਸ਼ਮਣੀ ਅਤੇ ਵਿਰੋਧਤਾਈ ਬਿਲਕੁਲ ਹੀ ਇਕੋ ਚੀਜ ਨਹੀਂ ਹਨ। ਸਮਾਜਵਾਦ ਅਧੀਨ, ਪਹਿਲੀ ਅਲੋਪ ਹੋ ਜਾਵੇਗੀ ਅਤੇ ਦੂਸਰੀ ਰਹੇਗੀ।[36] ਅਰਥਾਤ ਦੁਸ਼ਮਣੀ ਵਿਰੋਧੀਆਂ ਦੇ ਘੋਲ ਦੀ ਇੱਕ ਸ਼ਕਲ ਹੈ, ਪਰ ਇਕੋ ਇੱਕ ਸ਼ਕਲ ਨਹੀਂ ਹੈ। ਦੁਸ਼ਮਣੀ ਦੇ ਗੁਰ ਨੂੰ ਹਰ ਥਾਂ ਮਨਮਰਜੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ ਹੈ।

## 7. ਸਿੱਟਾ

ਅਸੀਂ ਹੁਣ ਨਿਚੋੜ ਕੱਢਣ ਲਈ ਕੁੱਝ ਸ਼ਬਦ ਕਹਾਂਗੇ। ਵਸਤੂਆਂ ਅੰਦਰ ਵਿਰੋਧਤਾਈ ਦਾ ਨਿਯਮ, ਅਰਥਾਤ, ਵਿਰੋਧੀਆਂ ਦੀ ਏਕਤਾ ਦਾ ਨਿਯਮ, ਕੁਦਰਤ ਦਾ ਅਤੇ ਸਮਾਜ ਦਾ ਬੁਨਿਆਦੀ ਨਿਯਮ ਹੈ ਅਤੇ ਇਸ ਲਈ ਸੋਚਣੀ ਦਾ ਵੀ ਬੁਨਿਆਦੀ ਨਿਯਮ ਹੈ। ਇਹ ਅਧਿਆਤਮਵਾਦੀ ਸੰਸਾਰ ਨਜ਼ਰੀਏ ਦਾ ਵਿਰੋਧ ਕਰਦਾ ਹੈ। ਇਹ ਮਨੁੱਖੀ ਗਿਆਨ ਦੇ ਇਤਿਹਾਸ ਅੰਦਰ ਮਹਾਨ ਇਨਕਲਾਬ ਦੀ ਨੁੰਮਾਇੰਦਗੀ ਕਰਦਾ ਹੈ। ਦਵੰਦਵਾਦ ਪਦਾਰਥਵਾਦ ਅਨੁਸਾਰ, ਬਾਹਰਮੁਖੀ ਤੌਰ 'ਤੇ ਮੌਜੂਦ ਵਸਤੂਆਂ ਦੀਆਂ ਅਤੇ ਅੰਤਰਮੁਖੀ ਸੋਚ ਦੀਆਂ ਸਾਰੀਆਂ ਪ੍ਰਕਿਰਿਆਵਾਂ ਅੰਦਰ ਵਿਰੋਧਤਾਈ ਮੌਜੂਦ ਹੈ ਅਤੇ ਸਾਰੀਆਂ ਪ੍ਰਕਿਰਿਆਵਾਂ ਵਿੱਚ ਆਦਿ ਤੋਂ ਅੰਤ ਤੱਕ ਵਿਆਪਤ ਹੈ। ਇਹ ਵਿਰੋਧਤਾਈ ਦੀ ਸਰਵ ਵਿਆਪਕਤਾ ਅਤੇ ਨਿਰਪੇਖਤਾ ਹੈ। ਹਰੇਕ ਵਿਰੋਧਤਾਈ ਦੇ ਅਤੇ ਇਹਦੇ ਹਰੇਕ ਪੱਖਾਂ ਦੇ ਆਪਣੇ ਸੰਬੰਧਤ ਲੱਛਣ ਹੁੰਦੇ ਹਨ। ਇਹ ਵਿਰੋਧਤਾਈ ਦੀ ਵਿਸ਼ੇਸ਼ਤਾ ਅਤੇ

ਸਾਪੇਖਤਾ ਹੈ। ਪਰ ਵਿਰੋਧੀਆਂ ਦਾ ਘੋਲ ਬੇਅੰਤ ਹੈ, ਇਹ ਦੋਵਾਂ ਹਾਲਤਾਂ 'ਚ ਜਾਰੀ ਰਹਿੰਦਾ ਹੈ, ਜਦੋਂ ਵਿਰੋਧੀ ਸਹਿਹੋਂਦ 'ਚ ਰਹਿ ਰਹੇ ਹਨ ਉਦੋਂ ਵੀ ਅਤੇ ਜਦੋਂ ਉਹ ਇੱਕ ਦੂਸਰੇ 'ਚ ਤਬਦੀਲ ਹੋ ਰਹੇ ਹਨ ਉਦੋਂ ਵੀ। ਇਹ ਉਦੋਂ ਖਾਸ ਤੌਰ 'ਤੇ ਸਪੱਸ਼ਟ ਹੁੰਦਾ ਹੈ ਜਦੋਂ ਉਹ ਇੱਕ ਦੂਜੇ 'ਚ ਤਬਦੀਲ ਹੋ ਰਹੇ ਹੁੰਦੇ ਹਨ। ਇਹ ਫੇਰ ਵਿਰੋਧਤਾਈ ਦੀ ਸਰਵ ਵਿਆਪਕਤਾ ਅਤੇ ਨਿਰਪੇਖਤਾ ਹੈ। ਵਿਰੋਧਤਾਈ ਅਤੇ ਗੈਰ-ਮੁੱਖ ਵਿਰੋਧਤਾਈ ਵਿਚਕਾਰ ਵਖਰੇਵੇਂ ਵੱਲ ਅਤੇ ਵਿਰੋਧਤਾਈਦੇ ਮੁੱਖ ਪੱਖ ਅਤੇ ਗੈਰ ਮੁੱਖ ਪੱਖ ਵੱਲ ਜਰੂਰ ਹੀ ਧਿਆਨ ਦੇਣਾ ਚਾਹੀਦਾ ਹੈ। ਵਿਰੋਧਤਾਈ ਦੀ ਸਰਵ ਵਿਆਪਕਤਾ ਅਤੇ ਵਿਰੋਧਤਾਈ ਅੰਦਰ ਵਿਰੋਧੀਆਂ ਦੇ ਘੋਲ ਦਾ ਅਧਿਐਨ ਕਰਨ ਸਮੇਂ, ਸਾਨੂੰ ਘੋਲ ਦੀਆਂ ਵੱਖ ਵੱਖ ਸ਼ਕਲਾਂ ਵਿਚਕਾਰ ਵਖਰੇਵੇਂ ਵੱਲ ਜਰੂਰ ਹੀ ਧਿਆਨ ਦੇਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਗਲਤੀਆਂ ਕਰ ਲਵਾਂਗੇ। ਜੇ ਅਧਿਐਨ ਰਾਹੀਂ, ਅਸੀਂ ਉਪਰ ਬਿਆਨੇ ਤੱਤ ਨੂੰ ਸਮਝ ਲੈਂਦੇ ਹਾਂ ਤਾਂ ਅਸੀਂ ਕੱਟੜਪੰਥੀ ਵਿਚਾਰਾਂ ਨੂੰ ਮਲੀਆਮੇਟ ਕਰ ਸਕਦੇ ਹਾਂ ਜਿਹੜੇ ਵਿਚਾਰ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਦੇ ਉਲਟ ਅਤੇ ਸਾਡੇ ਇਨਕਲਾਬੀ ਕਾਜ ਨੂੰ ਹਰਜਾ ਪੁਚਾਉਣ ਵਾਲੇ ਹਨ। ਅਮਲੀ ਤਜਰਬੇ ਵਾਲੇ ਸਾਡੇ ਸਾਥੀ ਆਪਣੇ ਤਜਰਬੇ ਨੂੰ ਅਸੂਲ 'ਚ ਜੱਥੇਬੰਦ ਕਰਨ ਦੇ ਕਾਬਲ ਬਣਨਗੇ ਅਤੇ ਅਭਿਆਸਵਾਦੀ ਗਲਤੀਆਂ ਦੁਹਰਾਉਣ ਤੋਂ ਬਚਾਅ ਕਰਨਗੇ। ਵਿਰੋਧਤਾਈ ਦੇ ਨਿਯਮ ਦੇ ਸਾਡੇ ਅਧਿਐਨ 'ਚੋਂ ਇਹ ਕੁੱਝ ਸਿੱਧੇ-ਸਾਦੇ ਸਿੱਟੇ ਨਿਕਲਦੇ ਹਨ।

## ਵਿਸਥਾਰੀ ਨੁਕਤੇ

1. ਵੀ. ਆਈ. ਲੈਨਿਨ ਦੀਆਂ ਟਿੱਪਣੀਆਂ 'ਫਲਸਫੇ ਦੇ ਇਤਿਹਾਸ ਬਾਰੇ ਹੀਗਲ ਦੇ ਭਾਸ਼ਣਾ ਦੀ ਰੂਪ ਰੇਖਾ। ” (ਲੈਨਿਨ ਦੀਆਂ ਸੰਗ੍ਰਹਿ ਲਿਖਤਾਂ, ਰੂਸੀ ਐਡੀਸ਼ਨ ਮਾਸਕੋ 195 ਸੈਂਚੀ, 38, ਸਫਾ-249)

2. ਵੀ. ਆਈ. ਲੈਨਿਨ ਨੇ ਆਪਣੇ ਲੇਖ “ਦਵੰਦਵਾਦ ਦੇ ਸਵਾਲ ਬਾਰੇ” ਵਿੱਚ ਕਿਹਾ ਹੈ, “ ਕਿਸੇ ਇੱਕ ਇਕਾਈ ਦੀ ਦੋ ਹਿਸਿਆਂ ਵਿੱਚ ਵੰਡ ਅਤੇ ਇਸ ਦੇ ਵਿਰੋਧੀ ਪੱਖਾਂ ਦਾ ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ (ਵੇਖੋ, ਲਾਸਾਲ ਦੀ ਹਰਕੁਲੀਸ ਬਾਰੇ ਕਿਤਾਬ ਦੇ ਤੀਜੇ ਹਿੱਸੇ 'ਚੇਤਨਾ ਬਾਰੇ' ਦੀ ਭੂਮਿਕਾ ਵਿੱਚ ਹਰਕੁਲੀਸ ਸੰਬੰਧੀ ਫੀਲੋ ਦਾ ਕਥਨ (ਦਵੰਦਵਾਦ ਦਾ ਸਾਰਤੱਤ -ਜਰੂਰੀ ਵਸਤੂਆਂ ਵਿਚੋਂ ਇੱਕ ਜੇ ਪ੍ਰਧਾਨ ਨਹੀਂ ਤਾਂ ਪ੍ਰਧਾਨ ਵਿਸ਼ੇਸ਼ਤਾਵਾਂ ਜਾਂ ਲੱਛਣਾ ਵਿਚੋਂ ਇੱਕ) ਹੈ।” ਹੀਗਲ ਦੀ ਰਚਨਾ “ਤਰਕ ਵਿਗਿਆਨ ਦੀ ਰੂਪ ਰੇਖਾ” ਨਾਂ ਦੀ ਆਪਣੀ ਲਿਖਤ ਵਿੱਚ ਉਹਨਾਂ ਕਿਹਾ ਹੈ, “ਸੰਖੇਪ ਵਿਚ, ਦਵੰਦਵਾਦ ਨੂੰ ਵਿਰੋਧੀ ਤੱਤਾਂ ਦੀ ਏਕਤਾ ਦਾ ਸਿਧਾਂਤ ਕਿਹਾ ਜਾ ਸਕਦਾ ਹੈ। ਇਸ ਵਿਚੋਂ ਦਵੰਦਵਾਦ ਦੀ ਗਿਰੀ ਤਾਂ ਪਕੜ ਵਿੱਚ ਆ ਜਾਂਦੀ ਹੈ ਪਰ ਸਪੱਸ਼ਟੀਕਰਨ ਤੇ ਵਿਕਾਸ ਦੀ ਲੋੜ ਬਣੀ ਰਹਿੰਦੀ ਹੈ” ਉਹੀ, ਪੰਨਾ-215)

3. ਡੇਬੋਰਿਨ (1881-1963) ਯੂਨਾਈਟਡ ਸਟੇਟ ਆਫ ਸੋਵੀਅਤ ਰੀਪਬਲਿਕ ਦੀ ਵਿਗਿਆਨਕ ਅਕਾਦਮੀ ਦਾ ਮੈਂਬਰ ਇੱਕ ਰੂਸੀ ਫਿਲਾਸਫਰ ਸੀ। 1930 ਵਿੱਚ ਸੋਵੀਅਤ ਰੂਸ ਦੇ ਦਾਰਸ਼ਨਿਕ ਹਲਕਿਆਂ ਵਲੋਂ ਡੇਬੋਰਿਨ ਸਿਧਾਂਤ ਉਤੇ ਨੁਕਤਾਚੀਨੀ ਸ਼ੁਰੂ ਕੀਤੀ ਗਈ ਅਤੇ ਕਿਹਾ ਕਿ ਇਸ ਦਾ ਸਿਧਾਂਤ ਅਭਿਆਸ ਨਾਲੋਂ ਸਿਧਾਂਤ ਨੂੰ ਅਤੇ ਰਾਜਨੀਤੀ ਨਾਲੋਂ ਫਲਸਫੇ ਨੂੰ ਨਿਖੇੜਨ ਵਾਲਾ ਸੀ ਅਤੇ ਸੁਭਾਵਿਕ ਰੂਪ ਵਿੱਚ ਆਦਰਸ਼ਵਾਦੀ ਸੀ।

4. ਵੀ. ਆਈ. ਲੈਨਿਨ, "ਦਵੰਦਵਾਦ ਦੇ ਸਵਾਲ ਬਾਰੇ" ਉਹੀ, ਪੰਨਾ 358

5. ਹਾਨ ਖਾਨਦਾਨ ਵਿੱਚ ਕੰਨਫਿਯੂਸ਼ੀਅਸਵਾਦ ਦੇ ਇੱਕ ਪ੍ਰਸਿੱਧ ਬੁਲਾਰੇ ਤੁੰਗ-ਚੁੰਗ-ਸੂ (179-104 ਪੂਰਬ ਈਸਵੀ) ਨੇ ਮਹਾਰਾਜੇ ਹਾਨ-ਊ-ਤੀ ਨੂੰ ਕਿਹਾ ਸੀ, "ਤਾਓ ਅਸਮਾਨ ਤੋਂ ਜਨਮ ਲੈਂਦਾ ਹੈ ਜਿਵੇਂ ਅਸਮਾਨ ਨਹੀਂ ਬਦਲਦਾ ਤਿਵੇਂ ਤਾਓ ਵੀ ਨਹੀਂ ਬਦਲਦਾ।" "ਤਾਓ" ਪੁਰਾਣੇ ਚੀਨ ਵਿੱਚ ਫਲਸਫੇ ਦੇ ਵਿਦਵਾਨਾਂ ਵੱਲੋਂ ਵਰਤਿਆ ਜਾਂਦਾ ਇੱਕ ਆਮ ਸ਼ਬਦ ਸੀ। ਇਸ ਦਾ ਅਰਥ ਹੈ "ਰਾਹ" ਜਾਂ "ਦਲੀਲ"। ਇਸ ਨੂੰ ਨਿਯਮ "ਜਾਂ" "ਢੰਗ" ਵੀ ਕਿਹਾ ਜਾ ਸਕਦਾ ਹੈ।

6. ਫਰੈਂਡਰਿਕ ਏਂਗਲਜ਼, "ਦਵੰਦਵਾਦ, ਮਿਕਦਾਰ ਤੇ ਸਿਫਤ", "ਡੂਹਰਿੰਗਦੇ ਵਿਚਾਰਾਂ ਦਾ ਖੰਡਨ " ( ਅੰਗਰੇਜੀ ਐਡੀਸ਼ਨ ਮਾਸਕੋ 1959, ਪੰਨਾ-166)

7. ਵੀ. ਆਈ. ਲੈਨਿਨ, "ਦਵੰਦਵਾਦ ਦੇ ਸਵਾਲ ਬਾਰੇ "ਉਹੀ, ਪੰਨਾ-357-58

8. ਫਰੈਂਡਿਕ ਏਂਗਲਜ਼ " ਦਵੰਦਵਾਦ, ਮਿਕਦਾਰ ਤੇ ਸਿਫਤ," "ਡੂਹਰਿੰਗ ਵਿਰੁੱਧ" (ਉਹੀ ਪੰਨਾ-166-67)

9. ਵੀ. ਆਈ. ਲੈਨਿਨ "ਦਵੰਦਵਾਦ ਦੇ ਸਵਾਲ ਬਾਰੇ" ਉਹੀ, ਪੰਨਾ-357

10. ਮਾਰਕਸ ਦੀ "ਪੂੰਜੀ"

11. ਵੀ. ਆਈ. ਲੈਨਿਨ "ਦਵੰਦਵਾਦ ਦੇ ਸਵਾਲ ਬਾਰੇ (ਉਹੀ, ਪੰਨਾ-358-59)

12. ਵੇਖੋ ਵੀ. ਆਈ. ਲੈਨਿਨ "ਕਮਿਊਨਿਜ਼ਮ" (ਜਿਸ ਵਿਚ ਲੈਨਿਨ ਨੇ ਹੰਗਰੀ ਦੀ ਕਮਿਊਨਿਸਟ ਪਾਰਟੀ ਦੇ ਆਗੂ ਬੇਲਾਕੁਨ ਤੇ ਨੁਕਤਾ ਚੀਨੀ ਕਰਦਿਆਂ ਕਿਹਾ ਸੀ ਕਿ ਉਹ ਮਾਰਕਸਵਾਦ ਵਿੱਚ ਸਭ ਤੋਂ ਜ਼ਰੂਰੀ ਵਸਤੂ, ਮਾਰਕਸਵਾਦ ਦੀ ਜਿਉਂਦੀ ਜਾਗਦੀ ਰੂਹ ਭਾਵ ਠੋਸ ਹਾਲਤਾਂ ਦੇ ਠੋਸ ਨਿਰਨੇ ਨੂੰ ਤੱਜ ਦਿੰਦਾ ਹੈ। ) 12 ਜੂਨ 1920 ਵਿੱਚ ਲੈਨਿਨ ਨੇ ਇਹ ਲੇਖ ਲਿਖਿਆ ਸੀ। ਹਵਾਲਾ "ਚੀਨ ਦੇ ਇਨਕਲਾਬੀ ਯੁੱਧ ਦੀਆਂ ਯੁੱਧਨੀਤਿਕ ਸਮੱਸਿਆਵਾਂ" ਪਾਠ ਤੀਜਾ।

13. ਵੇਖੋ "ਸੁਨ-ਵੂ-ਯੂ" ਨਾਂ ਦੀ ਕਿਤਾਬ ਦਾ ਤੀਜਾ ਅਧਿਆਏ "ਹਮਲੇ ਦੀ ਯੁੱਧਨੀਤੀ" ਸੁਨ-ਵੂ-ਯੂ ਜਾਂ ਸੂਨ-ਵੂ-ਸੁਨ-ਯੂ ਵੀ ਕਿਹਾ ਜਾਂਦਾ ਸੀ। ਉਹ ਪੰਜਵੀਂ ਪੂ:ਈ: ਵਿੱਚ ਇਕ ਪ੍ਰਸਿੱਧ ਚੀਨੀ ਸਿਪਾਹੀ ਤੇ ਸੈਨਿਕ ਸੀ, ਜਿਸ ਵਿਗਿਆਨੀ ਨੇ ਜੰਗ ਬਾਰੇ 13 ਕਾਂਡਾਂ ਵਾਲੇ "ਸੁਨ-ਯੂ ਪੁਸਤਕ ਲਿਖੀ।

14. ਵੀ-ਚੈਂਗ (580-643 ਈ:) ਤਾਂਗ ਖਾਨਦਾਨ ਦਾ ਇੱਕ ਪ੍ਰਸਿੱਧ ਸਿਆਸਤਦਾਨ ਤੇ ਇਤਿਹਾਸਕਾਰ ਸੀ। ਇਸ ਲੇਖ ਵਿੱਚ ਇਹ ਵਾਕ "ਚੀ-ਤੁਗ-ਚੀਯੇਨ" ਨਾਂ ਦੀ ਕਿਤਾਬ ਦੇ 192ਵੇਂ ਭਾਗ ਵਿੱਚੋਂ ਲਿਆ ਗਿਆ ਹੈ।

15. "ਸੂਈ-ਹੂ-ਸੁਆਨ" (ਦਲਦਲਾਂ ਦਾ ਹੀਰੋ) 14ਵੀਂ ਸਦੀ ਦਾ ਇੱਕ ਪ੍ਰਸਿਧ ਚੀਨੀ ਨਾਵਲ ਹੈ ਜਿਸ ਵਿੱਚ ਉਤਰੀ ਸੁੰਗ-ਖਾਨਦਾਨ ਦੇ ਆਖਰੀ ਸਮੇਂ ਦੀ ਇੱਕ ਕਿਸਾਨ ਜੰਗ ਦਾ ਜਿਕਰ ਕੀਤਾ ਗਿਆ ਹੈ। ਚੂ ਪਿੰਡ ਲਿਆਂਗ-ਸੰਨ-ਪੂ ਦੇ ਲਾਗੇ ਚਾਗੇ ਜਿਥੇ ਕਿ ਕਿਸਾਨ ਬਗਾਵਤ ਦੇ ਆਗੂ, ਨਾਵਲ ਦੇ ਹੀਰੋ, ਸੁੰਗ-ਚਿਆਂਗ ਨੇ ਆਪਣਾ ਅੱਡਾ ਬਣਾਇਆ ਹੋਇਆ ਸੀ ਅਤੇ ਇਸ ਪਿੰਡ ਦਾ ਮੁੱਖੀਆਂ ਚੂ-ਚਾਊ-ਫੈਂਗ ਇੱਕ ਧੱਕੜਸ਼ਾਹ ਜਗੀਰਦਾਰ ਸੀ।

16. ਵੀ. ਆਈ. ਲੈਨਿਨ "ਟਰੇਡ ਯੂਨੀਅਨਾਂ, ਅਜੋਕੀ ਹਾਲਤ ਅਤੇ ਟਰਾਟਸਕੀ ਤੇ ਬੁਖਾਰਿਨ ਦੀਆਂ ਗਲਤੀਆਂ ਉਤੇ ਮੁੜ ਇੱਕ ਵਾਰ ਵਿਚਾਰ" (ਲੈਨਿਨ ਦੀਆਂ ਚੋਣਵੀਆਂ ਲਿਖਤਾਂ, ਅੰਗਰੇਜੀ ਐਡੀਸ਼ਨ ਨਿਊਯਾਰਕ 1943 ਗ੍ਰੰਥ 9, ਸਫਾ-66)

17. 1911 ਦਾ ਇਨਕਲਾਬ ਪੂੰਜੀਵਾਦੀ ਇਨਕਲਾਬ ਸੀ, ਜਿਸ ਰਾਹੀਂ ਚਿੰਗ ਖਾਨਦਾਨ ਦੀ ਖੁਦ-ਮੁਖਤਿਆਰ ਸਰਕਾਰ ਨੂੰ ਉਲਟਾਇਆ ਗਿਆ ਸੀ। ਉਸੇ ਸਾਲ ਦੇ ਅਕਤੂਬਰ ਮਹੀਨੇ ਦੀ 10 ਤਾਰੀਖ ਨੂੰ ਚਿੰਗ ਖਾਨਦਾਨ ਦੀ ਨਵੀਂ ਸੈਨਾ ਦੇ ਇੱਕ ਭਾਗ, ਜੋ ਇਨਕਲਾਬੀ ਪ੍ਰਭਾਵ ਹੇਠ ਸੀ, ਨੇ ਵੂ-ਚੁੰਗ ਤੇ ਹੂਪਏ ਪ੍ਰਾਂਤ ਵਿੱਚ ਇੱਕ ਬਗਾਵਤ ਖੜੀ ਕੀਤੀ। ਉਸ ਸਮੇਂ ਮੌਜੂਦ ਸਰਮਾਏਦਾਰੀ ਤੇ ਨਿੱਕ ਸਰਮਾਏਦਾਰੀ, ਇਨਕਲਾਬੀ ਸੰਸਥਾਂਵਾਂ ਤੇ ਮਜ਼ਦੂਰਾਂ ਕਿਸਾਨਾਂ ਤੇ ਫੌਜੀਆਂ ਦੇ ਵਿਸ਼ਾਲ ਜਨਤਕ ਸਮੂਹ ਨੇ ਬੜੇ ਉਤਸ਼ਾਹ ਨਾਲ ਇਸ ਦਾ ਹੁੰਗਾਰਾ ਭਰਿਆ। ਬਹੁਤ ਛੇਤੀ ਚਿੰਗ ਖਾਨਦਾਨ ਦਾ ਰਾਜ ਜੜੋਂ ਹਿੱਲ ਗਿਆ। ਜਨਵਰੀ 1912 ਵਿੱਚ ਨਾਨਕਿੰਗ ਵਿੱਚ ਚੀਨੀ ਲੋਕਰਾਜ ਦੀ ਸਥਾਈ ਸਰਕਾਰ ਸਥਾਪਤ ਹੋ ਗਈ। ਜਿਸ ਦਾ ਰਾਸ਼ਟਰਪਤੀ ਸੁਨ-ਯਾਤ-ਸੈਨ ਬਣਿਆ। ਚੀਨ ਦਾ ਜਗੀਰੂ ਬਾਦਸ਼ਾਹੀ ਢੰਗ, ਜੋ 2000 ਸਾਲ ਤੋਂ ਵਧ ਸਮੇਂ ਤੱਕ ਰਿਹਾ ਸੀ, ਢਹਿ ਢੇਰੀ ਹੋ ਗਿਆ। ਲੋਕਾਂ ਦੇ ਦਿਲਾਂ ਵਿੱਚ ਜਮਹੂਰੀ ਲੋਕ ਰਾਜ ਦਾ ਵਿਚਾਰ ਡੂੰਘੀ ਤਰ੍ਹਾਂ ਘਰ ਕਰ ਗਿਆ ਸੀ। ਪਰ ਸਰਮਾਏਦਾਰੀ ਜਿਸ ਨੇ ਇਨਕਲਾਬ ਦੀ ਅਗਵਾਈ ਕੀਤੀ ਸੀ, ਸੁਭਾਵਿਕ ਰੂਪ ਵਿਚ ਬਹੁਤ ਹੀ ਸਮਝੌਤਾ ਪ੍ਰਸਤ ਸੀ। ਇਸ ਨੇ ਪੇਂਡੂ ਇਲਾਕਿਆਂ ਵਿੱਚ ਜਗੀਰਦਾਰ ਜਮਾਤ ਦੇ ਜਗੀਰੂ ਰਾਜ ਨੂੰ ਤਬਾਹ ਕਰਨ ਲਈ ਕਿਸਾਨ ਜਨਤਾ ਨੂੰ ਵਿਸ਼ਾਲ ਰੂਪ ਵਿੱਚ ਹਰਕਤ ਵਿੱਚ ਨਾ ਲਿਆਂਦਾ। ਪਰ ਇਸ ਦੀ ਬਜਾਏ ਸਾਮਰਾਜੀ ਤੇ ਜਗੀਰੂ ਦਬਾਅ ਹੇਠ ਉਤਰੀ ਯੁੱਧ ਸਰਦਾਰ ਯੁਆਨ-ਸੀ-ਕਾਈ ਨੂੰ ਰਾਜ ਸੱਤ੍ਹਾ ਸੰਭਾਲ ਦਿੱਤੀ। ਸਿੱਟੇ ਵਜੋਂ ਇਨਕਲਾਬ ਹਾਰ ਵਿੱਚ ਬਦਲ ਗਿਆ।

18. 1924-27 ਦਾ ਇਨਕਲਾਬ, ਜਿਸ ਨੂੰ ਪਹਿਲਾਂ ਇਨਕਲਾਬੀ ਘਰੇਲੂ-ਯੁੱਧ ਵੀ ਕਿਹਾ ਜਾਂਦਾ ਹੈ, ਇਕ ਸਾਮਰਾਜ-ਵਿਰੋਧੀ ਤੇ ਜਗੀਰਦਾਰ-ਵਿਰੋਧੀ ਇਨਕਲਾਬੀ ਸੰਘਰਸ਼ ਸੀ, ਜਿਸ ਦੀਆਂ ਮੁੱਖ ਤਾਕਤਾਂ ਚੀਨੀ ਕਮਿਊਨਿਸਟ ਪਾਰਟੀ ਤੇ ਕੌਮਿਨਤਾਂਗ ਵਿਚਕਾਰ ਮਿਲਵਰਤੋਂ ਦੇ ਆਧਾਰ ਤੇ ਉਤਰੀ ਮੁਹਿੰਮ ਚਲਾਈ ਗਈ ਸੀ। ਕੁਆਗਤਾਂਗ ਪ੍ਰਾਂਤ ਵਿੱਚ ਆਪਣਾ ਇਨਕਲਾਬੀ ਅਧਾਰ ਖੇਤਰ ਪੱਕਾ ਕਰਨ ਪਿੱਛੋਂ ਇਨਕਲਾਬੀ ਫੌਜ, ਜੋ ਦੋਹਾਂ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਸਥਾਪਿਤ ਕੀਤੀ ਗਈ ਸੀ, ਨੇ ਜੁਲਾਈ 1926 ਵਿੱਚ ਸਾਮਰਾਜਵਾਦ ਦੇ ਪਾਲੇ ਹੋਏ ਉਤਰੀ ਯੁੱਧ-ਸਰਦਾਰਾਂ ਵਿਰੁੱਧ ਆਪਣੀ ਉਤਰ ਵੱਲ ਨੂੰ ਮੁਹਿੰਮ ਦਾ ਆਰੰਭ ਕੀਤਾ ਅਤੇ ਮਜ਼ਦੂਰਾਂ, ਕਿਸਾਨਾਂ ਦੇ ਜਨਸਮੂਹ ਵੱਲੋਂ ਨਿੱਘਾ ਸਹਿਯੋਗ ਪ੍ਰਾਪਤ ਕੀਤਾ। ਇਸ ਨੇ 1926 ਦੇ ਦੂਜੇ ਅੱਧ ਤੇ 1927 ਦੇ ਪਹਿਲੇ ਅੱਧ ਵਿੱਚ ਯਾਂਗਸੀ ਤੋਂ ਪੀਲੀ ਨਦੀ ਦੇ ਨਾਲ ਬਹੁਤ ਸਾਰੇ ਪ੍ਰਾਂਤਾਂ ਉਤੇ ਕਬਜਾ ਕਰ ਲਿਆ। ਜਿਸ ਵੇਲੇ ਇਨਕਲਾਬ ਸਫਲਤਾ ਪੂਰਬਕ ਅਗਾਂਹ ਵਧ ਰਿਹਾ ਸੀ ਤਾਂ ਕੌਮਿਨਤਾਂਗ ਵਿੱਚਲੀਆਂ ਪਿੱਛਾਖੜੀ ਜੁੰਡੀਆਂ ਨੇ ਚਿਆਂਗ-ਕਾਈ-ਸ਼ੈਕ ਤੇ ਵਾਂਗ-ਚਿੰਗ-ਵੂਈ (ਦੋਵੇਂ ਦਲਾਲ ਤੇ ਜਗੀਰੂ ਜਮਾਤਾਂ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਨ) ਦੀ ਅਗਵਾਈ ਵਿੱਚ ਸਾਮਰਾਜ ਦੀ ਸਹਾਇਤਾ ਨਾਲ ਪਹਿਲੀ, ਅਪ੍ਰੈਲ 1927 ਤੇ ਦੂਜੀ ਜੁਲਾਈ ਵਿੱਚ, ਦੋ ਉਲਟ ਇਨਕਲਾਬੀ ਸਾਜਿਸ਼ਾਂ ਰਚੀਆਂ। ਉਸ ਵੇਲੇ ਚੀਨੀ ਕਮਿਊਨਿਸਟ ਪਾਰਟੀ ਅੰਦਰ ਸੱਜੇ ਵਿਚਾਰਾਂ ਦਾ ਪ੍ਰਗਟਾਵਾ ਹੋਇਆ ਜਿਨ੍ਹਾਂ ਦੀ ਪ੍ਰਤੀਨਿਧਤਾ ਚੈਨ-ਤੁ-ਸੂ ਕਰਦਾ ਸੀ। ਇਹ ਵਿਚਾਰ ਗੋਡੇ ਟੇਕੂ ਲਾਈਨ

ਵਿੱਚ ਵਿਕਸਤ ਹੋ ਗਏ। ਕਿਉਂਕਿ ਪਾਰਟੀ ਤੇ ਲੋਕ ਕੌਮਿਨਤਾਂਗ ਪਿਛਾਖੜੀ ਜੁੰਡੀਆਂ ਵੱਲੋਂ ਅਰੰਭੇ ਗਏ ਹੈਰਾਨੀਜਨਕ ਹਮਲਿਆਂ ਦਾ ਪ੍ਰਭਾਵਸ਼ਾਲੀ ਟਾਕਰਾ ਜੱਥੇਬੰਦ ਕਰਨ ਦੀ ਸਥਿਤੀ ਵਿੱਚ ਨਹੀਂ ਸਨ, ਇਸ ਕਰਕੇ ਇਨਕਲਾਬ ਦੀ ਹਾਰ ਹੋ ਗਈ।

19. ਜਰਈ ਇਨਕਲਾਬੀ ਯੁੱਧ 1927 ਤੋਂ 1934 ਵਿਚਕਾਰ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੀਨੀ ਲੋਕਾਂ ਵੱਲੋਂ ਲੜਿਆ ਗਿਆ ਇੱਕ ਇਨਕਲਾਬੀ ਸੰਘਰਸ਼ ਸੀ। ਅਤੇ ਇਸ ਦਾ ਮੁੱਖ ਤੱਤ ਲਾਲ ਰਾਜਨੀਤਿਕ ਸ਼ਕਤੀ ਦੀ ਸਥਾਪਨਾ ਤੇ ਵਿਕਾਸ, ਜਰਈ ਇਨਕਲਾਬ ਨੂੰ ਫੈਲਾਉਣਾ ਤੇ ਕੌਮਿਨਤਾਂਗੀ ਪਿਛਾਖੜ ਦਾ ਹਥਿਆਰਬੰਦ ਟਾਕਰਾ ਕਰਨਾ ਸੀ। ਇਹ ਇਨਕਲਾਬੀ ਯੁੱਧ ਦੂਜੇ ਇਨਕਲਾਬੀ ਘਰੇਲੂ-ਯੁੱਧ ਵਜੋਂ ਵੀ ਜਾਣਿਆ ਜਾਂਦਾ ਹੈ।

20. ਲਿਆਉ-ਨਿੰਗ, ਕਿਰਨ ਹੀ ਲੁੰਗ-ਕਿਆਂਗ ਤੇ ਜੀ-ਹੋਲ ਚਾਰ ਉਤਰੀ ਪੂਰਬੀ ਪ੍ਰਾਂਤ ਸਨ, ਜਿਹੜੇ ਕਿ ਅਜੋਕੇ ਲਿਆਉਂ ਨਿੰਗ, ਕਿਰਨ ਤੇ ਹੀ ਲੁੰਗ ਕਿਆਂਗ ਦੇ ਪ੍ਰਾਂਤਾਂ, ਮਹਾਨ ਕੰਧ ਦੇ ਉੱਤਰ ਵਿਚਲੇ ਹੂ-ਪਈ ਪ੍ਰਾਂਤ ਦੇ ਉੱਤਰ ਪੂਰਬੀ ਭਾਗ ਅਤੇ ਖੁਦ ਮੁਖਤਿਆਰ ਰਾਜ, ਅੰਦਰੂਨੀ ਮੰਗੋਲੀਆ ਦੇ ਪੂਰਬੀ ਭਾਗ ਤੋਂ ਬਣਦੇ ਸਨ। 18 ਸਤੰਬਰ ਦੀ ਘਟਨਾ, 1931 ਵਿੱਚ ਵਾਪਰੀ ਸੀ, ਤੋਂ ਪਿੱਛੋਂ ਜਪਾਨੀ ਹਮਲਾਵਰਾਂ ਨੇ ਲਿਆਉ ਨਿੰਗ, ਕਿਰਨ ਤੇ ਹੀ ਲੁੰਗ ਕਿਆਂਗ ਅਤੇ ਪਿੱਛੋਂ 1933 ਵਿੱਚ ਜੀ ਹੋਲ ਤੇ ਕਬਜਾ ਕਰ ਲਿਆ।

21. ਚੀਨੀ ਲਾਲ ਫੌਜ ਤੇ ਲੋਕਾਂ ਦੀ ਜਪਾਨ-ਵਿਰੋਧੀ ਲਹਿਰ ਦੇ ਪ੍ਰਭਾਵ ਹੇਠ ਚਾਂਗ-ਸੂ-ਲਿਆਂਗ ਦੀ ਸਰਦਾਰੀ ਹੇਠਲੀ ਕੌਮਿਨਤਗ ਦੀ ਉੱਤਰੀ ਪੂਰਬੀ ਫੌਜ ਤੇ ਯਾਂਗ-ਹੂ-ਚਿੰਗ ਦੀ ਸਰਦਾਰੀ ਹੇਠ ਕੌਮਿਨਤਾਂਗ ਦੀ ਸਤਾਰਵੀਂ ਮਾਰਗ ਫੌਜ ਨੇ ਚੀਨੀ ਕਮਿਊਨਿਸਟ ਪਾਰਟੀ ਵੱਲੋਂ ਤਜਵੀਜ ਕੀਤੀ ਜਪਾਨ ਵਿਰੋਧੀ ਕੌਮੀ ਮੋਰਚੇ ਦੀ ਨੀਤੀ ਨੂੰ ਪ੍ਰਵਾਨ ਕੀਤਾ ਅਤੇ ਜਪਾਨ ਦਾ ਟਾਕਰਾ ਕਰਨ ਲਈ ਚਿਆਂਗ ਕਾਈ ਸ਼ੇਕ ਤੋਂ ਕਮਿਊਨਿਸਟ ਪਾਰਟੀ ਨਾਲ ਮਿਲਣ ਦੀ ਮੰਗ ਕੀਤੀ। ਚਿਆਂਗ-ਕਾਈ-ਸ਼ੈਕ ਨੇ ਕੇਵਲ ਇਨਕਾਰ ਹੀ ਨਹੀਂ ਕੀਤਾ ਸਗੋਂ ਉਹ ਹੋਰ ਵਿਰੋਧੀ ਹੋ ਗਿਆ ਤੇ ਉਸਨੇ ਕਮਿਊਨਿਸਟਾਂ ਉੱਤੇ ਜਿੱਤ ਪ੍ਰਾਪਤ ਕਰਨ ਲਈ ਆਪਣੀਆਂ ਫੌਜੀ ਤਿਆਰੀਆਂ ਨੂੰ ਹੋਰ ਤੇਜ਼ ਕਰ ਦਿੱਤਾ ਅਤੇ ਸੀਆਨ ਵਿੱਖੇ ਵਿਦਿਆਰਥੀਆਂ ਦੀ ਜਪਾਨ-ਵਿਰੋਧੀ ਲਹਿਰ ਨੂੰ ਕੁਚਲ ਦਿੱਤਾ। 12 ਦਸੰਬਰ 1936 ਨੂੰ ਚਾਂਗ-ਸੂ-ਲਿਆਂਗ ਤੇ ਯਾਂਗ-ਹੂ-ਚਿੰਗ ਨੇ ਸਿਆਨ ਦੀ ਘਟਨਾ ਖੜੀ ਕੀਤੀ ਤੇ ਚਿਆਂਗ-ਕਾਈ-ਸ਼ੈਕ ਨੂੰ ਗ੍ਰਿਫਤਾਰ ਕਰ ਲਿਆ। ਇਸ ਘਟਨਾ ਦੇ ਵਾਪਰਨ ਪਿੱਛੋਂ ਚੀਨੀ ਕਮਿਊਨਿਸਟ ਪਾਰਟੀ ਨੇ ਚਿਆਂਗ-ਸੂ-ਲਿਆਂਗ ਤੇ ਯਾਂਗ-ਹੂ-ਚਿੰਗ ਦੀ ਦੇਸ਼ ਭਗਤੀ ਲਈ ਪੂਰਨ ਸਹਿਯੋਗ ਦਾ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਰਾਏ ਰੱਖੀ ਕਿ ਜਪਾਨ ਵਿਰੁੱਧ ਏਕਤਾ ਤੇ ਟਾਕਰੇ ਦੇ ਆਧਾਰ 'ਤੇ ਇਸ ਸਿਆਨ ਘਟਨਾ ਨੂੰ ਹੱਲ ਕੀਤਾ ਜਾਵੇ। 25 ਦਸੰਬਰ ਨੂੰ ਚਿਆਂਗ-ਕਾਈ-ਸ਼ੈਕ ਨੂੰ ਜਪਾਨ ਵਿਰੁਧ ਕਮਿਊਨਿਸਟ ਪਾਰਟੀ ਨਾਲ ਏਕਤਾ ਦੀਆਂ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ ਗਿਆ ਅਤੇ ਫੇਰ ਉਸਨੂੰ ਰਿਹਾ ਕਰ ਦਿੱਤਾ ਗਿਆ ਤੇ ਉਹ ਮੁੜ ਨਾਨਕਿੰਗ ਨੂੰ ਆ ਗਿਆ।

22. ਚੇਨ-ਤੂ-ਸੂ 4 ਮਈ ਦੀ ਲਹਿਰ ਦੇ ਦਿਨਾਂ ਵਿੱਚ ਇੱਕ ਸਰਗਰਮ ਜਮਹੂਰੀਅਤ ਪਸੰਦ ਸੀ, ਪਿੱਛੋਂ, ਅਕਤੂਬਰ ਸਮਾਜਵਾਦੀ ਇਨਕਲਾਬ ਦੇ ਪ੍ਰਭਾਵ ਹੇਠ ਉਹ ਚੀਨੀ ਕਮਿਊਨਿਸਟ ਪਾਰਟੀ ਦੇ ਬਾਨੀਆ ਵਿਚੋਂ ਇੱਕ ਹੋ ਨਿਕਲਿਆ। ਪਾਰਟੀ ਸਥਾਪਤੀ ਦੇ ਪਿੱਛੋਂ 6 ਸਾਲ ਤੱਕ ਉਹ

ਕੇਂਦਰੀ ਕਮੇਟੀ ਵਿੱਚ ਆਗੂ ਪੁਜੀਸ਼ਨ ਤੇ ਰਿਹਾ। ਪਰ ਉਹ ਲੰਬੇ ਸਮੇਂ ਤੋਂ ਸੱਜੀ ਸੋਚ ਦਾ ਸ਼ਿਕਾਰ ਹੋ ਚੁੱਕਿਆ ਸੀ ਅਤੇ 1924-27 ਦੇ ਇਨਕਲਾਬ ਦੇ ਆਖਰੀ ਪੜਾਅ ਵਿੱਚ ਉਸ ਦੀ ਸੋਚ ਗੋਡੇ-ਟੇਕਵਾਦ ਵਿੱਚ ਵਿਕਸਤ ਹੋ ਗਈ। ਚੈਨ-ਤੂ-ਸੂ ਵਲੋਂ ਪ੍ਰਗਟ ਕੀਤੀ ਗੋਡੇ-ਟੇਕੂ ਨੀਤੀ ਅਧੀਨ ਪਾਰਟੀ ਨੇ "ਆਪਣੇ ਆਪ ਹੀ ਕਿਸਾਨ ਸਮੂਹ, ਸ਼ਹਿਰੀ ਨਿਕ ਸਰਮਾਏਦਾਰੀ ਤੇ ਮੱਧ ਸਰਮਾਏਦਾਰੀ ਦੀ ਅਗਵਾਈ ਖਾਸ ਕਰਕੇ ਹੱਥਿਆਰਬੰਦ ਸ਼ਕਤੀਆਂ ਦੀ ਅਗਵਾਈ ਛੱਡ ਦਿੱਤੀ, ਇਸ ਤਰ੍ਹਾਂ ਇਨਕਲਾਬ ਦੀ ਹਾਰ ਹੋ ਗਈ।" (ਮਾਓ ਦੀਆਂ ਚੋਣਵੀਆਂ ਰਚਨਾਵਾਂ, ਗ੍ਰੰਥ ਚੌਥਾ ਵਿੱਚੋਂ" ਅਜੋਕੀ ਹਾਲਤ ਤੇ ਸਾਡੇ ਕੰਮ" ਬਾਰੇ) 1927 ਦੀ ਹਾਰ ਪਿੱਛੋਂ ਚੈਨ-ਤੂ-ਸੂ ਅਤੇ ਹੋਰ ਮੁੱਠੀਭਰ ਗੋਡੇ ਟੇਕੂਆਂ ਦਾ ਇਨਕਲਾਬ ਦੇ ਭਵਿੱਖ ਬਾਰੇ ਵਿਸ਼ਵਾਸ ਉਠ ਗਿਆ ਅਤੇ ਉਹ ਤੋੜ ਫੋੜ ਕਰਨ ਲੱਗ ਪਏ। ਉਹਨਾਂ ਪਿਛਾਖੜੀ ਟਰਾਸਟਕੀ ਦਾ ਰਾਹ ਅਪਣਾਇਆ ਤੇ ਟਰਾਟਸਕੀਵਾਦੀਆਂ ਨਾਲ ਮਿਲ ਕੇ ਇੱਕ ਪਾਰਟੀ-ਵਿਰੋਧੀ ਗੁੱਟ ਬਣਾ ਲਿਆ ਸਿੱਟੇ ਵਜੋਂ ਚੈਨ-ਤੂ-ਸੂ ਨੂੰ ਸਤੰਬਰ 1929 ਵਿੱਚ ਪਾਰਟੀ ਵਿੱਚੋਂ ਖਾਰਜ ਕਰ ਦਿੱਤਾ ਤੇ 1942 ਵਿੱਚ ਉਹ ਮਰ ਗਿਆ।

23. 18ਵੀਂ ਸਦੀ ਦੇ ਅੰਤ ਤੋਂ ਸ਼ੁਰੂ ਹੋ ਕੇ ਕਈ ਦਹਾਕਿਆਂ ਤੱਕ ਬਰਤਾਨੀਆਂ ਨੇ ਤਕੜੀ ਮਾਤਰਾ ਵਿੱਚ ਅਫੀਮ ਭੇਜੀ, ਜਿਸ ਨੇ ਚੀਨੀ ਲੋਕਾਂ ਨੂੰ ਕੇਵਲ ਅਮਲੀ ਹੀ ਨਹੀਂ ਬਣਾਇਆ ਸਗੋਂ ਚੀਨ ਦੀ ਚਾਂਦੀ ਵੀ ਲੁੱਟ ਕੇ ਲੈ ਗਿਆ। ਚੀਨ ਵਿਚ ਇਸ ਦਾ ਸਖ਼ਤ ਵਿਰੋਧ ਹੋਇਆ। 1840 ਵਿੱਚ ਚੀਨ ਨਾਲ ਇਸ ਦੇ ਵਿਉਪਾਰ ਦੀ ਰਾਖੀ ਦੇ ਪਰਦੇ ਹੇਠ ਬਰਤਾਨੀਆ ਨੇ ਉਸ ਵਿਰੁੱਧ ਹਥਿਆਰਬੰਦ ਹਮਲਾ ਕੀਤਾ। ਲਿਨ ਸੇ ਸੂ ਦੀ ਅਗਵਾਈ ਹੇਠ ਚੀਨੀ ਫੌਜਾਂ ਨੇ ਟਾਕਰਾ ਕੀਤਾ। ਕੈਂਟਨ ਵਿਚ ਲੋਕਾਂ ਨੇ ਆਪ ਮੁਹਾਰੇ ਹੀ "ਬਰਤਾਨਵੀ ਫੌਜਾਂ ਨੂੰ ਮਾਰ ਭਜਾਉ" ਲਹਿਰ ਜੱਥੇਬੰਦ ਕੀਤੀ, ਜਿਸ ਨੇ ਹਮਲਾ ਕਰਨ ਵਾਲੀਆਂ ਬਰਤਾਨਵੀਂ ਸ਼ਕਤੀਆਂ ਨੂੰ ਗੰਭੀਰ ਸੱਟਾਂ ਮਾਰੀਆਂ। 1842 ਵਿੱਚ, ਫੇਰ ਵੀ, ਭ੍ਰਿਸ਼ਟ ਚਿੰਗ ਹਕੂਮਤ ਨੇ ਬਰਤਾਨਵੀਂ ਹਮਲਾਵਰਾਂ ਨਾਲ ਨਾਨਕਿੰਗ ਸਮਝੌਤਾ ਕੀਤਾ। ਇਸ ਸਮਝੌਤੇ ਨੇ ਸਿੰਆਨੀ ਭਰਨੀ ਤੇ ਹਾਂਗ-ਕਾਂਗ ਨੂੰ ਬਰਤਾਨੀਆਂ ਦੇ ਹਵਾਲੇ ਕਰਨ ਦਾ ਮੌਕਾ ਦਿੱਤਾ ਅਤੇ ਇਹ ਮੰਨਿਆ ਕਿ ਸ਼ੰਘਾਈ, ਫੂਚੋ, ਐਮੋਏ, ਨਿੰਗਪੋ ਤੇ ਕੈਂਟਨ ਅੰਗਰੇਜ਼ੀ ਵਪਾਰ ਲਈ ਖੁੱਲ੍ਹੇ ਰਹਿਣਗੇ ਅਤੇ ਚੀਨ ਵਿੱਚ ਦਰਾਮਦ ਕੀਤੀਆਂ ਬਰਤਾਨਵੀਂ ਵਸਤੂਆਂ ਉੱਤੇ ਚੁੰਗੀ ਦੇ ਰੇਟ ਚੀਨ ਦੇ ਬਰਤਾਨੀਆਂ ਵੱਲੋਂ ਸਾਂਝੇ ਤੌਰ 'ਤੇ ਤਹਿ ਹੋਣਗੇ।

24. 1894 ਦੀ ਚੀਨ-ਜਪਾਨੀ ਜੰਗ ਕੋਰੀਆ ਤੇ ਚੀਨ ਉੱਤੇ ਹਮਲਾ ਕਰਨ ਲਈ ਜਪਾਨੀ ਸਾਮਰਾਜੀਆਂ ਵੱਲੋਂ ਛੇੜੀ ਗਈ ਸੀ। ਬਹੁਤ ਸਾਰੇ ਚੀਨੀ ਫੌਜੀਆਂ ਤੇ ਕੁੱਝ ਦੇਸ਼ ਭਗਤ ਜਰਨੈਲਾਂ ਨੇ ਇਕ ਬਹਾਦਰੀ ਭਰੀ ਲੜਾਈ ਦਿੱਤੀ ਪਰ ਚੀਨ ਦੀ ਚਿੰਗ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਇਸ ਦੀ ਟਾਕਰੇ ਦੀ ਤਿਆਰੀ ਕਰਨ ਵਿੱਚ ਅਸਫਲਤਾ ਕਾਰਨ ਨੁਕਸਾਨ ਹੋਇਆ। 1895 ਵਿੱਚ ਚਿੰਗ ਸਰਕਾਰ ਨੇ ਜਾਪਾਨ ਨਾਲ ਸ਼ਿਮੋਨਸਕੀ ਦਾ ਸ਼ਰਮਨਾਕ ਸਮਝੌਤਾ ਕੀਤਾ।

25. ਵੀ. ਆਈ. ਲੈਨਿਨ, "ਕੀ ਕਰਨਾ ਲੋੜੀਏ ? " ਸੰਗ੍ਰਹਿ ਲਿਖਤਾਂ, ਅੰਗਰੇਜ਼ੀ ਐਡੀਸ਼ਨ, ਮਾਸਕੋ 1961, ਸੈਂਚੀ ਪੰਜਵੀ, ਸਫਾ—364।

26. ਵੀ. ਆਈ. ਲੈਨਿਨ ਹੀਗਲ ਦੇ "ਤਰਕ ਵਿਗਿਆਨ ਦੀ ਰੂਪ ਰੇਖਾ" ਸੰਗ੍ਰਹਿ ਰਚਨਾਵਾਂ ਰੂਸੀ ਐਡੀਸ਼ਨ, ਮਾਸਕੋ 1958 ਸੈਂਚੀ—38, ਸਫਾ 97-98।

27. "ਸ਼ਾਨ -ਹਾਏ-ਚਿੰਗ" (ਪਹਾੜਾਂ ਤੇ ਸਮੁੰਦਰਾਂ ਦੀ ਕਿਤਾਬ) ਲੜਾਈਆਂ ਵਿੱਚ

ਰੁਝੀਆਂ ਰਿਆਸਤਾਂ (403–221 ਪੂਰਵ ਈਸਵੀ) ਦੇ ਸਮੇਂ ਵਿੱਚ ਲਿਖੀ ਗਈ। ਇਸ ਕਿਤਾਬ ਦੀ ਇੱਕ ਕਹਾਣੀ ਵਿੱਚ ਕੁਆ ਫੂਹ ਨਾਂ ਦਾ ਸਾਧੂ ਸੀ। "ਸ਼ਾਨ–ਹਾਏ–ਚਿੰਗ" ਦੇ "ਹਾਈ–ਵਾਈ–ਪਾਈ–ਚਿੰਗ" ਭਾਗ ਵਿੱਚ ਲਿਖਿਆ ਹੈ, "ਕੂਆ–ਫੂਹ ਸੂਰਜ ਦਾ ਪਿੱਛਾ ਕਰ ਰਿਹਾ ਸੀ ਜਦੋਂ ਉਹ ਉਸ ਦੇ ਨੇੜੇ ਪੁੱਜਿਆ ਤਾਂ ਉਹ ਪਿਆਸ ਕਾਰਨ ਬਹੁਤ ਵਿਆਕੁਲ ਹੋ ਗਿਆ ਅਤੇ ਉਸਨੇ ਪੀਲੀ ਨਦੀ ਤੇ ਵਈਸ਼ਆਈ ਨਦੀ ਦਾ ਸਾਰਾ ਪਾਣੀ ਪੀ ਲਿਆ ਪਰ ਉਸ ਦੀ ਪਿਆਸ ਫਿਰ ਵੀ ਨਾ ਬੁਝੀ। ਇਸ ਲਈ ਉਹ ਵੱਡੇ ਦਰਿਆ ਦਾ ਪਾਣੀ ਪੀਣ ਲਈ ਉੱਤਰ ਵੱਲ ਚੱਲ ਪਿਆ, ਪਰ ਉਹ ਉਥੇ ਪਹੁੰਚਣ ਤੋਂ ਪਹਿਲਾਂ ਹੀ ਮਰ ਗਿਆ। ਮਰਨ ਤੋਂ ਪਹਿਲਾਂ ਉਸਨੇ ਆਪਣੀ ਡਾਂਗ ਹੇਠਾਂ ਸੁੱਟ ਦਿੱਤੀ ਜਿਸ ਨੇ ਜੰਗਲ ਦਾ ਰੂਪ ਧਾਰਨ ਕਰ ਲਿਆ। ਇਸ ਜੰਗਲ ਨੂੰ ਤੁੰਗ ਕਿਹਾ ਜਾਂਦਾ ਹੈ ਜੋ ਇਸ ਡਾਂਗ ਤੋਂ ਬਣਿਆ ਦੱਸਿਆ ਜਾਂਦਾ ਹੈ।

28. ਪੁਰਾਤਨ ਚੀਨ ਦੇ ਪੁਰਾਤਨ ਬਹਾਦਰਾਂ ਵਿੱਚੋਂ ਇੱਕ ਯੀ. ਨਾਉਂ ਦਾ ਬਹਾਦਰ ਸੀ ਜੋ ਤੀਰ–ਅੰਦਾਜ਼ੀ ਲਈ ਬੜਾ ਪ੍ਰਸਿੱਧ ਸੀ। ਈਸ ਤੋਂ ਪੂਰਵ ਦੂਜੀ ਸਦੀ ਵਿੱਚ ਲਿਖੀ ਗਈ ਹੁਆਈ–ਨਾਨ–ਯੂ ਪੁਰਾਣ ਕਥਾ ਅਨੁਸਾਰ ਯਾਓ ਸ਼ਹਿਨਸ਼ਾਹ ਦੇ ਸਮੇਂ ਵਿੱਚ ਦਸ ਸੂਰਜ ਅਸਮਾਨ ਵਿੱਚ ਨਿਕਲਿਆ ਕਰਦੇ ਸਨ। ਉਹਨਾਂ ਤਪਦੇ ਸੂਰਜਾਂ ਨੇ ਸਾਰੀਆਂ ਫਸਲਾਂ, ਦਰਖਤਾਂ ਤੇ ਪੌਦਿਆਂ ਨੂੰ ਭਸਮ ਕਰ ਦਿੱਤਾ ਅਤੇ ਲੋਕ ਖਾਣ ਪੀਣ ਦੀਆਂ ਵਸਤੂਆਂ ਲਈ ਤਰਸਣ ਲੱਗ ਪਏ। ਇਸ ਤੋਂ ਬਿਨਾਂ ਭਾਂਤ ਭਾਂਤ ਦੇ ਜੰਗਲੀ ਜਾਨਵਰ ਵੀ ਜਨਤਾ ਨੂੰ ਨੁਕਸਾਨ ਪੁਚਾਉਣ ਲੱਗ ਪਏ ਸਨ। ਇਸ ਲਈ ਮਹਾਰਾਜੇ ਯਾਉ ਨੇ ਧਨੁਸ਼ ਵਿਦਿਆ ਦੇ ਮਾਹਰ ਯੀ ਨੂੰ ਹੁਕਮ ਦਿੱਤਾ ਕਿ ਉਹ ਅਸਮਾਨ ਤੋਂ ਇਨ੍ਹਾਂ ਸੂਰਜਾਂ ਨੂੰ ਮਾਰ ਗਿਰਾਏ। ਸਿੱਟੇ ਵਜੋਂ, ਯੀ ਨੇ ਇਨ੍ਹਾਂ ਸੂਰਜਾਂ ਨੂੰ ਮਾਰ ਸੁੱਟਿਆ। ਇਸ ਦੇ ਪਿੱਛੋਂ ਜਨਤਾ ਨੂੰ ਸੁੱਖ ਦਾ ਸਾਹ ਆਇਆ। "ਪੂਰਬੀ ਹਾਨ–ਖਾਨ–ਦਾਨ ਦੇ ਵਾਂਗ ਯੀ ਨੇ ਜੋ ਦੂਜੀ ਸਦੀ ਦਾ ਲਿਖਾਰੀ ਹੋਇਆ ਹੈ, ਕਵੀ–ਯੁਆਨ ਦੀ ਕਵਿਤਾ "ਅਸਮਾਨ ਤੋਂ ਪੁੱਛੋ" ਦੀ ਵਿਆਖਿਆ ਵਿੱਚ ਦਸਿਆ ਹੈ "ਹੁਆਈ–ਨਾਨ–ਯੀ ਅਨੁਸਾਰ ਯਾਓ ਸਮਰਾਟ (ਮਹਾਰਾਜ) ਦੇ ਸਮੇਂ ਅਸਮਾਨ ਉਤੇ ਦਸ ਸੂਰਜ ਇੱਕੋ ਸਮੇਂ ਚੜ੍ਹਦੇ ਸਨ ਅਤੇ ਸਾਰੀਆਂ ਫਸਲਾਂ ਤੇ ਦਰਖਤਾਂ ਆਦਿ ਨੂੰ ਜਾਲ ਦਿੰਦੇ ਸਨ। ਮਹਾਰਾਜੇ ਯਾਉ ਨੇ ਯੀ ਨੂੰ ਹੁਕਮ ਦਿੱਤਾ ਕਿ ਉਹ ਇਨ੍ਹਾਂ ਸੂਰਜਾਂ ਨੂੰ ਮਾਰ ਗਿਰਾਏ। ਯੀ ਨੇ ਦਸਾਂ ਵਿਚੋਂ ਨੌ ਸੂਰਜਾਂ ਨੂੰ ਫੁੰਡ ਮਾਰਿਆ....ਸਿਰਫ ਇੱਕ ਨੂੰ ਛੱਡ ਦਿੱਤਾ।"

29. "ਸੀ–ਯਾਉ–ਚੀ" (ਪੱਛਮ ਦੀ ਤੀਰਥ ਯਾਤਰਾ) ਸੋਲਵੀਂ ਸਦੀ ਵਿੱਚ ਲਿਖਿਆ ਗਿਆ ਇੱਕ ਪੁਰਾਤਨ ਨਾਵਲ ਹੈ। ਜਿਸ ਦਾ ਹੀਰੋ ਸੂਨ–ਵੂ–ਕੁੰਗ ਨਾਉਂ ਦਾ ਇੱਕ ਬਾਂਦਰ ਹੈ। ਉਹ ਆਪਣੇ ਆਪ ਨੂੰ ਪੰਛੀਆਂ, ਪੇੜ, ਪੌਦਿਆਂ ਤੇ ਪਥਰਾਂ ਆਦਿ ਦੇ 72 ਕਿਸਮ ਦੇ ਹੈਰਾਨੀ–ਜਨਕ ਰੂਪਾਂ ਵਿੱਚ ਤਬਦੀਲ ਕਰ ਸਕਦਾ ਸੀ।

30. "ਲਿਆਉ ਚਾਈ ਦੀਆਂ ਵਚਿੱਤਰ ਕਹਾਣੀਆਂ" ਸਤਾਰਵੀਂ ਸਦੀ ਵਿੱਚ ਸਿੰਗ–ਖਾਨਦਾਨ ਦੇ ਪੂ–ਸਿੰਗ–ਲਿੰਗ ਵੱਲੋਂ ਲੋਕ ਕਥਾਵਾਂ ਦੇ ਆਧਾਰ ਉੱਤੇ ਲਿੱਖੀਆਂ ਗਈਆਂ 431 ਕਹਾਣੀਆਂ ਦਾ ਸੰਗ੍ਰਹਿ ਹੈ। ਜੋ ਜਿਆਦਾਤਰ ਭੂਤ ਪ੍ਰੇਤਾਂ ਤੇ ਲੂੰਬੜੀਆਂ ਦੀਆਂ ਰੂਹਾਂ ਬਾਰੇ ਹਨ।

31. ਕਾਰਲ ਮਾਰਕਸ "ਰਾਜਨੀਤਿਕ ਅਰਥ ਸ਼ਾਸ਼ਤਰ ਦੀ ਪੜਚੋਲ ਦੀ ਭੂਮਿਕਾ" (ਰਾਜਨੀਤਿਕ ਅਰਥਚਾਰੇ ਦੇ ਪੜਚੋਲੀਏ ਲਈ ਦੇਣ, ਅੰਗਰੇਜੀ ਐਡੀਸ਼ਨ, ਸ਼ਿਕਾਗੋ 1904 ਸਫਾ 311–14)

32. ਪੈਰਿਸ ਕਮਿਊਨ ਸੰਸਾਰ ਇਤਿਹਾਸ ਵਿੱਚ ਰਾਜ ਸੱਤ੍ਹਾ ਦਾ ਪਹਿਲਾ ਪ੍ਰੋਲੇਤਾਰੀ ਆਗਮਨ ਸੀ, 18, ਮਾਰਚ 1871 ਨੂੰ ਫਰਾਂਸੀਸੀ ਪ੍ਰੋਲੇਤਾਰੀ ਨੇ ਪੈਰਿਸ ਵਿੱਚ ਇੱਕ ਬਗਾਵਤ ਸ਼ੁਰੂ ਕੀਤੀ ਤੇ ਸੱਤ੍ਹਾ ਨੂੰ ਹਥਿਆ ਲਿਆ। ਪ੍ਰੋਲੇਤਾਰੀ ਦੀ ਅਗਵਾਈ ਵਿਚ ਪੈਰਿਸ ਕਮਿਊਨ ਦੀ ਨੀਂਹ 28 ਮਾਰਚ ਨੂੰ ਚੋਣਾਂ ਰਾਹੀਂ ਰੱਖੀ ਗਈ। ਪੂੰਜੀਵਾਦੀ ਰਾਜ ਮਸ਼ੀਨਰੀ ਨੂੰ ਤਬਾਹ ਕਰਨ ਲਈ ਪ੍ਰੋਲੇਤਾਰੀ ਦੀ ਇਹ ਪਹਿਲੀ ਇਨਕਲਾਬੀ ਕੋਸ਼ਿਸ਼ ਸੀ ਤੇ ਬੁਰਜੂਆ ਰਾਜ ਸੱਤ੍ਹਾ ਜਿਹੜੀ ਕਿ ਉਲਟਾ ਦਿੱਤੀ ਗਈ ਸੀ, ਦੀ ਥਾਂ ਪ੍ਰੋਲੇਤਾਰੀ ਰਾਜ ਸੱਤ੍ਹਾ ਨੂੰ ਕਾਇਮ ਕਰਨ ਲਈ ਬੇਮਿਸਾਲ ਉਦਮ ਸੀ। ਉਸ ਵੇਲੇ ਕਾਫੀ ਤਜਰਬਾ ਨਾ ਹੋਣ ਕਰਕੇ ਫਰਾਂਸੀਸੀ ਪ੍ਰੋਲੇਤਾਰੀ ਆਪਣੇ ਸਹਿਯੋਗੀਆਂ, ਕਿਸਾਨ ਜਨਤਾ ਨੂੰ ਨਾਲ ਲੈਣ ਵਿੱਚ ਅਸਫਲ ਹੋਇਆ ਅਤੇ ਉਸਦਾ ਰਵੱਈਆ ਉਲਟ-ਇਨਕਲਾਬੀਆਂ ਵੱਲ ਵੀ ਬਹੁਤ ਨਰਮ ਸੀ ਅਤੇ ਸਮੇਂ ਸਿਰ ਦ੍ਰਿੜ ਫੌਜੀ ਵਾਰ ਨਾ ਕਰ ਸਕਿਆ। ਇਸ ਤਰ੍ਹਾਂ ਉਲਟ-ਇਨਕਲਾਬ ਆਪਣੀਆਂ ਤਬਾਹ ਹੋਈਆਂ ਸ਼ਕਤੀਆਂ ਨੂੰ ਹੌਲੀ ਹੌਲੀ ਬਹਾਲ ਕਰਕੇ ਮੁੜ ਸਫਲ ਹੋ ਗਿਆ ਤੇ ਵਿਸ਼ਾਲ ਜਨਤਾ ਅਤੇ ਜਿਨ੍ਹਾਂ ਲੋਕਾਂ ਨੇ ਬਗਾਵਤ ਵਿੱਚ ਭਾਗ ਲਿਆ ਸੀ ਉਹਨਾਂ ਦਾ ਵਹਿਸ਼ੀਆਨਾ ਕਤਲੇਆਮ ਕੀਤਾ। 28 ਮਈ ਨੂੰ ਪੈਰਿਸ ਕਮਿਊਨ ਦੀ ਹਾਰ ਹੋ ਗਈ।

33. ਵੀ. ਆਈ. ਲੈਨਿਨ "ਦਵੰਦਵਾਦ ਦੇ ਸੁਆਲ ਬਾਰੇ" ਸੰਗ੍ਰਹਿ ਲਿਖਤਾਂ, ਰੂਸੀ ਐਡੀਸ਼ਨ ਮਾਸਕੋ, 1958, ਸੈਂਚੀ 38, ਸਫਾ—358।

34. ਇਕ ਅਖਾਉਤ "ਵਸਤੂਆਂ ਜੋ ਇੱਕ ਦੂਜੀ ਦੀਆਂ ਵਿਰੋਧੀਆਂ ਹੁੰਦੀਆਂ ਹਨ, ਇੱਕ ਦੂਜੀ ਦੀਆਂ ਪੂਰਕ ਵੀ ਹੁੰਦੀਆਂ ਹਨ" ਦੀ ਵਰਤੋਂ ਪਹਿਲੀ ਵਾਰੀ ਈਸਾ ਦੀ ਪਹਿਲੀ ਸਦੀ ਦੇ ਪ੍ਰਸਿੱਧ ਇਤਿਹਾਸਕਾਰ ਪਾਨਕੂ ਵੱਲੋਂ ਲਿਖੇ ਗਏ ਮੁੱਢਲੇ ਹਾਨ ਖਾਨਦਾਨ ਇਤਿਹਾਸ ਵਿੱਚ ਹੋਈ ਸੀ। ਉਸ ਦੇ ਪਿੱਛੋਂ, ਇਹ ਚੀਨ ਵਿੱਚ ਇੱਕ ਹਰਮਨ ਪਿਆਰੀ ਅਖਾਉਤ ਬਣ ਗਈ ਹੈ।

35. ਵੀ. ਆਈ. ਲੈਨਿਨ. "ਦਵੰਦਵਾਦ ਦੇ ਸਵਾਲ ਬਾਰੇ।" ਉਹੀ ਸੈਂਚੀ, ਸਫਾ-358।

36. ਟਰਾਟਸਕੀ (1879-1940) ਰੂਸੀ ਇਨਕਲਾਬੀ ਲਹਿਰ ਵਿੱਚ ਇੱਕ ਲੈਨਿਨ ਵਿਰੋਧੀ ਗੁੱਟ ਦਾ ਮੋਢੀ ਸੀ ਅਤੇ ਆਖਿਰ ਨੂੰ ਨਿੱਘਰ ਗਿਆ ਤੇ ਇਨਕਲਾਬ ਵਿਰੋਧੀ ਜੁੰਡੀ ਵਿੱਚ ਜਾ ਸ਼ਾਮਲ ਹੋਇਆ। 1927 ਵਿੱਚ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੇ ਉਸ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। 1929 ਵਿੱਚ ਸੋਵੀਅਤ ਸਰਕਾਰ ਨੇ ਉਸਨੂੰ ਦੇਸ਼ ਨਿਕਾਲਾ ਦਿੱਤਾ ਅਤੇ 1932 ਵਿੱਚ ਰੂਸੀ ਕੌਮੀਅਤ ਵੀ ਖੋਹ ਲਈ।

37. ਵੀ. ਆਈ. ਲੈਨਿਨ "ਐਨ. ਆਈ. ਬੁਖਾਰਿਨ ਦੀ ਲਿਖਤ, "ਵਟਾਂਦਰੇ ਦੇ ਸਮੇਂ ਦੇ ਅਰਥ ਸ਼ਾਸ਼ਤਰ ਉਤੇ ਟਿੱਪਣੀ" (ਚੋਣਵੀਆਂ ਲਿੱਖਤਾਂ ਰੂਸੀ ਐਡੀਸ਼ਨ ਮਾਸਕੋ-ਲੈਨਿਨਗਰਾਦ-1931, ਸੈਂਚੀ-11, ਸਫਾ—357)

# ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਹੱਲ ਕਰਨ ਬਾਰੇ

**27 ਫਰਵਰੀ, 1957**

ਸਾਡਾ ਆਮ ਵਿਸ਼ਾ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਹੱਲ ਕਰਨ ਬਾਰੇ ਹੈ। ਸੌਖ ਲਈ, ਅਸੀਂ ਬਾਰਾਂ ਉਪ-ਸਿਰਲੇਖਾਂ ਹੇਠ ਏਸ ਉੱਤੇ ਬਹਿਸ ਵਿਚਾਰ ਕਰਾਂਗੇ। ਚਾਹੇ ਸਾਡੇ ਅਤੇ ਦੁਸ਼ਮਣ ਵਿਚਕਾਰ ਵਿਰੋਧਤਾਈਆਂ ਦਾ ਹਵਾਲਾ ਆਵੇਗਾ, ਪਰ ਇਹ ਬਹਿਸ ਮੁੱਖ ਤੌਰ 'ਤੇ ਲੋਕਾਂ ਵਿਚਾਲੇ ਵਿਰੋਧਤਾਈਆਂ ਉੱਤੇ ਹੀ ਕੇਂਦਰਤ ਰਹੇਗੀ।

## 1. ਦੋ ਵੱਖਰੀ ਵੰਨਗੀ ਦੀਆਂ ਵਿਰੋਧਤਾਈਆਂ

ਪਹਿਲਾਂ ਕਦੇ ਵੀ ਸਾਡਾ ਦੇਸ਼ ਇੰਨਾ ਇੱਕਮੁੱਠ ਨਹੀਂ ਹੋਇਆ, ਜਿੰਨਾ ਅੱਜ ਹੈ। ਬੁਰਜੂਆ ਜਮਹੂਰੀ ਇਨਕਲਾਬ ਅਤੇ ਸਮਾਜਵਾਦੀ ਇਨਕਲਾਬ ਦੀਆਂ ਜਿੱਤਾਂ ਅਤੇ ਸਮਾਜਵਾਦ ਦੀ ਉਸਾਰੀ 'ਚ ਸਾਡੀਆਂ ਪ੍ਰਾਪਤੀਆਂ ਨੇ ਤੇਜ਼ੀ ਨਾਲ ਪੁਰਾਣੇ ਚੀਨ ਦਾ ਮੁਹਾਂਦਰਾ ਬਦਲ ਦਿੱਤਾ ਹੈ। ਸਾਡੀ ਮਾਤ-ਭੂਮੀ ਲਈ ਹੋਰ ਵੀ ਰੌਸ਼ਨ ਭਵਿੱਖ ਅੱਗੇ ਪਿਆ ਹੈ। ਕੌਮੀ ਨਾ-ਇਤਫਾਕੀ ਅਤੇ ਅਫਰਾ-ਤਫਰੀ ਦੇ ਚਿੰਨ੍ਹ, ਜਿਨ੍ਹਾਂ ਨੂੰ ਲੋਕ ਨਫਰਤ ਕਰਦੇ ਸਨ, ਕਦੇ ਨਾ ਵਾਪਸ ਆਉਣ ਲਈ ਪੁੱਗ ਚੁੱਕੇ ਹਨ। ਮਜ਼ਦੂਰ ਜਮਾਤ ਅਤੇ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਸਾਡੇ 60 ਕਰੋੜ ਲੋਕ, ਇੱਕਮੁੱਠ, ਹੋਕੇ ਸਮਾਜਵਾਦ ਦੀ ਉਸਾਰੀ ਦੇ ਮਹਾਨ ਕੰਮ 'ਚ ਜੁਟੇ ਹੋਏ ਹਨ। ਸਾਡੇ ਦੇਸ਼ ਦੀ ਇੱਕਜੁੱਟਤਾ, ਸਾਡੇ ਲੋਕਾਂ ਦੀ ਏਕਤਾ ਅਤੇ ਸਾਡੀਆਂ ਅਨੇਕਾਂ ਕੌਮੀਅਤਾਂ ਦੀ ਏਕਤਾ—ਸਾਡੇ ਕਾਜ ਦੀ ਯਕੀਨੀ ਜਿੱਤ ਦੀਆਂ ਬੁਨਿਆਦੀ ਜਾਮਨ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਡੇ ਸਮਾਜ 'ਚ ਹੁਣ ਕੋਈ ਵਿਰੋਧਤਾਈਆਂ ਨਹੀਂ। ਇਹ ਕਲਪਨਾ ਕਰਨੀ ਕਿ ਹੁਣ ਇਨ੍ਹਾਂ ਦੀ ਹੋਂਦ ਨਹੀਂ, ਇੱਕ ਸਿੱਧੜ ਵਿਚਾਰ ਹੈ, ਜੋ ਕਿ ਬਾਹਰਮੁੱਖੀ ਅਸਲੀਅਤ ਨਾਲ ਮੇਲ ਨਹੀਂ ਖਾਂਦਾ। ਸਾਨੂੰ ਹੁਣ ਦੋ ਵੰਨਗੀਆਂ ਦੀਆਂ ਸਮਾਜਿਕ ਵਿਰੋਧਤਾਈਆਂ ਦਾ ਸਾਹਮਣਾ ਹੈ— ਸਾਡੇ ਅਤੇ ਦੁਸ਼ਮਣ ਵਿਚਾਲੇ ਅਤੇ ਖੁਦ ਲੋਕਾਂ ਦੇ ਵਿਚਾਲੇ। ਇਹ ਦੋਵੇਂ ਸੁਭਾਅ ਪੱਖੋਂ ਬਿਲਕੁਲ ਵੱਖਰੀਆਂ ਹਨ।

ਇਹਨਾਂ ਦੋ ਵੱਖਰੀ ਵੰਨਗੀ ਦੀਆਂ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਸਮਝਣ ਲਈ, ਸਾਡੇ ਲਈ ਇਸ ਗੱਲ ਬਾਰੇ ਸਾਫ ਹੋਣਾ ਜ਼ਰੂਰੀ ਹੈ ਕਿ "ਲੋਕਾਂ" ਤੋਂ ਕੀ ਭਾਵ ਹੈ ਅਤੇ 'ਦੁਸ਼ਮਣ' ਤੋਂ ਕੀ ਭਾਵ ਹੈ। 'ਲੋਕਾਂ' ਦਾ ਸੰਕਲਪ, ਵੱਖ-ਵੱਖ ਦੇਸ਼ਾਂ 'ਚ ਅਤੇ ਇਕੋਂ ਦੇਸ਼ 'ਚ ਇਤਿਹਾਸ ਦੇ ਵੱਖ-ਵੱਖ ਸਮਿਆਂ 'ਚ ਤੱਤ ਰੂਪ 'ਚ, ਬਦਲਦਾ ਰਹਿੰਦਾ ਹੈ। ਉਦਾਹਰਣ ਦੇ ਤੌਰ 'ਤੇ, ਸਾਡੇ ਦੇਸ਼ ਨੂੰ ਹੀ ਲਓ। ਜਪਾਨ-ਵਿਰੋਧੀ ਟਾਕਰੇ ਦੀ ਜੰਗ ਦੌਰਾਨ, ਉਹ ਸਾਰੀਆਂ ਜਮਾਤਾਂ, ਪਰਤਾਂ ਅਤੇ ਸਮਾਜਿਕ ਗਰੁੱਪ ਜੋ ਜਪਾਨੀ ਹਮਲੇ ਦਾ ਵਿਰੋਧ ਕਰਦੇ ਸਨ, ਲੋਕਾਂ ਦੇ ਜੁਮਰੇ 'ਚ ਆਉਂਦੇ ਸਨ ਜਦਕਿ ਜਪਾਨੀ ਸਾਮਰਾਜੀ, ਚੀਨੀ ਗਦਾਰ ਅਤੇ ਜਪਾਨ-ਪੱਖੀ ਅਨਸਰ ਲੋਕਾਂ ਦੇ

ਦੁਸ਼ਮਣ ਸਨ। 'ਮੁਕਤੀ ਸੰਗਰਾਮ' ਦੌਰਾਨ, ਅਮਰੀਕੀ ਸਾਮਰਾਜੀ ਅਤੇ ਉਹਨਾਂ ਦੇ ਪਿੱਛਲੱਗ—ਅਫਸਰਸ਼ਾਹ ਸਰਮਾਏਦਾਰ, ਜਗੀਰਦਾਰ ਅਤੇ ਕੌਮਿਨਤਾਂਗੀ ਪਿਛਾਂਹ ਖਿੱਚੂ ਜਿਹੜੇ ਇਹਨਾਂ ਦੋ ਜਮਾਤਾਂ ਦੇ ਨੁਮਾਇੰਦੇ ਸਨ—ਲੋਕਾਂ ਦੇ ਦੁਸ਼ਮਣ ਸਨ, ਜਦੋਂ ਕਿ ਹੋਰ ਜਮਾਤਾਂ, ਪਰਤਾਂ ਅਤੇ ਸਮਾਜਿਕ ਗਰੁਪ, ਜੋ ਇਹਨਾਂ ਦੁਸ਼ਮਣਾਂ ਦੇ ਖਿਲਾਫ ਸਨ, ਸਾਰੇ ਲੋਕਾਂ ਦੇ ਜੁਮਰੇ 'ਚ ਆਉਂਦੇ ਸਨ। ਸਮਾਜਵਾਦ ਦੀ ਉਸਾਰੀ ਦੇ ਮੌਜੂਦਾ ਸਮੇਂ 'ਚ ਉਹ ਜਮਾਤਾਂ ਪਰਤਾਂ ਅਤੇ ਸਮਾਜਿਕ ਗਰੁੱਪ ਜੋ ਸਮਾਜਵਾਦੀ ਉਸਾਰੀ ਦੇ ਕਾਜ ਦੀ ਹਮਾਇਤ, ਮਦਦ ਅਤੇ ਇਸ ਵਾਸਤੇ ਕੰਮ ਕਰਦੇ ਹਨ, ਸਾਰੇ ਲੋਕਾਂ ਦੇ ਜੁਮਰੇ 'ਚ ਆਉਂਦੇ ਹਨ ਜਦੋਂ ਕਿ ਜੋ ਸਮਾਜਿਕ ਤਾਕਤਾਂ ਅਤੇ ਗਰੁੱਪ ਸਮਾਜਵਾਦ ਦੀ ਉਸਾਰੀ ਨੂੰ ਸਾਬੋਤਾਜ ਕਰਦੇ ਹਨ, ਸਾਰੇ ਲੋਕਾਂ ਦੇ ਦੁਸ਼ਮਣ ਹਨ।

ਸਾਡੇ ਅਤੇ ਦੁਸ਼ਮਣ ਵਿਚਕਾਰ ਵਿਰੋਧਤਾਈਆਂ, ਦੁਸ਼ਮਨਾਨਾ ਵਿਰੋਧਤਾਈਆਂ ਹਨ। ਸਾਡੇ ਲੋਕਾਂ ਦੀਆਂ ਸਫਾਂ ਵਿਚ, ਕਿਰਤੀ ਲੋਕਾਂ ਵਿਚਾਲੇ ਵਿਰੋਧਤਾਈਆਂ ਗੈਰ-ਦੁਸ਼ਮਨਾਨਾ ਹਨ। ਜਦੋਂ ਕਿ ਲੁੱਟੀਂਦੀਆਂ ਅਤੇ ਲੁਟੇਰੀਆਂ ਜਮਾਤਾਂ ਵਿੱਚ ਵਿਰੋਧਤਾਈ ਦੇ ਦੁਸ਼ਮਨਾਨਾ ਪੱਖ ਦੇ ਨਾਲ ਵਾਧੂ ਗੈਰ-ਦੁਸ਼ਮਨਾਨਾ ਪੱਖ ਵੀ ਹੈ। ਲੋਕਾਂ ਵਿਚਾਲੇ ਸਦਾ ਹੀ ਵਿਰੋਧਤਾਈਆਂ ਰਹੀਆਂ ਹਨ, ਪਰ ਉਹਨਾਂ ਦਾ ਤੱਤ ਇਨਕਲਾਬ ਦੇ ਹਰ ਇੱਕ ਦੌਰ ਅਤੇ ਸਮਾਜਵਾਦ ਦੀ ਉਸਾਰੀ ਦੇ ਦੌਰ ਵਿਚ ਵੱਖਰਾ ਵੱਖਰਾ ਹੁੰਦਾ ਹੈ। ਚੀਨ ਅੰਦਰ ਮੌਜੂਦਾ ਹਾਲਤ 'ਚ, ਲੋਕਾਂ ਵਿਚਾਲੇ ਵਿਰੋਧਤਾਈਆਂ ਵਿੱਚ, ਮਜ਼ਦੂਰ ਜਮਾਤ ਅੰਦਰ ਵਿਰੋਧਤਾਈਆਂ, ਕਿਸਾਨੀ ਅੰਦਰ ਵਿਰੋਧਤਾਈਆਂ, ਬੁੱਧੀਜੀਵੀਆਂ ਅੰਦਰ ਵਿਰੋਧਤਾਈਆਂ, ਮਜ਼ਦੂਰ ਜਮਾਤ ਅਤੇ ਕਿਸਾਨੀ ਵਿਚਕਾਰ ਵਿਰਧੋਤਾਈਆਂ, ਇੱਕ ਪਾਸੇ ਕਿਸਾਨਾਂ ਤੇ ਮਜ਼ਦੂਰਾਂ ਤੇ ਦੂਸਰੇ ਪਾਸੇ ਬੁੱਧੀਜੀਵੀਆਂ ਵਿਚਾਲੇ ਵਿਰੋਧਤਾਈਆਂ, ਇਕ ਪਾਸੇ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਤਬਕੇ, ਦੂਸਰੇ ਪਾਸੇ ਕੌਮੀ ਬੁਰਜੂਆਜ਼ੀ ਵਿਚਾਲੇ ਵਿਰੋਧਤਾਈਆਂ, ਕੋਮੀ ਬੁਰਜੂਆਜ਼ੀ ਅੰਦਰ ਵਿਰੋਧਤਾਈਆਂ ਆਦਿ ਆਉਂਦੀਆਂ ਹਨ। ਸਾਡੀ ਲੋਕ ਸਰਕਾਰ ਲੋਕਾਂ ਦੇ ਹਿੱਤਾਂ ਦੀ ਪੂਰੀ ਨੁੰਮਾਇੰਦਗੀ ਕਰਦੀ ਹੈ। ਇਹ ਉਹ ਸਰਕਾਰ ਹੈ ਜੋ ਲੋਕਾਂ ਦੀ ਖਿਦਮਤ ਕਰਦੀ ਹੈ। ਫੇਰ ਵੀ ਅਜੇ ਲੋਕਾਂ ਅਤੇ ਸਰਕਾਰ ਵਿਚਕਾਰ ਵਿਰੋਧਤਾਈਆਂ ਹਨ। ਇਨ੍ਹਾਂ 'ਚ ਸ਼ਾਮਲ ਰਾਜ ਦੇ ਹਿੱਤਾਂ, ਸਮੂਹ ਦੇ ਹਿੱਤਾਂ ਅਤੇ ਵਿਅਕਤੀ ਦੇ ਹਿਤਾਂ ਵਿਚਾਲੇ ਵਿਰੋਧਤਾਈਆਂ, ਜਮਹੂਰੀਅਤ ਅਤੇ ਕੇਂਦਰੀਵਾਦ ਵਿਚਕਾਰ; ਅਗਵਾਈ ਲੈ ਰਹੇ ਅਤੇ ਆਗੂ ਦਸਤੇ ਵਿਚਕਾਰ, ਲੋਕਾਂ ਨਾਲ ਸੰਬੰਧਾਂ 'ਚ ਕੁੱਝ ਸਰਕਾਰੀ ਕਾਮਿਆਂ ਦੇ ਅਫਸਰਸ਼ਾਹ ਕੰਮ-ਢੰਗ ਨਾਲ ਪੈਦਾ ਹੋਈਆਂ ਵਿਰੋਧਤਾਈਆਂ ਇਹ ਵੀ ਸਾਰੀਆਂ ਲੋਕਾਂ ਵਿਚਾਲੇ ਵਿਰੋਧਤਾਈਆਂ ਹਨ। ਆਮ ਤੌਰ 'ਤੇ ਕਹਿਣਾ ਹੋਵੇ ਤਾਂ ਲੋਕਾਂ ਦੇ ਹਿੱਤਾਂ ਦੀ ਬੁਨਿਆਦੀ ਸਮਤਾ ਹੀ ਲੋਕਾਂ ਵਿਚਾਲੇ ਵਿਰੋਧਤਾਈਆਂ ਦੀ ਤਹਿ ਹੇਠ ਕੰਮ ਕਰਦੀ ਹੈ।

ਸਾਡੇ ਦੇਸ਼ ਵਿੱਚ ਮਜ਼ਦੂਰ ਜਮਾਤ ਅਤੇ ਕੌਮੀ ਬੁਰਜੂਆਜ਼ੀ ਵਿਚਕਾਰ ਵਿਰੋਧਤਾਈ ਲੋਕਾਂ ਵਿਚਾਲੇ ਵਿਰੋਧਤਾਈਆਂ ਦੇ ਜੁਮਰੇ 'ਚ ਆਉਂਦੀ ਹੈ। ਮੋਟੇ ਤੌਰ 'ਤੇ ਦੋਹਾਂ ਵਿਚਕਾਰ ਜਮਾਤੀ ਘੋਲ, ਲੋਕਾਂ ਦੀਆਂ ਸਫਾਂ ਅੰਦਰ ਜਮਾਤੀ ਘੋਲ ਹੀ ਹੈ ਕਿਉਂਕਿ ਚੀਨੀ ਕੌਮੀ ਬੁਰਜੂਆਜ਼ੀ ਦਾ ਦੂਹਰਾ ਖਾਸਾ ਹੈ। ਬੁਰਜੂਆ ਜਮਹੂਰੀ ਇਨਕਲਾਬ ਦੇ ਦੌਰ ਅੰਦਰ, ਇਸ ਦੇ ਖਾਸੇ ਦੇ ਇਨਕਲਾਬੀ ਅਤੇ ਸਮਝੌਤਾਵਾਦੀ ਦੋਵੇਂ ਪੱਖ, ਸਨ। ਸਮਾਜਵਾਦੀ ਇਨਕਲਾਬ ਦੇ ਦੌਰ ਅੰਦਰ, ਮਜ਼ਦੂਰ ਜਮਾਤ ਦੀ ਮੁਨਾਫੇ ਲਈ ਲੁੱਟ (ਕੌਮੀ ਬੁਰਜੂਆਜ਼ੀ) ਦੇ ਕਿਰਦਾਰ ਦਾ ਇੱਕ ਖਾਸਾ ਹੈ ਅਤੇ ਇਸ ਵਲੋਂ

ਸੰਵਿਧਾਨ ਦੀ ਹਿਮਾਇਤ ਅਤੇ ਸਮਾਜਵਾਦੀ ਕਾਇਆਪਲਟੀ ਨੂੰ ਮੰਨਣ 'ਚ ਇਸ ਦੀ ਰਜ਼ਾਮੰਦੀ ਦੂਸਰਾ ਪਾਸਾ ਹੈ। ਕੌਮੀ ਬੁਰਜੂਆਜੀ ਅਤੇ ਮਜ਼ਦੂਰ ਜਮਾਤ ਵਿਚਾਲੇ ਵਿਰੋਧਤਾਈ ਲੁਟੇ ਜਾ ਰਹੇ ਤੇ ਲੁੱਟਣ ਵਾਲੇ ਵਿਚਕਾਰ ਵਿਰੋਧਤਾਈ ਹੈ ਅਤੇ ਇਸ ਲਈ ਸੁਭਾਅ ਪੱਖੋਂ ਦੁਸ਼ਮਨਾਨਾ ਹੈ। ਪਰ ਚੀਨ ਦੀਆਂ ਠੋਸ ਹਾਲਤਾਂ ਅੰਦਰ ਇਸ ਦੁਸ਼ਮਨਾਨਾ ਵਿਰੋਧਤਾਈ ਨੂੰ, ਜੇ ਠੀਕ ਢੰਗ ਨਾਲ ਹੱਲ ਕੀਤਾ ਜਾਵੇ ਤਾਂ ਇਹ ਗੈਰ-ਦੁਸ਼ਮਨਾਨਾ ਵਿਰੋਧਤਾਈ 'ਚ ਬਦਲੀ ਜਾ ਸਕਦੀ ਹੈ ਅਤੇ ਇਸ ਨੂੰ ਪੁਰ ਅਮਨ ਢੰਗਾਂ ਨਾਲ ਹੱਲ ਕੀਤਾ ਜਾ ਸਕਦਾ ਹੈ। ਪਰ ਜੇ ਅਸੀਂ ਇਸ ਨੂੰ ਠੀਕ ਢੰਗ ਨਾਲ ਹੱਲ ਨਹੀਂ ਕਰਦੇ ਅਤੇ ਕੌਮੀ ਬੁਰਜੂਆਜ਼ੀ ਨਾਲ ਇੱਕਮੁੱਠ ਹੋਣ, ਇਸ ਦੀ ਅਲੋਚਨਾ ਕਰਨ ਅਤੇ ਸਿੱਖਿਅਤ ਕਰਨ ਦੀ ਨੀਤੀ ਉੱਤੇ ਨਹੀਂ ਚਲਦੇ ਜਾਂ ਜੇ ਕੌਮੀ ਬੁਰਜੂਆਜ਼ੀ ਸਾਡੀ ਇਸ ਨੀਤੀ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਇਹ ਵਿਰੋਧਤਾਈ ਸਾਡੇ ਅਤੇ ਦੁਸ਼ਮਣਾਂ ਵਿਚਕਾਰ ਵਿਰੋਧਤਾਈ 'ਚ ਵੀ ਵਟ ਸਕਦੀ ਹੈ।

ਕਿਉਂਕਿ ਇਹ ਸੁਭਾਅ ਪੱਖੋਂ ਵੱਖਰੀਆਂ ਹਨ ਇਸ ਲਈ ਸਾਡੇ ਅਤੇ ਦੁਸ਼ਮਣਾਂ ਵਿਚਕਾਰ ਵਿਰੋਧਤਾਈਆਂ ਅਤੇ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਵੱਖਰੇ ਵੱਖਰੇ ਢੰਗਾਂ ਨਾਲ ਹੱਲ ਕਰਨਾ ਚਾਹੀਦਾ ਹੈ। ਥੋੜੇ ਸ਼ਬਦਾਂ 'ਚ ਜੇ ਕਹਿਣਾ ਹੋਵੇ, ਤਾਂ ਪਹਿਲੀ ਦਾ ਮਤਲਬ ਸਾਡੇ ਆਪਣੇ ਅਤੇ ਦੁਸ਼ਮਣਾਂ ਵਿਚਕਾਰ ਸਪੱਸ਼ਟ ਨਿਖੇੜਾ ਕਰਨ ਤੋਂ ਹੈ ਅਤੇ ਪਿਛਲੀ ਦਾ ਮਤਲਬ ਗਲਤ ਅਤੇ ਠੀਕ ਵਿਚਕਾਰ ਸਪੱਸ਼ਟ ਨਿਖੇੜੇ ਤੋਂ ਹੈ। ਬਿਨਾਂ ਸ਼ੱਕ, ਇਹ ਠੀਕ ਹੈ ਕਿ ਸਾਡੇ ਆਪਣੇ ਅਤੇ ਦੁਸ਼ਮਣਾਂ ਵਿਚਕਾਰ ਨਿਖੇੜਾ ਕਰਨ ਦਾ ਭਾਵ ਵੀ ਠੀਕ ਅਤੇ ਗਲਤ ਵਿਚਕਾਰ ਨਿਖੇੜਾ ਕਰਨਾ ਹੈ। ਉਦਾਹਰਣ ਦੇ ਤੌਰ ਤੇ ਕਿਹੜਾ ਠੀਕ ਹੈ, ਅਸੀਂ ਜਾਂ ਸਥਾਨਕ ਅਤੇ ਵਿਦੇਸ਼ੀ ਪਿਛਾਂਹ ਖਿਚੂ, ਸਾਮਰਾਜੀਏ, ਜਗੀਰੂ ਜਗੀਰਦਾਰ ਅਤੇ ਅਫਸਰਸ਼ਾਹ ਸਰਮਾਏਦਾਰ, ਠੀਕ ਤੇ ਗਲਤ ਦਾ ਮਾਮਲਾ ਹੀ ਹੈ, ਪਰ ਇਹ ਲੋਕਾਂ ਵਿਚਾਰਲੇ ਠੀਕ ਅਤੇ ਗਲਤ ਦੇ ਸਵਾਲਾਂ ਤੋਂ ਵੱਖਰੇ ਜੁਮਰੇ 'ਚ ਆਉਂਦਾ ਹੈ।

ਸਾਡਾ ਰਾਜ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਲੋਕਾਂ ਦੀ ਜਮਹੂਰੀ ਤਾਨਾਸ਼ਾਹੀ ਹੈ ਅਤੇ ਇਹ ਮਜ਼ਦੂਰਾਂ ਕਿਸਾਨਾਂ ਦੇ ਗੱਠਜੋੜ ਉੱਤੇ ਆਧਾਰਤ ਹੈ। ਇਹ ਤਾਨਾਸ਼ਾਹੀ ਕਿਸ ਲਈ ਹੈ ? ਇਸ ਦਾ ਪਹਿਲਾ ਕੰਮ ਪਿਛਾਂਹ-ਖਿਚੂ ਜਮਾਤਾਂ ਅਤੇ ਤੱਤਾਂ ਅਤੇ ਸਮਾਜਵਾਦੀ ਇਨਕਲਾਬ ਦਾ ਵਿਰੋਧ ਕਰਦੇ, ਸਾਡੇ ਦੇਸ਼ ਦੇ ਲੋਟੂਆਂ ਨੂੰ ਦਬਾਉਣਾ ਹੈ। ਜਿਹੜੇ ਸਾਡੀ ਸਮਾਜਵਾਦੀ ਉਸਾਰੀ ਨੂੰ ਤਬਾਹ ਕਰਨ ਦਾ ਯਤਨ ਕਰਦੇ ਹਨ ਉਹਨਾਂ ਨੂੰ ਦਬਾਉਣਾ ਹੈ ਜਾਂ ਦੂਜੇ ਸ਼ਬਦਾਂ 'ਚ ਸਾਡੇ ਆਪਣੇ ਅਤੇ ਦੁਸ਼ਮਣਾਂ ਵਿਚਕਾਰ ਅੰਦਰੂਨੀ ਵਿਰੋਧਤਾਈਆਂ ਨੂੰ ਹੱਲ ਕਰਨਾ ਹੈ। ਮਿਸਾਲ ਵਜੋਂ ਜਿਵੇਂ ਕੁੱਝ ਉਲਟ-ਇਨਕਲਾਬੀਆਂ ਨੂੰ ਗ੍ਰਿਫਤਾਰ ਕਰਨਾ, ਮੁਕੱਦਮਾ ਚਲਾਉਣਾ, ਸਜਾ ਦੇਣਾ ਅਤੇ ਜਾਗੀਰਦਾਰਾਂ ਤੇ ਅਫਸਰਸ਼ਾਹ ਸਰਮਾਏਦਾਰਾਂ ਨੂੰ ਨਿਸ਼ਚਤ ਸਮੇਂ ਲਈ ਉਹਨਾਂ ਦੇ ਵੋਟ ਪਾਉਣ ਅਤੇ ਉਹਨਾਂ ਦੀ ਬੋਲਣ ਦੀ ਆਜ਼ਾਦੀ ਦੇ ਹੱਕ ਤੋਂ ਵਾਂਝਾ ਕਰਨਾ, ਇਹ ਸਾਰਾ ਕੁੱਝ ਸਾਡੀ ਤਾਨਾਸ਼ਾਹੀ ਦੇ ਘੇਰੇ 'ਚ ਆਉਂਦਾ ਹੈ। ਜਨਤਕ ਅਮਨ-ਕਾਨੂੰਨ ਨੂੰ ਬਰਕਰਾਰ ਰੱਖਣਾ ਅਤੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਵੀ ਜ਼ਰੂਰੀ ਹੈ। ਕਿ ਗਬਨਕਾਰੀਆਂ, ਠੱਗਾਂ, ਸਾੜ-ਫੂਕ ਕਰਨ ਵਾਲਿਆਂ, ਕਾਤਲਾਂ, ਮੁਜਰਮ ਟੋਲਿਆਂ ਅਤੇ ਹੋਰ ਬਦਮਾਸ਼ਾਂ ਉੱਤੇ ਤਾਨਾਸ਼ਾਹੀ ਵਰਤੀ ਜਾਵੇ ਜਿਹੜੇ ਜਨਤਕ ਅਮਨ-ਅਮਾਨ 'ਚ ਸੰਗੀਨ ਵਿਘਨ ਪਾਉਂਦੇ ਹਨ। ਏਸ ਤਾਨਾਸ਼ਾਹੀ ਦਾ ਮੰਤਵ

ਸਾਡੇ ਸਾਰੇ ਲੋਕਾਂ ਦੀ ਰੱਖਿਆ ਕਰਨਾ ਹੈ ਤਾਂ ਜੋ ਉਹ ਸ਼ਾਂਤਮਈ ਕਿਰਤ ਕਰਨ ਲਈ ਖੁਦ ਨੂੰ ਸਮੱਰਪਤ ਕਰ ਸਕਣ ਅਤੇ ਚੀਨ ਦੀ ਆਧੁਨਿਕ ਸਨਅਤ, ਖੇਤੀ, ਵਿਗਿਆਨ ਅਤੇ ਸੱਭਿਆਚਾਰ ਵਾਲੇ ਇੱਕ ਸਮਾਜਵਾਦੀ ਦੇਸ਼ ਦੇ ਰੂਪ 'ਚ ਉਸਾਰੀ ਕਰ ਸਕਣ। ਕਿਨ੍ਹਾਂ ਨੇ ਇਸ ਤਾਨਾਸ਼ਾਹੀ ਨੂੰ ਵਰਤਣਾ ਹੈ ? ਕੁਦਰਤੀ ਹੀ, ਮਜ਼ਦੂਰ ਜਮਾਤ ਅਤੇ ਇਹਦੀ ਅਗਵਾਈ ਹੇਠ ਸਾਰੇ ਲੋਕਾਂ ਨੇ। ਇਹ ਤਾਨਾਸ਼ਾਹੀ ਲੋਕਾਂ ਦੀਆਂ ਸਫਾਂ 'ਤੇ ਲਾਗੂ ਨਹੀਂ ਹੁੰਦੀ। ਲੋਕ ਖੁਦ ਆਵਦੇ ਉੱਤੇ ਤਾਨਾਸ਼ਾਹੀ ਨਹੀਂ ਵਰਤ ਸਕਦੇ। ਲੋਕਾਂ ਵਿਚਲੇ ਕਾਨੂੰਨ ਤੋੜਨ ਵਾਲਿਆਂ ਤੱਤਾਂ ਨੂੰ ਕਾਨੂੰਨਣ ਸਜ਼ਾ ਮਿਲੂਗੀ ਪਰ ਇਹ ਲੋਕਾਂ ਦੇ ਦੁਸ਼ਮਣਾਂ ਨੂੰ ਦਬਾਉਣ ਲਈ ਵਰਤੀ ਜਾਂਦੀ ਤਾਨਾਸ਼ਾਹੀ ਤੋਂ ਅਸੂਲੀ ਤੌਰ 'ਤੇ ਵੱਖ ਹੈ। ਲੋਕਾਂ ਦੇ ਮਾਮਲੇ 'ਚ ਜਮਹੂਰੀ ਕੇਂਦਰੀਵਾਦ ਲਾਗੂ ਹੁੰਦਾ ਹੈ। ਸਾਡੇ ਸੰਵਿਧਾਨ 'ਚ ਇਹ ਦਰਜ ਹੈ ਕਿ ਲੋਕ ਜਮਹੂਰੀ ਚੀਨ ਦੇ ਸ਼ਹਿਰੀਆਂ ਨੂੰ ਬੋਲਣ ਦੀ, ਲਿਖਣ ਦੀ, ਇਕੱਠ ਕਰਨ ਦੀ, ਸਭਾ ਬਣਾਉਣ ਦੀ, ਜਲੂਸ ਦੀ, ਮੁਜਾਹਰੇ ਦੀ, ਧਾਰਮਿਕ ਵਿਸ਼ਵਾਸ਼ ਦੀ ਅਤੇ ਹੋਰ ਅਜੇਹੀ ਆਜ਼ਾਦੀ ਹੈ। ਸਾਡੇ ਸੰਵਿਧਾਨ 'ਚ ਇਸ ਦਾ ਪ੍ਰਬੰਧ ਹੈ ਕਿ ਰਾਜ ਦੇ ਅੰਗ, ਜਮਹੂਰੀ ਕੇਂਦਰੀਵਾਦ ਦੀ ਜ਼ਰੂਰ ਪਾਲਣਾ ਕਰਨ, ਕਿ ਉਹ ਜਨਤਾ ਉੱਤੇ ਟੇਕ ਰੱਖਣ ਅਤੇ ਉਹਦਾ ਅਮਲਾ-ਫੈਲਾ ਲੋਕਾਂ ਦੀ ਸੇਵਾ ਕਰੇ। ਸਾਂਝੀ ਸਮਾਜਵਾਦੀ ਜਮਹੂਰੀਅਤ ਵਿਸ਼ਾਲ ਰੂਪ 'ਚ ਜਮਹੂਰੀਅਤ ਹੈ ਜੋ ਕਿਸੇ ਵੀ ਸਰਮਾਏਦਾਰ ਮੁਲਕ 'ਚ ਨਹੀਂ ਮਿਲਦੀ। ਸਾਡੀ ਤਾਨਾਸ਼ਾਹੀ ਮਜ਼ਦੂਰ ਜਮਾਤ ਦੀ ਅਗਵਾਈ 'ਚ ਲੋਕਾਂ ਦੀ ਜਮਹੂਰੀ ਤਾਨਾਸ਼ਾਹੀ ਹੈ ਅਤੇ ਮਜ਼ਦੂਰ ਕਿਸਾਨ ਗੱਠਜੋੜ ਉੱਤੇ ਆਧਾਰਤ ਹੈ। ਕਹਿਣ ਤੋਂ ਭਾਵ ਹੈ ਕਿ ਲੋਕਾਂ ਦੀਆਂ ਸਫਾਂ ਅੰਦਰ ਜਮਹੂਰੀਅਤ ਚਲਦੀ ਹੈ ਜਦੋਂ ਕਿ ਮਜ਼ਦੂਰ ਜਮਾਤ, ਸ਼ਹਿਰੀ ਹੱਕ ਮਾਣਦੇ ਹੋਰਨਾਂ ਲੋਕਾਂ ਨਾਲ, ਪਹਿਲ ਪ੍ਰਿਥਮੇਂ, ਕਿਸਾਨੀ ਨਾਲ ਜੁੜਕੇ ਪਿਛਾਂਹ-ਖਿੱਚੂ ਜਮਾਤਾਂ ਤੇ ਤੱਤਾਂ ਅਤੇ ਹੋਰ ਜਿਹੜੇ ਸਮਾਜਵਾਦੀ ਤਬਦੀਲੀ ਨੂੰ ਰੋਕਦੇ ਅਤੇ ਸਮਾਜਵਾਦੀ ਉਸਾਰੀ ਦਾ ਵਿਰੋਧ ਕਰਦੇ ਹਨ, ਉੱਤੇ ਤਾਨਾਸ਼ਾਹੀ ਲਾਗੂ ਕਰਦੀ ਹੈ। ਸ਼ਹਿਰੀ ਹੱਕਾਂ ਤੋਂ ਸਾਡਾ ਮਤਲਬ ਹੈ, ਸਿਆਸੀ ਤੌਰ 'ਤੇ ਆਜ਼ਾਦੀ ਅਤੇ ਜਮਹੂਰੀਅਤ ਦੇ ਹੱਕ।

ਪਰ ਇਹ ਆਜ਼ਾਦੀ, ਅਗਵਾਈ ਅਧੀਨ ਆਜ਼ਾਦੀ ਹੈ ਅਤੇ ਇਹ ਜਮਹੂਰੀਅਤ ਕੇਂਦਰੀਕ੍ਰਿਤ ਅਗਵਾਈ ਹੇਠ ਜਮਹੂਰੀਅਤ ਹੈ, ਅਰਾਜਕਤਾ ਨਹੀਂ। ਅਰਾਜਕਤਾ ਦਾ ਲੋਕਾਂ ਦੇ ਹਿੱਤਾਂ ਜਾਂ ਇਛਾਵਾਂ ਨਾਲ ਕੋਈ ਮੇਲ ਨਹੀਂ ਹੁੰਦਾ।

ਸਾਡੇ ਦੇਸ਼ ਦੇ ਕੁੱਝ ਲੋਕ, ਹੰਗਰੀ ਦੀਆਂ ਘਟਨਾਵਾਂ ਉੱਤੇ ਬਹੁਤ ਖੁਸ਼ ਹੋਏ।[1] ਉਹਨਾਂ ਨੂੰ ਉਮੀਦ ਸੀ ਕਿ ਅਜਿਹਾ ਕੁੱਝ ਹੀ ਚੀਨ ਵਿਚ ਵੀ ਵਾਪਰੂਗਾ, ਕਿ ਹਜ਼ਾਰਾਂ ਲੱਖਾਂ ਲੋਕ, ਗਲੀਆਂ 'ਚ ਲੋਕ ਸਰਕਾਰ ਵਿਰੁੱਧ ਵਿਖਾਵੇ ਕਰਨਗੇ। ਉਹਨਾਂ ਦੀਆਂ ਆਸਾਂ ਜਨਤਾ ਦੇ ਹਿੱਤਾਂ ਦੇ ਉਲਟ ਭੁਗਤਦੀਆਂ ਸਨ ਅਤੇ ਇਸ ਲਈ ਉਹ ਲੋਕਾਂ ਦੀ ਹਮਾਇਤ ਸੰਭਵ ਤੌਰ 'ਤੇ ਨਹੀਂ ਜਿੱਤ ਸਕੇ। ਸਥਾਨਕ ਅਤੇ ਵਿਦੇਸ਼ੀ ਉਲਟ-ਇਨਕਲਾਬੀਆਂ ਦੇ ਧੋਖੇ ਦੇ ਸ਼ਿਕਾਰ ਲੋਕਾਂ ਦੇ ਇੱਕ ਹਿੱਸੇ ਨੇ, ਲੋਕ-ਸਰਕਾਰ ਦੇ ਖਿਲਾਫ ਹਿੰਸਾ ਦੀਆਂ ਕਾਰਵਾਈਆਂ ਕਰਨ ਦੀ ਗਲਤੀ ਕੀਤੀ ਅਤੇ ਨਤੀਜਾ ਇਹ ਨਿਕੱਲਿਆ ਕਿ ਸਰਕਾਰ ਅਤੇ ਲੋਕਾਂ ਦੋਵਾਂ ਨੂੰ ਨੁਕਸਾਨ ਪੁੱਜਿਆ। ਮੁਲਕ ਦੇ ਅਰਥਚਾਰੇ ਨੂੰ ਕੁੱਝ ਹਫਤਿਆਂ ਦੇ ਦੰਗਿਆਂ ਨਾਲ ਹੋਇਆ ਨੁਕਸਾਨ ਦਰੁੱਸਤ ਹੋਣ ਲਈ ਲੰਮਾ ਸਮਾਂ ਲੱਗੇਗਾ। ਸਾਡੇ ਮੁਲਕ 'ਚ ਹੋਰ ਲੋਕ ਵੀ ਹਨ, ਜਿਹੜੇ ਹੰਗਰੀ ਦੀਆਂ ਘਟਨਾਵਾਂ ਦੇ ਸਵਾਲ ਉੱਤੇ ਥਿੜਕ ਗਏ ਸਨ ਕਿਉਂਕਿ ਉਹ ਸੰਸਾਰ ਦੇ ਮਾਮਲਿਆਂ ਦੀਆਂ ਅਸਲੀ ਹਾਲਤਾਂ ਤੋਂ ਅਣਜਾਣ ਸਨ। ਉਹ

ਸੋਚਦੇ ਹਨ ਕਿ ਸਾਡੀ ਲੋਕ ਜਮਹੂਰੀਅਤ ਅੰਦਰ ਬਹੁਤ ਹੀ ਥੋੜ੍ਹੀ ਆਜ਼ਾਦੀ ਹੈ, ਕਿ ਪੱਛਮੀ ਪਾਰਲੀਮਾਨੀ ਜਮਹੂਰੀਅਤ ਅੰਦਰ ਵੱਧ ਆਜ਼ਾਦੀ ਹੈ। ਉਹ ਪੱਛਮ ਵਾਂਗ ਦੋ-ਪਾਰਟੀ ਢਾਂਚੇ ਦੀ ਮੰਗ ਕਰਦੇ ਹਨ, ਇੱਕ ਪਾਰਟੀ ਕੁਰਸੀ ਉੱਤੇ ਹੋਵੇ ਅਤੇ ਦੂਜੀ ਕੁਰਸੀ ਤੋਂ ਬਿਨਾਂ। ਪਰ ਇਹ ਅਖੌਤੀ ਦੋ-ਪਾਰਟੀ ਢਾਂਚਾ ਬੁਰਜੂਆਜ਼ੀ ਦੀ ਤਾਨਾਸ਼ਾਹੀ ਨੂੰ ਕਾਇਮ ਰੱਖਣ ਦੀ ਜੁਗਤ ਤੋਂ ਬਿਨਾਂ ਹੋਰ ਕੁੱਝ ਨਹੀਂ। ਇਹ ਮਜ਼ਦੂਰ ਜਮਾਤ ਨੂੰ ਕਦੇ ਵੀ ਆਜ਼ਾਦੀ ਦੀ ਕੋਈ ਜਾਮਨੀ ਨਹੀਂ ਕਰ ਸਕਦਾ। ਹਕੀਕਤ 'ਚ ਆਜ਼ਾਦੀ ਅਤੇ ਜਮਹੂਰੀਅਤ ਅਮੂਰਤ ਰੂਪ 'ਚ ਨਹੀਂ ਸਗੋਂ ਠੋਸ ਰੂਪ 'ਚ ਹੋਂਦ ਰੱਖਦੇ ਹਨ। ਜਮਾਤੀ ਘੋਲ ਨਾਲ ਪਰੁੰਨੇ (Pierced) ਹੋਏ ਸਮਾਜ ਵਿੱਚ, ਜੇ ਜਮਾਤਾਂ ਕੋਲ ਮਿਹਨਤਕਸ਼ ਲੋਕਾਂ ਨੂੰ ਲੁੱਟਣ ਦੀ ਆਜ਼ਾਦੀ ਹੈ ਤਾਂ ਮਿਹਨਤਕਸ਼ ਲੋਕਾਂ ਕੋਲ ਨਾ ਲੁੱਟੇ ਜਾ ਸਕਣ ਦੀ ਆਜ਼ਾਦੀ ਨਹੀਂ ਅਤੇ ਜੇ ਬੁਰਜੂਆਜ਼ੀ ਲਈ ਜਮਹੂਰੀਅਤ ਹੈ ਤਾਂ ਪ੍ਰੋਲੇਤਾਰੀ ਅਤੇ ਹੋਰਨਾਂ ਮਿਹਨਤਕਸ਼ ਲੋਕਾਂ ਲਈ ਕੋਈ ਜਮਹੂਰੀਅਤ ਨਹੀਂ। ਕਮਿਊਨਿਸਟ ਪਾਰਟੀ ਦੀ ਕਾਨੂੰਨੀ ਹੋਂਦ ਨੂੰ ਕੁੱਝ ਸਰਮਾਏਦਾਰ ਮੁਲਕਾਂ 'ਚ ਸਿਰਫ ਸਹਿਣ ਕੀਤਾ ਜਾਂਦਾ ਹੈ ਪਰ ਉਸ ਹੱਦ ਤੱਕ ਹੀ ਜਿਥੇ ਇਹ ਬੁਰਜੂਆਜ਼ੀ ਦੇ ਬੁਨਿਆਦੀ ਹਿੱਤਾਂ ਲਈ ਖਤਰਾ ਖੜ੍ਹਾ ਨਹੀਂ ਕਰਦੀ। ਇਸ ਤੋਂ ਅੱਗੇ ਇਸ ਨੂੰ ਸਹਿਣ ਨਹੀਂ ਕੀਤਾ ਜਾਂਦਾ। ਜਿਹੜੇ ਆਜ਼ਾਦੀ ਅਤੇ ਜਮਹੂਰੀਅਤ ਦੀ ਅਮੂਰਤ ਰੂਪ 'ਚ ਮੰਗ ਕਰਦੇ ਹਨ, ਉਹ ਜਮਹੂਰੀਅਤ ਨੂੰ ਸਾਧਨ ਦੇ ਤੌਰ 'ਤੇ ਨਹੀਂ ਸਗੋਂ ਨਿਸ਼ਾਨੇ ਦੇ ਤੌਰ 'ਤੇ ਲੈਂਦੇ ਹਨ। ਜਮਹੂਰੀਅਤ ਕਦੇ ਕਦੇ ਨਿਸ਼ਾਨੇ ਵਾਂਗ ਲੱਗਦੀ ਹੈ ਪਰ ਅਸਲੀਅਤ 'ਚ ਇਹ ਇੱਕ ਸਾਧਨ ਹੈ। ਮਾਰਕਸਵਾਦ ਸਾਨੂੰ ਸਿਖਾਉਂਦਾ ਹੈ ਕਿ ਜਮਹੂਰੀਅਤ ਉੱਚ ਉਸਾਰ ਦਾ ਹਿੱਸਾ ਹੈ ਅਤੇ ਸਿਆਸਤ ਦੇ ਜੁਮਰੇ 'ਚ ਆਉਂਦੀ ਹੈ। ਜੇ ਕਹਿਣਾ ਹੋਵੇ ਤਾਂ ਅੰਤਮ ਨਿਰਣੇ ਦੇ ਤੌਰ 'ਤੇ ਇਹ ਆਰਥਕ ਆਧਾਰ ਦੀ ਸੇਵਾ ਕਰਦੀ ਹੈ। ਆਜ਼ਾਦੀ ਬਾਰੇ ਵੀ ਇਹੋ ਸੱਚ ਹੈ। ਜਮਹੂਰੀਅਤ ਅਤੇ ਆਜ਼ਾਦੀ ਦੋਵੇਂ ਸਾਪੇਖਕ ਹਨ, ਨਿਰਪੇਖਕ ਨਹੀਂ। ਇਹ ਵਿਸ਼ੇਸ਼ ਇਤਿਹਾਸਕ ਹਾਲਤਾਂ ਅੰਦਰ ਵਜੂਦ 'ਚ ਆਉਂਦੀਆਂ ਅਤੇ ਵਿਕਾਸ ਕਰਦੀਆਂ ਹਨ। ਲੋਕਾਂ ਦੀਆਂ ਸਫਾਂ ਅੰਦਰ ਜਮਹੂਰੀਅਤ ਕੇਂਦਰੀਵਾਦ ਨਾਲ ਅਤੇ ਆਜ਼ਾਦੀ ਅਨੁਸਾਸ਼ਨ ਨਾਲ ਪਰਸਪਰ ਸੰਬੰਧਤ ਹਨ। ਉਹ ਇੱਕ ਇਕਾਈ ਦੇ ਦੋ ਵਿਰੋਧੀ ਪਹਿਲੂ ਹਨ, ਇੱਕ ਦੂਜੇ ਦੇ ਉਲਟ ਪਰ ਜੁੜੇ ਹੋਏ ਵੀ ਅਤੇ ਸਾਨੂੰ ਇੱਕ ਤੋਂ ਇਨਕਾਰੀ ਹੋ ਕੇ ਦੂਜੇ ਉੱਤੇ ਇੱਕ ਤਰਫਾ ਜ਼ੋਰ ਨਹੀਂ ਪਾਉਣਾ ਚਾਹੀਦਾ। ਲੋਕਾਂ ਦੀਆਂ ਸਫਾਂ ਅੰਦਰ ਅਸੀਂ ਆਜ਼ਾਦੀ ਤੋਂ ਬਿਨਾਂ ਨਹੀਂ ਸਾਰ ਸਕਦੇ ਅਤੇ ਨਾ ਹੀ ਅਨੁਸਾਸ਼ਨ ਤੋਂ ਬਿਨਾਂ ਸਾਰ ਸਕਦੇ ਹਾਂ, ਅਸੀਂ ਜਮਹੂਰੀਅਤ ਤੋਂ ਬਿਨਾਂ ਨਹੀਂ ਸਾਰ ਸਕਦੇ ਅਤੇ ਨਾ ਹੀ ਕੇਂਦਰੀਵਾਦ ਤੋਂ ਬਿਨਾਂ ਸਾਰ ਸਕਦੇ ਹਾਂ। ਇਹ ਜਮਹੂਰੀਅਤ ਅਤੇ ਕੇਂਦਰੀਵਾਦ, ਆਜ਼ਾਦੀ ਅਤੇ ਅਨੁਸਾਸ਼ਨ ਦੀ ਏਕਤਾ ਹੀ, ਜਮਹੂਰੀ ਕੇਂਦਰੀਵਾਦ ਦੀ ਰਚਨਾ ਕਰਦੀ ਹੈ। ਇਸ ਪ੍ਰਬੰਧ ਹੇਠ ਹੀ, ਲੋਕ, ਜਮਹੂਰੀਅਤ ਅਤੇ ਕੇਂਦਰੀਵਾਦ ਵੱਡੀ ਪੱਧਰ ਉੱਤੇ ਮਾਣਦੇ ਹਨ, ਪਰ ਨਾਲ ਦੀ ਨਾਲ ਉਹਨਾਂ ਨੂੰ ਸਮਾਜਿਕ ਜਬਤ ਦੇ ਘੇਰੇ 'ਚ ਰਹਿਣਾ ਪੈਂਦਾ ਹੈ। ਲੋਕਾਂ ਦੇ ਵੱਡੇ ਹਿੱਸੇ ਇਸ ਨੂੰ ਬਾਖੂਬੀ ਸਮਝਦੇ ਹਨ।

ਅਗਵਾਈ ਅਧੀਨ ਆਜ਼ਾਦੀ ਅਤੇ ਕੇਂਦਰੀਵਾਦੀ ਅਗਵਾਈ ਹੇਠ ਜਮਹੂਰੀਅਤ ਦੀ ਵਕਾਲਤ ਕਰਨ ਤੋਂ ਸਾਡਾ ਕਿਸੇ ਵੀ ਤਰ੍ਹਾਂ ਦਾ ਭਾਵ ਇਹ ਨਹੀਂ ਕਿ ਵਿਚਾਰਧਾਰਕ ਸਵਾਲਾਂ ਦੇ ਨਿਤਾਰੇ ਲਈ ਜਾਂ ਲੋਕਾਂ ਵਿਚਾਲੇ ਠੀਕ ਗਲਤ ਦੇ ਨਿਬੇੜੇ ਲਈ ਦਬਾਊ ਹੱਥਕੰਡੇ ਵਰਤੇ ਜਾਣ। ਵਿਚਾਰਧਾਰਕ ਸਵਾਲਾਂ ਜਾਂ ਲੋਕਾਂ ਵਿਚਾਲੇ ਠੀਕ ਗਲਤ ਦੇ ਨਿਤਾਰੇ ਲਈ ਪ੍ਰਬੰਧਕੀ ਹੁਕਮਾਂ ਜਾਂ

ਦਬਾਊ ਤਰੀਕੇ ਵਰਤਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾ ਸਿਰਫ ਬੇਅਸਰ ਸਗੋਂ ਨੁਕਸਾਨ ਦੇਹ ਹੋਣਗੀਆਂ। ਅਸੀਂ ਧਰਮ ਨੂੰ ਪ੍ਰਬੰਧਕੀ ਫੈਸਲਿਆਂ ਨਾਲ ਜਾਂ ਲੋਕਾਂ ਉੱਤੇ ਧਰਮ ਨੂੰ ਨਾ ਮੰਨਣ ਲਈ ਜ਼ੋਰ ਪਾ ਕੇ ਖਤਮ ਨਹੀਂ ਕਰ ਸਕਦੇ, ਅਸੀਂ ਲੋਕਾਂ ਨੂੰ ਵਿਚਾਰਵਾਦ ਨੂੰ ਤਿਆਗਣ ਲਈ ਮਜਬੂਰ ਨਹੀਂ ਕਰ ਸਕਦੇ, ਨਾ ਹੀ ਮਾਰਕਸਵਾਦ ਨੂੰ ਮੰਨਣ ਲਈ ਮਜਬੂਰ ਕਰ ਸਕਦੇ ਹਾਂ। ਲੋਕਾਂ ਵਿਚਾਲੇ ਵਿਚਾਰਧਾਰਕ ਸੁਭਾਅ ਵਾਲੇ ਸਵਾਲਾਂ ਦਾ, ਬਹਿਸ-ਭੇੜ ਵਾਲੇ ਮਸਲਿਆਂ ਦਾ ਨਿਬੇੜਾ ਕਰਨ ਦਾ ਸਿਰਫ ਇਕੋ ਇੱਕ ਢੰਗ ਜਮਹੂਰੀ ਢੰਗ ਹੈ, ਬਹਿਸ ਵਿਚਾਰ ਦਾ ਢੰਗ ਹੈ, ਨੁਕਤਾਚੀਨੀ ਦਾ ਢੰਗ ਹੈ, ਪ੍ਰੇਰਨ ਅਤੇ ਸਿਖਿਅਤ ਕਰਨ ਦਾ ਢੰਗ ਹੈ, ਦਬਾਊ ਜਾਂ ਯਰਕਾਊ ਢੰਗ ਨਹੀਂ। ਪੈਦਾਵਾਰ ਅਤੇ ਪੜਾਈ ਨੂੰ ਅਸਰਦਾਰ ਢੰਗ ਨਾਲ ਜਾਰੀ ਰੱਖਣ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਉਚਿਤ ਤਰਤੀਬ ਦੇਣ ਲਈ, ਲੋਕ ਆਪਣੀ ਸਰਕਾਰ ਅਤੇ ਪੈਦਾਵਾਰ, ਸੱਭਿਆਚਾਰ, ਸਿੱਖਿਆ ਦੀਆਂ ਜੱਥੇਬੰਦੀਆਂ ਦੇ ਮੁੱਖੀਆਂ ਤੋਂ ਚਾਹੁੰਦੇ ਹਨ ਕਿ ਉਹ ਪਾਬੰਦ ਬਨਾਉਂਦੇ ਜ਼ਰੂਰੀ ਫਰਮਾਨ ਜਾਰੀ ਕਰਨ। ਇਹ ਸਾਧਾਰਨ ਬੁੱਧੀ ਦੀ ਗੱਲ ਹੈ ਕਿ ਜਨਤਕ ਅਮਨ ਅਮਾਨ ਇਹਨਾਂ ਪ੍ਰਬੰਧਕੀ ਕਾਇਦੇ ਕਾਨੂੰਨਾਂ ਤੋਂ ਬਿਨਾਂ ਬਰਕਰਾਰ ਰੱਖਣਾ ਨਾਮੁਮਕਿਨ ਹੈ। ਪ੍ਰਬਧਕੀ ਫਰਮਾਨ ਤੇ ਪ੍ਰੇਰਨ ਅਤੇ ਸਿੱਖਿਅਤ ਕਰਨ ਦੇ ਢੰਗ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਇੱਕ ਦੂਜੇ ਦੇ ਪੂਰਕ ਹਨ। ਜਨਤਕ ਅਮਨ ਅਮਾਨ ਕਾਇਮ ਰੱਖਣ ਲਈ ਪ੍ਰਬੰਧਕੀ ਕਾਇਦੇ ਦੇ ਨਾਲ ਹੀ ਪ੍ਰੇਰਨ ਅਤੇ ਸਿੱਖਿਅਤ ਕਰਨ ਦੇ ਕਦਮ ਵੀ ਹੋਣੇ ਲਾਜ਼ਮੀ ਹਨ ਕਿਉਂਕਿ ਕਈ ਮਾਮਲਿਆਂ 'ਚ ਸਿਰਫ ਕਾਇਦੇ-ਕਾਨੂੰਨਾਂ ਨੇ ਹੀ ਕੰਮ ਨਹੀਂ ਸਾਰਨਾ।

ਲੋਕਾਂ ਵਿਚਾਲੇ ਵਿਰੋਧਤਾਈਆਂ ਹੱਲ ਕਰਨ ਦੇ ਇਸ ਜਮਹੂਰੀ ਢੰਗ ਦਾ 1942 'ਚ ਇਸ ਗੁਰ ਅੰਦਰ ਨਿਚੋੜ ਕੱਢਿਆ ਗਿਆ, "ਏਕਤਾ, ਪੜਚੋਲ, ਏਕਤਾ"। ਵਿਸਥਾਰ 'ਚ ਕਹਿਣਾ ਹੋਵੇ ਤਾਂ ਇਸ ਦਾ ਭਾਵ ਏਕਤਾ ਦੀ ਇੱਛਾ ਤੋਂ ਸ਼ੁਰੂ ਕਰਕੇ ਪੜਚੋਲ ਜਾਂ ਘੋਲ ਰਾਹੀਂ ਵਿਰੋਧਤਾਈਆਂ ਹੱਲ ਕਰਦੇ ਹੋਏ ਨਵੇਂ ਆਧਾਰ ਉੱਤੇ ਇੱਕ ਨਵੀਂ ਏਕਤਾ ਉੱਤੇ ਅੱਪੜਨਾ। ਸਾਡੇ ਤਜਰਬੇ ਮੁਤਾਬਕ, ਲੋਕਾਂ ਵਿਚਾਲੇ ਵਿਰੋਧਤਾਈਆਂ ਹੱਲ ਕਰਨ ਦਾ ਇਹ ਦਰੁੱਸਤ ਢੰਗ ਹੈ। 1942 'ਚ ਅਸੀਂ ਇਸ ਨੂੰ ਕਮਿਊਨਿਸਟ ਪਾਰਟੀ ਅੰਦਰ ਵਿਰੋਧਤਾਈਆਂ ਹੱਲ ਕਰਨ ਲਈ ਵਰਤਿਆ ਜਿਵੇਂ ਮੈਂਬਰਾਂ ਦੀ ਵੱਡੀ ਬਹੁਗਿਣਤੀ ਅਤੇ ਕੱਟੜ ਪੰਥੀਆਂ ਵਿਚਕਾਰ ਅਤੇ ਮਾਰਕਸਵਾਦੀਆਂ ਅਤੇ ਕੱਟੜਪੰਥੀਆਂ ਵਿਚਕਾਰ ਵਿਰੋਧਤਾਈਆਂ। "ਖੱਬੇ" ਕੱਟੜ-ਪੰਥੀਆਂ ਨੇ ਅੰਤਰ-ਪਾਰਟੀ ਘੋਲ 'ਚ 'ਬੇਕਿਰਕ ਘੋਲ ਅਤੇ ਬੇਤਰਸ ਸੱਟ ਮਾਰਨ' ਦਾ ਢੰਗ ਅਪਣਾਇਆ। ਇਹ ਢੰਗ ਠੀਕ ਨਹੀਂ ਸੀ। "ਖੱਬੇ"ਪੱਖੀ ਕੱਟੜਪੰਥੀਆਂ ਦੀ ਪੜਚੋਲ ਕਰਨ ਵੇਲੇ ਅਸੀਂ ਇਸ ਪੁਰਾਣੇ ਢੰਗ ਨੂੰ ਛੱਡ ਦਿੱਤਾ ਅਤੇ ਨਵਾਂ ਢੰਗ ਅਪਣਾਇਆ, ਅਰਥਾਤ, ਏਕਤਾ ਦੀ ਇੱਛਾ ਤੋਂ ਸ਼ੁਰੂ ਕਰਕੇ ਨੁਕਤਾਚੀਨੀ ਅਤੇ ਘੋਲ ਰਾਹੀਂ ਠੀਕ ਅਤੇ ਗਲਤ ਦਾ ਨਿਤਾਰਾ ਕਰਦੇ ਹੋਏ ਇੱਕ ਨਵੇਂ ਆਧਾਰ ਉੱਤੇ ਨਵੀਂ ਏਕਤਾ 'ਤੇ ਅੱਪੜਨਾ। ਇਹ ਢੰਗ ਸੀ ਜੋ 1942 ਦੀ ਸ਼ੁੱਧੀ ਮੁਹਿੰਮ ਦੌਰਾਨ ਵਰਤਿਆ ਗਿਆ। ਇਸ ਤਰ੍ਹਾਂ ਕੁੱਝ ਸਾਲਾਂ 'ਚ ਹੀ ਚੀਨੀ ਕਮਿਊਨਿਸਟ ਪਾਰਟੀ ਦੀ 1945 'ਚ ਸੱਤਵੀਂ ਕੌਮੀ ਕਾਂਗਰਸ ਕਰਨ ਵੇਲੇ ਤੱਕ, ਸਾਰੀ ਪਾਰਟੀ ਵਿੱਚ ਏਕਤਾ ਹਾਸਲ ਕੀਤੀ ਜਾ ਚੁੱਕੀ ਸੀ ਅਤੇ ਨਤੀਜੇ ਵਜੋਂ ਲੋਕ ਇਨਕਲਾਬ ਦੀ ਮਹਾਨ ਜਿੱਤ ਹਾਸਲ ਕੀਤੀ ਗਈ। ਲਾਜ਼ਮੀ ਗੱਲ ਇਹ ਹੈ ਕਿ ਏਕਤਾ ਦੀ ਇੱਛਾ ਤੋਂ ਚੱਲਿਆ ਜਾਵੇ ਕਿਉਂਕਿ ਏਕਤਾ ਦੀ ਇਸ ਇੱਛਾ ਤੋਂ ਬਿਨਾਂ, ਘੋਲ ਦਾ ਹੱਥੋਂ ਨਿਕਲਣਾ ਲਾਜ਼ਮੀ ਹੈ। ਕੀ

ਇਹ 'ਬੇਕਿਰਕ ਘੋਲ ਅਤੇ ਬੇਤਰਸ ਸੱਟਾਂ' ਮਾਰਨ ਵਾਂਗ ਨਹੀਂ ਹੋਵੇਗਾ ਅਤੇ ਪਾਰਟੀ ਦੀ ਕਿਹੜੀ ਏਕਤਾ ਬਚੀ ਰਹਿ ਜਾਵੇਗੀ ? ਇਹੀ ਤਜਰਬਾ ਸੀ ਜਿਸ ਨੇ ਸਾਡੀ ਇਹ ਗੁਰ ਘੜਨ 'ਚ ਅਗਵਾਈ ਕੀਤੀ। "ਏਕਤਾ, ਪੜਚੋਲ, ਏਕਤਾ" ਜਾਂ ਦੂਜੇ ਸ਼ਬਦਾਂ 'ਚ, "ਭਵਿੱਖ 'ਚ ਗਲਤੀਆਂ ਕਰਨ ਤੋਂ ਬਚਣ ਲਈ ਬੀਤੇ ਦੀਆਂ ਗਲਤੀਆਂ ਤੋਂ ਸਿੱਖੋ ਅਤੇ ਰੋਗੀ ਨੂੰ ਬਚਾਉਣ ਲਈ ਰੋਗ ਦਾ ਇਲਾਜ ਕਰੋ।" ਅਸੀਂ ਏਸ ਢੰਗ ਨੂੰ ਪਾਰਟੀ ਤੋਂ ਬਾਹਰ ਵੀ ਲੈ ਕੇ ਗਏ। ਅਸੀਂ ਇਸ ਢੰਗ ਨੂੰ ਜਪਾਨ-ਵਿਰੋਧੀ ਆਧਾਰ ਇਲਾਕਿਆਂ 'ਚ ਲੀਡਰਸ਼ਿਪ ਅਤੇ ਲੋਕਾਂ ਵਿਚਕਾਰ, ਫੌਜ ਅਤੇ ਲੋਕਾਂ ਵਿਚਕਾਰ, ਅਫਸਰਾਂ ਅਤੇ ਜਵਾਨਾਂ ਵਿਚਕਾਰ, ਫੌਜ ਦੀਆਂ ਵੱਖ-ਵੱਖ ਇਕਾਈਆਂ ਵਿਚਕਾਰ ਅਤੇ ਕਾਡਰ ਦੇ ਵੱਖ-ਵੱਖ ਗਰੁੱਪਾਂ ਵਿਚਕਾਰ ਰਿਸ਼ਤਿਆਂ ਨੂੰ ਨਜਿੱਠਣ ਲਈ ਪੂਰੀ ਸਫਲਤਾ ਨਾਲ ਵਰਤਿਆ। ਏਸ ਢੰਗ ਦੀ ਵਰਤੋਂ ਦੀਆਂ ਸਾਡੀ ਪਾਰਟੀ ਦੇ ਇਤਿਹਾਸ 'ਚ ਏਦੂੰ ਵੀ ਪਹਿਲੇ ਸਮਿਆਂ 'ਚ ਪੈੜਾਂ ਮਿਲਦੀਆਂ ਹਨ। ਇਹ ਢੰਗ ਸਾਡੀਆਂ ਇਨਕਲਾਬੀ ਹਥਿਆਰਬੰਦ ਫੌਜਾਂ ਦੀ ਉਸਾਰੀ ਅਤੇ 1927 'ਚ ਦੱਖਣ 'ਚ ਆਧਾਰ ਇਲਾਕਿਆਂ ਦੇ ਵੇਲੇ ਤੋਂ, ਪਾਰਟੀ ਅਤੇ ਲੋਕਾਂ ਵਿਚਕਾਰ, ਫੌਜ ਅਤੇ ਲੋਕਾਂ ਵਿਚਕਾਰ, ਅਫਸਰਾਂ ਅਤੇ ਜਵਾਨਾਂ ਵਿਚਕਾਰ ਰਿਸ਼ਤਿਆਂ ਨੂੰ ਅਤੇ ਲੋਕਾਂ ਵਿਚਕਾਰ ਹੋਰਨਾਂ ਰਿਸ਼ਤਿਆਂ ਨੂੰ ਨਜਿੱਠਣ 'ਚ ਵਰਤਿਆ ਜਾਂਦਾ ਰਿਹਾ ਹੈ। ਫਰਕ ਸਿਰਫ ਐਨਾ ਹੀ ਹੈ ਕਿ ਜਪਾਨ ਵਿਰੋਧੀ ਜੰਗ ਦੌਰਾਨ, ਅਸੀਂ ਏਸ ਢੰਗ ਨੂੰ ਮੰਤਵ ਦੀ ਵਧੇਰੇ ਸੋਝੀ ਨਾਲ ਵਰਤਿਆ ਅਤੇ ਸਾਰੇ ਮੁਲਕ ਦੇ ਆਜ਼ਾਦ ਹੋਣ ਦੇ ਵੇਲੇ ਤੋਂ, ਅਸੀਂ ਏਸੇ ਢੰਗ "ਏਕਤਾ, ਪੜਚੋਲ, ਏਕਤਾ" ਨੂੰ ਜਮਹੂਰੀ ਪਾਰਟੀਆਂ ਅਤੇ ਸਨੱਅਤੀ ਅਤੇ ਵਪਾਰਕ ਹਲਕਿਆਂ ਨਾਲ ਸੰਬੰਧਾਂ ਦੌਰਾਨ ਲਾਗੂ ਕੀਤਾ। ਸਾਡਾ ਮੌਜੂਦਾ ਕਾਰਜ ਹੁਣ ਏਸ ਦਾ ਪਸਾਰਾ ਕਰਨਾ ਅਤੇ ਲੋਕਾਂ ਦੀਆਂ ਸਫਾਂ ਵਿਚਾਲੇ ਹੋਰ ਚੰਗੇਰੀ ਵਰਤੋਂ ਕਰਨਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਫੈਕਟਰੀਆਂ, ਕੋ-ਆਪਰੇਟਿਵਾਂ, ਵਪਾਰਕ ਅਦਾਰੇ, ਸਕੂਲ, ਸਰਕਾਰੀ ਦਫ਼ਤਰ ਅਤੇ ਜਨਤਕ ਅਦਾਰੇ, ਗੱਲ ਕੀ ਕਿ ਸਾਡੇ ਸਾਰੇ 60 ਕਰੋੜ ਲੋਕ, ਇਸਦੀ ਆਪਣੇ ਵਿਚਾਲੇ ਵਿਰੋਧਤਾਈਆਂ ਹੱਲ ਕਰਨ ਲਈ ਵਰਤੋਂ ਕਰਨ।

ਸਾਧਾਰਨ ਹਾਲਤਾਂ 'ਚ ਲੋਕਾਂ ਵਿਚਾਲੇ ਵਿਰੋਧਤਾਈਆਂ ਦੁਸ਼ਮਨਾਨਾ ਨਹੀਂ ਹੁੰਦੀਆਂ। ਪਰ ਜੇ ਉਹਨਾਂ ਨੂੰ ਦਰੁਸਤ ਢੰਗ ਨਾਲ ਹੱਲ ਨਾ ਕੀਤਾ ਜਾਵੇ ਜਾਂ ਜੇ ਅਸੀਂ ਆਪਣੀ ਚੌਕਸੀ ਢਿੱਲੀ ਕਰ ਦੇਈਏ ਅਤੇ ਰਾਖੀ ਘਟਾ ਦੇਈਏ ਤਾਂ ਦੁਸ਼ਮਨਾਣਾ ਅੰਸ਼ ਪੈਦਾ ਹੋ ਸਕਦਾ ਹੈ। ਇੱਕ ਸਮਾਜਵਾਦੀ ਮੁਲਕ 'ਚ ਏਸ ਤਰ੍ਹਾਂ ਦਾ ਵਿਕਾਸ ਆਮ ਤੌਰ 'ਤੇ ਇਕ ਸਥਾਨਕ ਅਤੇ ਆਰਜੀ ਵਰਤਾਰਾ ਹੁੰਦਾ ਹੈ। ਕਾਰਨ ਇਹ ਹੈ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਢਾਂਚਾ ਖਤਮ ਹੋਣ ਕਰਕੇ, ਲੋਕਾਂ ਦੇ ਹਿੱਤ ਬੁਨਿਆਦੀ ਤੌਰ 'ਤੇ ਸਾਂਵੇਂ ਹੁੰਦੇ ਹਨ। ਦੁਸ਼ਮਨਾਨਾ ਕਾਰਵਾਈਆਂ ਜੋ ਹੰਗਰੀ ਦੀਆਂ ਘਟਨਾਵਾਂ ਦੌਰਾਨ ਮੁਕਾਲਬਤਨ ਵੱਡੀ ਪੱਧਰ ਉੱਤੇ ਹੋਈਆਂ, ਉਹ ਸਥਾਨਕ ਅਤੇ ਵਿਦੇਸ਼ੀ ਉਲਟ-ਇਲਕਲਾਬੀ ਤੱਤਾਂ ਦੀਆਂ ਕਾਰਵਾਈਆਂ ਦਾ ਨਤੀਜਾ ਸਨ, ਪਰ ਇਹ ਵੀ ਆਰਜੀ, ਭਾਵੇਂ ਵਿਸ਼ੇਸ਼ ਵਰਤਾਰਾ ਹੀ ਸੀ। ਇਹ ਇੱਕ ਸਮਾਜਵਾਦੀ ਮੁਲਕ ਅੰਦਰ, ਸਮਾਜਵਾਦ ਨਾਲ ਭਾਈਵਾਲੀ 'ਚ ਪਿਛਾਂਹਖਿਚੂਆਂ ਦਾ ਮਾਮਲਾ ਸੀ, ਜਿਹਨਾਂ ਨੇ ਲੋਕਾਂ ਵਿਚਾਲੇ ਵਿਰੋਧਤਾਈਆਂ ਦਾ ਫਾਇਦਾ ਉਠਾਉਂਦੇ ਹੋਏ, ਲੋਕਾਂ ਵਿਚਾਲੇ ਕਲੇਸ਼ ਵਧਾਉਣ ਅਤੇ ਅਫਰਾ-ਤਫਰੀ ਫੈਲਾਉਣ ਦੇ ਸਾਜਸ਼ੀ ਮਨਸੂਬਿਆਂ ਨੂੰ ਸਫਲ ਕਰਨਾ ਚਾਹਿਆ। ਹੰਗਰੀ ਦੀਆਂ ਘਟਨਾਵਾਂ ਦਾ ਇਹ ਸਬਕ ਧਿਆਨ ਦੀ ਮੰਗ ਕਰਦਾ ਹੈ।

ਬਹੁਤੇ ਲੋਕ ਇਹ ਸੋਚਣ ਲੱਗਦੇ ਹਨ ਕਿ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਜਮਹੂਰੀ ਢੰਗਾਂ ਦੀ ਵਰਤੋਂ ਦਾ ਸਵਾਲ ਇੱਕ ਨਵਾਂ ਸਵਾਲ ਹੈ। ਅਸਲੀਅਤ 'ਚ ਇਉਂ ਨਹੀਂ ਹੈ। ਮਾਰਕਸਵਾਦੀਆਂ ਦਾ ਸਦਾ ਹੀ ਇਹ ਮੱਤ ਰਿਹਾ ਹੈ ਕਿ ਪ੍ਰੋਲੇਤਾਰੀ ਦਾ ਕਾਜ ਲੋਕਾਂ ਉੱਤੇ ਨਿਰਭਰ ਕਰਨਾ ਚਾਹੀਦਾ ਹੈ ਅਤੇ ਕਮਿਊਨਿਸਟਾਂ ਨੂੰ ਮਿਹਨਤਕਸ਼ ਲੋਕਾਂ ਅੰਦਰ ਕੰਮ ਕਰਦੇ ਹੋਏ ਜ਼ਰੂਰ ਹੀ ਪ੍ਰੇਰਨ ਅਤੇ ਸਿਖਿਅਤ ਕਰਨ ਦੇ ਜਮਹੂਰੀ ਢੰਗ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਕਾਰਨਵੱਸ ਹੁਕਮੀਆਂ ਜਾਂ ਤੁੰਨ੍ਹਣ ਵਾਲੇ ਢੰਗਾਂ 'ਤੇ ਨਹੀਂ ਉਤਰਨਾ ਚਾਹੀਦਾ। ਚੀਨੀ ਕਮਿਊਨਿਸਟ ਪਾਰਟੀ ਤਹਿ-ਦਿਲੋਂ ਏਸ ਮਾਰਕਸੀ-ਲੈਨਿਨੀ ਪੈਂਤੜੇ 'ਤੇ ਚਲਦੀ ਹੈ। ਇਹ ਸਾਡਾ ਇਕਸਾਰ ਮੱਤ ਰਿਹਾ ਹੈ ਕਿ ਲੋਕ-ਜਮਹੂਰੀ ਤਾਨਾਸ਼ਾਹੀ ਅਧੀਨ, ਦੋ ਵੱਖੋ-ਵੱਖਰੇ ਢੰਗਾਂ, ਇੱਕ ਤਾਨਾਸ਼ਾਹ ਅਤੇ ਦੂਸਰਾ ਜਮਹੂਰੀ, ਦੀ ਦੋ ਵੱਖੋ-ਵੱਖਰੀਆਂ ਵਿਰੋਧਤਾਈਆਂ-ਸਾਡੇ ਆਪਣੇ ਵਿਚਕਾਰ ਅਤੇ ਲੋਕਾਂ ਅਤੇ ਦੁਸ਼ਮਣਾਂ ਵਿਚਕਾਰ— ਦੇ ਹੱਲ ਲਈ ਵਰਤੋਂ ਕਰਨੀ ਚਾਹੀਦੀ ਹੈ। ਇਸ ਵਿਚਾਰ ਦੀ ਸਾਡੀਆਂ ਪਾਰਟੀ ਦਸਤਾਵੇਜ਼ਾਂ ਅਤੇ ਜੁੰਮੇਵਾਰ ਪਾਰਟੀ ਆਗੂਆਂ ਦੀਆਂ ਤਕਰੀਰਾਂ 'ਚ ਵਾਰ-ਵਾਰ ਵਿਆਖਿਆ ਕੀਤੀ ਜਾਂਦੀ ਰਹੀ ਹੈ। 1949 'ਚ ਲਿਖੇ ਮੇਰੇ ਲੇਖ, "ਲੋਕ-ਜਮਹੂਰੀ ਤਾਨਾਸ਼ਾਹੀ ਬਾਰੇ" 'ਚ ਮੈਂ ਕਿਹਾ ਸੀ, "ਲੋਕਾਂ ਲਈ ਜਮਹੂਰੀਅਤ ਅਤੇ ਪਿਛਾਂਹ-ਖਿੱਚੂਆਂ ਉੱਤੇ ਤਾਨਾਸ਼ਾਹੀ, ਇਹਨਾਂ ਦੋ ਪੱਖਾਂ ਦਾ ਸੁਮੇਲ ਹੀ ਲੋਕ-ਜਮਹੂਰੀ ਤਾਨਾਸ਼ਾਹੀ ਹੈ।" ਮੈਂ ਇਹ ਵੀ ਦਰਸਾਇਆ ਸੀ ਕਿ ਲੋਕਾਂ ਦੀਆਂ ਸਫਾਂ ਵਿਚਾਲੇ ਸਮੱਸਿਆਵਾਂ ਨੂੰ ਨਜਿੱਠਣ ਲਈ, "ਅਸੀਂ ਜਮਹੂਰੀ ਢੰਗ ਅਤੇ ਪ੍ਰੇਰਨ ਦੇ ਢੰਗ ਦੀ ਵਰਤੋਂ ਕਰਦੇ ਹਾਂ, ਮਜ਼ਬੂਰ ਕਰਨ ਵਾਲੇ ਢੰਗ ਦੀ ਨਹੀਂ।" 1950 'ਚ ਲੋਕਾਂ ਦੀ ਸਿਆਸੀ ਸਲਾਹਕਾਰ ਕਾਨਫਰੰਸ ਦੀ ਕੌਮੀ ਕਮੇਟੀ ਦੇ ਦੂਜੇ ਸ਼ੈਸ਼ਨ ਨੂੰ ਸੰਬੋਧਿਤ ਹੁੰਦਿਆਂ ਮੈਂ ਫੇਰ ਕਿਹਾ ਸੀ :

*ਲੋਕ-ਜਮਹੂਰੀ ਤਾਨਾਸ਼ਾਹੀ ਦੇ ਢੰਗ ਵਰਤਦੀ ਹੈ। ਦੁਸ਼ਮਣਾਂ ਦੇ ਸੰਬੰਧ 'ਚ ਇਹ ਤਾਨਾਸ਼ਾਹੀ ਦਾ ਢੰਗ ਵਰਤਦੀ ਹੈ, ਦੂਜੇ ਸ਼ਬਦਾਂ 'ਚ, ਇਹ ਉਹਨਾਂ ਨੂੰ ਸਿਆਸੀ ਸਰਗਰਮੀਆਂ 'ਚ, ਜਦੋਂ ਤੱਕ ਜ਼ਰੂਰੀ ਹੋਵੇ, ਉਦੋਂ ਤੱਕ ਹਿੱਸਾ ਲੈਣ ਤੋਂ ਰੋਕਦੀ ਹੈ ਅਤੇ ਉਹਨਾਂ ਨੂੰ ਲੋਕਾਂ ਦੀ ਸਰਕਾਰ ਦੇ ਕਾਨੂੰਨਾਂ ਦੀ ਪਾਲਣਾ ਕਰਨ, ਕੰਮ ਕਰਨ ਅਤੇ ਮਿਹਨਤ ਰਾਹੀਂ ਆਪਣੇ ਆਪ ਨੂੰ ਨਵੇਂ ਮਨੁੱਖ 'ਚ ਤਬਦੀਲ ਕਰਨ ਲਈ ਮਜ਼ਬੂਰ ਕਰਦੀ ਹੈ। ਇਸ ਤੋਂ ਉਲਟ, ਲੋਕਾਂ ਦੇ ਸੰਬੰਧ 'ਚ, ਇਹ ਦਬਾਅ ਵਾਲਾ ਢੰਗ ਨਾ ਵਰਤਕੇ, ਜਮਹੂਰੀ ਢੰਗ ਵਰਤਦੀ ਹੈ, ਦੂਜੇ ਸ਼ਬਦਾਂ 'ਚ ਇਹ ਲੋਕਾਂ ਨੂੰ ਸਿਆਸੀ ਸਰਗਰਮੀਆਂ 'ਚ ਹਿੱਸਾ ਲੈਣ ਦੀ ਇਜ਼ਾਜਤ ਦਿੰਦੀ ਹੈ ਅਤੇ ਸਿਖਾਉਣ ਤੇ ਪ੍ਰੇਰਨ ਦੇ ਜਮੂਹਰੀ ਢੰਗ ਦੀ ਵਰਤੋਂ ਕਰਦੀ ਹੈ ਨਾ ਕਿ ਉਹਨਾਂ ਨੂੰ ਇਹ ਜਾਂ ਉਹ ਕਰਨ ਲਈ ਮਜ਼ਬੂਰ ਕਰਦੀ ਹੈ। ਇਹ ਸਿੱਖਿਆ ਲੋਕਾਂ ਦੀਆਂ ਸਫਾਂ ਅੰਦਰ ਸਵੈ-ਸਿੱਖਿਆ ਹੈ ਅਤੇ ਖੁਦ ਨੂੰ ਸਿੱਖਿਅਤ ਕਰਨ ਦਾ ਬੁਨਿਆਦੀ ਢੰਗ ਪੜਚੋਲ ਅਤੇ ਆਪਾ ਪੜਚੋਲ ਹੈ।*

ਇਸ ਤਰ੍ਹਾਂ ਬਹੁਤ ਸਾਰੇ ਮੌਕਿਆਂ ਉੱਤੇ, ਅਸੀਂ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਜਮਹੂਰੀ ਢੰਗ ਦੀ ਵਰਤੋਂ ਬਾਰੇ ਚਰਚਾ ਕੀਤੀ ਹੈ। ਇਸ ਤੋਂ ਅੱਗੇ, ਅਸੀਂ ਏਸ ਨੂੰ ਆਵਦੇ ਕੰਮ ਅੰਦਰ ਵੀ ਵਰਤਿਆ ਹੈ ਅਤੇ ਬਹੁਤ ਸਾਰਾ ਕਾਡਰ ਅਤੇ ਬਹੁਤ ਸਾਰੇ ਲੋਕ ਅਮਲ 'ਚ ਇਸ ਦੀ ਵਰਤੋਂ ਬਾਰੇ ਜਾਣੂ ਹਨ। ਫੇਰ ਬਰੁਤ ਸਾਰੇ ਲੋਕਾਂ ਨੂੰ ਇਉਂ ਕਿਉਂ ਮਹਿਸੂਸ ਹੁੰਦਾ ਹੈ ਕਿ ਇਹ ਇੱਕ ਨਵਾਂ ਮਸਲਾ ਹੈ ? ਕਿਉਂਕਿ ਬੀਤੇ 'ਚ ਸਾਡੇ ਅੰਦਰੂਨੀ ਅਤੇ ਬਾਹਰਲੇ ਦੋਵਾਂ ਦੁਸ਼ਮਣਾਂ

ਵਿਚਕਾਰ ਘੋਲ ਬਹੁਤ ਤਿੱਖਾ ਸੀ ਅਤੇ ਏਸ ਕਰਕੇ ਲੋਕਾਂ ਵਿਚਾਲੇ ਵਿਰੋਧਤਾਈ ਨੇ ਉਨਾ ਧਿਆਨ ਨਹੀਂ ਖਿੱਚਿਆ ਜਿੰਨਾ ਕਿ ਇਸ ਨੇ ਅੱਜ ਖਿੱਚਿਆ ਹੈ।

ਬਹੁਤੇ ਲੋਕ ਦੋ ਵੱਖ-ਵੱਖ ਕਿਸਮ ਦੀਆਂ ਵਿਰੋਧਤਾਈਆਂ—ਸਾਡੇ ਆਪਣੇ ਵਿਚਾਲੇ ਅਤੇ ਸਾਡੇ ਅਤੇ ਦੁਸ਼ਮਣ ਵਿਚਕਾਰ—ਦੇ ਦਰਮਿਆਨ ਨਿਖੇੜੇ ਦੀ ਸਾਫ ਲਕੀਰ ਖਿੱਚਣ 'ਚ ਨਾਕਾਮ ਰਹਿੰਦੇ ਹਨ ਅਤੇ ਦੋਵਾਂ ਨੂੰ ਰਲ-ਗੱਡ ਕਰਨ ਦੀ ਪ੍ਰਵਿਰਤੀ ਰੱਖਦੇ ਹਨ। ਇਹ ਮੰਨਣਾ ਪਊ ਕਿ ਕਈ ਵਾਰ ਇਉਂ ਸੌਖਿਆਂ ਹੀ ਹੋ ਜਾਂਦਾ ਹੈ। ਬੀਤੇ 'ਚ ਸਾਡੇ ਕੋਲ ਸਾਡੇ ਕੰਮ ਦੌਰਾਨ ਅਜਿਹੀ ਖਿਚੜੀ ਪਕਾਉਣ ਦੀਆਂ ਕਈ ਉਦਾਹਰਣਾਂ ਹਨ। ਉਲਟ-ਇਨਕਲਾਬੀਆਂ ਨੂੰ ਦਬਾਉਣ ਵੇਲੇ, ਚੰਗੇ ਲੋਕਾਂ ਨੂੰ ਕਈ ਵਾਰ ਗਲਤੀ ਨਾਲ ਮਾੜਾ ਸਮਝ ਲਿਆ ਗਿਆ ਸੀ ਅਤੇ ਅਜਿਹੀਆਂ ਗੱਲਾਂ ਹੁਣ ਵੀ ਵਾਪਰੀਆਂ ਹਨ। ਅਸੀਂ ਆਪਣੀਆਂ ਗਲਤੀਆਂ ਨੂੰ ਹੱਦ 'ਚ ਰੱਖਣ ਦੇ ਸਮੱਰਥ ਹਾਂ ਕਿਉਂਕਿ ਸਾਡੀ ਇਹ ਨੀਤੀ ਰਹੀ ਹੈ ਕਿ ਸਾਡੇ ਆਪਣੇ ਅਤੇ ਦੁਸ਼ਮਣ ਵਿਚਕਾਰ ਤਿੱਖੀ ਲਕੀਰ ਖਿੱਚੀ ਜਾਵੇ ਅਤੇ ਜਦੋਂ ਵੀ ਪਤਾ ਲੱਗੇ, ਗਲਤੀਆਂ ਨੂੰ ਸੁਧਾਰ ਲਿਆ ਜਾਵੇ।

ਮਾਰਕਸਵਾਦੀ ਫਲਸਫੇ ਦਾ ਮੱਤ ਹੈ ਕਿ ਵਿਰੋਧੀਆਂ ਦੀ ਏਕਤਾ ਦਾ ਨਿਯਮ ਬ੍ਰਹਿਮੰਡ ਦਾ ਬੁਨਿਆਦੀ ਨਿਯਮ ਹੈ। ਇਹ ਨਿਯਮ ਸਰਵਵਿਆਪੀ ਹੈ ਚਾਹੇ ਇਹ ਕੁਦਰਤੀ ਸੰਸਾਰ ਹੋਵੇ, ਚਾਹੇ ਮਨੁੱਖੀ ਸਮਾਜ ਜਾਂ ਮਨੁੱਖੀ ਸੋਚ ਹੋਵੇ। ਵਿਰੋਧਤਾਈ ਅੰਤਰ ਵਿਰੋਧੀ ਪੱਖਾਂ ਵਿਚਕਾਰ ਇੱਕੋ ਵੇਲੇ ਏਕਤਾ ਅਤੇ ਘੋਲ ਹੁੰਦਾ ਹੈ ਅਤੇ ਇਹ ਹੀ ਹੈ ਜੋ ਵਸਤਾਂ ਨੂੰ ਗਤੀ ਬਖਸ਼ਣ ਤੇ ਬਦਲਣ ਲਈ ਜ਼ੋਰ ਪਾਉਂਦਾ ਹੈ। ਵਿਰੋਧਤਾਈਆਂ ਸਭ ਥਾਂ ਹਨ ਪਰ ਇਹ ਵੱਖ-ਵੱਖ ਵਸਤਾਂ ਦੇ ਵੱਖ-ਵੱਖ ਸੁਭਾਅ ਮੁਤਾਬਕ ਵੱਖ-ਵੱਖ ਹੁੰਦੀਆਂ ਹਨ। ਕਿਸੇ ਵੀ ਹਾਸਲ ਵਰਤਾਰੇ ਜਾਂ ਵਸਤੂ ਵਿੱਚ ਵਿਰੋਧੀਆਂ ਦੀ ਏਕਤਾ ਸ਼ਰਤੀਆ, ਆਰਜੀ ਅਤੇ ਸੰਗਰਾਂਦੀ ਹੁੰਦੀ ਹੈ ਅਤੇ ਏਸ ਤਰ੍ਹਾਂ ਸਾਪੇਖਕ ਹੈ ਜਦੋਂ ਕਿ ਵਿਰੋਧੀਆਂ ਦਾ ਘੋਲ ਨਿਰਪੇਖਕ ਹੈ। ਲੈਨਿਨ ਨੇ ਏਸ ਨਿਯਮ ਦੀ ਸਪੱਸ਼ਟ ਵਿਆਖਿਆ ਕੀਤੀ ਹੈ। ਸਾਡੇ ਦੇਸ਼ 'ਚ, ਇਸਨੂੰ ਸਮਝਣ ਵਾਲੇ ਲੋਕਾਂ ਦੀ ਗਿਣਤੀ ਆਏ ਦਿਨ ਵਧ ਰਹੀ ਹੈ। ਕਾਫੀ ਸਾਰੇ ਲੋਕਾਂ ਲਈ ਏਸ ਨਿਯਮ ਨੂੰ ਮੰਨਣਾ ਇੱਕ ਗੱਲ ਹੈ ਤੇ ਸਮੱਸਿਆਵਾਂ ਦੀ ਛਾਣ-ਬੀਣ ਕਰਨ ਅਤੇ ਨਜਿੱਠਣ 'ਚ ਇਸ ਦੀ ਵਰਤੋਂ ਕਰਨੀ ਜਮਾਂ ਦੂਜੀ ਗੱਲ ਹੈ। ਕਾਫੀ ਸਾਰੇ ਲੋਕ ਇਸ ਗੱਲ ਨੂੰ ਮੰਨਣ ਦੀ ਜੁਅਰਤ ਨਹੀਂ ਕਰਦੇ ਕਿ ਲੋਕਾਂ ਵਿਚਾਲੇ ਵਿਰੋਧਤਾਈਆਂ ਸਾਡੇ ਮੁਲਕ 'ਚ ਹੁਣ ਵੀ ਮੌਜੂਦ ਹਨ। ਭਾਵੇਂ ਕਿ ਇਹ ਵਿਰੋਧਤਾਈਆਂ ਹੀ ਹਨ ਜੋ ਸਾਡੇ ਸਮਾਜ ਨੂੰ ਅੱਗੇ ਤੋਰ ਰਹੀਆਂ ਹਨ। ਕਾਫੀ ਸਾਰੇ ਲੋਕ ਨਹੀਂ ਮੰਨਦੇ ਕਿ ਸਮਾਜਵਾਦੀ ਸਮਾਜ 'ਚ ਵਿਰੋਧਤਾਈਆਂ ਦੀ ਹੋਂਦ ਜਾਰੀ ਹੈ। ਸਿੱਟਾ ਇਹ ਕਿ ਸਮਾਜਕ ਵਿਰੋਧਤਾਈਆਂ ਦਾ ਸਾਹਮਣਾ ਹੋਣ 'ਤੇ ਉਹ ਹੱਥਲ ਅਤੇ ਗੈਰ ਸਰਗਰਮ ਹੋ ਜਾਂਦੇ ਹਨ। ਉਹ ਨਹੀਂ ਸਮਝਦੇ ਕਿ ਸਮਾਜਵਾਦੀ ਸਮਾਜ, ਵਿਰੋਧਤਾਈਆਂ ਨੂੰ ਦਰੁੱਸਤ ਢੰਗ ਨਾਲ ਨਜਿੱਠਣ ਅਤੇ ਹੱਲ ਕਰਨ ਦੇ ਅਰੁਕ ਅਮਲ ਰਾਹੀਂ ਹੀ ਵੱਧ ਇੱਕ-ਮੁੱਠ ਅਤੇ ਪੱਕੇ ਪੈਰੀਂ ਹੋਵੇਗਾ। ਇਸ ਕਰਕੇ, ਸਾਨੂੰ ਆਪਣੇ ਲੋਕਾਂ ਨੂੰ ਅਤੇ ਪਹਿਲਪ੍ਰਥਿਮੇ ਕਾਡਰ ਨੂੰ ਗੱਲਾਂ ਦੀ ਵਿਆਖਿਆ ਕਰਨ ਦੀ ਲੋੜ ਹੈ ਤਾਂ ਕਿ ਉਹ ਸਮਾਜਵਾਦੀ ਸਮਾਜ 'ਚ ਵਿਰੋਧਤਾਈਆਂ ਨੂੰ ਠੀਕ ਤਰ੍ਹਾਂ ਬੁੱਝ ਸਕਣ ਅਤੇ ਇਹਨਾਂ ਦੇ ਹੱਲ ਲਈ ਦਰੁਸਤ ਢੰਗ ਵਰਤ ਸਕਣ।

ਸਮਾਜਵਾਦੀ ਸਮਾਜ 'ਚ ਵਿਰੋਧਤਾਈਆਂ, ਪੁਰਾਣੇ ਸਮਾਜਾਂ, ਜਿਵੇਂ ਸਰਮਾਏਦਾਰਾਨਾ ਸਮਾਜ, ਨਾਲੋਂ ਬੁਨਿਆਦੀ ਤੌਰ 'ਤੇ ਵੱਖਰੀਆਂ ਹਨ। ਸਰਮਾਏਦਰਾਨਾ ਸਮਾਜ 'ਚ ਵਿਰੋਧਤਾਈਆਂ

ਤਿੱਖੀ ਦੁਸ਼ਮਣੀ ਅਤੇ ਲੜਾਈ 'ਚ ਅਤੇ ਤਿੱਖੇ ਜਮਾਤੀ ਘੋਲ 'ਚ ਪ੍ਰਗਟ ਹੁੰਦੀਆਂ ਹਨ। ਇਹ ਸਰਮਾਏਦਰਾਨਾ ਸਮਾਜ ਅੰਦਰ ਹੀ ਹੱਲ ਨਹੀਂ ਹੋ ਸਕਦੀਆਂ, ਸਿਰਫ ਸਮਾਜਵਾਦੀ ਇਨਕਲਾਬ ਹੀ ਉਹਨਾਂ ਨੂੰ ਹੱਲ ਕਰ ਸਕਦਾ ਹੈ। ਇਸ ਦੇ ਉਲਟ, ਸਮਾਜਵਾਦੀ ਸਮਾਜ 'ਚ ਵਿਰੋਧਤਾਈਆਂ ਦਾ ਮਾਮਲਾ ਵੱਖਰਾ ਹੈ। ਉੱਥੇ ਇਹ ਦੁਸ਼ਮਨਾਣਾ ਨਹੀਂ ਹੁੰਦੀਆਂ ਅਤੇ ਇਹਨਾਂ ਨੂੰ ਇੱਕ-ਇੱਕ ਕਰਕੇ ਸਮਾਜਵਾਦੀ ਸਮਾਜ ਆਪ ਹੀ ਹੱਲ ਕਰ ਸਕਦਾ ਹੈ।

ਸਮਾਜਵਾਦੀ ਸਮਾਜ ਦੀ ਬੁਨਿਆਦੀ ਵਿਰੋਧਤਾਈ ਅਜੇ ਵੀ ਪੈਦਾਵਾਰੀ ਰਿਸ਼ਤਿਆਂ ਅਤੇ ਪੈਦਾਵਾਰੀ ਤਾਕਤਾਂ ਵਿਚਕਾਰ ਅਤੇ ਆਰਥਕ ਢਾਂਚੇ ਅਤੇ ਉੱਚ ਉਸਾਰ ਵਿਚਕਾਰ ਹੈ। ਪਰ ਉਹ ਪੁਰਾਣੇ ਸਮਾਜ ਵਿਚਲੀਆਂ ਪੈਦਾਵਾਰੀ ਰਿਸ਼ਤਿਆਂ ਅਤੇ ਪੈਦਾਵਾਰੀ ਸ਼ਕਤੀਆਂ ਵਿਚਕਾਰ ਅਤੇ ਆਰਥਿਕ ਢਾਂਚੇ ਅਤੇ ਉੱਚ ਉਸਾਰ ਵਿਚਕਾਰ ਵਿਰੋਧਤਾਈਆਂ ਤੋਂ ਖਾਸੇ ਪੱਖੋਂ ਬੁਨਿਆਦੀ ਤੌਰ 'ਤੇ ਵੱਖਰੀਆਂ ਹਨ ਅਤੇ ਵੱਖਰੇ ਲੱਛਣ ਰੱਖਦੀਆਂ ਹਨ। ਸਾਡੇ ਦੇਸ਼ ਦਾ ਮੌਜੂਦਾ ਸਮਾਜਿਕ ਢਾਂਚਾ ਪੁਰਾਣੇ ਸਮਿਆਂ ਦੇ ਸਮਾਜਿਕ ਢਾਂਚੇ ਤੋਂ ਬਹੁਤ ਉੱਤਮ ਹੈ। ਜੇ ਇਉਂ ਨਾ ਹੁੰਦਾ ਤਾਂ ਪੁਰਾਣਾ ਢਾਂਚਾ ਉਲਟਾਇਆ ਨਹੀਂ ਜਾ ਸਕਣਾ ਸੀ ਅਤੇ ਨਵੇਂ ਦੀ ਸਥਾਪਤੀ ਸੰਭਵ ਨਹੀਂ ਹੋਣੀ ਸੀ। ਇਹ ਕਹਿਣ ਤੋਂ ਕਿ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਪੈਦਾਵਾਰ ਦੇ ਸਮਾਜਵਾਦੀ ਰਿਸ਼ਤੇ, ਪੁਰਾਣੇ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਐਨੀ ਤੇਜ਼ ਰਫਤਾਰ ਨਾਲ ਹੋ ਸਕਦਾ ਹੈ, ਜੋ ਕਿ ਪੁਰਾਣੇ ਸਮਾਜ 'ਚ ਅਸੰਭਵ ਸੀ, ਤਾਂ ਜੋ ਲੋਕਾਂ ਦੀਆਂ ਨਿਰੰਤਰ ਵਧ ਰਹੀਆਂ ਜ਼ਰੂਰਤਾਂ ਦੀ ਕਦਮ-ਬ-ਕਦਮ ਪੂਰਤੀ ਲਈ ਪੈਦਾਵਾਰ ਦਾ ਲਗਾਤਾਰ ਵਿਸਥਾਰ ਹੋ ਸਕੇ। ਸਾਮਰਾਜਵਾਦ, ਜਾਗੀਰਦਾਰੀ ਅਤੇ ਅਫਸਰਸ਼ਾਹ ਸਰਮਾਏਦਾਰੀ ਦੇ ਰਾਜ ਹੇਠ ਪੁਰਾਣੇ ਚੀਨ ਦੀਆਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਬਹੁਤ ਹੌਲੀ ਹੋਇਆ। ਮੁਕਤੀ ਤੋਂ 50 ਸਾਲ ਪਹਿਲਾਂ, ਉੱਤਰੀ-ਪੂਰਬੀ ਇਲਾਕਿਆਂ ਨੂੰ ਛੱਡ ਕੇ, ਚੀਨ ਕੁੱਝ ਦਹਿ ਹਜ਼ਾਰ ਟਨ ਇਸਪਾਤ ਸਲਾਨਾ ਪੈਦਾ ਕਰਦਾ ਸੀ। ਜੇ ਇਨ੍ਹਾਂ ਇਲਾਕਿਆਂ ਨੂੰ ਵੀ ਗਿਣਿਆਂ ਜਾਵੇ ਤਾਂ ਵੱਧ ਤੋਂ ਵੱਧ ਸਲਾਨਾ ਇਸਪਾਤ ਪੈਦਾਵਾਰ ਮੁਸ਼ਕਲ ਨਾਲ 900,000 ਟਨ ਬਣਦੀ ਸੀ। 1949 'ਚ ਇਸਪਾਤ ਦਾ ਕੌਮੀ ਉਤਪਾਦਨ 100,000 ਟਨ ਤੋਂ ਮਾਮੂਲੀ ਉੱਤੇ ਸੀ। ਫੇਰ ਵੀ ਹੁਣ, ਸਾਡੇ ਦੇਸ਼ ਦੀ ਮੁਕਤੀ ਤੋਂ ਸਿਰਫ ਸੱਤ ਸਾਲ ਬਾਅਦ, ਇਸਪਾਤ ਦੀ ਪੈਦਾਵਾਰ 40 ਲੱਖ ਟਨ ਤੋਂ ਵੀ ਜ਼ਿਆਦਾ ਪਹੁੰਚ ਚੁੱਕੀ ਹੈ। ਪੁਰਾਣੇ ਚੀਨ 'ਚ ਮੁਸ਼ਕਲ ਨਾਲ ਹੀ ਕੋਈ ਮਸ਼ੀਨਰੀ ਬਣਾਉਣ ਵਾਲੀ ਸੱਨਅਤ ਸੀ, ਸਵੈਚਾਲਕ ਜਾਂ ਜਹਾਜਸਾਜ਼ੀ ਦੀਆਂ ਸਨੱਅਤਾਂ ਦੀ ਤਾਂ ਗੱਲ ਹੀ ਛੱਡੋ। ਹੁਣ ਸਾਡੇ ਕੋਲ ਤਿੰਨੋ ਹਨ। ਜਦੋਂ ਲੋਕਾਂ ਨੇ ਸਾਮਰਾਜਵਾਦ ਜਾਗੀਰਦਾਰੀ ਅਤੇ ਅਫਸਰਸ਼ਾਹ-ਸਰਮਾਏਦਾਰੀ ਦਾ ਤਖਤਾ ਉਲਟਾ ਦਿੱਤਾ ਸੀ, ਕਾਫੀ ਸਾਰਿਆਂ ਨੂੰ ਇਹ ਸਾਫ ਨਹੀਂ ਸੀ ਕਿ ਚੀਨ ਨੂੰ ਹੁਣ ਕਿਹੜੇ ਰਾਹ ਅੱਗੇ ਵਧਣਾ ਚਾਹੀਦਾ ਹੈ ਸਮਾਜਵਾਦ ਦੇ ਰਾਹ ਜਾਂ ਸਰਮਾਏਦਾਰੀ ਦੇ ਰਾਹ। ਤੱਥਾਂ ਨੇ ਹੁਣ ਇਸ ਗੱਲ ਦਾ ਜਵਾਬ ਦੇ ਦਿੱਤਾ ਹੈ ਸਿਰਫ ਸਮਾਜਵਾਦ ਹੀ ਚੀਨ ਨੂੰ ਬਚਾ ਸਕਦਾ ਹੈ। ਸਮਾਜਵਾਦੀ ਢਾਂਚੇ ਨੇ ਸਾਡੇ ਮੁਲਕ ਦੀਆਂ ਪੈਦਾਵਾਰੀ ਤਾਕਤਾਂ ਦੇ ਤੇਜ਼ ਵਿਕਾਸ ਨੂੰ ਉਗਾਸਾ ਦਿੱਤਾ ਹੈ, ਇਹ ਤੱਥ ਤਾਂ ਸਾਡੇ ਬਾਹਰਲੇ ਦੁਸ਼ਮਣ ਨੂੰ ਵੀ ਮੰਨਣਾ ਪਿਆ ਹੈ।

ਪਰ ਸਾਡਾ ਸਮਾਜਵਾਦੀ ਢਾਂਚਾ ਹੁਣੇ ਹੁਣੇ ਹੀ ਸਥਾਪਤ ਹੋਇਆ ਹੈ। ਅਜੇ ਇਹ ਪੂਰੀ ਤਰ੍ਹਾਂ ਸਥਾਪਤ ਜਾਂ ਪੱਕੇ ਪੈਰੀਂ ਨਹੀਂ ਹੋਇਆ। ਸਾਂਝੇ ਰਾਜਕੀ ਅਤੇ ਨਿੱਜੀ ਸਨੱਅਤੀ ਅਤੇ ਵਪਾਰਕ ਉੱਦਮਾਂ ਵਿੱਚ ਸਰਮਾਏਦਾਰ ਅਜੇ ਵੀ ਆਪਣੀ ਪੂੰਜੀ ਉੱਤੇ ਇੱਕ ਬੱਝਵੀਂ ਦਰ ਉੱਤੇ ਵਿਆਜ ਲੈਂਦੇ

ਹਨ। ਕਹਿਣ ਦਾ ਮਤਲਬ ਹੈ ਲੁੱਟ ਅਜੇ ਵੀ ਜਾਰੀ ਹੈ। ਜਿੱਥੋਂ ਤੱਕ ਮਾਲਕੀ ਦਾ ਸੰਬੰਧ ਹੈ, ਇਹ ਅਦਾਰੇ ਖਾਸੇ ਪੱਖੋਂ ਅਜੇ ਪੂਰੇ ਸਮਾਜਵਾਦੀ ਨਹੀਂ ਹਨ। ਸਾਡੀਆਂ ਕੁੱਝ ਖੇਤੀ ਅਤੇ ਦਸਤਕਾਰੀ ਦੀਆਂ ਉਤਪਾਦਕ ਸਹਿਕਾਰੀ ਸਭਾਵਾਂ ਵਿੱਚ ਵੀ ਅਰਧ-ਸਮਾਜਵਾਦੀ ਹਨ, ਜਦੋਂ ਕਿ ਪੂਰੀ ਤਰ੍ਹਾਂ ਸਮਾਜਵਾਦੀ ਸਹਿਕਾਰੀ ਸਭਾਵਾਂ ਵਿੱਚ ਵੀ ਮਾਲਕੀ ਦੀਆਂ ਕੁੱਝ ਸਮੱਸਿਆਵਾਂ ਨਿਯਮਾਂ ਮੁਤਾਬਕ ਪੈਦਾਵਾਰ ਅਤੇ ਤਬਾਦਲੇ ਵਿਚਕਾਰ ਰਿਸ਼ਤਾ ਹੌਲੀ-ਹੌਲੀ ਉੱਸਰ ਰਿਹਾ ਹੈ ਅਤੇ ਹੋਰਨਾਂ ਵਾਜਬ ਸ਼ਕਲਾਂ ਦੀ ਤਲਾਸ਼ ਜਾਰੀ ਹੈ। ਸਮਾਜਵਾਦੀ ਅਰਥਚਾਰੇ ਦੇ ਦੋ ਖੇਤਰਾਂ—ਜਿਨ੍ਹਾਂ 'ਚ ਪੈਦਾਵਾਰ ਦੇ ਸਾਧਨ, ਸਮੂਹਿਕ ਮਾਲਕੀ ਹੇਠ ਹਨ ਤੇ ਦੂਸਰਾ ਜਿਨ੍ਹਾਂ 'ਚ ਪੈਦਾਵਾਰ ਦੇ ਸਾਧਨ ਸਾਰੇ ਲੋਕਾਂ ਦੀ ਮਲਕੀਅਤ ਹਨ—ਵਿਚੋਂ ਹਰੇਕ 'ਚ ਅਤੇ ਦੋਵਾਂ ਖੇਤਰਾਂ ਵਿਚਕਾਰ, ਪੂੰਜੀ-ਸੰਗ੍ਰਹਿ ਅਤੇ ਉਪਭੋਗਤਾ ਦੀ ਦਰੁੱਸਤ ਨਿਸਬਤ ਬਾਰੇ ਨਿਰਣਾ ਕਰਨਾ ਇੱਕ ਟੇਢੀ ਸਮੱਸਿਆ ਹੈ ਜਿਸਦੇ ਸੰਬੰਧ 'ਚ ਇੱਕੋ ਦਮ ਕੋਈ ਪੂਰਾ-ਸੂਰਾ ਤਰਕ-ਸੰਗਤ ਹੱਲ ਲੱਭਣਾ ਸੌਖਾ ਨਹੀਂ। ਨਿਚੋੜ ਕੱਢ ਕੇ ਕਹਿਣਾ ਹੋਵੇ ਤਾਂ ਸਮਾਜਵਾਦੀ ਪੈਦਾਵਾਰੀ ਰਿਸ਼ਤਿਆਂ ਦੀ ਸਥਾਪਤੀ ਹੋ ਚੱਕੀ ਹੈ ਅਤੇ ਇਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਕੁੱਲ 'ਚ ਹਨ ਪਰ ਇਹ ਅਜੇ ਮੁਕੰਮਲ ਹੋਣ ਤੋਂ ਦੂਰ ਹਨ ਅਤੇ ਇਹ ਅਪੂਰਨਤਾ ਪੈਦਾਵਾਰੀ ਤਾਕਤਾਂ ਦੇ ਵਧਾਰੇ ਦੇ ਵਿਰੋਧ 'ਚ ਖੜ੍ਹਦੀ ਹੈ। ਪੈਦਾਵਾਰੀ ਰਿਸ਼ਤਿਆਂ ਅਤੇ ਵਿਕਾਸਸ਼ੀਲ ਪੈਦਾਵਾਰ ਤਾਕਤਾਂ ਵਿਚਕਾਰ ਇੱਕਸੁਰਤਾ ਅਤੇ ਵਿਰੋਧਤਾਈ ਤੋਂ ਇਲਾਵਾ ਆਰਥਿਕ ਢਾਂਚੇ ਅਤੇ ਉੱਚ ਉਸਾਰ ਵਿਚਾਕਾਰ ਵੀ ਇੱਕਸੁਰਤਾ ਅਤੇ ਵਿਰੋਧਾਤਾਈ ਹੈ। ਰਾਜ ਪ੍ਰਬੰਧ, ਲੋਕ-ਜਮਹੂਰੀ ਤਾਨਾਸ਼ਾਹੀ ਦੇ ਨਿਯਮਾਂ ਅਤੇ ਮਾਰਕਸਵਾਦ-ਲੈਨਿਨਵਾਦ ਦੀ ਅਗਵਾਈ 'ਚ ਸਮਾਜਵਾਦੀ ਵਿਚਾਰਧਾਰਾ ਨਾਲ ਮਿਲਕੇ ਬਣਿਆ ਉੱਚ ਉਸਾਰ, ਸਮਾਜਵਾਦੀ ਕਾਇਆਪਲਟੀ ਦੀ ਜਿੱਤ ਅਤੇ ਕਿਰਤ ਦੀ ਸਮਾਜਵਾਦੀ ਜੱਥੇਬੰਦੀ ਦੀ ਸਥਾਪਤੀ ਨੂੰ ਰੈਲਾ ਕਰਨ 'ਚ ਹਾਂ-ਪੱਖੀ ਰੋਲ ਅਦਾ ਕਰਦਾ ਹੈ। ਇਹ ਸਮਾਜਵਾਦੀ ਆਰਥਿਕ ਆਧਾਰ ਲਈ ਯਾਨਿ ਕਿ ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਲਈ ਢੁੱਕਵਾਂ ਹੈ। ਪਰ ਬੁਰਜੂਆ ਵਿਚਾਰਧਾਰਾ ਦੇ ਬਚੇ ਰਹਿਣ ਅਤੇ ਸਾਡੇ ਰਾਜ ਦੇ ਅਦਾਰਿਆਂ 'ਚ ਕੰਮ ਕਰਨ ਦੇ ਅਫਸਰਸ਼ਾਹੀ ਤਰੀਕੇ ਅਤੇ ਰਾਜ ਦੀਆਂ ਸੰਸਥਾਵਾਂ ਅੰਦਰਲੀਆਂ ਕੜੀਆਂ 'ਚ ਖਾਮੀਆਂ ਸਾਡੇ ਸਮਾਜਵਾਦੀ ਆਰਥਿਕ ਢਾਂਚੇ ਦੇ ਵਿਰੋਧ 'ਚ ਹਨ। ਸਾਡੀਆਂ ਵਿਸ਼ੇਸ਼ ਹਾਲਤਾਂ ਦੀ ਰੌਸ਼ਨੀ 'ਚ ਸਾਨੂੰ ਇਹਨਾਂ ਵਿਰੋਧਤਾਈਆਂ ਨੂੰ ਹੱਲ ਕਰਦੇ ਰਹਿਣਾ ਚਾਹੀਦਾ ਹੈ। ਨਿਰਸੰਦੇਹ ਜਿਉਂ ਜਿਉਂ ਇਹ ਵਿਰੋਧਤਾਈਆਂ ਹੱਲ ਹੋਣਗੀਆਂ, ਨਵੀਂਆਂ ਸਮੱਸਿਆਵਾਂ ਉੱਠਣਗੀਆਂ ਅਤੇ ਨਵੀਂਆਂ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਹੋਰ ਕੋਸ਼ਿਸ਼ਾਂ ਦੀ ਲੋੜ ਹੋਵੇਗੀ। ਉਦਾਹਰਣ ਦੇ ਤੌਰ 'ਤੇ ਸਮਾਜਿਕ ਲੋੜਾਂ ਅਤੇ ਪੈਦਾਵਾਰ ਵਿਚਕਾਰ ਵਿਰੋਧਤਾਈ ਨੂੰ ਨਜਿੱਠਣ ਲਈ ਰਾਜਕੀ ਯੋਜਨਾਬੰਦੀ ਰਾਹੀਂ ਮੁੜ ਤਰਤੀਬ ਦੇਣ ਦੀ ਲਗਾਤਾਰ ਪ੍ਰਕਿਰਿਆ ਦੀ ਲੋੜ ਹੋਵੇਗੀ ਜੋ ਕਿ ਲੰਮੇ ਸਮੇਂ ਲਈ ਬਾਹਰਮੁੱਖੀ ਹਕੀਕਤ ਬਣੀ ਰਹੇਗੀ। ਹਰ ਸਾਲ ਸਾਡਾ ਮੁਲਕ ਪੈਦਾਵਾਰ ਅਤੇ ਲੋੜਾਂ ਵਿਚਕਾਰ ਪੂੰਜੀ ਸੰਗ੍ਰਹਿ ਅਤੇ ਉਪਭੋਗਤਾ 'ਚ ਦਰੁੱਸਤ ਨਿਸਬਤ ਤੈਅ ਕਰਨ ਵਾਸਤੇ ਸਮਤੋਲ ਹਾਸਲ ਕਰਨ ਲਈ ਆਰਥਿਕ ਵਿਉਂਤ ਬਣਾਉਂਦਾ ਹੈ। ਸੰਤੁਲਨ ਵਿਰੋਧੀਆਂ ਦੀ ਆਰਜੀ ਅਤੇ ਸਾਪੇਖਕ ਏਕਤਾ ਤੋਂ ਬਿਨਾਂ ਹੋਰ ਕੁੱਝ ਨਹੀਂ, ਹਰ ਸਾਲ ਦੇ ਅੰਤ 'ਚ ਕੁੱਲ ਮਿਲਾ ਕੇ ਇਹ ਸਮਤੋਲ ਵਿਰੋਧੀਆਂ ਦੇ ਘੋਲ ਰਾਹੀਂ ਉੱਖੜ ਜਾਂਦਾ ਹੈ, ਏਕਤਾ 'ਚ ਤਬਦੀਲੀ ਆ ਜਾਂਦੀ ਹੈ। ਇਸੇ 'ਚ ਹੀ ਸਾਡੇ ਵਿਉਂਤਬੱਧ ਅਰਥਚਾਰੇ ਦੀ ਉੱਤਮਤਾ ਬਿਰਾਜਮਾਨ ਹੈ। ਹਕੀਕਤ ਇਹ ਹੈ ਕਿ ਇਹ

ਸਮਤੋਲ, ਇਹ ਏਕਤਾ ਹਰ ਮਹੀਨੇ ਜਾਂ ਹਰ ਤਿਮਾਹੀ ’ਚ ਅੰਸ਼ਕ ਤੌਰ ’ਤੇ ਉਖੜ ਜਾਂਦੀ ਹੈ ਅਤੇ ਅੰਸ਼ਕ ਮੁੜ-ਤਰਤੀਬ ਦੀ ਲੋੜ ਪੈਂਦੀ ਹੈ। ਕਦੇ ਕਦੇ ਅੰਤਰਮੁੱਖੀ ਬੰਦੋਬਸਤ ਦਾ ਬਾਹਰਮੁਖੀ ਹਕੀਕਤ ਦੇ ਅਨੁਸਾਰੀ ਨਾ ਹੋਣ ਕਰਕੇ ਵਿਰੋਧਤਾਈਆਂ ਖੜੀਆਂ ਹੋ ਜਾਂਦੀਆਂ ਹਨ ਅਤੇ ਇਹ ਸਮਤੋਲ ਵਿਗੜ ਜਾਂਦਾ ਹੈ। ਇਸ ਨੂੰ ਅਸੀਂ ਗਲਤ ਕਰਨਾ ਕਹਿੰਦੇ ਹਾਂ। ਵਿਰੋਧਤਾਈਆਂ ਦਾ ਨਿਰੰਤਰ ਪੈਦਾ ਹੋਣਾ ਅਤੇ ਨਿਰੰਤਰ ਹੱਲ ਹੁੰਦੇ ਜਾਣਾ ਵਸਤਾਂ ਦੇ ਵਿਕਾਸ ਦਾ ਦਵੰਦਵਾਦੀ ਨਿਯਮ ਹੈ।

ਅੱਜ ਹਾਲਤਾਂ ਇਸ ਤਰ੍ਹਾਂ ਹਨ। ਪਿੱਛਲੇ ਇਨਕਲਾਬੀ ਦੌਰਾਂ ਦੇ ਲਖਣਾਇਕ, ਜਨਤਾ ਦੇ ਵੱਡੀ ਪੱਧਰ ਦੇ ਅਤੇ ਤੂਫਾਨੀ ਜਮਾਤੀ ਘੋਲ ਮੁੱਖ ਤੌਰ ’ਤੇ ਮੁੱਕ ਚੁੱਕੇ ਹਨ ਪਰ ਜਮਾਤੀ ਘੋਲ ਕਿਸੇ ਵੀ ਤਰ੍ਹਾਂ ਪੂਰੀ ਤਰਾਂ ਖਤਮ ਨਹੀਂ ਹੋਏ। ਲੋਕਾਂ ਦੀ ਵਿਸ਼ਾਲ ਜਨਤਾ ਭਾਵੇਂ ਨਵੇਂ ਸਿਸਟਮ ਦਾ ਸਵਾਗਤ ਕਰਦੀ ਹੈ ਪਰ ਇਹ ਅਜੇ ਪੂਰੀ ਤਰ੍ਹਾਂ ਇਸ ਦੀ ਆਦੀ ਨਹੀਂ ਹੋਈ। ਸਰਕਾਰੀ ਕਰਿੰਦੇ ਲੋੜੀਂਦੀ ਹੱਦ ਤੱਕ ਤਜਰਬੇਕਾਰ ਨਹੀਂ ਹਨ ਅਤੇ ਉਹਨਾਂ ਨੂੰ ਵਿਸ਼ੇਸ਼ ਨੀਤੀਆਂ ਦੇ ਹੋਰ ਅਧਿਐਨ ਅਤੇ ਘੋਖਣ ਦੀ ਲੋੜ ਹੈ। ਦੂਜੇ ਸ਼ਬਦਾਂ ’ਚ, ਸਾਡੇ ਸਮਾਜਵਾਦੀ ਢਾਂਚੇ ਨੂੰ ਸਥਾਪਤ ਅਤੇ ਪੱਕੇ ਪੈਰੀਂ ਹੋਣ ਲਈ ਵਕਤ ਦੀ ਲੋੜ ਹੈ ਤਾਂ ਕਿ ਲੋਕ ਨਵੇਂ ਢਾਂਚੇ ਦੇ ਆਦੀ ਹੋ ਸਕਣ ਅਤੇ ਸਰਕਾਰੀ ਕਰਿੰਦੇ ਸਿੱਖਿਆ ਅਤੇ ਤਜਰਬਾ ਹਾਸਲ ਕਰ ਸਕਣ। ਇਸ ਲਈ ਇਸ ਮੋੜ ਉੱਤੇ ਇਹ ਜ਼ਰੂਰੀ ਹੈ ਕਿ ਅਸੀਂ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਸਾਡੇ ਅਤੇ ਦੁਸਮਣ ਵਿਚਕਾਰ ਵਿਰੋਧਤਾਈਆਂ ਤੋਂ ਨਿਖੇੜਨ ਦਾ ਅਤੇ ਨਾਲ ਦੀ ਨਾਲ ਲੋਕਾਂ ਵਿਚਾਲੇ ਵਿਰੋਧਤਾਈਆਂ ਨੂੰ ਦਰੁੱਸਤ ਢੰਗ ਨਾਲ ਹੱਲ ਕਰਨ ਦਾ ਸਵਾਲ ਉਠਾਈਏ ਤਾਂ ਕਿ ਅਸੀਂ ਸਾਡੇ ਦੇਸ਼ ਦੀਆਂ ਸਾਰੀਆਂ ਕੌਮੀਅਤਾਂ ਦੇ ਲੋਕਾਂ ਨੂੰ, ਨਵੀਂ ਲੜਾਈ ਲਈ ਇੱਕਜੁੱਟ ਕਰ ਸਕੀਏ—ਲੜਾਈ ਜੋ ਕੁਦਰਤ ਦੇ ਖਿਲਾਫ ਹੈ, ਸਾਡੇ ਅਰਥਚਾਰੇ ਅਤੇ ਸਭਿਆਚਾਰ ਦੇ ਵਿਕਾਸ ਲਈ ਹੈ ਸਮੁੱਚੀ ਕੌਮ ਨੂੰ ਇਸ ਸੰਗਰਾਂਦੀ ਦੌਰ ’ਚ ਬਿਨਾਂ ਗੜਬੜ ਦੇ ਗੁਜਰਨ ਲਈ, ਸਾਡੇ ਨਵੇਂ ਢਾਂਚੇ ਨੂੰ ਪੱਕੇ ਪੈਰੀਂ ਕਰਨ ਲਈ ਅਤੇ ਸਾਡੇ ਰਾਜ ਦੀ ਉਸਾਰੀ ਲਈ ਮਦਦਗਾਰ ਹੋ ਸਕੀਏ।

## 2. ਉਲਟ-ਇਨਕਲਾਬੀਆਂ ਨੂੰ ਦਬਾਉਣ ਦਾ ਸੁਆਲ

ਉਲਟ-ਇਨਕਲਾਬੀਆਂ ਨੂੰ ਦਬਾਉਣ ਦਾ ਸਵਾਲ ਸਾਡੇ ਤੇ ਦੁਸ਼ਮਣਾਂ ਵਿਚਕਾਰ ਦੁਸ਼ਮਣਾਨਾ ਵਿਰੋਧਤਾਈ ਵਾਲੀ, ਇੱਕ ਜਦੋਜਹਿਦ ਹੈ। ਲੋਕਾਂ ਵਿਚੋਂ ਕੁੱਝ ਇਸ ਸੁਆਲ ਨੂੰ ਕੁੱਝ ਵੱਖਰੀ ਤਰ੍ਹਾਂ ਦੇਖਦੇ ਹਨ। ਦੋ ਤਰ੍ਹਾਂ ਦੇ ਲੋਕ ਸਾਡੇ ਨਾਲੋਂ ਵੱਖਰੇ ਵਿਚਾਰ ਰੱਖਦੇ ਹਨ। ਆਪਣੀ ਸੋਚਣੀ ’ਚ ਸੱਜੀ ਭਟਕਣ ਵਾਲੇ ਸਾਡੇ ਆਪਣੇ ਤੇ ਦੁਸ਼ਮਣਾਂ ਵਿਚਕਾਰ ਕੋਈ ਵੀ ਵਖਰੇਵਾਂ ਨਹੀਂ ਕਰਦੇ, ਤੇ ਦੁਸ਼ਮਣ ਨੂੰ ਆਪਣੇ ਲੋਕ ਹੀ ਸਮਝਦੇ ਹਨ। ਉਹ ਬਿਲਕੁੱਲ ਉਨ੍ਹਾਂ ਹੀ ਵਿਅਕਤੀਆਂ ਨੂੰ ਦੋਸਤ ਸਮਝਦੇ ਹਨ, ਜਿਹਨਾਂ ਨੂੰ ਲੋਕ ਦੁਸ਼ਮਣ ਸਮਝਦੇ ਹਨ। ਆਪਣੀ ਸੋਚਣੀ ’ਚ ‘ਖੱਬੀ’ ਭਟਕਣ ਵਾਲੇ ਸਾਡੇ ਆਪਣੇ ਤੇ ਦੁਸ਼ਮਣ ਵਿਚਕਾਰ ਵਿਰੋਧਤਾਈਆਂ ਨੂੰ ਏਸ ਹੱਦ ਤੱਕ ਵਧਾ ਲੈਂਦੇ ਹਨ ਕਿ ਉਹ ਲੋਕਾਂ ਵਿਚਕਾਰਲੀਆਂ ਕੁੱਝ ਵਿਰੋਧਤਾਈਆਂ ਨੂੰ ਦੁਸ਼ਮਣ ਨਾਲ ਵਿਰੋਧਤਾਈਆਂ ਵਜੋਂ ਲੈਂਦੇ ਹਨ ਅਤੇ ਉਹਨਾਂ ਵਿਅਕਤੀਆਂ ਨੂੰ ਉਲਟ-ਇਨਕਲਾਬੀਆਂ ਵਜੋਂ ਸਮਝਦੇ ਹਨ, ਜਿਹੜੇ ਅਸਲ ’ਚ ਉਲਟ-ਇਨਕਲਾਬੀ ਨਹੀਂ ਹਨ। ਇਹ ਦੋਵੇਂ ਵਿਚਾਰ ਗਲਤ ਹਨ। ਨਾ ਹੀ

ਉਹ ਇਹ ਉਲਟ-ਇਨਕਲਾਬੀਆਂ ਨੂੰ ਦਬਾਉਣ ਦੀ ਸਮੱਸਿਆ ਦੇ ਠੀਕ ਨਜਿੱਠੇ ਜਾਣ ਵੱਲ, ਨਾ ਹੀ ਇਸ ਕੰਮ ਦਾ ਠੀਕ ਜਾਇਜ਼ਾ ਬਨਾਉਣ ਵੱਲ ਅਗਵਾਈ ਕਰ ਸਕਦੇ ਹਨ।

ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਸਾਡੇ ਕੰਮ ਦਾ ਠੀਕ ਮੁਲੰਕਣ ਕਰਨ ਲਈ, ਆਓ ਆਪਾਂ ਹੰਗਰੀ ਦੀਆਂ ਘਟਨਾਵਾਂ ਦੇ ਚੀਨ ਵਿੱਚ ਪਏ ਅਸਰਾਂ ਨੂੰ ਦੇਖੀਏ। ਇਹਨਾਂ ਦੇ ਵਾਪਰਨ ਪਿੱਛੋਂ, ਸਾਡੇ ਬੁੱਧੀਜੀਵੀਆਂ ਦੇ ਇੱਕ ਹਿੱਸੇ ਵਿੱਚ ਕੁੱਝ ਬੇਚੈਨੀ ਸੀ, ਪਰ ਕੋਈ ਚੀਕ ਚਿਹਾੜਾ ਨਹੀਂ ਸੀ। ਕਿਉਂ ? ਇਹ ਲਾਜ਼ਮੀ ਕਹਿਣਾ ਚਾਹੀਦਾ ਹੈ, ਇਸ ਦਾ ਇੱਕ ਕਾਰਨ ਇਹ ਹੈ ਕਿ ਅਸੀਂ ਉਲਟ-ਇਨਕਲਾਬ ਨੂੰ ਪੂਰੀ ਤਰ੍ਹਾਂ ਦਬਾਉਣ 'ਚ ਸਫਲ ਹੋਏ ਹਾਂ।

ਨਿਰਸੰਦੇਹ, ਸਾਡੇ ਰਾਜ ਦੀ ਮਜ਼ਬੂਤੀ ਪਹਿਲ ਪ੍ਰਿਥਮੇਂ ਉਲਟ-ਇਨਕਲਾਬੀਆਂ ਨੂੰ ਦਬਾਉਣ ਦੀ ਬਦੌਲਤ ਨਹੀਂ ਹੈ। ਇਹ ਪਹਿਲ-ਪ੍ਰਿਥਮੇ ਇਸ ਤੱਥ ਦੀ ਬਦੌਲਤ ਹੈ ਕਿ ਸਾਡੇ ਕੋਲ ਦਹਾਕਿਆਂ ਦੀ ਇਨਕਲਾਬੀ ਜਦੋ-ਜਹਿਦ 'ਚੋਂ ਬੜੀ-ਸੰਵਰੀ ਇੱਕ ਕਮਿਊਨਿਸਟ ਪਾਰਟੀ, ਇਕ ਮੁਕਤੀ ਫੌਜ ਹੈ ਅਤੇ ਕਿਰਤੀ ਲੋਕ ਹਨ। ਇਹ ਲਮਕਵੇਂ ਇਨਕਲਾਬ ਦੀ ਭੱਠੀ 'ਚ ਢਲੀਆਂ ਹੋਈਆਂ ਹਨ ਅਤੇ ਲੜਨ ਦੀ ਸਮਰੱਥਾ ਰੱਖਦੀਆਂ ਹਨ। ਸਾਡਾ ਲੋਕ ਗਣਰਾਜ ਰਾਤੋ ਰਾਤ ਨਹੀਂ ਉਸਾਰਿਆ ਗਿਆ, ਸਗੋਂ ਇਨਕਲਾਬੀ ਆਧਾਰ ਇਲਾਕਿਆਂ 'ਚੋਂ ਕਦਮ-ਬ-ਕਦਮ ਵਿਕਸਤ ਹੋਇਆ ਹੈ। ਕੁੱਝ ਜਮਹੂਰੀ ਪਤਵੰਤੇ ਵੀ ਜਦੋਜਹਿਦ ਦੌਰਾਨ ਵੱਖ-ਵੱਖ ਦਰਜੇ ਤੱਕ ਰੜ੍ਹੇ-ਪੱਕੇ ਹਨ ਅਤੇ ਉਹ ਮੁਸੀਬਤਾਂ ਭਰੇ ਸਮਿਆਂ 'ਚ ਕੱਠੇ ਸਾਡੇ ਨਾਲ ਨਿਭੇ ਹਨ। ਕੁੱਝ ਬੁੱਧੀਜੀਵੀ ਸਾਮਰਾਜਵਾਦ ਤੋਂ ਪਿੱਛਾਖੜ ਖਿਲਾਫ ਜਦੋਜਹਿਦ 'ਚ ਰੜ੍ਹੇ-ਪੱਕੇ ਸਨ, ਮੁਕਤੀ ਬਾਅਦ ਇਹਨਾਂ 'ਚੋਂ ਕਾਫੀ ਸਾਡੇ ਤੇ ਦੁਸ਼ਮਣ ਵਿਚਕਾਰ ਸਪੱਸ਼ਟ ਨਿਖੇੜਾ ਕਰਨ ਦੇ ਯੋਗ ਬਨਾਉਣ ਦੇ ਮਕਸਦ ਨਾਲ ਕੀਤੀ ਵਿਚਾਰਧਾਰਕ ਮੁੜ-ਢਲਾਈ ਦੇ ਅਮਲ ਰਾਹੀਂ ਲੰਘ ਚੁੱਕੇ ਹਨ। ਇਸ ਦੇ ਨਾਲ ਵਾਧੇ ਦੀ ਗੱਲ ਇਹ ਕਿ ਤਾਂ ਸਾਡੇ ਰਾਜ ਦੀ ਪਕਿਆਈ ਇਸ ਤੱਥ ਕਰਕੇ ਹੇ ਕਿ ਸਾਡੇ ਆਰਥਿਕ ਉਪਾਅ ਬੁਨਿਆਦੀ ਤੌਰ 'ਤ ਨਿੱਗਰ ਹਨ, ਕਿ ਲੋਕਾਂ ਦਾ ਗੁਜ਼ਾਰਾ ਸੁਰੱਖਿਅਤ ਹੈ ਤੇ ਤੇਜੀ ਨਾਲ ਸੁਧਰ ਰਿਹਾ ਹੈ, ਕਿ ਕੌਮੀ ਸਰਮਾਏਦਾਰੀ ਤੇ ਹੋਰਨਾਂ ਜਮਾਤਾਂ ਵੱਲ ਸਾਡੀਆਂ ਨੀਤੀਆਂ ਠੀਕ ਹਨ, ਬਗੈਰਾ ਬਗੈਰਾ। ਫਿਰ ਵੀ, ਉਲਟ-ਇਨਕਲਾਬੀਆਂ ਨੂੰ ਦਬਾਉਣ 'ਚ ਸਾਡੀ ਕਾਮਯਾਬੀ ਸਾਡੇ ਰਾਜ ਦੀ ਪਕਿਆਈ ਲਈ ਬਿਨਾਂ ਸ਼ੱਕ ਇੱਕ ਮਹੱਤਵਪੂਰਨ ਕਾਰਨ ਹੈ। ਇਹਨਾਂ ਸਾਰੇ ਕਾਰਨਾਂ ਦੀ ਬਦੌਲਤ, ਕੁੱਝ ਕੁ ਨੂੰ ਛੱਡਕੇ ਸਾਡੇ ਕਾਲਜ ਵਿਦਿਆਰਥੀ ਦੇਸ਼ ਭਗਤ ਹਨ ਤੇ ਸਮਾਜਵਾਦ ਦੀ ਹਮਾਇਤ ਕਰਦੇ ਹਨ ਅਤੇ ਭਾਵੇਂ ਕਿ ਉਹਨਾਂ 'ਚੋਂ ਕਾਫੀ ਗੈਰ-ਕਿਰਤੀ ਲੋਕਾਂ ਦੇ ਪਰਿਵਾਰਾਂ 'ਚੋਂ ਆਉਂਦੇ ਹਨ; ਹੰਗਰੀ ਦੀਆਂ ਘਟਨਾਵਾਂ ਦੌਰਾਨ ਉਹ ਬੇਚੈਨੀ ਦਾ ਸ਼ਿਕਾਰ ਨਹੀਂ ਹੋਏ। ਕੌਮੀ ਸਰਮਾਏਦਾਰੀ ਬਾਰੇ ਵੀ ਇਹੀ ਸੱਚ ਹੈ। ਬੁਨਿਆਦੀ ਜਮਾਤਾਂ—ਮਜ਼ਦੂਰਾਂ ਤੇ ਕਿਸਾਨਾਂ—ਬਾਰੇ ਕੁੱਝ ਕਹਿਣ ਦੀ ਲੋੜ ਹੀ ਨਹੀਂ ਹੈ।

ਮੁਕਤੀ ਪਿੱਛੋਂ, ਅਸੀਂ ਕਈ ਉਲਟ-ਇਨਕਲਾਬੀਆਂ ਦੀ ਇੱਕ ਗਿਣਤੀ ਨੂੰ ਖਦੇੜਿਆ ਹੈ। ਕੁੱਝ ਨੂੰ ਵੱਡੇ ਜ਼ੁਰਮਾਂ ਲਈ ਮੌਤ ਦੀ ਸਜ਼ਾ ਦਿੱਤੀ ਗਈ। ਇਹ ਬਿਲਕੁਲ ਹੀ ਲਾਜ਼ਮੀ ਸੀ, ਇਹ ਜਨਤਾ ਦੀ ਮੰਗ ਸੀ ਅਤੇ ਇਹ ਉਲਟ-ਇਨਕਲਾਬੀਆਂ ਅਤੇ ਹਰ ਕਿਸਮ ਦੇ ਸਥਾਨਕ ਜਰਵਾਣਿਆਂ ਦੇ ਲੰਮੇਂ ਸਾਲਾਂ ਦੇ ਜ਼ੁਲਮੋ-ਸਿਤਮ ਤੋਂ ਉਹਨਾਂ ਨੂੰ ਮੁਕਤ ਕਰਾਉਣ, ਦੂਜੇ ਸ਼ਬਦਾਂ 'ਚ ਪੈਦਾਵਾਰੀ ਤਾਕਤਾਂ ਦੀਆਂ ਵਾਗਾ ਖੁੱਲੀਆਂ ਛੱਡਣ ਲਈ ਕੀਤਾ ਗਿਆ ਸੀ। ਜੇ ਅਸੀਂ ਇਸ ਤਰ੍ਹਾਂ

ਨਾ ਕਰਦੇ ਤਾਂ ਜਨਤਾ ਨੇ ਸਿਰ ਉਠਾ ਕੇ ਜਿਉਣ ਜੋਗੇ ਨਹੀਂ ਹੋਣਾ ਸੀ। ਤਾਂ ਵੀ 1956 ਤੋਂ ਲੈ ਕੇ ਹਾਲਤ 'ਚ ਤਿੱਖੀ ਤਬਦੀਲੀ ਹੋ ਚੁੱਕੀ ਹੈ। ਸਮੁੱਚੇ ਦੇਸ ਵਿਚੋਂ ਉਲਟ-ਇਨਕਲਾਬੀਆਂ ਦੇ ਵੱਡੇ ਹਿੱਸੇ ਨੂੰ ਹੂੰਝ ਦਿੱਤਾ ਗਿਆ ਹੈ। ਨਵੇਂ ਪੈਦਾਵਾਰੀ ਸੰਬੰਧਾਂ ਦੇ ਪ੍ਰਸੰਗ 'ਚ ਸਾਡਾ ਬੁਨਿਆਦੀ ਕਾਰਜ ਪੈਦਾਵਾਰੀ ਤਾਕਤਾਂ ਨੂੰ ਜੰਜੀਰ ਮੁਕਤ ਕਰਾਉਣ ਤੋਂ ਬਦਲਕੇ ਉਹਨਾਂ ਦੀ ਰਾਖੀ ਅਤੇ ਪਸਾਰਾ ਕਰਨਾ ਬਣ ਗਿਆ ਹੈ। ਸਾਡੀ ਮੌਜੂਦਾ ਨੀਤੀ ਮੌਜੂਦਾ ਹਾਲਤ ਤੇ ਢੁਕਦੀ ਹੈ ਤੇ ਸਾਡੀ ਪਿਛਲੀ ਨੀਤੀ ਪਿਛਲੀ ਹਾਲਤ ਤੇ ਢੁੱਕਦੀ ਸੀ। ਇਸ ਨੂੰ ਸਮਝਣ 'ਚ ਨਾਕਾਮ ਕੁੱਝ ਲੋਕ ਮੌਜੂਦਾ ਨੀਤੀ ਨੂੰ ਵਰਤਕੇ ਪਿਛਲੇ ਫੈਸਲਿਆਂ ਨੂੰ ਉਲਟਾਉਣਾ ਚਾਹੁੰਦੇ ਹਨ ਅਤੇ ਉਲਟ-ਇਨਕਲਾਬੀਆਂ ਨੂੰ ਦਬਾਉਣ 'ਚ ਸਾਡੀ ਸ਼ਾਨਦਾਰ ਕਾਮਯਾਬੀ ਤੋਂ ਮੁਨਕਰ ਹੋਣਾ ਚਾਹੁੰਦੇ ਹਨ। ਇਹ ਬਿਲਕੁਲ ਗਲਤ ਹੈ ਅਤੇ ਲੋਕ ਇਸ ਦੀ ਆਗਿਆ ਨਹੀਂ ਦੇਣਗੇ।

ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਸਾਡੇ ਕੰਮ 'ਚ ਸਫਲਤਾਵਾਂ ਦਾ ਮੁੱਖ ਪੱਖ ਸੀ, ਪਰ ਗਲਤੀਆਂ ਵੀ ਹੋਈਆਂ ਹਨ। ਕੁੱਝ ਮਾਮਲਿਆਂ 'ਚ ਵਧੀਕੀਆਂ ਹੋਈਆਂ ਅਤੇ ਹੋਰਨਾਂ 'ਚ ਉਲਟ-ਇਨਕਲਾਬੀ ਸਾਡੇ ਜਾਲ 'ਚੋਂ ਤਿਲਕ ਗਏ। ਸਾਡੀ ਨੀਤੀ ਹੈ, "ਜਿੱਥੇ ਕਿਤੇ ਵੀ ਮਿਲਦੇ ਹਨ, ਉਲਟ-ਇਨਕਲਾਬੀਆਂ ਨੂੰ ਲਾਜ਼ਮੀ ਹੀ ਦਬਾਇਆ ਜਾਣਾ ਚਾਹੀਦਾ ਹੈ, ਜਦੋਂ ਕਦੇ ਪਤਾ ਲੱਗਦਾ ਹੈ, ਗਲਤੀਆਂ ਲਾਜ਼ਮੀ ਦਰੁੱਸਤ ਕਰਨੀਆਂ ਚਾਹੀਦੀਆਂ ਹਨ।" ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਕੰਮ 'ਚ ਸਾਡੀ ਜਨਤਕ ਲੀਹ ਹੈ। ਨਿਰਸੰਦੇਹ, ਜਨਤਕ ਲੀਹ ਨਾਲ ਵੀ ਗਲਤੀਆਂ ਹੋ ਸਕਦੀਆਂ ਹਨ, ਪਰ ਉਹ ਮੁਕਾਲਬਤਨ ਥੋੜੀਆਂ ਤੇ ਸੌਖ ਨਾਲ ਠੀਕ ਹੋ ਜਾਣਗੀਆਂ। ਜਨਤਾ ਜਦੋਜਹਿਦ ਰਾਹੀਂ ਤਜਰਬਾ ਹਾਸਲ ਕਰਦੀ ਹੈ। ਕੀਤੇ ਗਏ ਠੀਕ ਕੰਮ ਰਾਹੀਂ ਉਹ ਠੀਕ ਕੰਮ ਕਰਨ ਦਾ ਤਜਰਬਾ ਹਾਸਲ ਕਰਦੇ ਹਨ। ਗਲਤ ਕੰਮ ਰਾਹੀਂ ਉਹ ਲਾਭਦਾਇਕ ਸਬਕ ਸਿੱਖਦੇ ਹਨ ਕਿ ਗਲਤੀਂ ਕਰਨ ਤੋਂ ਕਿਵੇਂ ਬਚਣਾ ਚਾਹੀਦਾ ਹੈ।

ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਕੰਮ 'ਚ ਜਿੱਥੇ ਕਿਤੇ ਗਲਤੀਆਂ ਦਾ ਪਤਾ ਲੱਗਿਆ ਹੈ, ਉਹਨਾਂ ਨੂੰ ਠੀਕ ਕਰਨ ਲਈ ਕਦਮ ਉਠਾਏ ਗਏ ਹਨ ਜਾਂ ਉਠਾਏ ਜਾ ਰਹੇ ਹਨ। ਜਿਨ੍ਹਾਂ ਦਾ ਅਜੇ ਪਤਾ ਨਹੀਂ ਲੱਗਿਆ, ਉਨ੍ਹਾਂ ਨੂੰ ਸਾਹਮਣੇ ਆਉਣ ਤੇ ਠੀਕ ਕਰ ਲਿਆ ਜਾਵੇਗਾ। ਦੇਸ਼-ਮੁਕਤ ਕਰਨ ਅਤੇ ਮੁੜ-ਬਹਾਲੀ ਦੇ ਫੈਸਲੇ ਉਸ ਵਿਸ਼ਾਲ ਘੇਰੇ ਤੱਕ ਦੱਸੇ ਜਾਣੇ ਚਾਹੀਦੇ ਹਨ ਜਿੱਥੇ ਤੱਕ ਪਹਿਲੇ ਗਲਤ ਫੈਸਲੇ ਦੱਸੇ ਗਏ ਹਨ। ਮੈਂ ਤਜਵੀਜ ਕਰਦਾ ਹਾਂ ਕਿ ਤਜਰਬੇ ਦਾ ਨਿਚੋੜ ਕੱਢਣ ਅਤੇ ਜੋ ਸਹੀ ਹੈ, ਉਸ ਖਾਤਰ ਡਟਣ ਅਤੇ ਜੋ ਭੈੜਾ ਹੈ ਉਸ ਖਿਲਾਫ ਜੂਝਣ ਨੂੰ ਉਤਸ਼ਾਹਿਤ ਕਰਨ ਲਈ, ਇਸ ਜਾਂ ਅਗਲੇ ਵਰੇ ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਕੰਮ ਦਾ ਭਰਵਾਂ ਲੇਖਾ-ਜੋਖਾ ਕੀਤਾ ਜਾਵੇ। ਕੌਮੀ ਪੱਧਰ ਤੇ ਇਹ ਲੇਖਾ-ਜੋਖਾ ਕੌਮੀ ਲੋਕ ਕਾਂਗਰਸ ਦੀ ਤਿਆਰ-ਬਰ-ਤਿਆਰ ਕਮੇਟੀ ਅਤੇ ਲੋਕ ਸਿਆਸੀ ਸਲਾਹਕਾਰ ਕਾਨਫਰੰਸ ਦੀ ਤਿਆਰ-ਬਰ-ਤਿਆਰ ਕਮੇਟੀ ਦੀ ਦੇਖ-ਰੇਖ ਹੇਠ ਹੋਣਾ ਚਾਹੀਦਾ ਹੈ। ਤੇ ਸਥਾਨਕ ਪੱਧਰ ਤੇ ਇਹ ਰਾਜਾਂ ਤੇ ਮਿਉਂਸਪਲਟੀਆਂ ਦੀਆਂ ਕੌਂਸਲਾਂ ਅਤੇ ਲੋਕ ਸਿਆਸੀ ਸਲਾਹਕਾਰ ਕਾਨਫਰੰਸ ਦੀਆਂ ਕਮੇਟੀਆਂ ਦੀ ਦੇਖ-ਰੇਖ ਹੇਠ ਹੋਣਾ ਚਾਹੀਦਾ ਹੈ। ਇਸ ਲੇਖੇ ਜੋਖੇ ਵਿੱਚ ਸਾਨੂੰ ਕੰਮ 'ਚ ਸ਼ਾਮਲ ਕੇਡਰ ਤੇ ਸਰਗਰਮਾਂ ਦੀ ਵੱਡੀ ਗਿਣਤੀ ਦੀ ਮਦਦ ਕਰਨੀ ਚਾਹੀਦੀ ਹੈ, ਅਤੇ ਉਹਨਾਂ ਤੇ ਠੰਡਾ ਨਹੀਂ ਛਿੜਕਣਾ ਚਾਹੀਦਾ। ਉਹਨਾਂ ਦਾ ਜੋਸ਼ ਮੱਠਾ ਪਾਉਣਾ ਠੀਕ ਨਹੀਂ ਹੋਵੇਗਾ। ਤਾਂ ਵੀ ਪਤਾ ਲੱਗਣ

ਤੇ ਗਲਤੀਆਂ ਨੂੰ ਠੀਕ ਕਰਨਾ ਚਾਹੀਦਾ ਹੈ। ਜਨਤਾਕ ਸੁਰੱਖਿਆ ਅੰਗਾਂ, ਖਜਾਨਾ ਦਫਤਰਾਂ ਤੇ ਅਦਾਲਤੀ ਮਹਿਕਮਿਆਂ, ਜੇਲਾਂ ਤੇ ਮਿਹਨਤ ਰਾਹੀਂ ਮੁਜਰਮਾਂ ਨੂੰ ਸੁਧਾਰਨ ਦੀਆਂ ਇੰਚਾਰਜ ਏਜੰਸੀਆਂ ਸਾਰਿਆਂ ਦਾ ਇਹੀ ਰਵੱਈਆ ਹੋਣਾ ਚਾਹੀਦਾ ਹੈ। ਅਸੀਂ ਆਸ ਕਰਦੇ ਹਾਂ ਕਿ ਜਿੱਥੇ ਕਿਤੇ ਸੰਭਵ ਹੋਇਆ, ਕੌਮੀ ਲੋਕ ਕਾਂਗਰਸ ਦੀ ਤਿਆਰ-ਬਰ-ਤਿਆਰ ਕਮੇਟੀ ਦੇ ਮੈਂਬਰ, ਲੋਕ ਸਿਆਸੀ ਸਲਾਹਕਾਰ ਕਾਨਫਰੰਸ ਦੀ ਤਿਆਰ-ਬਰ-ਤਿਆਰ ਕਮੇਟੀ ਦੇ ਮੈਂਬਰ ਅਤੇ ਲੋਕ ਡਿਪਟੀ ਇਸ ਲੇਖੇ-ਜੋਖੇ ਵਿੱਚ ਹਿੱਸਾ ਲੈਣਗੇ। ਇਹ ਸਾਡੇ ਕਾਨੂੰਨੀ ਪ੍ਰਬੰਧ ਨੂੰ ਸੁਧਾਰਨ 'ਚ ਅਤੇ ਉਲਟ-ਇਨਕਲਾਬੀਆਂ ਤੇ ਹੋਰਨਾਂ ਮੁਜਰਮਾਂ ਨੂੰ ਠੀਕ ਤਰ੍ਹਾਂ ਨਜਿੱਠੇ ਜਾਣ 'ਚ ਮਦਦਗਾਰ ਹੋਵੇਗਾ।

ਉਲਟ-ਇਨਕਲਾਬੀਆਂ ਨਾਲ ਸੰਬੰਧਤ ਹਾਲਤ ਨੂੰ ਇਹਨਾਂ ਸ਼ਬਦਾਂ 'ਚ ਬਿਆਨਿਆਂ ਜਾ ਸਕਦਾ ਹੈ : ਇੱਥੇ ਅਜੇ ਵੀ ਉਲਟ-ਇਨਕਲਾਬੀ ਮੌਜੂਦ ਹਨ, ਪਰ ਬਹੁਤੇ ਨਹੀਂ। ਸਭ ਤੋਂ ਪਹਿਲਾਂ, ਉਲਟ-ਇਨਕਲਾਬੀਆਂ ਦੀ ਮੌਜੂਦਗੀ ਬਾਰੇ ਗੱਲ ਕਰਦੇ ਹਾਂ। ਕੁੱਝ ਲੋਕ ਕਹਿੰਦੇ ਹਨ ਕਿ ਹੁਣ ਉਹ ਨਹੀਂ ਰਹੇ ਤੇ ਸਭ ਕੁੱਝ ਠੀਕ-ਠਾਕ ਹੈ ਅਤੇ ਇਸ ਲਈ ਅਸੀਂ ਆਪਣੇ ਸਿਰਹਾਣੇ ਹੇਠ ਬਾਂਹ ਦੇ ਕੇ ਹੁਣੇ ਹੀ ਸੌਂ ਸਕਦੇ ਹਾਂ। ਪਰ ਹਾਲਤ ਇਸ ਤਰ੍ਹਾਂ ਨਹੀਂ ਹੈ। ਦਰਅਸਲ, ਉਲਟ-ਇਨਕਲਾਬੀ ਅਜੇ ਮੌਜੂਦ ਹਨ, (ਭਾਵੇਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਹਰ ਥਾਂ ਤੇ ਹਰ ਜੱਥੇਬੰਦੀ ਵਿਚ ਤੁਹਾਨੂੰ ਮਿਲਣਗੇ) ਅਤੇ ਸਾਨੂੰ ਉਹਨਾਂ ਖਿਲਾਫ ਲੜਾਈ ਜਾਰੀ ਰੱਖਣੀ ਚਾਹੀਦੀ ਹੈ। ਇਹ ਜਰੂਰ ਹੀ ਸਮਝ ਲੈਣਾ ਚਾਹੀਦਾ ਹੈ ਕਿ ਅਜੇ ਵੀ ਭਗੌੜੇ ਛੁਪੇ ਹੋਏ ਉਲਟ-ਇਨਕਲਾਬੀ ਵਿਰੋਧ ਕਰਨਾ ਬੰਦ ਨਹੀਂ ਕਰਨਗੇ, ਬਲਕਿ ਮੁਸੀਬਤ ਖੜੀ ਕਰਨ ਦਾ ਕੋਈ ਵੀ ਮੌਕਾ ਆਹਲਾ ਨਹੀਂ ਜਾਣ ਦੇਣਗੇ। ਅਮਰੀਕੀ ਸਾਮਰਾਜੀਏ ਤੇ ਚਿਆਂਗ-ਕਾਈ-ਸ਼ੈਕ ਜੁੰਡਲੀ ਭੰਨਤੋੜ ਦੀਆਂ ਕਾਰਵਾਈਆਂ ਕਰਨ ਲਈ ਲਗਾਤਾਰ ਗੁਪਤ ਏਜੰਟ ਭੇਜ ਰਹੇ ਹਨ। ਇੱਥੋਂ ਤੱਕ ਕਿ ਮੌਜੂਦ ਉਲਟ-ਇਨਕਲਾਬੀਆਂ ਨੂੰ ਹੂੰਝ ਸੁੱਟਣ ਦੇ ਬਾਵਜੂਦ ਵੀ ਨਵੇਂ ਪੈਦਾ ਹੋ ਸਕਦੇ ਹਨ। ਜੇ ਅਸੀਂ ਆਪਣੀ ਚੌਕਸੀ ਛੱਡਾਂਗੇ ਤਾਂ ਡਾਢੇ ਬੇਵਕੂਫ ਬਣਾਂਗੇ ਤੇ ਭੈੜੀ ਸੱਟ ਖਾਂਵਾਂਗੇ। ਜਿੱਥੇ ਕਿਤੇ ਵੀ ਉਲਟ-ਇਨਕਲਾਬੀ ਆਫਤ ਖੜੀ ਕਰਦੇ ਮਿਲਦੇ ਹਨ, ਉਹਨਾਂ ਨੂੰ ਜ਼ਰੂਰ ਹੀ ਸਖਤੀ ਨਾਲ ਖਦੇੜਨਾ ਚਾਹੀਦਾ ਹੈ ਪਰ ਸਮੁੱਚੇ ਮੁਲਕ ਵਿੱਚ, ਨਿਸ਼ਚਿਤ ਰੂਪ 'ਚ ਹੀ ਉਲਟ-ਇਨਕਲਾਬੀ ਬਹੁਤੇ ਨਹੀਂ ਹਨ। ਇਹ ਕਹਿਣਾ ਗਲਤ ਹੋਵੇਗਾ ਕਿ ਚੀਨ ਵਿਚ ਅਜੇ ਵੀ ਕਾਫੀ ਮਾਤਰਾ ਵਿੱਚ ਉਲਟ-ਇਨਕਲਾਬੀ ਹਨ। ਇਸ ਵਿਚਾਰ ਨੂੰ ਮੰਨਣ ਦਾ ਸਿੱਟਾ ਵੀ ਘੜਮੱਸ ਪੈਦਾ ਕਰਨ 'ਚ ਨਿਕਲੇਗਾ।

### 3. ਖੇਤੀ ਸਹਿਕਾਰਤਾ ਦਾ ਸਵਾਲ

ਸਾਡੀ ਪੇਂਡੂ ਵਸੋਂ 50 ਕਰੋੜ ਤੋਂ ਉਪਰ ਹੈ। ਇਸ ਤਰ੍ਹਾਂ, ਸਾਡੇ ਕਿਸਾਨ ਦੀ ਹਾਲਤ ਦੀ ਸਾਡੇ ਅਰਥਚਾਰੇ ਦੇ ਵਿਕਾਸ ਅਤੇ ਰਾਜ ਸੱਤ੍ਹਾ ਦੇ ਪੱਕੇ-ਪੈਰੀਂ ਹੋਣ 'ਤੇ ਮਹੱਤਵਪੂਰਨ ਮੋਹਰ-ਛਾਪ ਹੈ। ਮੇਰੇ ਵਿਚਾਰ ਅਨੁਸਾਰ, ਹਾਲਾਤ ਬੁਨਿਆਦੀ ਤੌਰ 'ਤੇ ਨਿਗਰ ਹੈ। ਖੇਤੀ ਸਹਿਕਾਰੀ ਸਭਾਵਾਂ ਸਫਲਤਾ ਨਾਲ ਜੱਥੇਬੰਦ ਕੀਤੀਆਂ ਗਈਆਂ ਹਨ ਅਤੇ ਇਸਨੇ ਸਾਡੇ ਮੁਲਕ ਦੀ ਸਮਾਜਵਾਦੀ ਸਨੱਅਤੀਕਰਨ ਅਤੇ ਵਿਅਕਤੀਗਤ ਖੇਤੀ ਵਿਚਕਾਰ ਵੱਡੀ ਵਿਰੋਧਤਾਈ ਨੂੰ ਹੱਲ ਕਰ ਦਿੱਤਾ ਹੈ। ਕਿਉਂਕਿ ਖੇਤੀ ਦੀ ਸਹਿਕਾਰੀ ਕਾਇਆਪਲਟੀ ਐਨੀ ਤੇਜ਼ੀ ਨਾਲ ਪੂਰੀ ਕੀਤੀ ਗਈ ਕਿ ਕੁੱਝ ਲੋਕਾਂ ਨੂੰ ਚਿੰਤਾ ਅਤੇ ਹੈਰਾਨੀ ਹੋਈ ਕਿ ਕੁਝ ਅਣਸੁਖਾਵਾਂ ਨਾ ਵਾਪਰ ਜਾਵੇ। ਬੇਸ਼ਕ ਕੁੱਝ ਗਲਤੀਆਂ

ਹੋਈਆਂ ਨੇ ਪਰ ਖੁਸ਼ਕਿਸਮਤੀ ਨਾਲ ਉਹ ਗੰਭੀਰ ਨਹੀਂ ਅਤੇ ਸਮੁੱਚੇ ਤੌਰ ’ਤੇ ਇਹ ਲਹਿਰ ਸਿਹਤਮੰਦ ਹੈ। ਕਿਸਾਨ ਜੀਅ ਲਾ ਕੇ ਕੰਮ ਕਰ ਰਹੇ ਹਨ ਅਤੇ ਪਿਛਲੇ ਸਾਲ ਮਾਰੂ ਹੜ੍ਹਾਂ, ਸੋਕੇ ਅਤੇ ਤੁਫਾਨਾਂ ਦੇ ਬਾਵਜੂਦ, ਦਾਨਿਆਂ ਦੀ ਪੈਦਾਵਾਰ ਵੱਧ ਹੋਈ। ਹੁਣ ਕੁੱਝ ਲੋਕ ਬਿਨਾਂ ਗੱਲ ਛੋਟਾ ਤੂਫਾਨ ਖੜ੍ਹਾ ਕਰਨ ਲੱਗੇ ਹਨ : ਉਹਨਾਂ ਦਾ ਗਿਲਾ ਹੈ ਕਿ ਸਹਿਕਾਰੀ ਖੇਤੀ ਚੰਗੀ ਨਹੀਂ। ਇਹ ਵਿਅਕਤੀਗਤ ਖੇਤੀ ਤੋਂ ਉੱਤਮ ਨਹੀਂ। ਕੀ ਸਹਿਕਾਰੀ ਖੇਤੀ ਉਤਮ ਹੈ ਜਾਂ ਨਹੀਂ ? ਅੱਜ ਦੀ ਮੀਟਿੰਗ ’ਚ ਜਿਹੜੇ ਦਸਤਾਵੇਜ਼ ਵੰਡੇ ਗਏ ਹਨ, ਉਹਨਾਂ ’ਚ ਇੱਕ ਹੋਪੀਈ ਸੂਬੇ ਦੀ ਸੁਨਹੂਆ ਕਾਊਂਟੀ ’ਚ ਵਾਂਗ-ਕੂਓ-ਫੇਨ ਸਹਿਕਾਰੀ ਸਭਾ ਬਾਰੇ ਹੈ ਜਿਸਨੂੰ ਪੜ੍ਹਨ ਦਾ ਮੈਂ ਤੁਹਾਨੂੰ ਸੁਝਾਅ ਦਿੰਦਾ ਹਾਂ। ਇਹ ਸਹਿਕਾਰੀ ਸਭਾ, ਪਹਾੜੀ ਇਲਾਕੇ ’ਚ ਸਥਿਤ ਹੈ ਜਿਹੜਾ ਪਿਛਲੇ ਸਮੇਂ ’ਚ ਬਹੁਤ ਗਰੀਬ ਹੁੰਦਾ ਸੀ ਅਤੇ ਇਹ ਪਿਛਲੇ ਕਈ ਸਾਲਾਂ ਤੋਂ ਲੋਕ ਸਰਕਾਰ ਦੀ ਸਹਾਇਤਾ ਉੱਤੇ ਨਿਰਭਰ ਸੀ। 1953 ’ਚ ਜਦੋਂ ਪਹਿਲੀ ਵੇਰ ਇਹ ਸਹਿਕਾਰੀ ਸਭਾ ਸਥਾਪਤ ਕੀਤੀ ਗਈ ਤਾਂ ਲੋਕਾਂ ਨੇ ਇਹਨੂੰ ‘ਨੰਗਾਂ ਦੀ ਸਹਿਕਾਰੀ ਸਭਾ’ ਕਿਹਾ ਪਰਿ ਇਹਦੀ ਹਾਲਤ ਸਾਲ-ਦਰ-ਸਾਲ ਚੰਗੀ ਹੁੰਦੀ ਗਈ ਅਤੇ ਹੁਣ ਚਾਰ ਸਾਲਾਂ ਦੇ ਕਰੜੇ ਘੋਲ ਤੋਂ ਮਗਰੋਂ, ਇਸ ਦੇ ਬਹੁਤੇ ਘਰਾਂ ਕੋਲ ਵਾਧੂ ਅਨਾਜ ਹੈ। ਇਹ ਸਹਿਕਾਰੀ ਸਭਾ ਜੋ ਕਰ ਸਕੀ ਹੈ ਉਹ ਦੂਸਰੀਆਂ ਸਭਾਵਾਂ ਠੀਕ ਹਾਲਤਾਂ ’ਚ ਉਨੇ ਸਮੇਂ ਜਾਂ ਥੋੜ੍ਹੇ ਵਧ ਸਮੇਂ ’ਚ ਕਰ ਸਕਦੀਆਂ ਹਨ। ਇਸ ਤੋਂ ਸਾਫ ਹੈ ਕਿ ਇਹ ਕਹਿਣ ਲਈ ਕੋਈ ਆਧਾਰ ਨਹੀਂ ਕਿ ਖੇਤੀ ਸਹਿਕਾਰਤਾ ’ਚ ਕਿਧਰੇ ਗੜਬੜ ਹੈ।

ਇਹ ਵੀ ਸਾਫ ਹੈ ਕਿ ਸਹਿਕਾਰੀ ਸਭਾਵਾਂ ਉਸਾਰਨ ਲਈ ਕਰੜੇ ਘੋਲ ਦੀ ਲੋੜ ਹੈ। ਨਵੀਂਆਂ ਵਸਤਾਂ ਨੂੰ ਵਧਾਰੇ ਦੌਰਾਨ ਸਦਾ ਹੀ ਮੁਸ਼ਕਲਾਂ ਅਤੇ ਪਛਾੜਾਂ ਨੂੰ ਸਰ ਕਰਨਾ ਪੈਂਦਾ ਹੈ। ਇਹ ਕਲਪਨਾ ਕਰਨਾ ਕਿ ਸਮਾਜਵਾਦ ਦੀ ਉਸਾਰੀ ਸੌਖਾ ਕੰਮ ਹੈ ਅਤੇ ਮੁਸ਼ਕਲਾਂ, ਪਛਾੜਾਂ ਜਾਂ ਅਥਾਹ ਯਤਨਾਂ ਤੋਂ ਬਿਨਾਂ ਹੀ ਅਸਾਨ ਸਫਲਤਾ ਮਿਲਦੀ ਹੈ, ਨਿਰੀ ਖ਼ਾਮ-ਖਿਆਲੀ ਹੈ।

ਸਹਿਕਾਰੀ ਸਭਾਵਾਂ ਦੇ ਸਰਗਰਮ ਮੁਦੱਈ ਕੌਣ ਹਨ ? ਗਰੀਬ ਕਿਸਾਨਾਂ ਅਤੇ ਹੇਠਲੇ ਦਰਮਿਆਨੇ ਕਿਸਾਨਾਂ ਦੀ ਵੱਡੀ ਬਹੁ ਗਿਣਤੀ ਜੋ ਪੇਂਡੂ ਵਸੋਂ ਦਾ 70 ਫੀਸਦੀ ਬਣਦੀ ਹੈ। ਬਾਕੀ ’ਚੋਂ ਵੀ ਬਹੁਤੇ ਸਹਿਕਾਰਤਾ ਸੰਬੰਧੀ ਆਸਵੰਦ ਹਨ। ਅਸਲੀਅਤ ’ਚ ਬਹੁਤ ਥੋੜ੍ਹੀ ਘੱਟ ਗਿਣਤੀ ਹੀ ਅਸੰਤੁਸ਼ਟ ਹੈ। ਇਸ ਹਾਲਤ ਦਾ ਵਿਸ਼ਲੇਸ਼ਣ ਕਰਨ ’ਚ ਨਾਕਾਮ ਰਹਿੰਦੇ ਹੋਏ, ਵਾਹਵਾ ਲੋਕਾਂ ਨੇ ਸਹਿਕਾਰਤਾ ਦੀਆਂ ਪ੍ਰਾਪਤੀਆਂ ਅਤੇ ਖਾਮੀਆਂ ਦੀ ਅਤੇ ਇਹਨਾਂ ਖਾਮੀਆਂ ਨੂੰ ਕਾਰਨਾਂ ਦੀ ਸਮੁੱਚੀ ਛਾਣ-ਬੀਨ ਕਰਨ ਤੋਂ ਬਿਨਾਂ, ਤਸਵੀਰ ਦੇ ਏਸ ਹਿੱਸੇ ਨੂੰ ਹੀ ਪੂਰੀ ਸੂਰੀ ਤਸਵੀਰ ਸਮਝ ਲਿਆ ਹੈ। ਇਸ ਤਰ੍ਹਾਂ ਕੁੱਝ ਲੋਕਾਂ ’ਚ ਛੋਟਾ ਤੂਫਾਨ ਪੈਦਾ ਹੋਇਆ ਹੈ ਕਿ ਸਹਿਕਾਰੀ ਸਭਾਵਾਂ ਉੱਤਮ ਨਹੀਂ ਹਨ।

ਇਹਨਾਂ ਸਹਿਕਾਰੀ ਸਭਾਵਾਂ ਨੂੰ ਪੱਕੇ ਪੈਰੀਂ ਕਰਨ ’ਚ ਜਾਂ ਇਹਨਾਂ ਬਾਰੇ ਚਲਦੀ ਬਹਿਸ ਕਿ ਇਹ ਉਤਮ ਨਹੀਂ, ਮੁੱਕਣ ’ਚ ਕਿੰਨਾ ਵਕਤ ਲੱਗੇਗਾ ? ਕਾਫੀ ਸਾਰੀਆਂ ਸਭਾਵਾਂ ਦੇ ਤਜਰਬੇ ਤੋਂ ਸਿੱਟਾ ਨਿਕਲਦਾ ਹੈ ਕਿ ਸ਼ਾਇਦ ਪੰਜ ਸਾਲ ਜਾਂ ਥੋੜ੍ਹਾ ਵੱਧ ਸਮਾਂ ਲੱਗੇਗਾ। ਸਾਡੀਆਂ ਬਹੁਤੀਆਂ ਸਭਾਵਾਂ ਨੂੰ ਇੱਕ ਸਾਲ ਤੋਂ ਥੋੜ੍ਹਾ ਜਿਹਾ ਵੱਧ ਸਮਾਂ ਹੀ ਹੋਇਆ ਹੈ, ਸੋ ਉਹਨਾਂ ਤੋਂ ਬਹੁਤੀ ਆਸ ਕਰਨੀ ਵਾਜਬ ਨਹੀਂ ਹੋਵੇਗਾ। ਮੇਰੇ ਵਿਚਾਰ ਅਨੁਸਾਰ ਪਹਿਲੀ ਪੰਜ ਸਾਲਾ ਯੋਜਨਾ ’ਚ ਕਾਇਮ ਕੀਤੀਆਂ ਸਭਾਵਾਂ ਜੇ ਦੂਜੀ ਪੰਜ-ਸਾਲਾ ਯੋਜਨਾ ’ਚ ਪੱਕੇ ਪੈਰੀਂ ਕੀਤੀਆਂ ਜਾ ਸਕਦੀਆਂ ਹਨ ਤਾਂ

ਅਸੀਂ ਕਾਫੀ ਚੰਗਾ ਕੰਮ ਕਰ ਰਹੇ ਹੋਵਾਂਗੇ।

ਸਭਾਵਾਂ ਸਹਿਜੇ ਸਹਿਜੇ ਪੱਕੇ ਪੈਰੀਂ ਹੋਣ ਦੇ ਅਮਲ 'ਚ ਹਨ। ਕੁੱਝ ਵਿਰੋਧਤਾਈਆਂ ਜਿਵੇਂ ਰਾਜ ਅਤੇ ਸਹਿਕਾਰੀ ਸਭਾਵਾਂ ਵਿਚਾਲੇ ਅਤੇ ਖੁਦ ਸਭਾਵਾਂ ਦੇ ਆਪਣੇ ਅੰਦਰਲੀਆਂ ਵਿਰੋਧਤਾਈਆਂ, ਨੂੰ ਹੱਲ ਕਰਨਾ ਬਾਕੀ ਹੈ।

ਇਹਨਾਂ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਤਰੀਕੇ ਦੇ ਤੌਰ 'ਤੇ ਸਾਨੂੰ ਪੈਦਾਵਾਰ ਅਤੇ ਵੰਡ ਦੀ ਸਮੱਸਿਆ ਵੱਲ ਲਗਾਤਾਰ ਧਿਆਨ ਦੇਣਾ ਪਵੇਗਾ। ਪੈਦਾਵਾਰ ਦਾ ਸਵਾਲ ਹੀ ਲਓ। ਸਹਿਕਾਰੀ ਅਰਥਚਾਰੇ ਨੂੰ ਰਾਜ ਦੀ ਬੱਝਵੀਂ ਆਰਥਿਕ ਯੋਜਨਾ ਦੇ ਤਹਿਤ ਰੱਖਣਾ ਚਾਹੀਦਾ ਹੈ ਜਦ ਕਿ ਸਰਗਰਮੀਆਂ ਲਈ ਕੋਈ ਮੂਹਾਂ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਜੋ ਰਾਜ ਦੀ ਬੱਝਵੀਂ ਯੋਜਨਾ ਜਾਂ ਇਸ ਦੀਆਂ ਨੀਤੀਆਂ, ਕਾਨੂੰਨਾਂ ਅਤੇ ਕਾਇਦਿਆਂ ਨਾਲ ਬੇਮੇਲ ਨਹੀਂ। ਇਸ ਦੇ ਨਾਲ ਹੀ, ਨਿੱਜੀ ਵਰਤੋਂ ਲਈ ਨਿਸ਼ਚਤ ਕੀਤੀ ਜ਼ਮੀਨ ਅਤੇ ਨਿੱਜੀ ਪ੍ਰਬੰਧ ਲਈ ਛੱਡ ਹੋਰ ਆਰਥਿਕ ਧੰਦਿਆਂ ਬਾਰੇ ਖੁਦ ਹੀ ਵਾਜਬ ਵਿਉਂਤ ਬਣਾਉਣ ਤੋਂ ਇਲਾਵਾ, ਸਹਿਕਾਰੀ ਸਭਾ ਦੇ ਹਰੇਕ ਪਰਿਵਾਰ ਨੂੰ ਸਹਿਕਾਰੀ ਸਭਾ ਜਾਂ ਪੈਦਾਵਾਰੀ ਟੋਲੀ, ਜਿਸ ਨਾਲ ਹਰੇਕ ਪਰਿਵਾਰ ਸੰਬੰਧਤ ਹੈ, ਦੀ ਸਮੁੱਚੀ ਵਿਉਂਤਬੰਦੀ ਨਾਲ ਸਹਿਮਤ ਹੋਣਾ ਚਾਹੀਦਾ ਹੈ। ਆਮਦਨ ਦੀ ਵੰਡ ਦੇ ਸਵਾਲ ਬਾਰੇ, ਸਾਨੂੰ ਰਾਜ, ਸਮੂਹ ਅਤੇ ਵਿਅਕਤੀ ਦੇ ਹਿੱਤਾਂ ਨੂੰ ਹਿਸਾਬ 'ਚ ਰੱਖਣਾ ਚਾਹੀਦਾ ਹੈ।

ਸਾਨੂੰ ਰਾਜਕੀ ਖੇਤੀਬਾੜੀ ਟੈਕਸ, ਸਹਿਕਾਰੀ ਇਕੱਤਰਣ ਫੰਡ ਤੇ ਕਿਸਾਨਾਂ ਦੀ ਨਿੱਜੀ ਆਮਦਨ ਵਿਚਲੇ ਤੀਹਰੇ ਰਿਸ਼ਤੇ ਨੂੰ ਜਰੂਰ ਹੀ ਠੀਕ ਨਜਿਠੱਣਾ ਚਾਹੀਦਾ ਹੈ ਅਤੇ ਇਹਨਾਂ ਵਿਚਕਾਰ ਵਿਰੋਧਤਾਈਆਂ ਨੂੰ ਹੱਲ ਕਰਨ ਲਈ ਮੁੜ-ਮੁੜ ਤਰਤੀਬ ਦਿੰਦੇ ਰਹਿਣ ਲਈ ਲਗਾਤਾਰ ਧਿਆਨ ਦੇਣਾ ਚਾਹੀਦਾ ਹੈ। ਇੱਕਤਰਣ, ਰਾਜ ਤੇ ਸਹਿਕਾਰੀ ਸਭਾ ਦੋਹਾਂ ਲਈ ਜਰੂਰੀ ਹੈ, ਪਰਿ ਇਹ ਕਿਸੇ ਵੀ ਮਾਮਲੇ 'ਚ ਲੋੜੋਂਵੱਧ ਨਹੀਂ ਹੋਣਾ ਚਾਹੀਦਾ। ਸਾਨੂੰ ਆਮ ਸਾਲਾਂ 'ਚ ਪੈਦਾਵਾਰ ਦੇ ਵਾਧੇ ਦੇ ਆਧਾਰ 'ਤੇ ਕਿਸਾਨਾਂ ਨੂੰ ਆਪਣੀ ਨਿੱਜੀ ਸਲਾਨਾ ਆਮਦਨੀ ਵਧਾਉਣ ਦੇ ਯੋਗ ਬਨਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਕਈ ਲੋਕ ਕਹਿੰਦੇ ਹਨ ਕਿ ਕਿਸਾਨ ਮੁਸ਼ਕਲ ਜ਼ਿੰਦਗੀ ਜਿਉਂਦੇ ਹਨ। ਕੀ ਇਹ ਸੱਚ ਹੈ ? ਇੱਕ ਪੱਖੋਂ ਇਹ ਠੀਕ ਹੈ। ਯਾਨੀ, ਕਿਉਂਕਿ ਸਾਮਰਾਜੀਆਂ ਤੇ ਉਹਨਾਂ ਦੇ ਪਿੱਠੂਆਂ ਨੇ ਇੱਕ ਸਦੀ ਤੋਂ ਉਪਰ ਸਾਨੂੰ ਦੱਬਿਆ-ਕੁਚਲਿਆ ਤੇ ਲੁੱਟਿਆ ਹੈ, ਜੀਹਦੇ ਕਰਕੇ ਸਾਡਾ ਮੁਲਕ ਗਰੀਬ ਹੈ ਤੇ ਇਸੇ ਕਰਕੇ ਨਾ ਸਿਰਫ ਸਾਡੇ ਕਿਸਾਨਾਂ ਬਲਕਿ ਸਾਡੇ ਮਜ਼ਦੂਰਾਂ ਤੇ ਬੁੱਧੀਜੀਵੀਆਂ ਦਾ ਜਿਉਣ-ਪੱਧਰ ਵੀ ਅਜੇ ਨੀਵਾਂ ਹੈ। ਸਾਡੇ ਸਾਰੇ ਲੋਕਾਂ ਦਾ ਜਿਉਣ-ਪੱਧਰ ਉਪਰ ਉਠਾਉਣ ਲਈ ਸਾਨੂੰ ਲਗਾਤਾਰ ਘਾਲਣਾ-ਭਰੇ ਕਈ ਦਹਾਕਿਆਂ ਦੀ ਲੋੜ ਹੋਵੇਗੀ। ਇਸ ਪੱਖੋਂ, ਇਹ ਕਹਿਣਾ ਠੀਕ ਹੈ ਕਿ ਸਾਡੇ ਕਿਸਾਨ "ਮੁਸ਼ਕਲ ਜ਼ਿੰਦਗੀ" ਜਿਉਂਦੇ ਹਨ। ਪਰ ਇੱਕ ਹੋਰ ਪੱਖੋਂ ਇਹ ਠੀਕ ਨਹੀਂ ਹੈ। ਅਸੀਂ ਇਸ ਇਲਜ਼ਾਮ ਦਾ ਹਵਾਲਾ ਦਿੰਦੇ ਹਾਂ ਕਿ ਮੁਕਤੀ ਪਿੱਛੋਂ ਦੇ ਸੱਤ ਸਾਲਾਂ ਵਿੱਚ ਸਿਰਫ ਮਜ਼ਦੂਰ ਦੀ ਜ਼ਿੰਦਗੀ ਹੈ, ਜੀਹਦੇ 'ਚ ਸੁਧਾਰ ਹੋਇਆ ਹੈ ਅਤੇ ਕਿਸਾਨਾਂ ਦੀ ਜ਼ਿੰਦਗੀ 'ਚ ਨਹੀਂ ਹੋਇਆ। ਹਕੀਕਤ ਇਹ ਹੈ ਕਿ ਕੁੱਝ ਛੋਟ ਦੇ ਮਾਮਲਿਆਂ ਨੂੰ ਛੱਡਕੇ, ਮਜ਼ਦੂਰਾਂ ਤੇ ਕਿਸਾਨਾਂ ਦੋਹਾਂ ਦੀ ਜ਼ਿੰਦਗੀ 'ਚ ਕੁੱਝ ਸੁਧਾਰ ਹੋਇਆ ਹੈ। ਮੁਕਤੀ ਤੋਂ ਪਿੱਛੋਂ ਕਿਸਾਨ ਜਗੀਰੂ ਲੁੱਟ ਤੋਂ ਮੁਕਤ ਹੋ ਚੁੱਕੇ ਹਨ ਅਤੇ ਉਹਨਾਂ ਦੀ ਪੈਦਾਵਾਰ ਸਾਲ-ਦਰ-ਸਾਲ ਵਧੀ ਹੈ। ਅਨਾਜ ਦੀਆਂ ਫਸਲਾਂ ਨੂੰ

ਲਓ। 1949 ਵਿੱਚ ਮੁਲਕ ਦੀ ਪੈਦਾਵਾਰ 210,0000 ਲੱਖ ਕੈਟੀਆਂ (ਭਾਰ ਤੋਲਣ ਦੀ ਇਕਾਈ—ਅਨੁਵਾਦਕ ਵਲੋਂ) ਤੋਂ ਸਿਰਫ ਕੁੱਝ ਹੀ ਉਪਰ ਸੀ। 1956 ਤੱਕ, ਕਰੀਬ 150,0000 ਲੱਖ ਕੈਟੀਆਂ ਦਾ ਵਾਧਾ ਹੋ ਕੇ ਇਹ 360,0000 ਲੱਖ ਕੈਟੀਆਂ ਤੋਂ ਉਪਰ ਵੱਧ ਚੁੱਕੀ ਸੀ। ਰਾਜ ਦਾ ਖੇਤੀਬਾੜੀ ਟੈਕਸ ਬੋਝਲ ਨਹੀਂ ਹੈ। ਇਹ ਹਰ ਸਾਲ 30,0000 ਲੱਖ ਕੈਟੀਆਂ ਤੋਂ ਉਪਰ ਬਣਦਾ ਹੈ। ਕਿਸਾਨਾਂ ਤੋਂ ਮਿਆਰੀ ਕੀਮਤਾਂ ’ਤੇ ਅਨਾਜ ਦੀ ਸਰਕਾਰੀ ਖਰੀਦ ਹਰ ਸਾਲ 50,0000 ਕੈਟੀਆਂ ਤੋਂ ਸਿਰਫ ਥੋੜ੍ਹੀ ਉਪਰ ਬਣਦੀ ਹੈ। ਇਹ ਕੱਠੇ ਦੋਵੇਂ ਨਗ ਕੁੱਝ 80,0000 ਲੱਖ ਕੈਟੀਆਂ ਤੋਂ ਉਪਰ ਹਨ। ਇਸ ਤੋਂ ਵੀ ਅੱਗੇ, ਇਸ ਅਨਾਜ ’ਚੋਂ ਅੱਧ ਨਾਲੋਂ ਜ਼ਿਆਦਾ ਵਾਪਸ ਪਿੰਡਾਂ ਤੇ ਨਜ਼ਦੀਕੀ ਕਸਬਿਆਂ ਨੂੰ ਵੇਚਿਆ ਜਾਂਦਾ ਹੈ। ਸਪੱਸ਼ਟ ਹੈ ਕਿ ਕੋਈ ਨਹੀਂ ਕਹਿ ਸਕਦਾ ਕਿ ਕਿਸਾਨਾਂ ਦੀ ਜ਼ਿੰਦਗੀ ’ਚ ਸੁਧਾਰ ਨਹੀਂ ਹੋਇਆ। ਖੇਤੀਬਾੜੀ ਦੇ ਵਿਕਾਸ ’ਚ ਮਦਦ ਲਈ ਅਤੇ ਸਹਿਕਾਰੀ ਸਭਾਵਾਂ ਦੀ ਮਜਬੂਤੀ ਲਈ, ਕੁੱਝ ਸਾਲਾਂ ਦੇ ਵਿੱਚ-ਵਿੱਚ ਅਸੀਂ ਅਨਾਜ ਦੀ ਸਰਕਾਰੀ ਖਰੀਦ ਤੇ ਅਨਾਜ ਟੈਕਸ ਦੀ ਕੁੱਲ ਸਲਾਨਾ ਰਕਮ 80,0000 ਲੱਖ ਕੈਟੀਆਂ ਤੋਂ ਕੁੱਝ ਜ਼ਿਆਦਾ ਦੇ ਬਰਾਬਰ ਸਥਿਰ ਕਰਨ ਦੀ ਯੋਜਨਾ ਬਣਾ ਰਹੇ ਹਾਂ। ਇਸ ਢੰਗ ਨਾਲ, ਪੇਂਡੂ ਇਲਾਕਿਆਂ ’ਚ ਅਜੇ ਛੋਟੀ ਗਿਣਤੀ ’ਚ ਮੌਜੂਦ ਅਨਾਜ-ਥੁੜੇ ਪਰਿਵਾਰਾਂ ਦੀ ਲੋੜ ਪੂਰੀ ਹੋ ਜਾਵੇਗੀ, ਕੁੱਝ ਸਨੱਅਤੀ ਫਸਲਾਂ ਉਗਾਉਣ ਵਾਲਿਆਂ ਨੂੰ ਛੱਡ ਕੇ, ਸਾਰੇ ਕਿਸਾਨ ਪਰਿਵਾਰਾਂ ਕੋਲ ਜਾਂ ਤਾਂ ਅਨਾਜ ਦੇ ਵਾਧੂ ਭੰਡਾਰ ਹੋਣਗੇ ਜਾਂ ਘੱਟੋ-ਘੱਟ ਸਵੈ ਨਿਰਭਰ ਬਣ ਜਾਣਗੇ। ਪੇਂਡੂ ਇਲਾਕਿਆਂ ’ਚ ਗਰੀਬ ਕਿਸਾਨ ਨਹੀਂ ਹੋਣਗੇ, ਅਤੇ ਸਾਰੀ ਕਿਸਾਨੀ ਦਾ ਜਿਉਣ-ਪੱਧਰ ਦਰਮਿਆਨੇ ਕਿਸਾਨ ਵਾਲਾ ਬਣ ਜਾਵੇਗਾ, ਜਾਂ ਉਸ ਤੋਂ ਉੱਪਰ ਉੱਚ ਜਾਵੇਗਾ। ਇੱਕ ਕਿਸਾਨ ਦੀ ਔਸਤ ਸਲਾਨਾ ਆਮਦਨੀ ਦੀ ਮਜ਼ਦੂਰ ਦੀ ਆਮਦਨੀ ਨਾਲ ਸਿੱਧੀ ਤਰ੍ਹਾਂ ਤੁਲਨਾ ਕਰਨਾ ਤੇ ਇਹ ਸਿੱਟਾ ਕੱਢਣਾ ਠੀਕ ਨਹੀਂ ਹੈ ਕਿ ਇੱਕ ਬਹੁਤ ਨੀਵਾਂ ਤੇ ਦੂਜਾ ਬਹੁਤ ਉੱਚਾ ਹੈ। ਕਿਸਾਨਾਂ ਨਾਲੋਂ ਮਜ਼ਦੂਰਾਂ ਦੀ ਉਤਪਾਦਿਕਤਾ ਕਿਤੇ ਜ਼ਿਆਦਾ ਹੈ। ਕਿਸਾਨਾਂ ਦੀ ਜਿਉਣ ਲਾਗਤ ਸ਼ਹਿਰਾਂ ਵਿੱਚ ਰਹਿੰਦੇ ਮਜ਼ਦੂਰਾਂ ਨਾਲੋਂ ਕਿਤੇ ਨੀਵੀਂ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਰਾਜ ਨੇ ਮਜ਼ਦੂਰਾਂ ਦਾ ਵਿਸ਼ੇਸ਼ ਰੂਪ ’ਚ ਪੱਖ ਪੂਰਿਆ ਹੈ। ਫੇਰ ਵੀ ਮਜ਼ਦੂਰਾਂ ਦੀ ਇੱਕ ਛੋਟੀ ਗਿਣਤੀ ਦੀਆਂ ਤੇ ਕੁੱਝ ਸਰਕਾਰੀ ਕਰਮਚਾਰੀਆਂ ਦੀਆਂ ਉਜਰਤਾਂ ਥੋੜ੍ਹੀਆਂ ਉੱਚੀਆਂ ਵੀ ਹਨ, ਇਹ ਕਿਸਾਨਾਂ ’ਚ ਗੈਰ-ਤਸੱਲੀ ਦਾ ਕਾਰਨ ਬਣਦੀਆਂ ਹਨ, ਅਤੇ ਵਿਸ਼ੇਸ਼ ਹਾਲਤਾਂ ਅਨੁਸਾਰ ਕੁੱਝ ਉਚਿੱਤ ਤਰਤੀਬ ਦੇਣ ਦੀ ਜ਼ਰੂਰਤ ਹੈ।

## 4. ਸਨਅਤਕਾਰਾਂ ਅਤੇ ਵਪਾਰੀਆਂ ਦਾ ਸੁਆਲ

ਸਾਡੇ ਸਮਾਜਿਕ ਢਾਂਚੇ ਦੀ ਕਾਇਆਪਲਟੀ ਪੱਖੋਂ, 1956 ’ਚ ਖੇਤੀਬਾੜੀ ਤੇ ਦਸਤਕਾਰੀ ਦੀਆਂ ਸਹਿਕਾਰੀ ਸਭਾਵਾਂ ਜੱਥੇਬੰਦ ਕਰਨ ਦੇ ਨਾਲ-ਨਾਲ ਨਿੱਜੀ ਮਾਲਕੀ ਵਾਲੇ ਸਨੱਅਤੀ ਤੇ ਵਪਾਰਕ ਅਦਾਰਿਆਂ ਨੂੰ ਸਾਂਝੀ ਸਰਕਾਰੀ ਨਿੱਜੀ ਮਾਲਕੀ ਹੇਠ ਲਿਆਂਦਾ ਗਿਆ ਤੇ ਇਸ ਤਬਦੀਲੀ ਦੀ ਰਫਤਾਰ ਤੇ ਰਵਾਨਗੀ ਮਜ਼ਦੂਰ ਜਮਾਤ ਤੇ ਕੌਮੀ ਸਰਮਾਏਦਾਰੀ ਵਿਚਲੀ ਵਿਰੋਧਤਾਈ, ਨੂੰ ਲੋਕਾਂ ਵਿਚਕਾਰਲੀ ਵਿਰੋਧਤਾਈ ਵਜੋਂ, ਸਾਡੀ ਨਜਿੱਠ ਨਾਲ ਨੇੜਿਓਂ ਜੁੜੀ ਹੋਈ ਸੀ। ਕੀ ਇਹ ਜਮਾਤੀ ਵਿਰੋਧਤਾਈ ਪੂਰੀ ਤਰ੍ਹਾਂ ਹੱਲ ਹੋ ਚੁੱਕੀ ਹੈ ? ਨਹੀਂ, ਅਜੇ ਨਹੀਂ। ਇਸ ਨੂੰ ਕਾਫੀ ਸਮਾਂ ਲੱਗੇਗਾ। ਫਿਰ ਵੀ, ਕੁੱਝ ਲੋਕ ਕਹਿੰਦੇ ਹਨ ਕਿ ਸਰਮਾਏਦਾਰਾਂ ਦੀ ਐਨੀ ਢਲਾਈ

ਹੋ ਚੁੱਕੀ ਹੈ ਕਿ ਹੁਣ ਉਹ ਮਜ਼ਦੂਰਾਂ ਨਾਲੋਂ ਬਹੁਤੇ ਵੱਖਰੇ ਨਹੀਂ ਹਨ ਤੇ ਉਹਨਾਂ ਦੀ ਅੱਗੇ ਹੋਰ ਢਲਾਈ ਗੈਰ-ਜ਼ਰੂਰੀ ਹੈ। ਦੂਸਰੇ ਕਹਿਣ 'ਚ ਇੱਥੋਂ ਤੱਕ ਚਲੇ ਜਾਂਦੇ ਹਨ ਕਿ ਸਰਮਾਏਦਾਰ ਮਜ਼ਦੂਰਾਂ ਨਾਲੋਂ ਕਿਤੇ ਚੰਗੀ ਹਾਲਤ 'ਚ ਹਨ। ਕੁੱਝ ਹੋਰ ਸੁਆਲ ਕਰਦੇ ਹਨ ਕਿ ਜੇ ਮੁੜ-ਢਲਾਈ ਜ਼ਰੂਰੀ ਹੈ ਤਾਂ ਇਹ ਮਜ਼ਦੂਰਾਂ ਲਈ ਜ਼ਰੂਰੀ ਕਿਉਂ ਨਹੀਂ? ਕੀ ਇਹ ਵਿਚਾਰ ਠੀਕ ਹਨ? ਬਿਨਾਂ ਸ਼ੱਕ ਨਹੀਂ।

ਸਮਾਜਵਾਦੀ ਸਮਾਜ ਦੀ ਉਸਾਰੀ ਲਈ ਹਰ ਇੱਕ ਨੂੰ ਮੁੜ-ਢਲਾਈ ਦੀ ਲੋੜ ਹੈ, ਲੁੱਟਣ ਵਾਲਿਆਂ ਨੂੰ ਵੀ ਅਤੇ ਮਿਹਨਤਕਸ਼ ਲੋਕਾਂ ਨੂੰ ਵੀ। ਕੌਣ ਕਹਿੰਦਾ ਹੈ ਕਿ ਇਹ ਮਜ਼ਦੂਰ ਜਮਾਤ ਲਈ ਜਰੂਰੀ ਨਹੀਂ ਹੈ? ਬਿਨਾਂ ਸ਼ੱਕ, ਲੁਟੇਰਿਆਂ ਦੀ ਮੁੜ-ਢਲਾਈ ਮਿਹਨਤਕਸ਼ ਲੋਕਾਂ ਦੀ ਮੁੜ-ਢਲਾਈ ਨਾਲੋਂ ਸਿਫਤੀ ਤੌਰ 'ਤੇ ਵੱਖਰੀ ਹੈ, ਅਤੇ ਦੋਹਾਂ ਨੂੰ ਰਲਗੱਡ ਨਹੀਂ ਕਰਨਾ ਚਾਹੀਦਾ। ਮਜ਼ਦੂਰ ਜਮਾਤ ਜਮਾਤੀ ਜਦੋਜਹਿਦ ਅਤੇ ਕੁਦਰਤ ਖਿਲਾਫ ਜਦੋਜਹਿਦ ਰਾਹੀਂ ਸਮੁੱਚੇ ਸਮਾਜ ਦੀ ਮੁੜ-ਢਲਾਈ ਕਰਦੀ ਹੈ ਅਤੇ ਇਸ ਅਮਲ ਦੌਰਾਨ ਇਹ ਆਪਣੇ ਆਪ ਦੀ ਮੁੜ-ਢਲਾਈ ਵੀ ਕਰਦੀ ਹੈ। ਇਸ ਨੂੰ ਆਪਣੇ ਕੰਮ ਦੇ ਅਮਲ ਦੌਰਾਨ ਲਗਾਤਾਰ ਸਿੱਖਣਾ ਚਾਹੀਦਾ ਹੈ, ਕਦਮ-ਬ-ਕਦਮ ਆਪਣੀਆਂ ਘਾਟਾਂ ਤੇ ਕਾਬੂ ਪਾਉਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਕਰਨ ਤੋਂ ਕਦੇ ਨਹੀਂ ਰੁਕਣਾ ਚਾਹੀਦਾ। ਸਾਡੇ 'ਚੋਂ ਇੱਥੇ ਹਾਜਰ ਸਾਥੀਆਂ ਦੀ ਉਦਾਹਰਣ ਲਓ। ਸਾਡੇ 'ਚੋਂ ਕਈ ਹਰ ਸਾਲ ਕੁੱਝ ਤਰੱਕੀ ਕਰਦੇ ਹਨ, ਯਾਨੀ ਅਸੀਂ ਹਰ ਸਾਲ ਆਪਣੇ ਆਪ ਦੀ ਮੁੜ-ਢਲਾਈ ਕਰਦੇ ਰਹੇ ਹਾਂ। ਮੈਨੂੰ ਹੀ ਲਓ, ਪਹਿਲਾਂ ਮੇਰੇ ਸਾਰੀਆਂ ਕਿਸਮਾਂ ਦੇ ਗੈਰ-ਮਾਰਕਸਵਾਦੀ ਵਿਚਾਰ ਸਨ ਅਤੇ ਇਹ ਸਿਰਫ ਬਾਦ 'ਚ ਹੀ ਹੋਇਆ ਕਿ ਮੈਂ ਮਾਰਕਸਵਾਦ ਨੂੰ ਗਲੇ ਲਾਇਆ। ਮੈਂ ਕਿਤਾਬਾਂ ਤੋਂ ਥੋੜਾ ਮਾਰਕਸਵਾਦ ਸਿੱਖਿਆ ਅਤੇ ਆਪਣੇ ਵਿਚਾਰਾਂ ਦੀ ਮੁੱਢਲੀ ਮੁੜ-ਢਲਾਈ ਕੀਤੀ। ਪਰ ਇਹ ਮੁੱਖ ਤੌਰ ਤੇ ਸਾਲਾਂ-ਬੱਧੀ ਜਮਾਤੀ ਜਦੋਜਹਿਦ 'ਚ ਹਿੱਸਾ ਲੈਣ ਦਾ ਸਿੱਟਾ ਹੀ ਹੈ ਕਿ ਮੇਰੀ ਮੁੜ-ਢਲਾਈ ਹੋਈ ਅਤੇ ਜੇ ਮੈਂ ਹੁਣ ਅਗਾਂਹ ਤਰੱਕੀ ਕਰਨੀ ਹੈ ਤਾਂ ਮੈਨੂੰ ਸਿੱਖਣਾ ਜ਼ਰੂਰ ਹੀ ਜਾਰੀ ਰੱਖਣਾ ਚਾਹੀਦਾ ਹੈ, ਨਹੀਂ ਤਾਂ ਮੈਂ ਪਿੱਛੇ ਰਹਿ ਜਾਵਾਂਗਾ। ਕੀ ਸਰਮਾਏਦਾਰ ਐਨੇ ਚੰਗੇ ਹੋ ਸਕਦੇ ਹਨ ਕਿ ਉਹਨਾਂ ਨੂੰ ਹੋਰ ਮੁੜ-ਢਲਾਈ ਦੀ ਲੋੜ ਹੀ ਨਹੀਂ ਹੈ?

ਕੁੱਝ ਲੋਕ ਖਹਿਬੜਦੇ ਹਨ ਕਿ ਚੀਨੀ ਸਰਮਾਏਦਾਰੀ ਦੇ ਖਾਸੇ ਦੇ ਹੁਣ ਦੋ ਪੱਖ ਨਹੀਂ ਰਹੇ ਸਗੋ ਸਿਰਫ ਇੱਕ ਪੱਖ ਹੈ। ਕੀ ਇਹ ਸੱਚ ਹੈ? ਨਹੀਂ। ਭਾਵੇਂ ਬੁਰਜੂਆਜ਼ੀ ਦੇ ਮੈਂਬਰ ਸਾਂਝੇ ਸਰਕਾਰੀ—ਨਿੱਜੀ ਕਾਰੋਬਾਰਾਂ 'ਚ ਪ੍ਰਬੰਧਕੀ ਮੁਲਾਜ਼ਮ ਬਣ ਗਏ ਹਨ ਅਤੇ ਉਹ ਲੁਟੇਰਿਆਂ ਤੋਂ ਆਪਣੀ ਮਿਹਨਤ 'ਤੇ ਗੁਜ਼ਾਰਾ ਕਰਨ ਵਾਲੇ ਕਿਰਤੀ ਲੋਕਾਂ ਵਜੋਂ ਕਾਇਆ ਪਲਟੀ ਕਰ ਰਹੇ ਹਨ ਪਰ ਫਿਰ ਵੀ ਅਜੇ ਉਹ ਸਾਂਝੇ ਕਾਰੋਬਾਰਾਂ 'ਚੋਂ ਆਪਣੀ ਪੂੰਜੀ 'ਤੇ ਵਿਆਜ ਦੀ ਨਿਸ਼ਚਿਤ ਦਰ ਹਾਸਲ ਕਰ ਰਹੇ ਹਨ, ਯਾਨੀ, ਅਜੇ ਉਹਨਾਂ ਨੇ ਲੁੱਟ ਦੀਆਂ ਜੜ੍ਹਾਂ ਤੋਂ ਆਪਣੇ ਆਪ ਨੂੰ ਬਿਲਕੁਲ ਅਲਹਿਦਾ ਨਹੀਂ ਕੀਤਾ। ਅਜੇ ਮਜ਼ਦੂਰ ਜਮਾਤ ਤੇ ਉਹਨਾਂ ਵਿਚਕਾਰ ਵਿਚਾਰਧਾਰਾ, ਜਜਬਾਤਾਂ ਤੇ ਰਹਿਣ-ਸਹਿਣ ਪੱਖੋਂ ਗਿਣਨਯੋਗ ਪਾੜਾ ਹੈ। ਫਿਰ ਇਸ ਤਰ੍ਹਾਂ ਕਹਿਣਾ ਕਿਸ ਤਰ੍ਹਾਂ ਸੰਭਵ ਹੈ ਕਿ ਉਹਨਾਂ ਦੇ ਖਾਸੇ ਦੇ ਹੁਣ ਦੋ ਪੱਖ ਨਹੀਂ ਰਹੇ? ਇਥੋਂ ਤੱਕ ਕਿ ਜਦੋਂ ਉਹ ਆਪਣੀਆਂ ਨਿਸ਼ਚਿਤ ਵਿਆਜ ਅਦਾਇਗੀਆਂ ਲੈਣੀਆਂ ਬੰਦ ਕਰ ਦੇਣਗੇ ਅਤੇ "ਬੁਰਜੂਆ ਚੇਪੀ ਉਹਨਾਂ ਤੋਂ ਹੱਟ ਜਾਵੇਗੀ, ਤਾਂ ਫਿਰ ਵੀ ਕੁੱਝ ਸਮੇਂ ਲਈ ਵਿਚਾਰਧਾਰਕ ਮੁੜ-ਢਲਾਈ ਦੀ ਲੋੜ ਹੋਵੇਗੀ। ਜਿਵੇਂ

ਇਹਨਾਂ ਲੋਕਾਂ ਦਾ ਵਿਚਾਰ ਹੈ ਕਿ ਬੁਰਜੂਆਜ਼ੀ ਦਾ ਹੁਣ ਦੋਗਲਾ ਕਿਰਦਾਰ ਨਹੀਂ ਰਿਹਾ, ਤਾਂ ਫਿਰ ਸਰਮਾਏਦਾਰਾਂ ਮੂਹਰੇ ਆਪਣੇ ਆਪ ਦੀ ਮੁੜ-ਢਲਾਈ ਤੇ ਅਧਿਐਨ ਦਾ ਕਾਰਜ ਨਹੀਂ ਰਹੇਗਾ।

ਇਹ ਕਿਹਾ ਜਾਣਾ ਜਰੂਰੀ ਹੈ ਕਿ ਇਹ ਵਿਚਾਰ ਨਾ ਸਾਡੇ ਸਨੱਅਤਕਾਰਾਂ ਤੇ ਵਪਾਰੀਆਂ ਦੀ ਅਸਲ ਹਾਲਤ ਨਾਲ ਮੇਲ ਖਾਂਦਾ ਹੈ ਤੇ ਨਾ ਇਹਨਾਂ 'ਚੋਂ ਬਹੁਤਿਆਂ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ। ਪਿਛਲੇ ਕੁੱਝ ਸਾਲਾਂ ਦੌਰਾਨ, ਇਹਨਾਂ 'ਚੋਂ ਬਹੁਤੇ ਅਧਿਐਨ ਕਰਨ ਲਈ ਰਜ਼ਾਮੰਦ ਹਨ ਤੇ ਉਹਨਾਂ ਨੇ ਗਿਣਨਯੋਗ ਤਰੱਕੀ ਕੀਤੀ ਹੈ। ਇਹਨਾਂ ਦੀ ਪੂਰੀ ਸੂਰੀ ਮੁੜ-ਢਲਾਈ ਸਿਰਫ ਕੰਮ ਦੇ ਅਮਲ 'ਚੋਂ ਹੀ ਹਾਸਲ ਹੋ ਸਕਦੀ ਹੈ। ਇਹਨਾਂ ਨੂੰ ਕਾਰੋਬਾਰੀ ਅਦਾਰਿਆਂ 'ਚ ਕਾਮਿਆਂ ਤੇ ਸਟਾਫ ਨਾਲ ਇਕੱਠਿਆਂ ਕੰਮ ਕਰਨਾ ਚਾਹੀਦਾ ਹੈ ਅਤੇ ਇਹਨਾਂ ਕਾਰੋਬਾਰੀ ਅਦਾਰਿਆਂ ਨੂੰ ਆਪਣੀ ਮੁੜ-ਢਲਾਈ ਦੇ ਮੁੱਖ ਸਥਾਨਾਂ ਵਜੋਂ ਲੈਣਾ ਚਾਹੀਦਾ ਹੈ। ਪਰ ਉਹਨਾਂ ਲਈ ਆਪਣੇ ਵਿਚਾਰਾਂ ਨੂੰ ਅਧਿਐਨ ਰਾਹੀਂ ਬਦਲਣਾਂ ਵੀ ਜ਼ਰੂਰੀ ਹੈ। ਇਹੋ ਜਿਹਾ ਅਧਿਐਨ ਸਵੈ-ਇੱਛੁਕ ਹੋਣਾ ਚਾਹੀਦਾ ਹੈ। ਜਦੋਂ ਉਹ ਕੁੱਝ ਹਫਤਿਆਂ ਤੱਕ ਅਧਿਐਨ ਗਰੁੱਪਾਂ 'ਚ ਹਾਜਰ ਰਹਿਣ ਬਾਅਦ ਕੰਮ 'ਤੇ ਵਾਪਸ ਪਰਤਦੇ ਹਨ, ਤਾਂ ਕਈ ਸਨਅਤਕਾਰ ਤੇ ਵਪਾਰੀ ਮਜ਼ਦੂਰਾਂ ਬਾਰੇ ਤੇ ਸਰਕਾਰੀ ਮਾਲਕੀ ਦੇ ਨੁੰਮਾਇਦਿਆਂ ਬਾਰੇ ਵਡੇਰੀ ਸਾਂਝ ਲੈ ਕੇ ਆਉਂਦੇ ਹਨ ਤੇ ਇਸ ਤਰ੍ਹਾਂ ਇਕੱਠੇ ਕੰਮ ਕਰਨ ਦੀਆਂ ਵਧੀਆ ਸੰਭਾਵਨਾਵਾਂ ਬਣਦੀਆਂ ਹਨ। ਉਹ ਨਿੱਜੀ ਤਜਰਬੇ ਤੋਂ ਜਾਣਦੇ ਹਨ ਕਿ ਆਪਣੇ ਆਪ ਦੀ ਮੁੜ-ਢਲਾਈ ਤੇ ਅਧਿਐਨ ਕਰਨਾ ਉਹਨਾਂ ਲਈ ਚੰਗੀ ਗੱਲ ਹੈ। ਉਪਰ-ਬਿਆਨਿਆਂ ਇਹ ਵਿਚਾਰ ਕਿ ਅਧਿਐਨ ਤੇ ਮੁੜ-ਢਲਾਈ ਜ਼ਰੂਰੀ ਨਹੀਂ ਹਨ, ਇਹ ਸਨਅਤਕਾਰਾਂ ਤੇ ਵਪਾਰੀਆਂ ਦੀ ਬਹੁਗਿਣਤੀ ਦੇ ਵਿਚਾਰ ਨਹੀਂ, ਸਗੋਂ ਸਿਰਫ ਥੋੜ੍ਹੀ-ਗਿਣਤੀ ਦੇ ਵਿਚਾਰ ਹਨ।

## 5. ਬੁੱਧੀਜੀਵੀਆਂ ਦਾ ਸਵਾਲ

ਸਾਡੇ ਮੁਲਕ ਦੇ ਲੋਕਾਂ ਦੀਆਂ ਸਫਾਂ ਵਿਚਲੀਆਂ ਵਿਰੋਧਤਾਈਆਂ ਬੁੱਧੀਜੀਵੀਆਂ ਵਿੱਚ ਵੀ ਉਜਾਗਰ ਹੁੰਦੀਆਂ ਹਨ। ਪੁਰਾਣੇ ਸਮਾਜ ਲਈ ਕੰਮ ਕਰਨ ਵਾਲੇ ਲੱਖਾਂ ਬੁੱਧੀਜੀਵੀ ਨਵੇਂ ਸਮਾਜ ਦੀ ਸੇਵਾ 'ਚ ਲੱਗ ਚੁੱਕੇ ਹਨ। ਹੁਣ ਸੁਆਲ ਉਠੱਦਾ ਹੈ ਕਿ ਉਹਨਾਂ ਨੂੰ ਨਵੇਂ ਸਮਾਜ ਦੀਆਂ ਲੋੜਾਂ ਮੁਤਾਬਕ ਕਿਵੇਂ ਢਾਲਿਆ ਜਾ ਸਕਦਾ ਹੈ ਅਤੇ ਇਉਂ ਕਰਨ ਲਈ ਅਸੀਂ ਉਹਨਾਂ ਦੀ ਕਿਸ ਤਰ੍ਹਾਂ ਸਹਾਇਤਾ ਕਰ ਸਕਦੇ ਹਾਂ। ਇਹ ਵੀ ਇੱਕ ਲੋਕਾਂ ਵਿਚਕਾਰਲੀ ਵਿਰੋਧਤਾਈ ਹੈ।

ਸਾਡੇ ਬੁਧੀਜੀਵੀਆਂ 'ਚੋਂ ਬਹੁਤਿਆਂ ਨੇ ਪਿਛਲੇ ਸੱਤ ਸਾਲਾਂ ਦੌਰਾਨ ਜ਼ਿਕਰਨਯੋਗ ਤਰੱਕੀ ਕੀਤੀ ਹੈ। ਉਹਨਾਂ ਨੇ ਦਿਖਾਇਆ ਹੈ ਕਿ ਉਹ ਸਮਾਜਵਾਦੀ ਪ੍ਰਬੰਧ ਦੇ ਹੱਕ ਵਿੱਚ ਹਨ। ਕਈ ਤਨਦੇਹੀ ਨਾਲ ਮਾਰਕਸਵਾਦ ਦਾ ਅਧਿਐਨ ਕਰ ਰਹੇ ਹਨ, ਅਤੇ ਕੁੱਝ ਕਮਿਊਨਿਸਟ ਬਣ ਚੁੱਕੇ ਹਨ। ਪਿਛਲੀ, ਭਾਵੇਂ ਹੁਣ ਛੋਟੀ ਗਿਣਤੀ ਹੈ, ਤੇਜੀ ਨਾਲ ਵੱਧ ਰਹੀ ਹੈ। ਬਿਨਾਂ ਸ਼ੱਕ, ਅਜੇ ਕੁੱਝ ਬੁੱਧੀਜੀਵੀ ਹਨ, ਜਿਹੜੇ ਸਮਾਜਵਾਦ ਬਾਰੇ ਸ਼ੰਕਾਗ੍ਰਸਤ ਹਨ ਤੇ ਇਸ ਨੂੰ ਕਬੂਲ ਨਹੀਂ ਕਰਦੇ, ਪਰ ਉਹ ਘੱਟ ਗਿਣਤੀ 'ਚ ਹਨ।

ਸਮਾਜਵਾਦ ਦੀ ਉਸਾਰੀ ਦੇ ਵੱਡੇ ਕਾਰਜ ਲਈ ਚੀਨ ਨੂੰ ਵੱਧ ਤੋਂ ਵੱਧ ਬੁਧੀਜੀਵੀਆਂ ਦੀਆਂ ਸੇਵਾਵਾਂ ਦੀ ਲੋੜ ਹੈ। ਸਾਨੂੰ ਉਹਨਾਂ ਬੁੱਧੀਜੀਵੀਆਂ 'ਤੇ ਭਰੋਸਾ ਕਰਨਾ ਚਾਹੀਦਾ ਹੈ, ਜਿਹੜੇ ਸਮਾਜਵਾਦ ਦੇ ਕਾਜ ਦੀ ਸੇਵਾ ਕਰਨ ਲਈ ਸੱਚੀਓਂ ਰਜਾਮੰਦ ਹਨ ਅਤੇ ਸਾਨੂੰ ਉਹਨਾਂ

ਨਾਲ ਵੱਡੀ ਪੱਧਰ ਤੇ ਸੰਬੰਧ ਸੁਧਾਰਨੇ ਚਾਹੀਦੇ ਹਨ ਤੇ ਹੱਲ ਮੰਗਦੀ ਕਿਸੇ ਵੀ ਸਮੱਸਿਆ 'ਚ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ। ਤਾਂ ਕਿ ਇਸ ਤਰ੍ਹਾਂ ਉਹ ਆਪਣੀ ਪ੍ਰਤਿਭਾ ਦੀ ਪੂਰੀ ਵਰਤੋਂ ਕਰ ਸਕਣ। ਸਾਡੇ ਕਾਫੀ ਸਾਰੇ ਕਾਮਰੇਡ ਬੁੱਧੀਜੀਵੀਆਂ ਨਾਲ ਇੱਕਮੁੱਠ ਹੋਣ 'ਚ ਕਾਬਲ ਨਹੀਂ ਹਨ। ਉਹ ਉਹਨਾਂ ਨਾਲ ਆਪਣੇ ਵਰਤਾਅ 'ਚ ਬਹੁਤ ਕੁੱਢਰ ਹਨ, ਉਹਨਾਂ ਦੇ ਕੰਮ ਦੇ ਆਦਰ ਦੀ ਘਾਟ ਹੈ ਅਤੇ ਉਹ ਅਜਿਹੇ ਵਿਗਿਆਨਕ ਤੇ ਸਭਿਆਚਾਰਕ ਮਾਮਲਿਆਂ 'ਚ ਦਖਲ ਦਿੰਦੇ ਹਨ ਜਿਥੇ ਦਖਲਅੰਦਾਜੀ ਬੇਲੋੜੀ ਹੈ। ਸਾਨੂੰ ਅਜਿਹੀਆਂ ਸਾਰੀਆਂ ਖਾਮੀਆਂ ਨੂੰ ਜ਼ਰੂਰੀ ਹੀ ਦੂਰ ਕਰਨਾ ਚਾਹੀਦਾ ਹੈ।

ਭਾਵੇਂ ਬੁੱਧੀਜੀਵੀਆਂ ਦੀ ਵੱਡੀ ਗਿਣਤੀ ਨੇ ਤਰੱਕੀ ਕੀਤੀ ਹੈ, ਪਰ ਉਹਨਾਂ ਨੂੰ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਉਹਨਾਂ ਨੂੰ ਜ਼ਰੂਰ ਹੀ ਆਪਣੀ ਮੁੜ-ਢਲਾਈ ਜਾਰੀ ਰੱਖਣੀ ਚਾਹੀਦੀ ਹੈ, ਸਹਿਜੇ-ਸਹਿਜੇ ਆਪਣਾ ਬੁਰਜੂਆ ਸੰਸਾਰ ਨਜ਼ਰੀਏ ਤਿਆਗਣਾ ਚਾਹੀਦਾ ਹੈ ਤੇ ਪ੍ਰੋਲੇਤਾਰੀ, ਕਮਿਊਨਿਸਟ ਸੰਸਾਰ ਨਜ਼ਰੀਏ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਕਿ ਉਹ ਨਵੇਂ ਸਮਾਜ ਦੀਆਂ ਲੋੜਾਂ ਦੇ ਪੂਰੀ ਤਰ੍ਹਾਂ ਫਿੱਟ ਬੈਠ ਸਕਣ ਅਤੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਇੱਕਮੁੱਠ ਹੋ ਸਕਣ। ਸੰਸਾਰ ਦ੍ਰਿਸ਼ਟੀਕੋਣ 'ਚ ਇਹ ਤਬਦੀਲੀ ਬੁਨਿਆਦੀ ਗੱਲ ਹੈ, ਜੀਹਨੂੰ ਅਜੇ ਤੱਕ ਜ਼ਿਆਦਾ ਤਰ ਬੁੱਧੀਜੀਵੀਆਂ ਨੇ ਹਾਸਲ ਨਹੀਂ ਕੀਤਾ। ਅਸੀਂ ਆਸ ਕਰਦੇ ਹਾਂ ਕਿ ਉਹ ਤਰੱਕੀ ਕਰਨੀ ਜਾਰੀ ਰੱਖਣਗੇ ਅਤੇ ਕੰਮ ਤੇ ਅਧਿਐਨ ਦੇ ਅਮਲ ਦੌਰਾਨ, ਉਹ ਸਹਿਜ ਸਹਿਜ ਕਮਿਊਨਿਸਟ ਸੰਸਾਰ ਨਜ਼ਰੀਏ ਗ੍ਰਹਿਣ ਕਰ ਲੈਣਗੇ, ਮਾਰਕਸਵਾਦ-ਲੈਨਿਨਵਾਦ 'ਤੇ ਚੰਗੇਰੀ ਪਕੜ ਬਣਾ ਲੈਣਗੇ ਅਤੇ ਮਜ਼ਦੂਰਾਂ, ਕਿਸਾਨਾਂ ਨਾਲ ਇੱਕ ਮਿੱਕ ਹੋ ਜਾਣਗੇ। ਅਸੀਂ ਆਸ ਕਰਦੇ ਹਾਂ ਕਿ ਉਹ ਅੱਧਵਾਟੇ ਨਹੀਂ ਰੁਕਣਗੇ ਜਾਂ ਇਸ ਤੋਂ ਵੀ ਮਾੜੀ ਗੱਲ, ਪਿੱਛੇ ਨਹੀਂ ਮੁੜਨਗੇ, ਕਿਉਂਕਿ ਪਿੱਛੇ ਮੁੜਨ 'ਚ ਉਹਨਾਂ ਲਈ ਕੋਈ ਭਵਿੱਖ ਨਹੀਂ ਹੈ। ਸਾਡੇ ਮੁਲਕ ਦਾ ਸਮਾਜਿਕ ਢਾਂਚਾ ਬਦਲ ਚੁੱਕਿਆ ਹੈ ਤੇ ਬੁਰਜੂਆ ਵਿਚਾਰਧਾਰਾ ਦਾ ਆਰਥਿਕ ਅਧਾਰ ਮੁੱਖ ਤੌਰ 'ਤੇ ਤਬਾਹ ਕਰ ਦਿੱਤਾ ਹੈ। ਇਸ ਹਾਲਤ 'ਚ ਸਾਡੇ ਵੱਡੀ ਗਿਣਤੀ ਬੁੱਧੀਜੀਵੀਆਂ ਦਾ ਆਪਣਾ ਸੰਸਾਰ ਨਜ਼ਰੀਏ ਬਦਲਣ ਦੀ ਨਾ ਸਿਰਫ ਲੋੜ ਬਣਦੀ ਹੈ, ਬਲਕਿ ਉਹਨਾਂ ਲਈ ਇਉਂ ਕਰਨਾ ਸੰਭਵ ਵੀ ਹੈ। ਪਰ ਸੰਸਾਰ ਨਜ਼ਰੀਏ 'ਚ ਮੁਕੰਮਲ ਤਬਦੀਲੀ ਬਹੁਤੇ ਲੰਮੇ ਸਮੇਂ 'ਚ ਹੁੰਦੀ ਹੈ, ਸਾਨੂੰ ਠਰੰਮੇ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਕਾਹਲੇਪਣ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਦਰਅਸਲ, ਇੱਥੇ ਜ਼ਰੂਰ ਹੀ ਕੁੱਝ ਅਜਿਹੇ ਲੋਕ ਹੋਣਗੇ ਜਿਹੜੇ ਵਿਚਾਰਧਾਰਕ ਤੌਰ 'ਤੇ ਮਾਰਕਸਵਾਦ-ਲੈਨਿਨਵਾਦ ਤੇ ਕਮਿਊਨਿਜ਼ਮ ਨੂੰ ਮੰਨਣ ਤੋਂ ਹਮੇਸ਼ਾ ਹੀ ਸੰਕੋਚ ਕਰਨਗੇ। ਸਾਨੂੰ ਇਹਨਾਂ ਨੂੰ ਆਪਣੇ ਅਨੁਸਾਰ ਚਲਾਉਣ ਲਈ ਬਹੁਤ ਜ਼ਿਆਦਾ ਸਖਤੀ ਨਹੀਂ ਕਰਨੀ ਚਾਹੀਦੀ; ਜਿੰਨਾ ਚਿਰ ਉਹ ਰਾਜ ਵੱਲੋਂ ਤਹਿ ਕੀਤੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਜਾਇਜ ਕੰਮਾਂ ਧੰਦਿਆਂ 'ਚ ਲੱਗੇ ਹੋਏ ਹਨ, ਸਾਨੂੰ ਉਹਨਾਂ ਨੂੰ ਢੁਕਵੇਂ ਕੰਮ ਦੇ ਮੌਕੇ ਮੁਹੱਈਆ ਕਰਨੇ ਚਾਹੀਦੇ ਹਨ।

ਹੁਣੇ-ਹੁਣੇ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਵਿੱਚਲੇ ਵਿਚਾਰਧਾਰਕ ਤੇ ਸਿਆਸੀ ਕੰਮ 'ਚ ਗਿਰਾਵਟ ਆਈ ਹੈ ਅਤੇ ਕੁੱਝ ਗੈਰ-ਸਿਹਤਮੰਦ ਰੁਚੀਆਂ ਨੇ ਸਿਰ ਚੁੱਕਿਆ ਹੈ। ਕੁੱਝ ਲੋਕ ਸੋਚਦੇ ਲੱਗਦੇ ਹਨ ਕਿ ਹੁਣ ਸਿਆਸਤ, ਮਾਤਭੂਮੀ ਦੇ ਭਵਿੱਖ ਨਾਲ ਤੇ ਮਨੁੱਖਤਾ ਦੇ ਆਦਰਸ਼ ਨਾਲ ਸਰੋਕਾਰ ਰੱਖਣ ਦੀ ਕੋਈ ਲੋੜ ਨਹੀਂ। ਇਉਂ ਲਗਦਾ ਹੈ ਕਿ ਜਿਹੜਾ ਮਾਰਕਸਵਾਦ ਇੱਕ

ਮੌਕੇ ਉਨ੍ਹਾਂ ਨੂੰ ਧੂਹ ਪਾਉਂਦਾ ਸੀ, ਉਹਦਾ ਹੁਣ ਐਨਾ ਜ਼ਿਆਦਾ ਫੈਸ਼ਨ ਨਹੀਂ ਰਿਹਾ। ਇਨ੍ਹਾਂ ਰੁਚੀਆਂ ਦਾ ਖੰਡਨ ਕਰਨ ਲਈ ਜ਼ਰੂਰੀ ਹੀ ਸਾਨੂੰ ਆਪਣੇ ਵਿਚਾਰਧਾਰਕ ਤੇ ਸਿਆਸੀ ਕੰਮ ਨੂੰ ਮਜਬੂਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਤੇ ਬੁੱਧੀਜੀਵੀਆਂ ਦੋਵਾਂ ਨੂੰ ਹੀ ਮਿਹਨਤ ਨਾਲ ਅਧਿਐਨ ਕਰਨਾ ਚਾਹੀਦਾ ਹੈ। ਆਪਣੇ ਵਿਸ਼ੇਸ਼ ਵਿਸ਼ਿਆਂ ਦੇ ਅਧਿਐਨ ਦੇ ਨਾਲ ਨਾਲ ਲਾਜ਼ਮੀ ਹੀ ਉਹਨਾਂ ਨੂੰ ਵਿਚਾਰਧਾਰਕ ਤੇ ਸਿਆਸੀ ਤਰੱਕੀ ਕਰਨੀ ਚਾਹੀਦੀ ਹੈ, ਜਿਸ ਦਾ ਮਤਲਬ ਹੈ ਉਹਨਾਂ ਨੂੰ ਮਾਰਕਸਵਾਦ-ਲੈਨਿਨਵਾਦ, ਤਾਜਾ ਘਟਨਾਵਾਂ ਤੇ ਸਿਆਸੀ ਸਮੱਸਿਆਵਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਸਹੀ ਸਿਆਸੀ ਨੁਕਤਾ-ਨਜ਼ਰ ਨਾ ਰੱਖਣਾ, ਰੂਹ ਨਾ ਰੱਖਣ ਦੇ ਬਰਾਬਰ ਹੈ। ਬੀਤੇ 'ਚ ਵਿਚਾਰਧਾਰਕ ਮੁੜ-ਢਲਾਈ ਜ਼ਰੂਰੀ ਸੀ ਅਤੇ ਇਸ ਦੇ ਹਾਂ-ਪੱਖੀ ਸਿੱਟੇ ਨਿਕਲੇ ਹਨ। ਪਰ ਇਹ ਕੁੱਝ ਕੁਚੱਜੇ ਤੇ ਕਾਹਲ-ਭਰੇ ਢੰਗ ਨਾਲ ਚਲਾਇਆ ਗਿਆ ਤੇ ਇਹਦੇ ਨਾਲ ਕੁੱਝ ਲੋਕਾਂ ਦੇ ਜਜਬਾਤਾਂ ਨੂੰ ਠੇਸ ਪਹੁੰਚੀ—ਇਹ ਠੀਕ ਨਹੀਂ ਸੀ। ਭਵਿੱਖ 'ਚ ਸਾਨੂੰ ਲਾਜ਼ਮੀ ਹੀ ਅਜਿਹੀਆਂ ਖਾਮੀਆਂ ਤੋਂ ਬਚਣਾ ਚਾਹੀਦਾ ਹੈ। ਸਾਰੇ ਮਹਿਕਮਿਆਂ ਤੇ ਜੱਥੇਬੰਦੀਆਂ ਨੂੰ ਵਿਚਾਰਧਾਰਕ ਤੇ ਸਿਆਸੀ ਕੰਮ ਲਈ ਆਪਣੀਆਂ ਜ਼ੁੰਮੇਵਾਰੀਆਂ ਸੰਭਾਲਣੀਆਂ ਚਾਹੀਦੀਆਂ ਹਨ। ਇਹ ਕਮਿਊਨਿਸਟ ਪਾਰਟੀ, ਯੂਥ ਲੀਗ, ਇਸ ਕੰਮ ਦੇ ਇੰਚਾਰਜ ਸਰਕਾਰੀ ਮਹਿਕਮਿਆਂ ਤੇ ਖਾਸ ਤੌਰ ਤੇ ਵਿਦਿਅਕ ਸੰਸਥਾਵਾਂ ਦੇ ਮੁੱਖੀਆਂ ਤੇ ਅਧਿਆਪਕਾਂ 'ਤੇ ਲਾਗੂ ਹੁੰਦਾ ਹੈ। ਸਾਡੀ ਸਿੱਖਿਆ ਨੀਤੀ ਲਾਜ਼ਮੀ ਹੀ ਹਰ ਇੱਕ ਨੂੰ, ਜੋ ਸਿੱਖਿਆ ਹਾਸਲ ਕਰਦਾ ਹੈ, ਇਖਲਾਕ, ਬੁੱਧੀ ਤੇ ਸਰੀਰਕ ਪੱਖੋਂ ਵਿਕਾਸ ਕਰਨ ਦੇ ਕਾਬਲ ਬਣਾਵੇ ਅਤੇ ਸਮਾਜਵਾਦੀ ਚੇਤਨਾ ਨਾਲ ਓਤਵਪੋਤ ਚੰਗਾ ਸਿੱਖਿਅਤ ਕਾਮਾ ਬਣਾਵੇ। ਸਾਨੂੰ ਲਾਜ਼ਮੀ ਹੀ ਸਾਡੇ ਮੁਲਕ ਦੀ ਤਨਦੇਹੀ ਤੇ ਸੰਜਮ ਨਾਲ ਉਸਾਰੀ ਕਰਨ ਦੇ ਵਿਚਾਰਾਂ ਦਾ ਪਸਾਰਾ ਕਰਨਾ ਚਾਹੀਦਾ ਹੈ। ਸਾਨੂੰ ਲਾਜ਼ਮੀ ਹੀ ਸਾਡੇ ਸਾਰੇ ਨੋਜਵਾਨਾਂ ਨੂੰ ਇਹ ਸਮਝਣ 'ਚ ਮਦਦ ਕਰਨੀ ਚਾਹੀਦੀ ਹੈ ਕਿ ਸਾਡਾ ਦੇਸ਼ ਅਜੇ ਬਹੁਤ ਗਰੀਬ ਦੇਸ਼ ਹੈ,ਕਿ ਅਸੀਂ ਥੋੜ੍ਹੇ ਸਮੇਂ 'ਚ ਹੀ ਇਸ ਹਾਲਤ 'ਚ ਤਿੱਖੀ ਤਬਦੀਲੀ ਨਹੀਂ ਕਰ ਸਕਦੇ, ਕਿ ਸਿਰਫ ਸਾਡੀ ਨੌਜਵਾਨ ਪੀੜ੍ਹੀ ਤੇ ਸਾਡੇ ਸਾਰੇ ਲੋਕਾਂ ਦੀ ਇੱਕਜੁੱਟ ਹੋ ਕੇ ਕੀਤੀ ਹੱਥੀਂ ਮਿਹਨਤ ਹੀ ਚੀਨ ਨੂੰ ਕਈ ਦਹਾਕਿਆਂ ਅੰਦਰ ਖੁਸ਼ਹਾਲ ਤੇ ਮਜਬੂਤ ਬਣਾ ਸਕਦੀ ਹੈ। ਸਾਡੇ ਸਮਾਜਵਾਦੀ ਪ੍ਰਬੰਧ ਦੀ ਸਥਾਪਤੀ ਨੇ ਭਵਿੱਖ ਦੇ ਆਦਰਸ਼ਕ ਸਮਾਜ ਦੀ ਉਸਾਰੀ ਲਈ ਰਾਹ ਖੋਲ੍ਹ ਦਿੱਤਾ ਹੈ, ਪਰ ਇਸ ਆਦਰਸ਼ ਨੂੰ ਹਕੀਕਤ 'ਚ ਬਦਲਣ ਲਈ ਸਖਤ ਮਿਹਨਤ ਦੀ ਲੋੜ ਹੈ। ਸਾਡੇ ਕੁਝ ਨੌਜਵਾਨ ਸੋਚਦੇ ਹਨ ਕਿ ਇੱਕ ਵਾਰ ਸਮਾਜਵਾਦੀ ਸਮਾਜ ਸਥਾਪਤ ਹੋਣ ਨਾਲ ਹਰ ਚੀਜ ਸੰਪੂਰਨ ਹੋਣੀ ਚਾਹੀਦੀ ਹੈ ਅਤੇ ਕਿ ਉਹ ਇਸ ਵਾਸਤੇ ਕੰਮ ਕਰਨ ਤੋਂ ਬਿਨਾਂ ਹੀ, ਤਿਆਰ-ਬਰ-ਤਿਆਰ ਖੇੜਿਆਂ ਭਰੀ ਜਿੰਦਗੀ ਮਾਨਣ ਦੇ ਯੋਗ ਹੋਣੇ ਚਾਹੀਦੇ ਹਨ। ਇਹ ਸੋਚ ਯਥਾਰਥਵਾਦੀ ਨਹੀਂ ਹੈ।

## 6. ਘੱਟ-ਗਿਣਤੀ ਕੌਮੀਅਤਾਂ ਦਾ ਸੁਆਲ

ਸਾਡੇ ਦੇਸ਼ ਵਿੱਚ ਘੱਟ-ਗਿਣਤੀ ਕੌਮੀਅਤਾਂ ਦੀ ਗਿਣਤੀ ਤਿੰਨ ਕਰੋੜ ਤੋਂ ਜ਼ਿਆਦਾ ਹੈ। ਭਾਵੇਂ ਉਹ ਕੁੱਲ ਅਬਾਦੀ ਦਾ ਕੇਵਲ 6 ਫੀਸਦੀ ਹਿੱਸਾ ਬਣਦੇ ਹਨ, ਉਹ ਵਿਸ਼ਾਲ ਖਿਤਿਆਂ 'ਚ ਰਹਿੰਦੇ ਹਨ ਜਿਹੜੇ ਚੀਨ ਦੇ ਕੁਲ ਇਲਾਕੇ ਦਾ 50 ਤੋਂ 60 ਫੀਸਦੀ ਬਣਦਾ ਹੈ। ਹਾਨ ਜਾਤੀ ਦੇ ਲੋਕਾਂ ਤੇ ਘੱਟ-ਗਿਣਤੀਆਂ ਵਿੱਚ ਚੰਗੇ ਸੰਬੰਧ ਬਨਾਉਣ ਦੀ ਜ਼ਰੂਰਤ ਹੈ। ਇਸ ਸੁਆਲ ਦੀ

ਕੁੰਜੀ ਹਾਨ ਸ਼ਾਵਨਵਾਦ ਤੇ ਕਾਬੂ ਪਾਉਣ ’ਚ ਪਈ ਹੈ। ਉਸੇ ਸਮੇਂ ਹੀ, ਜਿੱਥੇ ਕਿਤੇ ਘੱਟ-ਗਿਣਤੀ ਕੌਮੀਅਤਾਂ ’ਚ ਸਥਾਨਕ ਕੌਮਵਾਦ ਪਾਇਆ ਜਾਂਦਾ ਹੈ, ਇਸ ਤੇ ਕਾਬੂ ਪਾਉਣ ਦੀਆਂ ਵੀ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਹਾਨ ਸ਼ਾਵਨਵਾਦ ਤੇ ਸਥਾਨਕ ਕੌਮਵਾਦ ਦੋਨੋਂ ਹੀ ਕੌਮੀਅਤਾਂ ਦੀ ਏਕਤਾ ਲਈ ਨੁਕਸਾਨਦੇਹ ਹਨ, ਉਹ ਲੋਕਾਂ ਵਿਚਕਾਰ ਇੱਕ ਵਿਸ਼ੇਸ਼ ਵਿਰੋਧਤਾਈ ਦੀ ਨੁਮਾਇੰਦਗੀ ਕਰਦੇ ਹਨ ਜਿਹੜੀ ਕਿ ਹੱਲ ਹੋਣੀ ਚਾਹੀਦੀ ਹੈ। ਇਸ ਖੇਤਰ ਅੰਦਰ ਅਸੀਂ ਪਹਿਲਾਂ ਹੀ ਕੁੱਝ ਕੰਮ ਕਰ ਚੁੱਕੇ ਹਾਂ। ਘੱਟ-ਗਿਣਤੀ ਕੌਮੀਅਤਾਂ ਦੀ ਵਸੋਂ ਵਾਲੇ ਬਹੁਤੇ ਇਲਾਕਿਆਂ ’ਚ ਕੌਮੀਅਤਾਂ ਵਿਚਕਾਰ ਸੰਬੰਧਾਂ ’ਚ ਕਾਫੀ ਸੁਧਾਰ ਹੋਇਆ ਹੈ, ਪਰ ਅਜੇ ਕਾਫੀ ਸਮੱਸਿਆਵਾਂ ਹੱਲ ਹੋਣੋਂ ਰਹਿੰਦੀਆਂ ਹਨ। ਕੁੱਝ ਇਲਾਕਿਆਂ ਵਿੱਚ, ਹਾਨ-ਸ਼ਾਵਨਵਾਦ ਤੇ ਸਥਾਨਕ ਕੌਮਵਾਦ ਦੋਨੋਂ ਹੀ ਅਜੇ ਗੰਭੀਰ ਹੱਦ ਤੱਕ ਮੌਜੂਦ ਹਨ, ਅਤੇ ਇਹ ਹਾਲਤ ਪੂਰਾ ਧਿਆਨ ਮੰਗਦੀ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਸਾਰੀਆਂ ਕੌਮੀਅਤਾਂ ਦੇ ਲੋਕਾਂ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ, ਘੱਟ ਗਿਣਤੀ ਕੌਮੀਅਤ ਦੇ ਬਹੁਤੇ ਇਲਾਕਿਆਂ ’ਚ ਜਮਹੂਰੀ ਸੁਧਾਰ ਤੇ ਸਮਾਜਵਾਦੀ ਕਾਇਆਪਲਟੀ ਮੁੱਖ ਤੌਰ ’ਤੇ ਪੂਰੀ ਹੋ ਚੁੱਕੀ ਹੈ। ਜਮਹੂਰੀ ਸੁਧਾਰਾਂ ਨੂੰ ਅਜੇ ਤਿੱਬਤ ’ਚ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਇਹਨਾਂ ਲਈ ਹਾਲਤਾਂ ਅਜੇ ਸਾਜਗਾਰ ਨਹੀਂ ਹਨ। ਕੇਂਦਰੀ ਲੋਕ ਸਰਕਾਰ ਤੇ ਤਿੱਬਤ ਦੀ ਸਥਾਨਕ ਸਰਕਾਰ ਵਿਚਕਾਰ 17 ਨੁਕਾਤੀ ਸਮਝੌਤੇ ਅਨੁਸਾਰ, ਸਮਾਜਿਕ ਢਾਂਚੇ ’ਚ ਸੁਧਾਰ ਲਾਜ਼ਮੀ ਹੀ ਕੀਤੇ ਜਾਣੇ ਚਾਹੀਦੇ ਹਨ ਪਰ ਸਮਾਂ ਉਦੋਂ ਹੀ ਤਹਿ ਹੋ ਸਕਦਾ ਹੈ, ਜਦੋਂ ਤਿੱਬਤ ਦੇ ਲੋਕਾਂ ਦੀ ਵੱਡੀ ਬਹੁਗਿਣਤੀ ਤੇ ਸਥਾਨਕ ਉੱਭਰਵੀਆਂ ਲੋਕ-ਸ਼ਖਸ਼ੀਅਤਾਂ ਇਸਨੂੰ ਅਮਲਯੋਗ ਮੰਨਣਗੀਆਂ, ਅਤੇ ਕਿਸੇ ਨੂੰ ਬੇਸਬਰਾ ਨਹੀਂ ਹੋਣਾ ਚਾਹੀਦਾ। ਹੁਣ ਦੂਜੀ ਪੰਜ-ਸਾਲਾ ਯੋਜਨਾ ਦੇ ਸਮੇਂ ਦੌਰਾਨ ਤਿੱਬਤ ਵਿੱਚ ਜਮਹੂਰੀ ਸੁਧਾਰ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਤੀਜੀ ਪੰਜ ਸਾਲਾ ਯੋਜਨਾ ਦੇ ਸਮੇਂ ’ਚ ਉਹਨਾਂ ਨੂੰ ਕਰਨ ਜਾਂ ਨਾ ਕਰਨ ਦਾ ਫੈਸਲਾ ਸਿਰਫ ਉਸ ਵੇਲੇ ਦੀ ਹਾਲਤ ਦੀ ਰੌਸ਼ਨੀ ’ਚ ਹੀ ਹੋ ਸਕਦਾ ਹੈ।

## 7. ਸਮੁੱਚੀ ਵਿਉਂਤਬੰਦੀ ਅਤੇ ਉਚਿਤ ਇੰਤਜਾਮ

ਸਮੁੱਚੀ ਵਿਉਂਤਬੰਦੀ ਤੋਂ ਸਾਡਾ ਮਤਲਬ ਹੈ ਕਿ ਸਾਡੇ ਦੇਸ਼ ਦੇ 60 ਕਰੋੜ ਲੋਕਾਂ ਦੇ ਹਿੱਤਾਂ ਨੂੰ ਧਿਆਨ ’ਚ ਰੱਖਿਆ ਜਾਵੇ। ਯੋਜਨਾਵਾਂ ਉਲੀਕਣ, ਮਾਮਲਿਆਂ ਨੂੰ ਨਜਿੱਠਣ ਤੇ ਸਮੱਸਿਆਵਾਂ ਨੂੰ ਵਿਚਾਰਨ ਵੇਲੇ ਸਾਨੂੰ ਲਾਜ਼ਮੀ ਹੀ ਇਸ ਤੱਥ ਨੂੰ ਧਿਆਨ ’ਚ ਰੱਖਕੇ ਚੱਲਣਾ ਚਾਹੀਦਾ ਹੈ ਕਿ ਚੀਨ ਦੀ ਵਸੋਂ 60 ਕਰੋੜ ਹੈ, ਅਤੇ ਸਾਨੂੰ ਵੀ ਇਸ ਤੱਥ ਨੂੰ ਨਹੀਂ ਭੁੱਲਣਾ ਚਾਹੀਦਾ। ਅਸੀਂ ਇਸ ਨੂੰ ਨੁਕਤਾ ਕਿਉਂ ਬਣਾਉਂਦੇ ਹਾਂ ? ਕੀ ਇਹ ਸੰਭਵ ਹੈ ਕਿ ਅਜੇ ਵੀ ਅਜੇਹੇ ਲੋਕ ਹਨ ਜਿਹੜੇ ਇਸ ਤੱਥ ਤੋਂ ਬੇਖਬਰ ਹਨ ਕਿ ਸਾਡੀ ਵਸੋਂ 60 ਕਰੋੜ ਹੈ ? ਬਿਨਾਂ ਸ਼ੱਕ, ਹਰ ਕੋਈ ਇਸ ਨੂੰ ਜਾਣਦਾ ਹੈ, ਪਰ ਜਦੋਂ ਇਸ ’ਤੇ ਠੋਸ ਅਮਲ ਦੀ ਗੱਲ ਆਉਂਦੀ ਹੈ ਤਾਂ ਕੁੱਝ ਲੋਕ ਇਸ ਸਾਰੇ ਕੁੱਝ ਨੂੰ ਭੁੱਲ ਜਾਂਦੇ ਹਨ ਅਤੇ ਇਸ ਹਿਸਾਬ ਨਾਲ ਚੱਲਦੇ ਹਨ ਜਿਵੇਂ ਕਿ ਜਿੰਨੇ ਥੋੜ੍ਹੇ ਲੋਕ, ਜਿੰਨਾ ਛੋਟਾ ਘੇਰਾ, ਉਨਾਂ ਹੀ ਵਧੀਆ ਹੈ। ਇਸ “ਛੋਟੇ ਘੇਰੇ” ਦੀ ਮਾਨਸਿਕਤਾ ਵਾਲੇ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਮਹਾਨ ਕਾਰਜ ਦੀ ਸੇਵਾ ਹਿੱਤ, ਸਾਰੇ ਹਾਂ-ਪੱਖੀ ਅੰਸ਼ਾਂ ਦੀ ਪੂਰੀ ਵਰਤੋਂ ਕਰਨ, ਜਿਸ ਨਾਲ ਵੀ ਜੁੜਿਆ ਜਾ ਸਕਦਾ ਹੈ ਉਸ ਨਾਲ ਏਕਤਾ ਕਰਨ ਤੇ ਨਾਂਹ-

ਪੱਖੀ ਅੰਸ਼ਾਂ ਨੂੰ ਹਾਂ-ਪੱਖੀ ਅੰਸ਼ਾਂ 'ਚ ਬਦਲਣ ਦੀ ਹਰ ਸੰਭਵ ਕੋਸ਼ਿਸ਼ ਕਰਨ ਦੇ ਵਿਚਾਰ ਦਾ ਵਿਰੋਧ ਕਰਦੇ ਹਨ। ਮੈਂ ਆਸ ਕਰਦਾ ਹਾਂ ਕਿ ਇਹ ਲੋਕ ਸੋਚਣ ਦਾ ਦਾਇਰਾ ਵਿਸ਼ਾਲ ਕਰਨਗੇ ਤੇ ਇਸ ਨੂੰ ਸੱਚੀਓਂ ਹੀ ਮਾਨਤਾ ਦੇਣਗੇ ਕਿ ਸਾਡੀ ਵਸੋਂ 60 ਕਰੋੜ ਹੈ, ਕਿ ਇਹ ਇੱਕ ਬਾਹਰਮੁਖੀ ਹਕੀਕਤ ਹੈ, ਕਿ ਇਹ ਸਾਡੀ ਪੂੰਜੀ ਹੈ। ਸਾਡੀ ਵੱਡੀ ਵਸੋਂ ਇੱਕ ਚੰਗੀ ਚੀਜ਼ ਹੈ, ਪਰ ਬਿਨਾਂ ਸ਼ੱਕ ਇਸ ਦੀ ਬਦੌਲਤ ਕੁੱਝ ਮੁਸ਼ਕਲਾਂ ਵੀ ਹਨ। ਸਾਰੇ ਮੁਹਾਜਾਂ 'ਤੇ ਉਸਾਰੀ ਬਹੁਤ ਜੋਰ ਨਾਲ ਤੇ ਕਾਮਯਾਬੀ ਨਾਲ ਹੋ ਰਹੀ ਹੈ, ਪਰ ਲੋਹੜੇ ਦੀ ਸਮਾਜਿਕ ਤਬਦੀਲੀ ਦੇ ਮੌਜੂਦਾ ਸੰਗਰਾਂਦੀ ਦੌਰ 'ਚ ਅਜੇ ਕਈ ਮੁਸ਼ਕਲ ਸਮੱਸਿਆਵਾਂ ਹਨ। ਤਰੱਕੀ ਤੇ ਉਸੇ ਵੇਲੇ ਮੁਸ਼ਕਲਾਂ—ਇਹ ਇੱਕ ਵਿਰੋਧਤਾਈ ਹੈ। ਤਾਂ ਵੀ, ਅਜਿਹੀਆਂ ਸਾਰੀਆਂ ਸਮੱਸਿਆਵਾਂ ਨਾ ਸਿਰਫ ਹੱਲ ਹੋਣੀਆਂ ਚਾਹੀਦੀਆਂ ਹਨ, ਬਲਕਿ ਇਹਨਾਂ ਨੂੰ ਨਿਸ਼ਚਿਤ ਤੌਰ 'ਤੇ ਹੱਲ ਕੀਤਾ ਜਾ ਸਕਦਾ ਹੈ। ਸਾਡਾ ਰਹਿਨੁਮਾ ਅਸੂਲ ਹੈ : ਸਮੁੱਚੀ ਵਿਉਂਤਬੰਦੀ ਤੇ ਉੱਚਿਤ ਇੰਤਜਾਮ। ਕੋਈ ਵੀ ਸਮੱਸਿਆ ਹੋਵੇ, ਭਾਵੇਂ ਇਹ ਖੁਰਾਕ, ਕੁਦਰਤੀ ਆਫਤਾਂ, ਰੁਜ਼ਗਾਰ, ਵਿਦਿਆ, ਬੁੱਧੀਜੀਵੀਆਂ, ਸਾਰੀਆਂ ਦੇਸ਼ ਭਗਤ ਤਾਕਤਾਂ ਦਾ ਸਾਂਝਾ ਮੋਰਚਾ ਜਾਂ ਘੱਟ ਗਿਣਤੀ ਕੌਮੀਅਤਾਂ ਨਾਲ ਸੰਬੰਧਤ ਹੋਵੇ, ਜਾਂ ਕੁਝ ਵੀ ਹੋਰ— ਸਾਨੂੰ ਲਾਜ਼ਮੀ ਹੀ ਸਮੁੱਚੀ ਵਿਉਂਤਬੰਦੀ ਦੇ ਨੁਕਤਾ ਨਜਰ ਤੋਂ ਤੁਰਨਾ ਚਾਹੀਦਾ ਹੈ ਜਿਹੜੀ ਸਮੁੱਚੇ ਲੋਕਾਂ ਨੂੰ ਕਲਾਵੇ 'ਚ ਲੈਂਦੀ ਹੋਵੇ ਅਤੇ ਨਿਸ਼ਚਿਤ ਸਮੇਂ ਤੇ ਸਥਾਨ ਦੀਆਂ ਵਿਸ਼ੇਸ਼ ਸੰਭਾਵਨਾਵਾਂ ਦੀ ਰੌਸ਼ਨੀ 'ਚ ਸਾਰੀਆਂ ਸੰਬੰਧਤ ਧਿਰਾਂ ਨਾਲ ਸਲਾਹ ਮਸ਼ਵਰੇ ਪਿੱਛੋਂ ਉੱਚਿਤ ਇੰਤਜਾਮ ਕਰਨਾ ਚਾਹੀਦਾ ਹੈ। ਕਿਸੇ ਵੀ ਹਿਸਾਬ ਸਾਨੂੰ ਇਹ ਸ਼ਿਕਾਇਤ ਨਹੀਂ ਕਰਨੀ ਚਾਹੀਦੀ ਕਿ ਇਥੇ ਬਹੁਤ ਸਾਰੇ ਲੋਕ ਹਨ, ਕਿ ਉਹ ਪਛੜੇ ਹੋਏ ਹਨ, ਕਿ ਚੀਜ਼ਾਂ ਤਕਲੀਫਦੇਹ ਹਨ ਤੇ ਉਹਨਾਂ ਨੂੰ ਨਜਿੱਠਣਾ ਮੁਸ਼ਕਲ ਹੈ ਤੇ ਇਸ ਤਰ੍ਹਾਂ ਸਮੱਸਿਆਵਾਂ ਵਾਲਾ ਵਰਕਾ ਹੀ ਪਾੜ ਦਿਓ ? ਕੀ ਇਸ ਦਾ ਮਤਲਬ ਇਹ ਹੈ ਕਿ ਇਕੱਲੀ ਸਰਕਾਰ ਨੂੰ ਲਾਜ਼ਮੀ ਹੀ ਹਰੇਕ ਜਣੇ ਤੇ ਹਰ ਇੱਕ ਚੀਜ਼ ਦਾ ਖਿਆਲ ਰੱਖਣਾ ਚਾਹੀਦਾ ਹੈ ? ਬਿਨਾਂ ਸ਼ੱਕ ਨਹੀਂ। ਕਾਫੀ ਮਾਮਲਿਆਂ 'ਚ, ਉਹਨਾਂ ਨੂੰ ਪਬਲਿਕ ਜੱਥੇਬੰਦੀਆਂ ਜਾਂ ਜਨਤਾ ਦੀ ਸਿੱਧੀ ਦੇਖਭਾਲ ਅਧੀਨ ਛੱਡਿਆ ਜਾ ਸਕਦਾ ਹੈ—ਦੋਵੇਂ ਹੀ ਉਹਨਾਂ ਨੂੰ ਨਜਿੱਠਣ ਦੇ ਕਈ ਚੰਗੇ ਢੰਗ ਤਰੀਕੇ ਕੱਢਣ ਦੇ ਪੂਰੀ ਤਰ੍ਹਾਂ ਯੋਗ ਹਨ। ਇਹ ਵੀ ਸਮੁੱਚੀ ਵਿਉਂਤਬੰਦੀ ਤੇ ਉਚਿੱਤ ਇੰਤਜਾਮ ਦੇ ਅਸੂਲ ਦੇ ਘੇਰੇ 'ਚ ਆਉਂਦਾ ਹੈ। ਸਾਨੂੰ ਇਸ ਮਾਮਲੇ ਸੰਬੰਧੀ ਹਰ ਥਾਂ ਲੋਕਾਂ ਤੇ ਪਬਲਿਕ ਜੱਥੇਬੰਦੀਆਂ ਨੂੰ ਅਗਵਾਈ ਦੇਣੀ ਚਾਹੀਦੀ ਹੈ।

## 8 "ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ" ਅਤੇ "ਲੰਮੇ ਸਮੇਂ ਦੀ ਸਹਿਹੋਂਦ ਤੇ ਪਰਸਪਰ ਨਿਗਰਾਨੀ" ਬਾਰੇ

"ਸੌ ਫੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ" ਅਤੇ "ਲੰਮੇ ਸਮੇਂ ਦੀ ਸਹਿਹੋਂਦ ਅਤੇ ਪਰਸਪਰ ਨਿਗਰਾਨੀ"— ਇਹ ਨਾਅਰੇ ਪੇਸ਼ ਕਰਨ ਲਈ ਕਿਸ ਤਰ੍ਹਾਂ ਮੂਹਰੇ ਆਏ ? ਇਹ ਨਾਅਰੇ ਚੀਨ ਦੀਆਂ ਠੋਸ ਹਾਲਤਾਂ ਦੀ ਰੌਸ਼ਨੀ 'ਚ ਪੇਸ਼ ਕੀਤੇ ਗਏ ਸਨ, ਸਮਾਜਵਾਦੀ ਸਮਾਜ ਵਿਚ ਜਾਰੀ ਰਹਿ ਰਹੀਆਂ ਕਈ ਕਿਸਮ ਦੀਆਂ ਵਿਰੋਧਤਾਈਆਂ ਦੀ ਹੋਂਦ ਦੀ ਪਛਾਣ ਦੇ ਆਧਾਰ 'ਤੇ ਅਤੇ ਦੇਸ਼ ਦੇ ਆਰਥਿਕ ਤੇ ਸੱਭਿਆਚਾਰਕ ਵਿਕਾਸ ਦੀ ਰਫਤਾਰ ਨੂੰ ਤੇਜ ਕਰਨ ਦੀ ਫੌਰੀ ਲੋੜ ਦੇ ਹੁੰਗਾਰੇ ਪੱਖੋਂ ਪੇਸ਼ ਕੀਤੇ ਗਏ ਸਨ। ਸਾਡੀ ਧਰਤ 'ਤੇ ਸਮਾਜਵਾਦੀ ਸੱਭਿਆਚਾਰ ਨੂੰ ਵਧਾਉਣ-

ਫੈਲਾਉਣ ਅਤੇ ਵਿਗਿਆਨ ਤੇ ਕਲਾ ਦੀ ਤਰੱਕੀ ਲਈ ਸੌ ਫੁੱਲ ਖਿੜਨ ਅਤੇ ਸੌ ਵਿਚਾਰ ਭਿੜਨ ਦੀ ਨੀਤੀ ਅਪਣਾਈ ਗਈ ਹੈ। ਕਲਾ ਵਿਚ ਵੱਖਰੀਆਂ-ਵੱਖਰੀਆਂ ਸ਼ਕਲਾਂ ਤੇ ਅੰਦਾਜ਼ ਬੇਰੋਕ-ਟੋਕ ਵਿਕਸਤ ਹੋਣ ਦੇਣੇ ਚਾਹੀਦੇ ਹਨ ਅਤੇ ਵਿਗਿਆਨ ਵਿਚ ਵੱਖਰੇ-ਵੱਖਰੇ ਵਿਚਾਰ ਬੇਰੋਕ ਟੋਕ ਭਿੜਨ ਦੇਣੇ ਚਾਹੀਦੇ ਹਨ। ਅਸੀਂ ਸੋਚਦੇ ਹਾਂ ਕਿ ਇਉਂ ਕਰਨਾ ਕਲਾ ਤੇ ਵਿਗਿਆਨ ਦੇ ਵਾਧੇ ਲਈ ਨੁਕਸਾਨਦੇਹ ਹੈ, ਜੇ ਅਸੀਂ ਪ੍ਰਬੰਧਕ ਕਦਮਾਂ ਦੀ ਵਰਤੋਂ ਕਰਕੇ ਕਲਾ ਦੇ ਵਿਸ਼ੇਸ਼ ਅੰਦਾਜ ਜਾਂ ਧਾਰਨਾ ਨੂੰ ਮੜ੍ਹਦੇ ਹਾਂ ਤੇ ਦੂਜੇ ਤੇ ਬੰਦਸ਼ ਲਾਉਂਦੇ ਹਾਂ। ਕਲਾ ਤੇ ਵਿਗਿਆਨ ਵਿਚ ਗਲਤ ਤੇ ਠੀਕ ਦਾ ਸੁਆਲ ਕਲਾਤਮਕ ਤੇ ਵਿਗਿਆਨਕ ਹਲਕਿਆਂ 'ਚ ਅਜਾਦਾਨਾ ਬਹਿਸ-ਵਿਚਾਰ ਰਾਹੀਂ ਅਤੇ ਇਹਨਾਂ ਖੇਤਰਾਂ 'ਚ ਅਮਲੀ ਕੰਮ ਰਾਹੀਂ ਨਬੇੜੇ ਜਾਣੇ ਚਾਹੀਦੇ ਹਨ। ਉਹ ਥੋਕ ਰੂਪ 'ਚ ਨਹੀਂ ਨਬੇੜੇ ਜਾਣੇ ਚਾਹੀਦੇ। ਕਿਸੇ ਚੀਜ ਦੇ ਠੀਕ ਜਾਂ ਗਲਤ ਹੋਣ ਦੇ ਨਿਤਾਰੇ ਲਈ ਅਕਸਰ ਇਕ ਅਜ਼ਮਾਇਸ਼ੀ ਸਮੇਂ ਦੀ ਲੋੜ ਹੁੰਦੀ ਹੈ। ਸਮੁੱਚੇ ਇਤਿਹਾਸ ਅੰਦਰ, ਸ਼ੁਰੂ 'ਚ ਨਵੀਆਂ ਤੇ ਠੀਕ ਚੀਜ਼ਾਂ ਵੀ ਅਕਸਰ ਬਹੁਗਿਣਤੀ ਲੋਕਾਂ ਦੀ ਮਾਨਤਾ ਹਾਸਲ ਕਰਨ 'ਚ, ਫੇਲ ਹੋ ਜਾਂਦੀਆਂ ਹਨ ਤੇ ਜਦੋ-ਜਹਿਦ ਅੰਦਰ ਮੋੜਾਂ ਘੋੜਾਂ 'ਚੋਂ ਲੰਘ ਕੇ ਵਿਕਾਸ ਕਰਦੀਆਂ ਹਨ। ਅਕਸਰ, ਠੀਕ ਤੇ ਚੰਗੀਆਂ ਚੀਜ਼ਾਂ ਨੂੰ ਪਹਿਲਾਂ ਖੁਸ਼ਬੂਦਾਰ ਫੁੱਲ ਨਹੀਂ ਸਗੋਂ ਜ਼ਹਿਰਲੀਆਂ ਬੂਟੀਆਂ ਸਮਝਿਆ ਜਾਂਦਾ ਸੀ। ਸੂਰਜ ਮੰਡਲ ਸੰਬੰਧੀ ਕੋਪਰਨੀਕਸ ਦੇ ਸਿਧਾਂਤ ਤੇ ਵਿਕਾਸ ਸੰਬੰਧੀ ਡਾਰਵਿਨ ਦੇ ਸਿਧਾਂਤ ਨੂੰ ਇੱਕ ਵਾਰ ਗਲਤ ਕਰਾਰ ਦੇ ਕੇ ਰੱਦ ਕਰ ਦਿੱਤਾ ਗਿਆ ਸੀ ਅਤੇ ਇਹਨਾਂ ਨੂੰ ਬਹੁਤ ਜ਼ਿਆਦਾ ਤਿੱਖੇ ਵਿਰੋਧ 'ਚ ਜੇਤੂ ਹੋ ਕੇ ਨਿਕੱਲਣਾ ਪਿਆ ਸੀ। ਚੀਨੀ ਇਤਿਹਾਸ ਅਜਿਹੀਆਂ ਕਈ ਉਦਾਹਰਣਾਂ ਪੇਸ਼ ਕਰਦਾ ਹੈ। ਸਮਾਜਵਾਦੀ ਸਮਾਜ ਵਿੱਚ, ਨਵੇਂ ਦੇ ਵਿਕਾਸ ਲਈ ਹਾਲਤਾਂ ਪੁਰਾਣੇ ਸਮਾਜ ਨਾਲੋਂ ਕਿਤੇ ਜ਼ਿਆਦਾ ਵੱਖਰੀਆਂ ਤੇ ਉਤਮ ਹਨ। ਇਸ ਦੇ ਬਾਵਜੂਦ ਵੀ, ਇਹ ਅਕਸਰ ਵਾਪਰਦਾ ਹੈ ਕਿ ਨਵੀਆਂ ਉਭਰ ਰਹੀਆਂ ਤਾਕਤਾਂ ਨੂੰ ਪਿੱਛੇ ਖਿੱਚਿਆ ਜਾਂਦਾ ਹੈ ਤੇ ਤਰਕਸ਼ੀਲ ਵਿਚਾਰਾਂ 'ਤੇ ਰੋਕਾਂ ਲਾਈਆਂ ਜਾਂਦੀਆਂ ਹਨ। ਇਸ ਤੋਂ ਜ਼ਿਆਦਾ, ਭਾਵੇਂ ਜਾਣ ਬੁੱਝ ਕੇ ਰੋਕ ਨਾ ਹੀ ਲਾਈ ਜਾਵੇ, ਤਾਂ ਵੀ ਸੂਝ ਸਿਆਣਪ ਦੀ ਘਾਟ ਕਰਕੇ ਹੀ ਨਵੀਆਂ ਚੀਜ਼ਾਂ ਦੇ ਵੱਧਣ-ਫੁਲਣ 'ਚ ਰੁਕਾਵਟ ਪੈ ਜਾਂਦੀ ਹੈ। ਇਸ ਲਈ ਗਿਆਨ ਤੇ ਕਲਾ ਦੇ ਖੇਤਰ 'ਚ ਗਲਤ ਅਤੇ ਠੀਕ ਦੇ ਸੁਆਲਾਂ ਬਾਰੇ ਚੌਕਸ ਰਹਿਣਾ ਜ਼ਰੂਰੀ ਹੈ, ਅਜਾਦਾਨਾ ਬਹਿਸ— ਵਿਚਾਰ ਨੂੰ ਉਤਸ਼ਾਹਤ ਕਰਨ ਤੇ ਜਲਦਬਾਜੀ 'ਚ ਸਿੱਟੇ ਕੱਢਣ ਤੋਂ ਬਚਣ ਦੀ ਲੋੜ ਹੈ। ਸਾਨੂੰ ਵਿਸ਼ਵਾਸ ਹੈ ਕਿ ਇਹੋ ਜਿਹਾ ਰਵਈਆ ਕਲਾ ਤੇ ਵਿਗਿਆਨ ਦੇ ਮੁਕਾਬਲਤਨ ਸਹਿਲ-ਵਿਕਾਸ ਨੂੰ ਯਕੀਨੀ ਬਣਾਉਣ 'ਚ ਮੱਦਦਗਾਰ ਹੋਵੇਗਾ।

ਮਾਰਕਸਵਾਦ ਵੀ ਜਦੋ-ਜਹਿਦ ਰਾਹੀਂ ਵਿਕਸਤ ਹੋਇਆ ਹੈ। ਸ਼ੁਰੂ ਸ਼ੁਰੂ 'ਚ ਮਾਰਕਸਵਾਦ ਵੀ ਸਾਰੇ ਕਿਸਮਾਂ ਦੇ ਹਮਲਿਆਂ ਦਾ ਸ਼ਿਕਾਰ ਹੋਇਆ ਤੇ ਇਸਨੂੰ ਜ਼ਹਿਰੀਲੀਆਂ ਬੂਟੀਆਂ ਸਮਝਿਆ ਗਿਆ। ਸੰਸਾਰ ਦੇ ਕਈ ਭਾਗਾਂ 'ਚ ਅਜੇ ਵੀ ਇਸ ਤੇ ਹਮਲੇ ਹੋ ਰਹੇ ਹਨ ਅਤੇ ਇਸ ਨੂੰ ਜਹਿਰੀਲੀ ਬੂਟੀ ਹੀ ਸਮਝਿਆ ਜਾਂਦਾ ਹੈ। ਸਮਾਜਵਾਦੀ ਮੁਲਕਾਂ 'ਚ, ਇਸ ਨੂੰ ਵੱਖਰੀ ਹੈਸੀਅਤ ਹਾਸਲ ਹੈ। ਪਰ ਇਹਨਾਂ ਮੁਲਕਾਂ 'ਚ ਗੈਰ-ਮਾਰਕਸਵਾਦੀ ਤੇ ਇਸ ਤੋਂ ਵੀ ਵੱਧ ਮਾਰਕਸਵਾਦ-ਵਿਰੋਧੀ ਵਿਚਾਰਧਾਰਾਵਾਂ ਅਜੇ ਵੀ ਮੌਜੂਦ ਹਨ। ਭਾਵੇਂ ਚੀਨ ਵਿੱਚ ਮਾਲਕੀ ਦੇ ਢਾਂਚੇ ਪੱਖੋਂ ਮੁੱਖ ਤੌਰ 'ਤੇ ਸਮਾਜਵਾਦੀ ਕਾਇਆ ਪਲਟੀ ਹੋ ਚੁੱਕੀ ਹੈ, ਅਤੇ ਭਾਵੇਂ ਇਨਕਲਾਬ ਦੇ ਸਮਿਆਂ 'ਚ ਵੱਡੀ ਪੱਧਰ 'ਤੇ ਵਾਪਰਨ ਵਾਲੀਆਂ ਜਨਤਾ ਦੀਆਂ ਤੂਫਾਨੀ ਜਮਾਤੀ ਜਦੋਜਹਿਦਾਂ ਮੁੱਖ ਤੌਰ 'ਤੇ ਖਤਮ ਹੋ

ਗਈਆਂ ਹਨ, ਪਰ ਅਜੇ ਵੀ ਉਲਟਾਏ ਗਏ ਜਗੀਰਦਾਰਾਂ ਤੇ ਦਲਾਲ ਜਮਾਤਾਂ ਦੀ ਰਹਿੰਦ-ਖੂੰਹਦ ਬਾਕੀ ਹੈ, ਅਜੇ ਵੀ ਬੁਰਜੂਆਜ਼ੀ ਕਾਇਮ ਹੈ ਅਤੇ ਨਿੱਕ-ਬੁਰਜੂਆਜ਼ੀ ਦੀ ਮੁੜ-ਢਲਾਈ ਹੁਣੇ ਸ਼ੁਰੂ ਹੋਈਹੈ। ਜਮਾਤੀ ਜਦੋ-ਜਹਿਦ ਕਿਵੇਂ ਵੀ ਖਤਮ ਨਹੀਂ ਹੋਈ। ਪ੍ਰੋਲੇਤਾਰੀ ਤੇ ਬੁਰਜੂਆਜ਼ੀ ਵਿਚਕਾਰ ਜਮਾਤੀ ਜਦੋ-ਜਹਿਦ ਅਤੇ ਵਿਚਾਰਧਾਰਕ ਖੇਤਰ 'ਚ ਪ੍ਰੋਲੇਤਾਰੀ ਤੇ ਬੁਰਜੂਆਜ਼ੀ ਦੀ ਜਮਾਤੀ ਜਦੋਜਹਿਦ ਅਜੇ ਵੀ ਲਮਕਵੀਂ, ਮੋੜਾਂ-ਘੋੜਾਂ ਵਾਲੀ ਤੇ ਇਥੋਂ ਤੱਕ ਕਿ ਕੁੱਝ ਮੌਕਿਆਂ 'ਤੇ ਬਹੁਤ ਤਿੱਖੀ ਹੋਣੀ ਜਾਰੀ ਰਹੇਗੀ। ਪ੍ਰੋਲੇਤਾਰੀ ਸੰਸਾਰ ਨੂੰ ਆਪਣੇ ਸੰਸਾਰ ਨਜ਼ਰੀਏ ਅਨੁਸਾਰ ਬਦਲਣਾ ਚਾਹੁੰਦਾ ਹੈ, ਤੇ ਇਸੇ ਤਰ੍ਹਾਂ ਬੁਰਜੂਆਜ਼ੀ ਆਪਣੇ ਸੰਸਾਰ ਨਜ਼ਰੀਏ ਅਨੁਸਾਰ। ਇਸ ਪੱਖੋਂ ਸਮਾਜਵਾਦ ਜਾਂ ਪੂੰਜੀਵਾਦ ਦੋਹਾਂ 'ਚੋਂ ਕਿਹੜਾ ਜਿੱਤੇਗਾ, ਇਸ ਸੁਆਲ ਦਾ ਅਸਲ 'ਚ ਅਜੇ ਨਿਬੇੜਾ ਨਹੀਂ ਹੋਇਆ। ਮਾਰਕਸਵਾਦੀ, ਬੁੱਧੀਜੀਵੀਆਂ ਵਿੱਚ ਅਤੇ ਵਿਆਪਕ ਵਸੋਂ ਵਿੱਚ ਘੱਟ ਗਿਣਤੀ 'ਚ ਹਨ। ਇਸ ਲਈ ਮਾਰਕਸਵਾਦ ਨੂੰ ਅਜੇ ਵੀ ਜਦੋਜਹਿਦ ਰਾਹੀਂ ਵਿਕਾਸ ਕਰਨਾ ਪੈਣਾ ਹੈ। ਮਾਰਕਸਵਾਦ ਸਿਰਫ ਜਦੋਜਹਿਦ ਰਾਹੀਂ ਹੀ ਵਿਕਾਸ ਕਰ ਸਕਦਾ ਹੈ, ਇਹ ਨਾ ਸਿਰਫ ਬੀਤੇ ਤੇ ਵਰਤਮਾਨ ਬਾਰੇ ਸੱਚ ਹੈ, ਸਗੋਂ ਭਵਿੱਖ ਲਈ ਵੀ ਇਹ ਸੱਚ ਹੈ। ਠੀਕ ਹਮੇਸ਼ਾਂ ਹੀ ਗਲਤ ਨਾਲ ਭਿੜ ਕੇ ਵਿਕਾਸ ਕਰਦਾ ਹੈ। ਸੱਚਾ, ਚੰਗਾ, ਸੁੰਦਰ ਹਮੇਸ਼ਾਂ ਝੂਠਾ, ਭੈੜਾ ਤੇ ਭੱਦੇ ਦੀ ਤੁਲਨਾ 'ਚ ਹੀ ਮੌਜੂਦ ਹੁੰਦਾ ਹੈ ਤੇ ਇਹਨਾਂ ਨਾਲ ਜਦੋਜਹਿਦ 'ਚ ਵਧਦਾ-ਫੁਲਦਾ ਹੈ। ਜਿਉਂ ਹੀ ਗਲਤ ਰੱਦ ਹੋ ਜਾਂਦਾ ਹੈ ਅਤੇ ਵਿਸ਼ੇਸ਼ ਸੱਚਾਈ ਮਨੁੱਖਤਾ ਵਲੋਂ ਸਵੀਕਾਰੀ ਜਾਂਦੀ ਹੈ, ਤਿਉਂ ਹੀ ਨਵੀਆਂ ਸੱਚਾਈਆਂ ਦੀ ਨਵੀਆਂ ਗਲਤੀਆਂ ਨਾਲ ਜਦੋਜਹਿਦ ਸ਼ੁਰੂ ਹੋ ਜਾਂਦੀ ਹੈ। ਅਜੇਹੀਆਂ ਜਦੋਜਹਿਦਾਂ ਕਦੇ ਵੀ ਖਤਮ ਨਹੀਂ ਹੋਣਗੀਆਂ। ਇਹ ਸੱਚ ਦੇ ਵਿਕਾਸ ਦਾ ਨਿਯਮ ਹੈ, ਅਤੇ ਸੁਭਾਵਿਕ ਤੌਰ 'ਤੇ ਮਾਰਕਸਵਾਦ ਦੇ ਵਿਕਾਸ ਦਾ ਵੀ ਨਿਯਮ ਹੈ।

ਸਾਡੇ ਦੇਸ਼ ਵਿੱਚ ਸਮਾਜਵਾਦ ਤੇ ਪੂੰਜੀਵਾਦ ਵਿਚਕਾਰ ਵਿਚਾਰਧਾਰਕ ਜਦੋਜਹਿਦ ਦੇ ਮਸਲੇ ਦੇ ਨਿਪਟਾਰੇ ਲਈ ਕਾਫੀ ਲੰਮਾ ਸਮਾਂ ਲੱਗੇਗਾ। ਇਸ ਦਾ ਕਾਰਨ ਇਹ ਹੈ ਕਿ ਪੁਰਾਣੇ ਸਮਾਜ 'ਚੋਂ ਆਈ ਬੁਰਜੂਆਜ਼ੀ ਤੇ ਬੁੱਧੀਜੀਵੀਆਂ ਦੇ ਪ੍ਰਭਾਵ ਤੇ ਏਸੇ ਤਰ੍ਹਾਂ ਉਨਾਂ ਦੀ ਜਮਾਤੀ ਵਿਚਾਰਧਾਰਾ ਵੀ, ਲੰਮਾ ਸਮਾਂ ਸਾਡੇ ਮੁਲਕ 'ਚ ਰਹਿਣਗੇ। ਜੇ ਇਹ ਬਿਲਕੁਲ ਹੀ ਨਾ ਸਮਝਿਆ ਗਿਆ ਜਾਂ ਮੁਨਾਸਿਬ ਹੱਦ ਤੱਕ ਨਾ ਸਮਝਿਆ ਗਿਆ, ਤਾਂ ਬਹੁਤ ਹੀ ਸੰਗੀਨ ਗਲਤੀਆਂ ਕੀਤੀਆਂ ਜਾਣਗੀਆਂ ਅਤੇ ਵਿਚਾਰਧਾਰਕ ਖੇਤਰ ਵਿਚ ਜਦੋਜਹਿਦ ਦੀ ਲੋੜ ਨਜ਼ਰਅੰਦਾਜ਼ ਕੀਤੀ ਜਾਵੇਗੀ। ਵਿਚਾਰਧਾਰਕ ਜਦੋਜਹਿਦ ਘੋਲ ਦੀਆਂ ਦੂਜੀਆਂ ਸ਼ਕਲਾਂ ਵਰਗੀ ਨਹੀਂ ਹੁੰਦੀ, ਕਿਉਂਕਿ ਇਸ 'ਚ ਸਿਰਫ ਘਾਲਣਾ-ਭਰੀ ਦਲੀਲਬਾਜ਼ੀ ਕਰਨ ਦੇ ਢੰਗ ਦੀ ਵਰਤੋਂ ਹੀ ਕੀਤੀ ਜਾਂਦੀ ਹੈ, ਨਾ ਕਿ ਕੁੱਢਰ ਦਬਕਿਆਂ ਦੀ। ਅੱਜ ਸਮਾਜਵਾਦ ਵਿਚਾਰਧਾਰਕ ਜਦੋਜਹਿਦ ਪੱਖੋਂ ਲਾਹੇਵੰਦ ਹਾਲਤ 'ਚ ਹੈ। ਸਿਆਸੀ ਤਾਕਤ ਪ੍ਰੋਲੇਤਾਰੀ ਦੀ ਅਗਵਾਈ ਹੇਠ ਕਿਰਤੀ ਲੋਕਾਂ ਦੇ ਹੱਥ ਹੈ। ਕਮਿਊਨਿਸਟ ਪਾਰਟੀ ਮਜ਼ਬੂਤ ਹੈ ਤੇ ਇਸ ਦਾ ਵਕਾਰ ਉੱਚਾ ਹੈ। ਭਾਵੇਂ ਸਾਡੇ ਕੰਮ 'ਚ ਨੁਕਸ ਤੇ ਗਲਤੀਆਂ ਹਨ, ਪਰ ਹਰ ਖਰੀ ਸੋਚਣੀ ਵਾਲਾ ਵਿਅਕਤੀ ਦੇਖ ਸਕਦਾ ਹੈ ਕਿ ਅਸੀਂ ਲੋਕਾਂ ਪ੍ਰਤੀ ਵਫਾਦਾਰ ਹਾਂ, ਕਿ ਅਸੀਂ ਉਹਨਾਂ ਸਮੇਤ ਆਪਣੀ ਮਾਤਭੂਮੀ ਦੀ ਉਸਾਰੀ ਲਈ ਦੋਵੇਂ ਦ੍ਰਿੜ ਅਤੇ ਯੋਗ ਹਾਂ, ਅਤੇ ਅਸੀਂ ਪਹਿਲਾਂ ਹੀ ਵੱਡੀਆਂ ਮੱਲਾਂ ਮਾਰ ਚੁੱਕੇ ਹਾਂ ਅਤੇ ਅਜੇ ਹੋਰ ਵਡੇਰੀਆਂ ਮੱਲਾਂ ਮਾਰਨੀਆਂ ਹਨ। ਬੁਰਜੂਆਜ਼ੀ ਤੇ ਬੁੱਧੀਜੀਵੀਆਂ ਦੀ ਵਿਸ਼ਾਲ ਬਹੁਗਿਣਤੀ, ਜਿਹੜੀ ਪੁਰਾਣੇ

ਸਮਾਜ 'ਚੋਂ ਆਈ ਹੈ, ਦੇਸ਼ ਭਗਤ ਹੈ ਅਤੇ ਸਮਾਜਵਾਦੀ ਮਾਤਭੂਮੀ ਦੀ ਖੁਸ਼ਹਾਲੀ ਲਈ ਕੰਮ ਕਰਨ ਲਈ ਰਾਜ਼ੀ ਹੈ। ਉਹ ਜਾਣਦੇ ਹਨ ਕਿ ਜੇ ਉਹ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਕਿਰਤੀ ਲੋਕਾਂ ਤੇ ਸਮਾਜਵਾਦੀ ਕਾਜ ਤੋਂ ਮੂੰਹ ਭੰਵਾ ਲੈਣ ਤਾਂ ਉਹ ਬੇਬਸ ਹੋਣਗੇ ਅਤੇ ਉਹਨਾਂ ਦਾ ਭਵਿੱਖ ਉੱਜਲਾ ਨਹੀਂ ਹੋਵੇਗਾ।

ਲੋਕ ਪੁੱਛ ਸਕਦੇ ਹਨ ਕਿ ਸਾਡੇ ਦੇਸ਼ ਦੇ ਬਹੁਗਿਣਤੀ ਲੋਕਾਂ ਵਲੋਂ ਮਾਰਕਸਵਾਦ ਨੂੰ ਰਹਿਨੁਮਾ ਵਿਚਾਰਧਾਰਾ ਮੰਨਣ ਕਰਕੇ ਕੀ ਇਸ ਦੀ ਪੜਚੋਲ ਕੀਤੀ ਜਾ ਸਕਦੀ ਹੈ ? ਪੱਕ ਨਾਲ ਹੀ, ਇਹ ਕੀਤੀ ਜਾ ਸਕਦੀ ਹੈ। ਮਾਰਕਸਵਾਦ ਵਿਗਿਆਨਕ ਸੱਚ ਹੈ ਤੇ ਇਹ ਕਿਸੇ ਪੜਚੋਲ ਤੋਂ ਨਹੀਂ ਡਰਦਾ। ਜੇ ਇਹ ਡਰਦਾ ਹੋਵੇ ਅਤੇ ਜੇ ਇਸ ਨੂੰ ਪੜਚੋਲ ਰਾਹੀਂ ਉਲਟਾਇਆ ਜਾ ਸਕਦਾ ਹੋਵੇ ਤਾਂ ਇਹ ਕਿਸੇ ਕੰਮ ਦਾ ਨਹੀਂ ਹੋਵੇਗਾ। ਅਸਲ 'ਚ ਕੀ ਵਿਚਾਰਵਾਦੀ ਮਾਰਕਸਵਾਦ ਦੀ ਹਰ ਰੋਜ਼ ਤੇ ਹਰ ਢੰਗ ਨਾਲ ਪੜਚੋਲ ਨਹੀਂ ਕਰ ਰਹੇ ? ਉਹ ਜਿਹੜੇ ਬੁਰਜੂਆ ਜਾਂ ਨਿੱਕ-ਬੁਰਜੂਆ ਵਿਚਾਰਾਂ ਨੂੰ ਪਾਲਦੇ ਹਨ ਅਤੇ ਬਦਲਣਾ ਨਹੀਂ ਚਾਹੁੰਦੇ—ਕੀ ਉਹ ਵੀ ਮਾਰਕਸਵਾਦ ਦੀ ਹਰ ਢੰਗ ਨਾਲ ਪੜਚੋਲ ਨਹੀਂ ਕਰ ਰਹੇ ? ਮਾਰਕਸਵਾਦੀਆਂ ਨੂੰ ਕਿਸੇ ਵੀ ਪਾਸਿਓਂ ਹੋਈ ਪੜਚੋਲ ਤੋਂ ਨਹੀਂ ਡਰਨਾ ਚਾਹੀਦਾ। ਸਗੋਂ ਇਸ ਤੋਂ ਬਿਲਕੁਲ ਉਲਟ, ਉਹਨਾਂ ਨੂੰ ਪੜਚੋਲ ਦਾ ਸਾਹਮਣਾ ਕਰਕੇ ਅਤੇ ਜਦੋਜਹਿਦ ਤੇ ਦਬਾਵਾਂ ਅਤੇ ਤੁਫਾਨਾਂ ਵਿਚੋਂ ਆਪਣੇ ਆਪ ਨੂੰ ਚੰਡਣ ਤੇ ਵਿਕਸਤ ਕਰਨ ਅਤੇ ਨਵੀਆਂ ਜਿੱਤਾਂ ਜਿੱਤਣ ਦੀ ਲੋੜ ਹੈ। ਗਲਤ ਵਿਚਾਰਾਂ ਖਿਲਾਫ ਲੜਨਾ ਟੀਕਾ ਲਵਾਉਣ ਵਾਂਗ ਹੈ, ਟੀਕਾ ਲਵਾਉਣ ਨਾਲ ਆਦਮੀ ਬਿਮਾਰੀ ਤੋਂ ਬਚਾਓ ਸ਼ਕਤੀ ਵਿਕਸਤ ਕਰ ਲੈਂਦਾ ਹੈ। ਗਮਲਿਆਂ 'ਚ ਉਗਾਏ ਜਾਣ ਵਾਲੇ ਪੌਦੇ ਮਜ਼ਬੂਤ ਨਹੀਂ ਹੁੰਦੇ। "ਸੌ ਫੁੱਲ ਖਿੜਨ ਦੇਣ ਤੇ ਸੌ ਵਿਚਾਰ ਭਿੜਨ ਦੇਣ" ਦੀ ਨੀਤੀ ਲਾਗੂ ਕਰਨ ਨਾਲ ਵਿਚਾਰਧਾਰਕ ਖੇਤਰ 'ਚ ਮਾਰਕਸਵਾਦ ਦੀ ਆਗੂ ਹੈਸੀਅਤ ਕਮਜ਼ੋਰ ਨਹੀਂ ਹੋਵੇਗੀ, ਸਗੋਂ ਮਜ਼ਬੂਤ ਹੋਵੇਗੀ।

ਗੈਰ-ਮਾਰਕਸਵਾਦੀ ਵਿਚਾਰਾਂ ਵੱਲ ਸਾਡੀ ਨੀਤੀ ਕੀ ਹੋਣੀ ਚਾਹੀਦੀ ਹੈ ? ਜਿੱਥੋਂ ਤੱਕ ਅੜਬ ਉਲਟ-ਇਨਕਲਾਬੀਆਂ ਤੇ ਸਮਾਜਵਾਦੀ ਕਾਜ ਦੀ ਤੋੜ-ਭੰਨ ਕਰਨ ਵਾਲਿਆਂ ਦਾ ਸੰਬੰਧ ਹੈ, ਮਾਮਲਾ ਸੌਖਾ ਹੈ : ਅਸੀਂ ਸਿੱਧੇ ਹੀ ਉਹਨਾਂ ਨੂੰ ਬੋਲਣ ਦੀ ਅਜ਼ਾਦੀ ਤੋਂ ਵਾਂਝਿਆ ਕਰ ਦਿੰਦੇ ਹਾਂ। ਪਰ ਲੋਕਾਂ ਵਿੱਚ ਪਾਏ ਜਾਂਦੇ ਗਲਤ ਵਿਚਾਰਾਂ ਦਾ ਮਾਮਲਾ ਬਿਲਕੁੱਲ ਵੱਖਰਾ ਹੈ। ਕੀ ਅਜਿਹੇ ਵਿਚਾਰਾਂ 'ਤੇ ਬੰਦਸ਼ ਲਾਉਣ ਨਾਲ ਅਤੇ ਉਹਨਾਂ ਨੂੰ ਵਿਚਾਰ ਪ੍ਰਗਟ ਕਰਨ ਦਾ ਮੌਕਾ ਨਾ ਦੇਣ ਨਾਲ, ਗੱਲ ਬਣ ਜਾਵੇਗੀ ? ਯਕੀਨਨ ਹੀ ਨਹੀਂ। ਲੋਕਾਂ ਵਿਚਾਲੇ ਵਿਚਾਰਧਾਰਕ ਸਵਾਲਾਂ ਨੂੰ ਅਤੇ ਮਨੁੱਖ ਦੇ ਦਿਮਾਗੀ ਸੰਸਾਰ ਨਾਲ ਸੰਬੰਧ ਰੱਖਦੇ ਸਵਾਲਾਂ ਨੂੰ ਸਰਸਰੀ ਢੰਗਾਂ ਨਾਲ ਨਜਿੱਠਣਾ, ਨਾ ਸਿਰਫ ਬੇਫਾਇਦਾ ਹੀ ਹੋਵੇਗਾ ਸਗੋਂ ਬਹੁਤ ਹੀ ਨੁਕਸਾਨਦੇਹ ਵੀ ਹੋਵੇਗਾ। ਤੁਸੀਂ ਗਲਤ ਵਿਚਾਰਾਂ ਦੇ ਪ੍ਰਗਟਾਵੇ 'ਤੇ ਬੰਦਸ਼ ਲਾ ਸਕਦੇ ਹੋ, ਪਰ ਵਿਚਾਰ ਤਾਂ ਅਜੇ ਵੀ ਰਹਿਣਗੇ। ਦੂਜੇ ਬੰਨੇ, ਜੇ ਸਹੀ ਵਿਚਾਰਾਂ ਨੂੰ ਬਾਹਰਲੀ ਹਵਾ ਲਵਾਏ ਬਿਨਾਂ ਗਮਲਿਆਂ 'ਚ ਪਾਲਿਆ ਜਾਂਦਾ ਹੈ ਜਾਂ ਬੀਮਾਰੀਆਂ ਤੋਂ ਬਚਣ ਲਈ ਇਹਨਾਂ ਦੇ ਟੀਕਾ ਨਹੀਂ ਲਵਾਇਆ ਜਾਂਦਾ, ਤਾਂ ਉਹ ਗਲਤ ਵਿਚਾਰਾਂ ਖਿਲਾਫ ਲੜਾਈ 'ਚ ਜਿੱਤ ਨਹੀਂ ਸਕਣਗੇ। ਇਸ ਲਈ, ਸਿਰਫ ਬਹਿਸ-ਵਿਚਾਰ, ਪੜਚੋਲ ਤੇ ਦਲੀਲਬਾਜੀ ਦੇ ਢੰਗ ਨੂੰ ਲਾਗੂ ਕਰਨ ਨਾਲ ਹੀ ਅਸਲ 'ਚ ਸਹੀ ਵਿਚਾਰ ਵਿਕਸਤ ਕੀਤੇ ਜਾ ਸਕਦੇ ਹਨ ਤੇ ਗਲਤ ਵਿਚਾਰਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ, ਤੇ ਇਉਂ ਅਸੀਂ ਸਹੀ

ਢੰਗ ਨਾਲ ਮਸਲੇ ਹੱਲ ਕਰ ਸਕਦੇ ਹਾਂ।

ਇਹ ਅਟੱਲ ਹੈ ਕਿ ਬੁਰਜੂਆਜੀ ਅਤੇ ਨਿੱਕ-ਬੁਰਜੂਆਜ਼ੀ ਆਪਣੀਆਂ ਵਿਚਾਰਧਾਰਾਵਾਂ ਦਾ ਪ੍ਰਗਟਾਵਾ ਕਰਨਗੀਆਂ। ਇਹ ਅਟੱਲ ਹੈ ਕਿ ਉਹ ਸਿਆਸੀ ਤੇ ਵਿਚਾਰਧਾਰਕ ਸੁਆਲਾਂ ਬਾਰੇ ਹਰ ਸੰਭਵ ਸਾਧਨਾਂ ਨਾਲ ਅਤੇ ਅੜੀਅਲ ਢੰਗ ਨਾਲ ਆਪਣਾ-ਆਪਣਾ ਪ੍ਰਗਟਾਵਾ ਕਰਨਗੇ। ਤੁਸੀਂ ਉਹਨਾਂ ਤੋਂ ਹੋਰ ਢੰਗ ਨਾਲ ਚਲਣ ਦੀ ਆਸ ਨਹੀਂ ਰੱਖ ਸਕਦੇ। ਸਾਨੂੰ ਉਹਨਾਂ ਨੂੰ ਦਬਾਉਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਰੋਕਣ ਦੇ ਢੰਗ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਸਗੋਂ ਉਹਨਾਂ ਨੂੰ ਇਉਂ ਕਰਨ ਦੀ ਇਜਾਜਤ ਦੇਣੀ ਚਾਹੀਦੀ ਹੈ ਤੇ ਉਸੇ ਵੇਲੇ ਉਹਨਾਂ ਨਾਲ ਦਲੀਲਬਾਜ਼ੀ 'ਚ ਪੈਣਾ ਚਾਹੀਦਾ ਹੈ ਤੇ ਉਹਨਾਂ ਦੀ ਵਾਜਬ ਪੜਚੋਲ ਕਰਨੀ ਚਾਹੀਦੀ ਹੈ। ਬਿਨਾਂ ਸ਼ੱਕ, ਸਾਨੂੰ ਲਾਜ਼ਮੀ ਹੀ ਹਰ ਵੰਨਗੀ ਦੇ ਗਲਤ ਵਿਚਾਰਾਂ ਦੀ ਪੜਚੋਲ ਕਰਨੀ ਚਾਹੀਦੀ ਹੈ। ਪੜਚੋਲ ਕਰਨ ਤੋਂ ਟਾਲਾ ਵੱਟਣਾ, ਗਲਤ ਵਿਚਾਰਾਂ ਦੇ ਬੇਰੋਕ ਟੋਕ ਫੈਲਣ ਨੂੰ ਦੇਖਦੇ ਰਹਿਣਾ ਤੇ ਉਹਨਾਂ ਨੂੰ ਲੜਾਈ ਦੇ ਮੈਦਾਨ ਤੇ ਕਬਜਾ ਕਰਨ ਦੀ ਇਜਾਜਤ ਦੇਣਾ ਬਿਲਕੁਲ ਠੀਕ ਨਹੀਂ ਹੋਵੇਗਾ। ਜਦੋਂ ਹੀ ਉਹ ਪੈਦਾ ਹੁੰਦੀਆਂ ਹਨ, ਗਲਤੀਆਂ ਦੀ ਲਾਜ਼ਮੀ ਹੀ ਪੜਚੋਲ ਹੋਣੀ ਚਾਹੀਦੀ ਹੈ ਤੇ ਜ਼ਹਿਰੀਲੀਆਂ ਜੜ੍ਹੀ ਬੂਟੀਆਂ ਉਦੋਂ ਹੀ ਉਖਾੜ ਦੇਣੀਆਂ ਚਾਹੀਦੀਆਂ ਹਨ, ਤਾਂ ਵੀ, ਅਜਿਹੀ ਪੜਚੋਲ ਕੱਟੜਪੰਥੀ ਨਹੀਂ ਹੋਣੀ ਚਾਹੀਦੀ, ਅਤੇ ਅਧਿਆਤਮਵਾਦੀ ਢੰਗ ਨਹੀਂ ਵਰਤਣਾ ਚਾਹੀਦਾ, ਸਗੋਂ ਦਵੰਦਵਾਦੀ ਢੰਗ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਵਿਗਿਆਨਕ ਵਿਸ਼ਲੇਸ਼ਣ ਤੇ ਜਚਣਹਾਰ ਦਲੀਲਬਾਜੀ ਦੀ ਲੋੜ ਹੈ। ਕੱਟੜਪੰਥੀ ਕੁੱਝ ਨਹੀਂ ਸੰਵਾਰਦੀ। ਅਸੀਂ ਹਰ ਕਿਸਮ ਦੀਆਂ ਜ਼ਹਿਰੀਲੀਆਂ ਬੂਟੀਆਂ ਦੇ ਖਿਲਾਫ ਹਾਂ, ਪਰ ਸਾਨੂੰ ਲਾਜ਼ਮੀ ਹੀ ਇਹ ਵਖਰੇਂਵਾਂ ਕਰਨਾ ਚਾਹੀਦਾ ਹੈ ਕਿ ਅਸਲ 'ਚ ਕਿਹੜੀਆਂ ਜ਼ਹਿਰੀਲੀਆਂ ਬੂਟੀਆਂ ਹਨ ਤੇ ਕਿਹੜੇ ਖੁਸ਼ਬੂਦਾਰ ਫੁੱਲ ਹਨ। ਲੋਕਾਂ ਨਾਲ ਇੱਕ ਜੁੱਟ ਹੋ ਕੇ ਸਾਨੂੰ ਲਾਜ਼ਮੀ ਹੀ ਦੋਹਾਂ 'ਚ ਧਿਆਨ ਨਾਲ ਵਖਰੇਵਾਂ ਕਰਨਾ ਸਿੱਖਣਾ ਚਾਹੀਦਾ ਹੈ ਅਤੇ ਜ਼ਹਿਰੀਲੀਆਂ ਬੂਟੀਆਂ ਨੂੰ ਪੁੱਟਣ ਲਈ ਠੀਕ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਉਸੇ ਵੇਲੇ ਜਿਵੇਂ ਅਸੀਂ ਕੱਟੜਵਾਦ ਦੀ ਪੜਚੋਲ ਕਰਦੇ ਹਾਂ, ਸਾਨੂੰ ਲਾਜ਼ਮੀ ਹੀ ਸੋਧਵਾਦ ਦੀ ਪੜਚੋਲ ਵੰਨੀ ਆਪਣਾ ਧਿਆਨ ਸੇਧਤ ਕਰਨਾ ਚਾਹੀਦਾ ਹੈ। ਸੋਧਵਾਦ, ਜਾਂ ਸੱਜੀ ਮੌਕਾਪ੍ਰਸਤੀ ਸੋਚ ਦਾ ਇੱਕ ਬੁਰਜੂਆ ਰੁਝਾਨ ਹੈ ਜਿਹੜਾ ਕੱਟੜਵਾਦ ਨਾਲੋਂ ਵੱਧ ਖਤਰਨਾਕ ਹੈ। ਸੋਧਵਾਦੀ, ਸੱਜੇ ਮੌਕਾਪ੍ਰਸਤ ਜਬਾਨੀ-ਕਲਾਮੀ ਮਾਰਕਸਵਾਦ ਦੀ ਹਮਾਇਤ ਕਰਦੇ ਹਨ, ਉਹ "ਕੱਟੜਵਾਦ" ਤੇ ਵੀ ਹਮਲੇ ਕਰਦੇ ਹਨ ਪਰ ਉਹ ਅਸਲ 'ਚ ਜਿਸ ਚੀਜ਼ ਤੇ ਹਮਲਾ ਕਰਦੇ ਹਨ, ਇਹ ਮਾਰਕਸਵਾਦ ਦੀ ਗਿਰੀ ਹੈ। ਉਹ ਪਦਾਰਥਵਾਦ ਤੇ ਦਵੰਦਵਾਦ ਦਾ ਵਿਰੋਧ ਜਾਂ ਸ਼ਕਲ ਵਿਗਾੜ ਕਰਦੇ ਹਨ, ਲੋਕ ਜਮਹੂਰੀ ਤਾਨਾਸ਼ਾਹੀ ਅਤੇ ਕਮਿਊਨਿਸਟ ਪਾਰਟੀ ਦੇ ਆਗੂ ਭੂਮਿਕਾ ਦਾ ਵਿਰੋਧ ਕਰਦੇ ਹਨ ਜਾਂ ਇਸ ਨੂੰ ਕਮਜੋਰ ਕਰਦੇ ਹਨ ਜਾਂ ਕਮਜੋਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਥੋਂ ਤੱਕ ਕਿ ਸਾਡੇ ਦੇਸ਼ ਅੰਦਰ ਸਮਾਜਵਾਦੀ ਇਨਕਲਾਬ ਦੀ ਬੁਨਿਆਦੀ ਜਿੱਤ ਹੋ ਜਾਣ ਪਿੱਛੋਂ ਵੀ ਕਾਫੀ ਲੋਕ ਹਨ ਜਿਹੜੇ ਪੂੰਜੀਵਾਦੀ ਪ੍ਰਬੰਧ ਦੀ ਬਹਾਲੀ ਲਈ ਫਜੂਲ ਆਸਾਂ ਲਾਈ ਬੈਠੇ ਹਨ ਅਤੇ ਵਿਚਾਰਧਾਰਕ ਮੁਹਾਜ ਸਮੇਤ ਹਰ ਮੁਹਾਜ 'ਤੇ ਮਜ਼ਦੂਰ ਜਮਾਤ ਖਿਲਾਫ ਘੋਲ ਕਰ ਰਹੇ ਹਨ ਅਤੇ ਇਸ ਜਦੋਜਹਿਦ 'ਚ ਸੋਧਵਾਦੀ ਉਹਨਾਂ ਦੀ ਸੱਜੀ ਬਾਂਹ ਹਨ।

ਪਹਿਲੀ ਨਜ਼ਰੇ, ਦੋਵੇਂ ਨਾਅਰਿਆਂ "ਸੌ ਫੁੱਲ ਖਿੜਨ ਦਿਓ ਤੇ ਸੌ ਵਿਚਾਰ ਭਿੜਨ ਦਿਓ"– ਦਾ ਜਮਾਤੀ ਕਿਰਦਾਰ ਨਹੀਂ ਹੈ, ਪ੍ਰੋਲੇਤਾਰੀ ਉਹਨਾਂ ਨੂੰ ਆਪਣੇ ਹਿਸਾਬ ਵਰਤ ਸਕਦਾ ਹੈ, ਅਤੇ ਇਸ ਤਰ੍ਹਾਂ ਬੁਰਜੂਆਜ਼ੀ ਤੇ ਹੋਰ ਵੀ ਕਰ ਸਕਦੇ ਹਨ। ਕਿਹੜੇ ਖੁਸ਼ਬੂਦਾਰ ਫੁੱਲ ਹਨ ਤੇ ਕਿਹੜੀਆਂ ਜ਼ਹਿਰੀਲੀਆਂ ਬੂਟੀਆਂ ਹਨ, ਵੱਖਰੀਆਂ ਵੱਖਰੀਆਂ ਜਮਾਤਾਂ, ਤਬਕੇ ਤੇ ਸਮਾਜਿਕ ਗਰੁੱਪ, ਇਹਨਾਂ ਬਾਰੇ ਆਪਣੇ-ਆਪਣੇ ਵਿਚਾਰ ਰੱਖਦੇ ਹਨ। ਤਾਂ ਫਿਰ ਲੋਕਾਂ ਦੇ ਨੁਕਤਾਨਜਰ ਤੋਂ ਜ਼ਹਿਰੀਲੀਆਂ ਬੂਟੀਆਂ ਨਾਲੋਂ ਖੁਸ਼ਬੂਦਾਰ ਫੁੱਲਾਂ ਦਾ ਨਿਖੇੜਾ ਕਰਨ ਲਈ ਅੱਜ ਪੈਮਾਨਾ ਕੀ ਹੋਣਾ ਚਾਹੀਦਾ ਹੈ ? ਸਾਡੇ ਲੋਕਾਂ ਦੀ ਸਿਆਸੀ ਜ਼ਿੰਦਗੀ ਵਿੱਚ, ਕਿਸੇ ਦੀ ਕਥਨੀ ਅਤੇ ਕਰਨੀ ਵਿੱਚ ਗਲਤ ਨਾਲੋਂ ਠੀਕ ਨੂੰ ਕਿਵੇਂ ਨਿਖੇੜਿਆ ਜਾਵੇ ? ਸਾਡੇ ਵਿਧਾਨ ਦੇ ਅਸੂਲਾਂ, ਸਾਡੇ ਲੋਕਾਂ ਦੀ ਵਿਸ਼ਾਲ ਬਹੁਗਿਣਤੀ ਦੀ ਰਜਾ ਅਤੇ ਸਾਂਝੀਆਂ ਸਿਆਸੀ ਪੁਜੀਸ਼ਨਾਂ, ਜਿਹੜੀਆਂ ਕਈ ਮੌਕਿਆਂ 'ਤੇ, ਸਾਡੀਆਂ ਸਿਆਸੀ ਪਾਰਟੀਆਂ ਵੱਲੋਂ ਐਲਾਨੀਆਂ ਜਾ ਚੁੱਕੀਆਂ ਹਨ, ਦੇ ਆਧਾਰ 'ਤੇ ਮੋਟੇ ਤੌਰ 'ਤੇ, ਅਸੀਂ ਸਮਝਦੇ ਹਾਂ ਕਿ ਹੇਠ ਲਿੱਖਿਆ ਪੈਮਾਨਾ ਹੋਣਾ ਚਾਹੀਦਾ ਹੈ :

1. ਕਹਿਣੀ ਤੇ ਕਰਨੀ ਅਜਿਹੀ ਹੋਵੇ, ਜਿਹੜੀ ਸਾਡੀਆਂ ਕੌਮੀਅਤਾਂ ਦੇ ਸਾਰੇ ਲੋਕਾਂ ਨੂੰ ਵੰਡਣ ਦੀ ਬਜਾਏ ਇੱਕਜੁੱਟ ਕਰੇ।

2. ਇਹ ਸਮਾਜਵਾਦੀ ਕਾਇਆ-ਪਲਟੀ ਤੇ ਸਮਾਜਵਾਦੀ ਉਸਾਰੀ ਲਈ ਫਾਇਦੇਮੰਦ ਹੋਣੇ ਚਾਹੀਦੇ ਹਨ, ਨਾ ਕਿ ਨੁਕਸਾਨਦੇਹ।

3. ਇਹ ਲੋਕ-ਜਮਹੂਰੀ ਤਾਨਾਸ਼ਾਹੀ ਨੂੰ ਪੱਕੇ ਪੈਰੀਂ ਕਰਨ 'ਚ ਮਦਦ ਕਰਨ ਨਾ ਕਿ ਇਸ ਦਾ ਬੇੜਾ ਬਿਠਾਉਣ ਜਾਂ ਇਸ ਨੂੰ ਕਮਜੋਰ ਕਰਨ।

4. ਇਹ ਜਮਹੂਰੀ-ਕੇਂਦਰਵਾਦ ਨੂੰ ਮਜਬੂਤ ਕਰਨ ਲਈ ਸਹਾਈ ਹੋਣ, ਨਾ ਕਿ ਇਸ ਦਾ ਬੇੜਾ ਬਿਠਾਉਣ ਜਾਂ ਇਸ ਨੂੰ ਕਮਜ਼ੋਰ ਕਰਨ।

5. ਇਹ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੂੰ ਮਜਬੂਤ ਕਰਨ 'ਚ ਮਦਦ ਕਰਨ, ਨਾ ਕਿ ਇਸ ਦਾ ਬੇੜਾ ਬਿਠਾਉਣ ਜਾਂ ਇਸ ਨੂੰ ਕਮਜੋਰ ਕਰਨ।

6. ਇਹ ਕੌਮਾਂਤਰੀ ਸਮਾਜਵਾਦੀ ਏਕਤਾ ਅਤੇ ਸੰਸਾਰ ਦੇ ਅਮਨਪਸੰਦ ਲੋਕਾਂ ਦੀ ਏਕਤਾ ਲਈ ਲਾਹੇਵੰਦ ਹੋਣ, ਨਾ ਕਿ ਨੁਕਸਾਨਦੇਹ।

ਇਹਨਾਂ ਛੇ ਪੈਮਾਨਿਆਂ 'ਚੋਂ, ਸਭ ਤੋਂ ਵੱਧ ਮਹੱਤਵਪੂਰਨ ਸਮਾਜਵਾਦੀ ਰਾਹ ਅਤੇ ਪਾਰਟੀ ਲੀਡਰਸ਼ਿਪ ਦੇ ਪੈਮਾਨੇ ਹਨ। ਇਹ ਪੈਮਾਨੇ ਲੋਕਾਂ ਵਿਚਕਾਰ ਉਠਦੇ ਸੁਆਲਾਂ 'ਤੇ ਖੁੱਲ੍ਹੀ ਡੁੱਲੀ ਬਹਿਸ-ਵਿਚਾਰ ਨੂੰ ਵਧਾਉਣ ਲਈ ਪੇਸ਼ ਕੀਤੇ ਗਏ ਹਨ ਨਾ ਕਿ ਇਸ 'ਚ ਰੋਕ ਪਾਉਣ ਲਈ। ਜਿਹੜੇ ਇਹਨਾਂ ਪੈਮਾਨਿਆਂ ਨੂੰ ਅਪ੍ਰਵਾਨ ਕਰਦੇ ਹਨ, ਉਹ ਆਪਣੇ ਵਿਚਾਰ ਪੇਸ਼ ਕਰ ਸਕਦੇ ਹਨ ਤੇ ਆਪਣੀ ਗੱਲ ਦੀ ਪੈਰਵਾਈ ਕਰ ਸਕਦੇ ਹਨ। ਫੇਰ ਵੀ, ਕਿਉਂਕਿ ਬਹੁਗਿਣਤੀ ਲੋਕਾਂ ਕੋਲ ਚੱਲਣ ਲਈ ਸਪੱਸ਼ਟ ਪੈਮਾਨਾ ਹੈ, ਪੜਚੋਲ ਅਤੇ ਆਪਾ-ਪੜਚੋਲ ਨੂੰ ਠੀਕ ਲੀਹਾਂ ਤੇ ਚਲਾਇਆ ਜਾ ਸਕਦਾ ਹੈ, ਅਤੇ ਲੋਕਾਂ ਦੀ ਕਹਿਣੀ ਤੇ ਕਰਨੀ 'ਚੋਂ ਠੀਕ ਗਲਤ ਦਾ, ਖੁਸ਼ਬੂਦਾਰ ਫੁੱਲਾਂ ਜਾਂ ਜ਼ਹਿਰੀਲੀਆਂ ਬੂਟੀਆਂ ਦਾ ਨਿਤਾਰਾ ਕਰਨ ਲਈ ਇਸ ਪੈਮਾਨੇ ਨੂੰ ਲਾਗੂ ਕੀਤਾ ਜਾ ਸਕਦਾ ਹੈ। ਇਹ ਸਿਆਸੀ ਪੈਮਾਨੇ ਹਨ। ਸੁਭਾਵਿਕ ਹੀ, ਵਿਗਿਆਨਕ ਸਿਧਾਂਤਾਂ ਦੀ ਪਰਮਾਣਿਕਤਾ ਨੂੰ ਪ੍ਰਖਣ ਜਾਂ ਕਲਾ-ਕਿਰਤਾਂ ਦੀ ਸੋਹਜਾਤਮਕ ਕਦਰ ਦਾ ਮੁਲੰਕਣ ਕਰਨ ਲਈ ਵਾਧੂ ਪੈਮਾਨੇ ਦੀ

ਲੋੜ ਹੈ। ਪਰ ਇਹ ਛੇ ਸਿਆਸੀ ਪੈਮਾਨੇ ਵਿਗਿਆਨ ਤੇ ਕਲਾ ਵਿੱਚ ਸਾਰੀਆਂ ਸਰਗਰਮੀਆਂ ’ਤੇ ਲਾਗੂ ਹੋਣ ਯੋਗ ਹਨ। ਸਾਡੇ ਮੁਲਕ ਵਰਗੇ ਸਮਾਜਵਾਦੀ ਮੁਲਕ ਵਿੱਚ, ਕੀ ਕੋਈ ਅਜਿਹੀ ਫਾਇਦੇਮੰਦ ਵਿਗਿਆਨਕ ਜਾਂ ਕਲਾਤਮਕ ਸਰਗਰਮੀ ਸੰਭਵ ਹੋ ਸਕਦੀ ਹੈ ਜਿਹੜੀ ਇਹਨਾਂ ਸਿਆਸੀ ਪੈਮਾਨਿਆਂ ਦੇ ਉਲਟ ਜਾਂਦੀ ਹੋਵੇ।

ਉਪਰ ਬਿਆਨੇ ਵਿਚਾਰ ਚੀਨ ਦੀਆਂ ਠੋਸ ਇਤਿਹਾਸਕ ਹਾਲਤਾਂ ’ਤੇ ਆਧਾਰਤ ਹਨ। ਵੱਖ ਵੱਖ ਸਮਾਜਵਾਦੀ ਮੁਲਕਾਂ ’ਚ ਹਾਲਤ ਵੱਖ-ਵੱਖ ਹੈ ਅਤੇ ਵੱਖ ਵੱਖ ਕਮਿਊਨਿਸਟ ਪਾਰਟੀਆਂ ਦੀ ਹਾਲਤ ਵੀ ਵੱਖ-ਵੱਖ ਹੈ। ਇਸ ਲਈ, ਅਸੀਂ ਦਾਅਵਾ ਨਹੀਂ ਕਰਦੇ ਕਿ ਉਹਨਾਂ ਨੂੰ ਚੀਨੀ ਰਾਹ ਅਪਨਾਉਣਾ ਜਾਂ ਲਾਜ਼ਮੀ ਹੀ ਅਪਨਾਉਣਾ ਚਾਹੀਦਾ ਹੈ।

“ਲੰਮੇਂ ਸਮੇਂ ਦੀ ਸਹਿ ਹੋਂਦ ਤੇ ਪਰਸਪਰ ਨਿਗਰਾਨੀ” ਦਾ ਨਾਅਰਾ ਵੀ ਚੀਨ ਦੀਆਂ ਠੋਸ ਇਤਿਹਾਸਕ ਹਾਲਤਾਂ ਦੀ ਦੇਣ ਹੈ। ਇਸ ਨੂੰ ਐਵੇਂ ਅਚਾਨਕ ਹੀ ਪੇਸ਼ ਨਹੀਂ ਕੀਤਾ ਗਿਆ, ਸਗੋਂ ਇਸ ਨੂੰ ਘੜਨ ਲਈ ਕਈ ਸਾਲ ਲੱਗੇ ਹਨ। ਲੰਮੇਂ ਸਮੇਂ ਦੀ ਸਹਿਹੋਂਦ ਦਾ ਵਿਚਾਰ ਪਿਛਲੇ ਲੰਮੇਂ ਸਮੇਂ ਤੋਂ ਮੌਜੂਦ ਸੀ। ਜਦੋਂ ਪਿਛਲੇ ਸਾਲ ਸਮਾਜਵਾਦੀ ਪ੍ਰਬੰਧ ਬੁਨਿਆਦੀ ਤੌਰ ’ਤੇ ਸਥਾਪਤ ਕੀਤਾ ਗਿਆ, ਤਾਂ ਇਹ ਨਾਅਰਾ ਸਪੱਸ਼ਟ ਜ਼ਾਹਰਾ ਸ਼ਬਦਾਂ ’ਚ ਪੇਸ਼ ਕੀਤਾ ਗਿਆ। ਮਜ਼ਦੂਰ ਜਮਾਤ ਦੀ ਪਾਰਟੀ ਦੇ ਨਾਲੋ ਨਾਲ ਬੁਰਜੂਆ ਤੇ ਨਿੱਕ-ਬੁਰਜੂਆ ਜਮਹੂਰੀ ਪਾਰਟੀਆਂ ਨੂੰ ਲੰਮੇਂ ਸਮੇਂ ਤੱਕ ਕਾਇਮ ਰਹਿਣ ਦੀ ਇਜਾਜਤ ਕਿਉਂ ਦੇਣੀ ਚਾਹੀਦੀ ਹੈ? ਕਿਉਂਕਿ ਸਾਡੇ ਕੋਲ, ਉਹਨਾਂ ਸਾਰੀਆਂ ਸਿਆਸੀ ਪਾਰਟੀਆਂ ਨਾਲ ਲੰਮੇਂ ਸਮੇਂ ਦੀ ਸਹਿਹੋਂਦ ਦੀ ਨੀਤੀ ਨਾ ਅਪਨਾਉਣ ਦਾ ਕੋਈ ਕਾਰਨ ਮੌਜੂਦ ਨਹੀਂ ਹੈ, ਜਿਹੜੀਆਂ ਸਮਾਜਵਾਦ ਦੇ ਕਾਜ ਲਈ ਲੋਕਾਂ ਨਾਲ ਇੱਕਜੁੱਟ ਹੋਣ ਦੇ ਕਾਰਜ ਨੂੰ ਸੱਚੇ ਦਿਲੋਂ ਸਮਰਪਿਤ ਹਨ ਅਤੇ ਜਿਹਨਾਂ ਨੂੰ ਲੋਕਾਂ ਦਾ ਵਿਸ਼ਵਾਸ਼ ਹਾਸਲ ਹੈ। ਪਹਿਲਾਂ ਪਹਿਲ 1950 ’ਚ ਮੈਂ ਲੋਕ ਸਿਆਸੀ ਸਲਾਹਕਾਰ ਕਾਨਫਰੰਸ ਦੀ ਕੌਮੀ ਕਮੇਟੀ ਦੇ ਦੂਜੇ ਸ਼ੈਸ਼ਨ ਵਿੱਚ ਮਾਮਲੇ ਨੂੰ ਏਸ ਢੰਗ ਨਾਲ ਰੱਖਿਆ ਸੀ:

*ਲੋਕ ਤੇ ਲੋਕਾਂ ਦੀ ਸਰਕਾਰ ਕੋਲ ਕਿਸੇ ਨੂੰ ਰੱਦ ਕਰਨ ਜਾਂ ਉਸ ਨੂੰ ਆਪਣੀ ਜ਼ਿੰਦਗੀ ਜਿਉਣ ਤੇ ਮੁਲਕ ਦੀ ਸੇਵਾ ਕਰਨ ਤੋਂ ਰੋਕਣ ਦੀ ਕੋਈ ਵਜ੍ਹਾ ਨਹੀਂ, ਬਸ਼ਰਤੇ ਕਿ ਉਹ ਸੱਚੀਓਂ ਹੀ ਲੋਕਾਂ ਦੀ ਸੇਵਾ ਕਰਨ ਦਾ ਇਛੁੱਕ ਹੈ ਅਤੇ ਬਸ਼ਰਤੇ ਕਿ ਜਦੋਂ ਹਾਲਤਾਂ ਮੁਸ਼ਕਲ ਸਨ ਉਸਨੇ ਲੋਕਾਂ ਦੀ ਸੱਚੀਓਂ ਮੱਦਦ ਕੀਤੀ ਹੋਵੇ ਅਤੇ ਪਹਿਲਾਂ ਵੀ ਚੰਗੇ ਕੰਮ ਕੀਤੇ ਹੋਣ ਅਤੇ ਅਧਵਾਟਿਓਂ ਛੱਡੇ ਬਿਨਾਂ ਚੰਗੇ ਕੰਮ ਕਰਨਾ ਜਾਰੀ ਰੱਖ ਰਿਹਾ ਹੋਵੇ।*

ਇੱਥੇ ਮੈਂ ਵੱਖੋ ਵੱਖ ਪਾਰਟੀਆਂ ਦੀ ਲੰਮੇਂ ਸਮੇਂ ਦੀ ਸਹਿ ਹੋਂਦ ਦੇ ਸਿਆਸੀ ਆਧਾਰ ਬਾਰੇ ਬਹਿਸ-ਵਿਚਾਰ ਕਰ ਰਿਹਾ ਹਾਂ। ਆਉਣ ਵਾਲੇ ਲੰਮੇਂ ਸਮੇਂ ਤੱਕ ਜਮਹੂਰੀ ਪਾਰਟੀਆਂ ਨੂੰ ਨਾਲੋ ਨਾਲ ਕਾਇਮ ਰੱਖਣਾ ਕਮਿਊਨਿਸਟ ਪਾਰਟੀ ਦੀ ਇੱਛਾ ’ਤੇ ਹੀ ਨਿਰਭਰ ਨਹੀਂ ਕਰਦਾ, ਸਗੋਂ ਉਹਨਾਂ ਵੱਲੋਂ ਚੰਗੀ ਤਰ੍ਹਾਂ ਆਪਣੇ ਫਰਜ ਨਿਭਾਉਣ ’ਤੇ ਅਤੇ ਲੋਕਾਂ ਦਾ ਵਿਸ਼ਵਾਸ਼ ਹਾਸਲ ਕਰੀਂ ਰੱਖਣ ’ਤੇ ਨਿਰਭਰ ਕਰਦਾ ਹੈ। ਵੱਖੋ ਵੱਖ ਪਾਰਟੀਆਂ ਵਿਚਕਾਰ ਪ੍ਰਸਪਰ ਨਿਗਰਾਨੀ ਵੀ ਇੱਕ ਲੰਮੇਂ ਸਮੇਂ ਤੋਂ ਸਥਾਪਤ ਹੋਇਆ ਤੱਥ ਹੈ, ਇਹ ਇਹਨਾਂ ਅਰਥਾਂ ’ਚ ਹੈ ਕਿ ਉਹ ਲੰਮੇਂ ਸਮੇਂ ਤੋਂ ਇੱਕ ਦੂਜੇ ਨੂੰ ਰਾਇ-ਮਸ਼ਵਰਾ ਦਿੰਦੇ ਅਤੇ ਨੁਕਤਾਚੀਨੀ ਕਰਦੇ ਆ ਰਹੇ ਹਨ। ਪ੍ਰਸਪਰ ਨਿਗਰਾਨੀ ਸਪੱਸ਼ਟ ਤੌਰ ’ਤੇ ਹੀ ਇੱਕ ਪਾਸੜ ਮਾਮਲਾ ਨਹੀਂ ਹੈ, ਇਸ ਦਾ ਮਤਲਬ ਹੈ ਕਿ ਕਮਿਊਨਿਸਟ ਪਾਰਟੀ ਨੂੰ

ਜਮਹੂਰੀ ਪਾਰਟੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ ਤੇ ਇਉਂ ਹੀ ਇਸਦੇ ਉਲਟ। ਸਾਡੇ ਵੱਲੋਂ ਜਮਹੂਰੀ ਪਾਰਟੀਆਂ ਨੂੰ ਕਮਿਊਨਿਸਟ ਪਾਰਟੀ ਦੀ ਨਿਗਰਾਨੀ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਜਾਣੀ ਚਾਹੀਦੀ ਹੈ ? ਕਿਉਂਕਿ ਪਾਰਟੀ ਤੇ ਇਉਂ ਹੀ ਕਿਸੇ ਵਿਅਕਤੀ ਨੂੰ ਖੁਦ ਆਪਣੇ ਵਿਚਾਰਾਂ ਤੋਂ ਵੱਖਰੇ ਵਿਚਾਰ ਸੁਣਨ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਕਮਿਊਨਿਸਟ ਪਾਰਟੀ ਦੀ ਨਿਗਰਾਨੀ ਮੁੱਖ ਤੌਰ ’ਤੇ ਮਿਹਨਤਕਸ਼ ਲੋਕਾਂ ਅਤੇ ਪਾਰਟੀ ਮੈਂਬਰਸ਼ਿਪ ਵੱਲੋਂ ਕੀਤੀ ਜਾਂਦੀ ਹੈ ਪਰ ਜਮਹੂਰੀ ਪਾਰਟੀਆਂ ਦੀ ਹੋਂਦ ਵੀ ਸਾਡੇ ਫਾਇਦੇ ’ਚ ਹੈ। ਨਿਰਸੰਦੇਹ, ਕਮਿਊਨਿਸਟ ਪਾਰਟੀ ਤੇ ਜਮਹੂਰੀ ਪਾਰਟੀਆਂ ਵਿਚਕਾਰ ਹੋਇਆ ਵਿਚਾਰ-ਵਟਾਂਦਰਾਂ ਤੇ ਨੁਕਤਾਚੀਨੀ ਤਾਂ ਹੀ ਹਾਂ-ਪੱਖੀ ਨਿਗਰਾਨੀ ਦਾ ਰੋਲ ਨਿਭਾਵੇਗੀ ਜੇ ਉਹ ਉਪਰ ਦਿੱਤੇ ਛੇ ਸਿਆਸੀ ਪੈਮਾਨਿਆਂ ਦੇ ਅਨੁਸਾਰੀ ਹੈ। ਇਸ ਤਰ੍ਹਾਂ ਅਸੀਂ ਆਸ ਕਰਦੇ ਹਾਂ ਕਿ ਨਵੇਂ ਸਮਾਜ ਦੀਆਂ ਲੋੜਾਂ ਦੇ ਮੇਚ ਆਉਣ ਲਈ ਸਾਰੀਆਂ ਜਮਹੂਰੀ ਪਾਰਟੀਆਂ ਵਿਚਾਰਧਾਰਕ ਮੁੜ-ਢਲਾਈ ਵੱਲ ਧਿਆਨ ਦੇਣਗੀਆਂ ਅਤੇ ਕਮਿਊਨਿਸਟ ਪਾਰਟੀ ਨਾਲ ਲੰਮੇਂ ਸਮੇਂ ਦੀ ਸਹਿਹੋਂਦ ਤੇ ਪ੍ਰਸਪਰ ਨਿਗਰਾਨੀ ਲਈ ਜੋਰਦਾਰ ਕੋਸ਼ਿਸ਼ ਕਰਨਗੀਆਂ।

## 9. ਮੁੱਠੀ ਭਰ ਲੋਕਾਂ ਵੱਲੋਂ ਕੀਤੀ ਗੜਬੜ ਦੇ ਸੁਆਲ ਬਾਰੇ

1956 ਵਿੱਚ ਮੁੱਠੀ ਭਰ ਮਜ਼ਦੂਰਾਂ ਜਾਂ ਵਿਦਿਆਰਥੀਆਂ ਨੇ ਕੁੱਝ ਥਾਂਵਾਂ ’ਤੇ ਹੜਤਾਲ ਕੀਤੀ ਸੀ। ਉਹਨਾਂ ਵੱਲੋਂ ਕੀਤੀ ਗੜਬੜ ਦਾ ਫੌਰੀ ਕਾਰਨ ਪਦਾਰਥਕ ਸਹੂਲਤਾਂ ਸੰਬੰਧੀ ਉਹਨਾਂ ਦੀਆਂ ਕੁੱਝ ਮੰਗਾਂ ਨੂੰ ਪੂਰਾ ਨਾ ਕੀਤੇ ਜਾਣਾ ਸੀ। ਜਿਹਨਾਂ ’ਚੋਂ ਕੁੱਝ ਮੰਨੀਆਂ ਜਾਣੀਆਂ ਚਾਹੀਦੀਆਂ ਸਨ ਅਤੇ ਮੰਨੀਆਂ ਜਾ ਸਕਦੀਆਂ ਹਨ, ਜਦੋਂ ਕਿ ਕੁਝ ਹੋਰ ਬੇਤੁਕੀਆਂ ਜਾਂ ਹੱਦੋਂ ਵਧਵੀਆਂ ਸਨ ਅਤੇ ਇਸ ਲਈ ਵਕਤੀ ਤੌਰ ’ਤੇ ਮੰਨੀਆਂ ਨਹੀਂ ਜਾ ਸਕਦੀਆਂ ਸਨ। ਪਰ ਵੱਧ ਮਹੱਤਵਪੂਰਨ ਕਾਰਨ ਆਗੂਆਂ ਦੀ ਪੱਧਰ ’ਤੇ ਅਫਸਰਸ਼ਾਹੀ ਸੀ। ਕੁੱਝ ਮਾਮਲਿਆਂ ਵਿੱਚ, ਅਜਿਹੀਆਂ ਅਫਸਰਸ਼ਾਹ ਗਲਤੀਆਂ ਦੀ ਜੁੰਮੇਵਾਰੀ ਉੱਚ ਅਧਿਕਾਰੀਆਂ ’ਤੇ ਜਾਂਦੀ ਹੈ, ਅਤੇ ਸਾਰਾ ਦੋਸ਼ ਹੇਠਲੇ ਪੱਧਰਰ ਵਾਲਿਆਂ ਦਾ ਨਹੀਂ ਸੀ। ਗੜਬੜਾਂ ਦਾ ਇੱਕ ਹੋਰ ਕਾਰਨ ਮਜ਼ਦੂਰਾਂ ਤੇ ਵਿਦਿਆਰਥੀਆਂ ਵਿੱਚ ਸਿਆਸੀ ਤੇ ਵਿਚਾਰਧਾਰਕ ਸਿੱਖਿਆ ਦੀ ਘਾਟ ਸੀ। ਉਸੇ ਸਾਲ, ਕੁੱਝ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਕੁੱਝ ਮੈਂਬਰਾਂ ਵੱਲੋਂ ਗੜਬੜ ਕੀਤੀ ਗਈ, ਅਤੇ ਇੱਥੇ ਵੀ ਮੁੱਖ ਕਾਰਨ ਆਗੂਆਂ ਦੀ ਪੱਧਰ ’ਤੇ ਅਫਸਰਸ਼ਾਹੀ ਸੀ ਅਤੇ ਜਨਤਾ ਵਿੱਚ ਸਿਆਸੀ ਕੰਮ ਦੀ ਘਾਟ ਸੀ।

ਇਹ ਮੰਨਣਾ ਚਾਹੀਦਾ ਹੈ ਕਿ ਕੁੱਝ ਲੋਕ ਫੌਰੀ, ਅੰਸ਼ਕ ਤੇ ਜਾਤੀ ਹਿੱਤਾਂ ਨੂੰ ਧਿਆਨ ਦੇਣ ਦੀ ਰੁਚੀ ਰੱਖਦੇ ਹਨ ਅਤੇ ਲੰਮੇ ਦਾਅ ਦੇ, ਕੌਮੀ ਤੇ ਸਮੂਹਿਕ ਹਿੱਤਾਂ ਨੂੰ ਜਾਂ ਤਾਂ ਸਮਝਦੇ ਹੀ ਨਹੀਂ ਜਾਂ ਤਸੱਲੀਬਖਸ਼ ਹੱਦ ਤੱਕ ਨਹੀਂ ਸਮਝਦੇ। ਸਿਆਸੀ ਤੇ ਸਮਾਜਿਕ ਜ਼ਿੰਦਗੀ ਅੰਦਰ ਤਜਰਬੇ ਦੀ ਘਾਟ ਕਾਰਨ, ਨੌਜਵਾਨਾਂ ਦੀ ਕਾਫੀ ਗਿਣਤੀ ਨਵੇਂ ਤੇ ਪੁਰਾਣੇ ਚੀਨ ਵਿੱਚ ਵਖਰੇਵਾਂ ਕਰਨ ਦੇ ਅਯੋਗ ਹੈ ਅਤੇ ਉਹਨਾਂ ਲਈ ਇਹ ਵੀ ਆਸਾਨ ਨਹੀਂ ਹੈ ਕਿ ਉਹ ਲੋਕਾਂ ਵੱਲੋਂ ਸਾਮਰਾਜੀਆਂ ਅਤੇ ਕੌਮਿਨਤਾਂਗੀ ਪਿਛਾਖੜੀਆਂ ਦੇ ਗਲਬੇ ਤੋਂ ਛੁਟਕਾਰਾ ਪਾਉਣ ਲਈ ਘਾਲੀਆਂ ਘਾਲਣਾਵਾਂ ਨੂੰ ਪੂਰੀ ਤਰ੍ਹਾਂ ਸਮਝ ਲੈਣ, ਜਾਂ ਖੁਸ਼ਗਵਾਰ ਸਮਾਜਵਾਦੀ ਸਮਾਜ ਦੀ ਸਥਾਪਤੀ ਲਈ ਲੋੜੀਂਦੀ

ਲੰਮੇਂ ਸਮੇਂ ਦੀ ਕੀਤੀ ਗਈ ਸਖਤ ਮਿਹਨਤ ਨੂੰ ਬੁੱਝ ਸਕਣ। ਇਹੀ ਕਾਰਨ ਹੈ ਕਿ ਸਾਨੂੰ ਲਾਜ਼ਮੀ ਹੀ ਲੋਕਾਂ ਨੂੰ ਲਗਾਤਾਰ ਸਜਿੰਦ ਤੇ ਅਸਰਦਾਰ ਸਿਆਸੀ ਸਿੱਖਿਆ ਦੇਣੀ ਚਾਹੀਦੀ ਹੈ ਅਤੇ ਹਮੇਸ਼ਾ ਉਹਨਾਂ ਨੂੰ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸੱਚਾਈ ਦੱਸਣੀ ਚਾਹੀਦੀ ਹੈ ਅਤੇ ਇਹਨਾਂ ਸਮੱਸਿਆਵਾਂ ਨੂੰ ਸਰ ਕਰਨ ਲਈ ਉਹਨਾਂ ਨਾਲ ਬਹਿਸ-ਵਿਚਾਰ ਕਰਨੀ ਚਾਹੀਦੀ ਹੈ।

ਅਸੀਂ ਗੜਬੜ ਨੂੰ ਪ੍ਰਵਾਨ ਨਹੀਂ ਕਰਦੇ, ਕਿਉਂਕਿ ਲੋਕਾਂ ਵਿਚਕਾਰਲੀਆਂ ਵਿਰੋਧਤਾਈਆਂ "ਏਕਤਾ-ਪੜਚੋਲ ਏਕਤਾ" ਦੇ ਢੰਗ ਰਾਹੀਂ ਹੱਲ ਕੀਤੀਆਂ ਜਾ ਸਕਦੀਆਂ ਹਨ, ਜਦੋਂ ਕਿ ਗੜਬੜਾਂ ਲਾਜ਼ਮੀ ਹੀ ਨੁਕਸਾਨ ਦਾ ਸਬੱਬ ਬਣਦੀਆਂ ਹਨ ਅਤੇ ਸਮਾਜਵਾਦ ਦੀ ਪੇਸ਼ਕਦਮੀ ਲਈ ਪ੍ਰੇਰਕ ਨਹੀਂ ਹਨ। ਸਾਡਾ ਯਕੀਨ ਹੈ ਕਿ ਜਨਤਾ ਸਮਾਜਵਾਦ ਦੀ ਹਮਾਇਤ ਕਰਦੀ ਹੈ, ਚੇਤਨ ਰੂਪ 'ਚ ਜਾਬਤਾ ਮੰਨਦੀ ਹੈ ਅਤੇ ਸਮਝਦਾਰ ਹੈ ਅਤੇ ਬਿਨਾਂ ਕਿਸੇ ਜਾਇਜ਼ ਕਾਰਨ ਦੇ ਗੜਬੜਾਂ ਕਰਨ 'ਚ ਨਿਸ਼ਚਤ ਤੌਰ 'ਤੇ ਹੀ ਹਿੱਸਾ ਨਹੀਂ ਲਵੇਗੀ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹੁਣ ਸਾਡੇ ਦੇਸ਼ ਵਿੱਚ ਗੜਬੜਾਂ ਦੀ ਸੰਭਾਵਨਾ ਨਹੀਂ ਹੈ। ਇਸ ਸੁਆਲ ਬਾਰੇ, ਸਾਨੂੰ ਹੇਠ ਲਿੱਖੇ ਵੱਲ ਤਵਜੋਂ ਦੇਣੀ ਚਾਹੀਦੀ ਹੈ :

1. ਗੜਬੜਾਂ ਦੇ ਕਾਰਨਾਂ ਨੂੰ ਜੜ੍ਹੋਂ ਪੁੱਟਣ ਲਈ, ਸਾਨੂੰ ਲਾਜ਼ਮੀ ਹੀ ਅਫਸਰਸ਼ਾਹੀ 'ਤੇ ਕਾਬੂ ਪਾਉਣਾ ਚਾਹੀਦਾ ਹੈ, ਵਿਚਾਰਧਾਰਕ ਤੇ ਸਿਆਸੀ ਸਿੱਖਿਆ 'ਚ ਵੱਡੀ ਪੱਧਰ 'ਤੇ ਸੁਧਾਰ ਕਰਨਾ ਚਾਹੀਦਾ ਹੈ, ਅਤੇ ਸਾਰੀਆਂ ਵਿਰੋਧਤਾਈਆਂ ਨੂੰ ਠੀਕ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਜੇ ਇਹ ਹੋ ਜਾਂਦਾ ਹੈ, ਤਾਂ ਆਮ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਹੋਰ ਗੜਬੜਾਂ ਨਹੀਂ ਹੋਣਗੀਆਂ।

2. ਸਾਡੇ ਪੱਧਰ 'ਤੇ ਨਾਕਸ ਕੰਮ ਦੀ ਬਦੌਲਤ ਜੇ ਗੜਬੜਾਂ ਹੋ ਹੀ ਜਾਂਦੀਆਂ ਹਨ, ਤਾਂ ਸਾਨੂੰ ਗੜਬੜ ਕਰਨ ਵਾਲਿਆਂ ਨੂੰ ਠੀਕ ਰਾਹ 'ਤੇ ਲਿਆਉਣ ਲਈ ਅਗਵਾਈ ਕਰਨੀ ਚਾਹੀਦੀ ਹੈ, ਗੜਬੜਾਂ ਨੂੰ ਸਾਡੇ ਕੰਮ 'ਚ ਸੁਧਾਰ ਲਿਆਉਣ ਤੇ ਜਨਤਾ ਤੇ ਕਾਡਰ ਨੂੰ ਸਿੱਖਿਅਤ ਕਰਨ ਲਈ ਇੱਕ ਵਿਸ਼ੇਸ਼ ਸਾਧਨ ਵਜੋਂ ਵਰਤਣਾ ਚਾਹੀਦਾ ਹੈ ਅਤੇ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੀਦਾ ਹੈ ਜਿਹੜੀਆਂ ਪਹਿਲਾਂ ਹੱਲ ਕਰਨੋਂ ਛੱਡ ਦਿੱਤੀਆਂ ਗਈਆਂ ਸਨ। ਕਿਸੇ ਵੀ ਗੜਬੜ ਨੂੰ ਨਜਿੱਠਣ ਲਈ, ਸਾਨੂੰ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਸਿੱਧੜ ਢੰਗ ਨਹੀਂ ਵਰਤਣੇ ਚਾਹੀਦੇ, ਜਾਂ ਜਲਦਬਾਜ਼ੀ 'ਚ ਮਾਮਲੇ ਨੂੰ ਠੱਪ ਕਰਨ ਦਾ ਐਲਾਨ ਨਹੀਂ ਕਰਨਾ ਚਾਹੀਦਾ। ਉਹਨਾਂ ਨੂੰ ਛੱਡ ਕੇ ਜਿਹਨਾਂ ਨੇ ਮੁਜਰਮਾਨਾ ਹਮਲੇ ਕੀਤੇ ਹਨ ਜਾਂ ਸਰਗਰਮ ਉਲਟ-ਇਨਕਲਾਬੀ ਹਨ, ਗੜਬੜਾਂ ਕਰਨ ਦੇ ਮੋਢਿਆਂ ਨੂੰ ਥੋਕ ਰੂਪ 'ਚ ਉਹਨਾਂ ਦੇ ਕੰਮਾਂ ਤੋਂ ਹਟਾਉਣਾ ਨਹੀਂ ਚਾਹੀਦਾ ਅਤੇ ਇਹਨਾਂ ਨੂੰ ਕਾਨੂੰਨ ਅਨੁਸਾਰ ਨਜਿੱਠਿਆ ਜਾਣਾ ਚਾਹੀਦਾ ਹੈ। ਸਾਡੇ ਮੁਲਕ ਵਰਗੇ ਵਿਸ਼ਾਲ ਮੁਲਕ 'ਚ ਮੁਠੀ ਭਰ ਲੋਕਾਂ ਵੱਲੋਂ ਕੀਤੀ ਗੜਬੜ ਤੋਂ ਹਾਲਪਾਹਰਿਆ ਕਰਨ ਦੀ ਲੋੜ ਨਹੀਂ ਹੈ, ਸਗੋਂ ਇਸ ਦੇ ਉਲਟ, ਅਜਿਹੀਆਂ ਗੜਬੜਾਂ ਸਾਨੂੰ ਅਫਸਰਸ਼ਾਹੀ ਤੋਂ ਛੁਟਕਾਰਾ ਦੁਆਉਣ 'ਚ ਸਹਾਈ ਹੋਣਗੀਆਂ।

ਸਾਡੇ ਸਮਾਜ ਵਿੱਚ ਮੁੱਠੀ ਭਰ ਵਿਅਕਤੀ ਅਜਿਹੇ ਵੀ ਹਨ ਜਿਹੜੇ ਲੋਕ ਹਿੱਤਾਂ ਦੀ ਪ੍ਰਵਾਹ ਨਾ ਕਰਦੇ ਹੋਏ, ਜਾਣ ਬੁੱਝ ਕੇ ਕਾਨੂੰਨ ਤੋੜਦੇ ਹਨ ਅਤੇ ਜੁਰਮ ਕਰਦੇ ਹਨ। ਉਹ ਸਾਡੀਆਂ ਨੀਤੀਆਂ ਤੋਂ ਫਾਇਦਾ ਉਠਾਉਣਯੋਗ ਚਤਰ (clever) ਹਨ ਅਤੇ ਨੀਤੀਆਂ ਨੂੰ ਤੋੜ-ਮਰੋੜ ਕੇ

ਪੇਸ਼ ਕਰਦੇ ਹਨ, ਅਤੇ ਲੋਕਾਂ ਨੂੰ ਉਕਸਾਉਣ ਲਈ ਜਾਣ ਬੁੱਝ ਕੇ ਨਜਾਇਜ਼ ਮੰਗਾਂ ਰੱਖਦੇ ਹਨ,ਜਾਂ ਮੁਸੀਬਤਾਂ ਖੜੀਆਂ ਕਰਨ ਲਈ ਜਾਣ ਬੁੱਝ ਕੇ ਅਫਵਾਹਾਂ ਫੈਲਾਉਂਦੇ ਹਨ ਅਤੇ ਲੋਕ-ਅਮਨ ਭੰਗ ਕਰਦੇ ਹਨ। ਅਸੀਂ ਇਹਨਾਂ ਵਿਅਕਤੀਆਂ ਨੂੰ ਮਨ-ਮਾਨੀਆਂ ਕਰਨ ਦੀ ਇਜ਼ਾਜਤ ਨਹੀਂ ਦਿੰਦੇ ਸਗੋਂ ਇਸ ਤੋਂ ਉਲਟ, ਉਹਨਾਂ ਖਿਲਾਫ ਲਾਜ਼ਮੀ ਹੀ ਉਚਿਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਉਹਨਾਂ ਨੂੰ ਸਜਾ ਦੇਣੀ ਲੋਕਾਂ ਦੀ ਮੰਗ ਹੈ ਅਤੇ ਜੇ ਉਹਨਾਂ ਨੂੰ ਸਜ਼ਾ ਨਾ ਮਿਲੀ ਤਾਂ ਇਹ ਲੋਕ-ਇੱਛਾ ਦੀ ਖਿਲਾਫ-ਵਰਜੀ ਹੋਵੇਗੀ।

## 10. ਕੀ ਭੈੜੀ ਚੀਜ਼ ਚੰਗੀ ਚੀਜ਼ 'ਚ ਬਦਲੀ ਜਾ ਸਕਦੀ ਹੈ ?

ਜਿਵੇਂ ਮੈਂ ਕਿਹਾ ਹੈ, ਸਾਡੇ ਸਮਾਜ ਵਿੱਚ, ਲੋਕਾਂ ਵੱਲੋਂ ਕੀਤੀਆਂ ਗੜਬੜਾਂ ਭੈੜੀ ਚੀਜ਼ ਹਨ ਅਤੇ ਅਸੀਂ ਇਹਨਾਂ ਨੂੰ ਪ੍ਰਵਾਨ ਨਹੀਂ ਕਰਦੇ। ਪਰ ਜਦੋਂ ਗੜਬੜਾਂ ਹੋ ਹੀ ਜਾਂਦੀਆਂ ਹਨ, ਤਾਂ ਇਹ ਸਾਨੂੰ ਸਬਕ ਸਿੱਖਣ, ਅਫਸਰਸ਼ਾਹੀ 'ਤੇ ਕਾਬੂ ਪਾਉਣ ਅਤੇ ਜਨਤਾ ਤੇ ਕਾਡਰ ਨੂੰ ਸਿੱਖਿਅਤ ਕਰਨ ਦੇ ਯੋਗ ਬਣਾਉਂਦੀਆਂ ਹਨ। ਇਸ ਲਿਹਾਜ ਨਾਲ, ਭੈੜੀਆਂ ਚੀਜ਼ਾਂ ਨੂੰ ਚੰਗੀਆਂ ਚੀਜ਼ਾਂ 'ਚ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਗੜਬੜਾਂ ਦੀ ਦੂਹਰੀ ਖਸਲਤ ਹੈ। ਹਰੇਕ ਗੜਬੜ ਨੂੰ ਇਸ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

ਹਰ ਕੋਈ ਜਾਣਦਾ ਹੈ ਕਿ ਹੰਗਰੀ ਦੀਆਂ ਘਟਨਾਵਾਂ ਚੰਗੀ ਚੀਜ਼ ਨਹੀਂ ਸਨ। ਪਰ ਇਹਨਾਂ ਦਾ ਵੀ ਦੂਹਰਾ ਖਾਸਾ ਸੀ। ਕਿਉਂਕਿ ਸਾਡੇ ਹੰਗਰੀ ਦੇ ਕਾਮਰੇਡਾਂ ਨੇ ਘਟਨਾਵਾਂ ਦੇ ਅਮਲ ਦੌਰਾਨ ਉਚਿੱਤ ਕਾਰਵਾਈ ਕੀਤੀ, ਇਸ ਕਰਕੇ ਅੰਤਮ ਤੌਰ 'ਤੇ ਜੋ ਭੈੜੀ ਚੀਜ਼ ਸੀ ਉਹ ਚੰਗੀ 'ਚ ਬਦਲ ਗਈ। ਹੰਗਰੀ ਦਾ ਰਾਜ ਪਹਿਲਾਂ ਨਾਲੋਂ ਵੱਧ ਪੱਕੇ ਪੈਰੀਂ ਹੈ ਅਤੇ ਸਮਾਜਵਾਦੀ ਕੈਂਪ ਅੰਦਰਲੇ ਹੋਰਨਾਂ ਮੁਲਕਾਂ ਨੇ ਵੀ ਸਬਕ ਸਿੱਖਿਆ ਹੈ।

ਏਸੇ ਤਰ੍ਹਾਂ, 1956 ਦੇ ਦੂਜੇ ਅੱਧ 'ਚ ਕਮਿਊਨਿਜ਼ਮ ਤੇ ਲੋਕਾਂ ਖਿਲਾਫ ਸੰਸਾਰ-ਪੱਧਰੀ ਮੁਹਿੰਮ, ਬਿਨਾਂ ਸ਼ੱਕ ਇੱਕ ਭੈੜੀ ਚੀਜ਼ ਸੀ। ਪਰ ਇਸ ਨੇ ਸਾਰੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਤੇ ਮਜ਼ਦੂਰ ਜਮਾਤ ਨੂੰ ਚੰਡਿਆ ਤੇ ਸਿੱਖਿਅਤ ਕੀਤਾ ਅਤੇ ਇਸ ਤਰ੍ਹਾਂ ਇਹ ਚੰਗੀ ਚੀਜ਼ 'ਚ ਬਦਲ ਗਈ। ਇਸ ਸਮੇਂ ਦੀ ਹੱਲਚੱਲ ਅਤੇ ਦਬਾਵਾਂ-ਤਣਾਵਾਂ ਦੌਰਾਨ ਕਈ ਦੇਸ਼ਾਂ ਵਿਚ ਕਾਫੀ ਲੋਕ ਕਮਿਊਨਿਸਟ ਪਾਰਟੀ ਤੋਂ ਪਿੱਛੇ ਹੱਟ ਗਏ। ਪਾਰਟੀ ਤੋਂ ਪਿੱਛੇ ਹਟਣ ਨਾਲ ਇਸ ਦੀ ਮੈਂਬਰਸ਼ਿਪ ਘਟਦੀ ਹੈ ਅਤੇ ਬਿਨਾਂ ਸ਼ੱਕ, ਇਹ ਭੈੜੀ ਚੀਜ਼ ਹੈ। ਪਰ ਇਸ ਦਾ ਚੰਗਾ ਪਾਸਾ ਵੀ ਹੈ। ਜੱਕੋ-ਤੱਕੀ 'ਚ ਤੁਰੇ ਆਉਂਦੇ ਡਾਵਾਂ ਡੋਲ ਤੱਤ ਪਿੱਛੇ ਹੱਟ ਗਏ ਪਰ ਸਾਬਤ-ਕਦਮ ਪਾਰਟੀ ਮੈਂਬਰਾਂ ਦੀ ਵਿਸ਼ਾਲ ਬਹੁ-ਗਿਣਤੀ ਜੱਦੋਜਹਿਦ ਵਾਸਤੇ ਚੰਗੀ ਤਰ੍ਹਾਂ ਇੱਕਜੁੱਟ ਹੋ ਗਈ। ਇਹ ਚੰਗੀ ਚੀਜ਼ ਕਿਉਂ ਨਹੀਂ ਹੈ ?

ਮੁਕਦੀ ਗੱਲ, ਸਾਨੂੰ ਲਾਜ਼ਮੀ ਹੀ ਸਮੱਸਿਆਵਾਂ ਨੂੰ ਸਾਰੇ ਪਾਸਿਆਂ ਤੋਂ ਦੇਖਣਾ ਸਿੱਖਣਾ ਚਾਹੀਦਾ ਹੈ, ਚੀਜ਼ਾਂ ਦੇ ਸਿੱਧਾ ਤੇ ਪੁੱਠਾ, ਦੋਵੇਂ ਪਾਸੇ ਦੇਖਣੇ ਚਾਹੀਦੇ ਹਨ। ਹਾਸਲ ਹਾਲਤਾਂ 'ਚ ਭੈੜੀ ਚੀਜ਼ ਚੰਗੇ ਸਿੱਟੇ ਕੱਢ ਸਕਦੀ ਹੈ ਅਤੇ ਚੰਗੀ ਚੀਜ਼ ਭੈੜੇ ਸਿੱਟੇ ਕੱਢ ਸਕਦੀ ਹੈ। ਦੋ ਹਜ਼ਾਰ ਸਾਲ ਤੋਂ ਵੱਧ ਸਾਲ ਪਹਿਲਾਂ ਲਾਓ ਜ਼ੂ ਨੇ ਕਿਹਾ ਸੀ : "ਚੰਗੀ ਕਿਸਮਤ ਭੈੜੀ ਕਿਸਮਤ 'ਚ ਬਿਰਾਜਮਾਨ ਹੁੰਦੀ ਹੈ, ਭੈੜੀ ਕਿਸਮਤ ਚੰਗੀ ਕਿਸਮਤ 'ਚ ਲੁਕੀ ਹੁੰਦੀ ਹੈ।"[1] ਜਦੋਂ ਜਪਾਨੀ ਚੀਨ

ਅੰਦਰ ਘੁਸ ਆਏ ਤਾਂ ਉਹਨਾਂ ਨੇ ਇਸ ਨੂੰ ਜਿੱਤ ਕਿਹਾ। ਚੀਨੀ ਇਲਾਕੇ ਦੇ ਵੱਡੇ ਹਿੱਸੇ ਹਥਿਆ ਲਏ ਗਏ ਅਤੇ ਚੀਨੀਆਂ ਨੇ ਇਸ ਨੂੰ ਹਾਰ ਕਿਹਾ। ਪਰ ਚੀਨ ਦੀ ਹਾਰ ’ਚ ਜਿੱਤ ਦੇ ਬੀਜ ਸਮੋਏ ਹੋਏ ਸਨ ਜਦੋਂ ਕਿ ਜਪਾਨ ਦੀ ਜਿੱਤ ’ਚ ਹਾਰ ਦੇ ਬੀਜ ਸਮੋਏ ਹੋਏ ਸਨ। ਕੀ ਇਤਿਹਾਸ ਨੇ ਇਸ ਨੂੰ ਸਹੀ ਸਿੱਧ ਨਹੀਂ ਕੀਤਾ ?

ਹੁਣ ਸੰਸਾਰ ਭਰ ਦੇ ਲੋਕ ਤੀਜੀ ਸੰਸਾਰ ਜੰਗ ਛਿੜਨ ਜਾਂ ਨਾ ਛਿੜਨ ਬਾਰੇ ਬਹਿਸ ਕਰ ਰਹੇ ਹਨ। ਇਸ ਸਵਾਲ ਬਾਰੇ ਵੀ, ਸਾਨੂੰ ਲਾਜ਼ਮੀ ਹੀ ਮਾਨਸਿਕ ਤੌਰ ’ਤੇ ਤਿਆਰ ਹੋਣਾ ਚਾਹੀਦਾ ਹੈ ਤੇ ਕੁੱਝ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਅਸੀਂ ਪੱਕੇ ਤੌਰ ’ਤੇ ਜੰਗ ਦੇ ਖਿਲਾਫ ਅਤੇ ਅਮਨ ਦੇ ਹੱਕ ’ਚ ਖੜਦੇ ਹਾਂ। ਪਰ ਜੇ ਸਾਮਰਾਜੀਏ ਇੱਕ ਹੋਰ ਜੰਗ ਛੇੜਨ ਲਈ ਬਜਿੱਦ ਹਨ, ਤਾਂ ਸਾਨੂੰ ਇਸ ਤੋਂ ਡਰਨਾ ਨਹੀਂ ਚਾਹੀਦਾ। ਇਸ ਸਵਾਲ ਬਾਰੇ ਵੀ ਸਾਡਾ ਰਵੱਈਆ ਉਹੀ ਹੈ ਜਿਹੜਾ ਕਿਸੇ ਗੜਬੜ ਵੰਨੀ ਹੁੰਦਾ ਹੈ : ਪਹਿਲਾ, ਅਸੀਂ ਇਸ ਦੇ ਖਿਲਾਫ ਹਾਂ; ਦੂਜਾ, ਅਸੀਂ ਇਸ ਤੋਂ ਡਰਦੇ ਨਹੀਂ। ਪਹਿਲੀ ਸੰਸਾਰ ਜੰਗ ਪਿੱਛੋਂ 20 ਕਰੋੜ ਦੀ ਵਸੋਂ ਵਾਲੇ ਸੋਵੀਅਤ ਯੂਨੀਅਨ ਦਾ ਜਨਮ ਹੋਇਆ। ਦੂਜੀ ਸੰਸਾਰ ਜੰਗ ਪਿਛੋਂ 90 ਕਰੋੜ ਦੀ ਵਸੋਂ ਵਾਲਾ ਸਮਾਜਵਾਦੀ ਕੈਂਪ ਉਭਰਿਆ। ਜੇ ਸਾਮਰਾਜੀਏ ਤੀਜੀ ਸੰਸਾਰ ਜੰਗ ਲਾਉਣ ਲਈ ਬਜਿੱਦ ਹਨ ਤਾਂ ਇਹ ਯਕੀਨੀ ਹੈ ਕਿ ਕਰੋੜਾਂ ਹੋਰ ਸਮਾਜਵਾਦ ਵੰਨੀ ਪਲਟ ਜਾਣਗੇ ਅਤੇ ਫੇਰ ਸਾਮਰਾਜੀਆਂ ਕੋਲ ਧਰਤੀ ’ਤੇ ਬਹੁਤੀ ਥਾਂ ਨਹੀਂ ਰਹਿਣੀ, ਇਹ ਵੀ ਹੋ ਸਕਦਾ ਹੈ ਕਿ ਕੁੱਲ ਸਾਮਰਾਜਵਾਦੀ ਢਾਂਚਾ ਮੁਕੰਮਲ ਤੌਰ ’ਤੇ ਤਬਾਹ ਹੋ ਜਾਵੇ।

ਹਾਸਲ ਹਾਲਤਾਂ ’ਚ, ਇੱਕ ਵਿਰੋਧਤਾਈ ਦੇ ਦੋਵੇਂ ਪੱਖਾਂ ਵਿਚਕਾਰ ਜਦੋ-ਜਹਿਦ ਦੇ ਸਿੱਟੇ ਵਜੋਂ, ਯਕੀਨਨ ਤੌਰ ਤੇ, ਵਿਰੋਧਤਾਈ ਦੇ ਵਿਰੋਧੀ ਪੱਖ ਆਪਣੇ ਉੱਲਟ ’ਚ ਤਬਦੀਲ ਹੋ ਜਾਂਦੇ ਹਨ। ਏਥੇ, ਹਾਲਤਾਂ ਦਾ ਹੋਣਾ ਜ਼ਰੂਰੀ ਹੈ। ਹਾਸਲ ਹਾਲਤਾਂ ਤੋਂ ਬਿਨਾਂ, ਦੋਹਾਂ ’ਚੋਂ ਕੋਈ ਵੀ ਆਪਣੇ ਉਲਟ ’ਚ ਨਹੀਂ ਬਦਲ ਸਕਦਾ। ਸੰਸਾਰ ਭਰ ਦੀਆਂ ਸਾਰੀਆਂ ਜਮਾਤਾਂ ’ਚੋਂ ਪ੍ਰੋਲੇਤਾਰੀ ਸਭ ਤੋਂ ਵੱਧ ਆਪਣੀ ਹਾਲਤ ਨੂੰ ਬਦਲਣ ਲਈ ਉਤਾਵਲਾ ਹੈ ਅਤੇ ਇਸ ਤੋਂ ਪਿੱਛੋਂ ਅਰਧ-ਪ੍ਰੋਲੇਤਾਰੀ ਆਉਂਦਾ ਹੈ, ਕਿਉਂਕਿ ਪਹਿਲੇ ਕੋਲ ਬਿਲਕੁਲ ਹੀ ਕੁੱਝ ਨਹੀਂ ਜਦੋਂ ਕਿ ਮਗਰਲਾ ਮੁਸ਼ਕਲ ਨਾਲ ਗੁਜਾਰਾ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਹੁਣ ਸੰਸਾਰ ਦੇ ਕਾਫੀ ਹਿੱਸਿਆਂ ’ਤੇ ਗਾਲਬ ਹੈ—ਇਹ ਹਾਲਤ ਆਰਜੀ ਹੈ ਅਤੇ ਜਿਹੜੀ ਅਖੀਰ ਨੂੰ ਜ਼ਰੂਰ ਬਦਲੇਗੀ। ਗਰੀਬ ਹੋਣ ਦੇ ਨਾਤੇ ਕੌਮਾਂਤਰੀ ਮਾਮਲਿਆਂ ’ਚ ਅਧਿਕਾਰਾਂ ਤੋਂ ਵਾਂਝੇ ਕੀਤੇ ਚੀਨ ਦੀ ਹਾਲਤ ਵੀ ਬਦਲੇਗੀ—ਗਰੀਬ ਦੇਸ਼ ਅਮੀਰ ਦੇਸ਼ ’ਚ ਬਦਲ ਜਾਵੇਗਾ, ਆਪਣੇ ਅਧਿਕਾਰਾਂ ਤੋਂ ਵਾਂਝਾ ਕੀਤਾ ਦੇਸ਼ ਇਹਨਾਂ ਅਧਿਕਾਰਾਂ ਨੂੰ ਮਾਨਣ ਵਾਲਾ ਦੇਸ਼ ਬਣ ਜਾਵੇਗਾ—ਇਹ ਚੀਜ਼ਾਂ ਦੀ ਉਹਨਾਂ ਦੇ ਉਲਟ ’ਚ ਕਾਇਆ ਪਲਟੀ ਹੈ। ਏਥੇ, ਫੈਸਲਾਕੁਨ ਹਾਲਤਾਂ ਸਮਾਜਵਾਦੀ ਪ੍ਰਬੰਧ ਅਤੇ ਇੱਕ ਜੁੱਟ ਹੋਏ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਹਨ।

## 11. ਸੰਜਮ ਵਰਤਣ ਬਾਰੇ

ਏਥੇ ਮੈਂ ਸੰਖੇਪ ’ਚ ਸੰਜਮ ਦੀ ਵਰਤੋਂ ਕਰਨ ਬਾਰੇ ਬੋਲਣ ਦਾ ਚਾਹਵਾਨ ਹਾਂ। ਅਸੀਂ ਵੱਡੀ ਪੱਧਰ ’ਤੇ ਉਸਾਰੀ ਕਰਨਾ ਚਾਹੁੰਦੇ ਹਾਂ, ਪਰ ਸਾਡਾ ਮੁਲਕ ਅਜੇ ਵੀ ਬਹੁਤ ਗਰੀਬ ਹੈ—ਇੱਥੇ

ਵਿਰੋਧਤਾਈ ਮੌਜੂਦ ਹੈ। ਇਸ ਨੂੰ ਹੱਲ ਕਰਨ ਦਾ ਇੱਕ ਢੰਗ ਇਹ ਹੈ ਕਿ ਹਰ ਖੇਤਰ 'ਚ ਕਰੜੇ ਸੰਜਮ ਦੀ ਵਰਤੋਂ ਕਰਨ ਲਈ ਨਿਰੰਤਰ ਕੋਸ਼ਿਸ਼ ਕੀਤੀ ਜਾਵੇ। 1952 'ਚ (ਸ਼ੈਨ ਫੈਨ) "ਤਿੰਨ ਵਿਰੋਧੀਆਂ ਦੀ ਲਹਿਰ" ਦੌਰਾਨ, ਅਸੀਂ ਰਿਸ਼ਵਤ-ਖੋਰੀ ਖਿਲਾਫ ਸੰਘਰਸ਼ 'ਤੇ ਜੋਰ ਦਿੰਦੇ ਹੋਏ, ਰਿਸ਼ਵਤ-ਖੋਰੀ, ਫਜ਼ੂਲ-ਖਰਚੇ ਅਤੇ ਅਫਸਰਸ਼ਾਹੀ ਖਿਲਾਫ ਲੜੇ। 1955 'ਚ ਅਸੀਂ ਵੱਡੀ ਕਾਮਯਾਬੀ ਨਾਲ ਸੰਜਮ ਵਰਤਣ ਦੀ ਵਕਾਲਤ ਕੀਤੀ। ਉਦੋਂ ਸਾਡਾ ਪੂੰਜੀ ਦਾ ਨਿਰਮਾਣ ਕਰਨ ਤੇ ਗੈਰ ਉਪਜਾਊ ਪ੍ਰੋਜੈਕਟਾਂ ਲਈ ਬੇਲੋੜੇ ਉੱਚੇ ਮਿਆਰਾਂ ਖਿਲਾਫ ਸੰਘਰਸ਼ ਅਤੇ ਸਨੱਅਤੀ ਪੈਦਾਵਾਰ ਵਿੱਚ ਕੱਚੇ ਮਾਲ ਦੀ ਵਰਤੋਂ 'ਚ ਸੰਜਮ ਰੱਖਣ 'ਤੇ ਜ਼ੋਰ ਸੀ। ਪਰ ਉਸ ਸਮੇਂ ਅਜੇ ਸੰਜਮ ਨੂੰ ਕੌਮੀ ਅਰਥਚਾਰੇ ਦੀਆਂ ਸਾਰੀਆਂ ਸ਼ਾਖਾਵਾਂ ਜਾਂ ਆਮ ਤੌਰ 'ਤੇ ਸਰਕਾਰੀ ਦਫਤਰਾਂ, ਫੌਜੀ ਇਕਾਈਆਂ, ਸਕੂਲਾਂ ਅਤੇ ਲੋਕ ਜੱਥੇਬੰਦੀਆਂ 'ਚ ਇੱਕ ਰਹਿਨੁਮਾ ਅਸੂਲ ਵਜੋਂ ਸੁਹਿਰਦਤਾ ਨਾਲ ਲਾਗੂ ਨਹੀਂ ਕੀਤਾ ਗਿਆ ਸੀ। ਇਸ ਸਾਲ ਅਸੀਂ ਸਮੁੱਚੇ ਦੇਸ਼ 'ਚ ਸੰਜਮ ਵਰਤਣ ਅਤੇ ਹਰੇਕ ਖੇਤਰ 'ਚੋਂ ਫਜ਼ੂਲ ਖਰਚਿਆਂ ਦਾ ਖਾਤਮਾ ਕਰਨ ਦਾ ਸੱਦਾ ਦੇ ਰਹੇ ਹਾਂ। ਉਸਾਰੀ ਦੇ ਕੰਮ 'ਚ ਸਾਡੇ ਕੋਲ ਅਜੇ ਤਜਰਬੇ ਦੀ ਘਾਟ ਹੈ। ਪਿਛਲੇ ਕੁੱਝ ਸਾਲਾਂ ਦੌਰਾਨ, ਵੱਡੀਆਂ ਮੱਲਾਂ ਮਾਰੀਆਂ ਗਈਆਂ ਹਨ, ਪਰ ਫਜ਼ੂਲ ਖਰਚੇ ਵੀ ਹੋਏ ਹਨ। ਸਾਨੂੰ ਜਰੂਰ ਹੀ ਸਾਡੀ ਸਨੱਅਤ ਦੀ ਮੁੱਖ-ਟੇਕ ਵਜੋਂ ਕਦਮ-ਬ-ਕਦਮ ਕਾਫੀ ਗਿਣਤੀ 'ਚ ਵੱਡੇ ਆਧੁਨਿਕ ਕਾਰੋਬਾਰੀ ਅਦਾਰੇ ਬਨਾਉਣੇ ਪੈਣਗੇ, ਜਿਨ੍ਹਾਂ ਤੋਂ ਬਿਨਾਂ ਅਸੀਂ ਆਉਣ ਵਾਲੇ ਦਹਾਕਿਆਂ 'ਚ ਚੀਨ ਨੂੰ ਇਕ ਤਾਕਤਵਰ ਆਧੁਨਿਕ ਸਨੱਅਤੀ ਮੁਲਕ ਬਨਾਉਣ ਦੇ ਯੋਗ ਨਹੀਂ ਹੋਵਾਂਗੇ। ਪਰ ਸਾਡੇ ਕਾਰੋਬਾਰਾਂ ਦੀ ਬਹੁ-ਗਿਣਤੀ ਨੂੰ ਵੱਡ-ਪੈਮਾਨੇ 'ਤੇ ਨਹੀਂ ਬਨਾਉਣਾ ਚਾਹੀਦਾ ਸਾਨੂੰ ਜ਼ਿਆਦਾ ਛੋਟੇ ਅਤੇ ਦਰਮਿਆਨੇ ਕਾਰੋਬਾਰ ਸਥਾਪਤ ਕਰਨੇ ਚਾਹੀਦੇ ਹਨ ਅਤੇ ਪੁਰਾਣੇ ਸਮਾਜ ਤੋਂ ਵਿਰਾਸਤ 'ਚ ਮਿਲੇ ਸਨੱਅਤੀ ਅਧਾਰ ਦੀ ਪੂਰੀ ਵਰਤੋਂ ਕਰਨੀ ਚਾਹੀਦਾ ਹੈ ਤਾਂ ਕਿ ਸਭ ਤੋਂ ਜ਼ਿਆਦਾ ਸਰਫਾ ਕੀਤਾ ਜਾ ਸਕੇ, ਥੋੜ੍ਹੀ ਪੂੰਜੀ ਨਾਲ ਬਹੁਤ ਕੁੱਝ ਹੋ ਸਕੇ। ਕੁੱਝ ਮਹੀਨਿਆਂ 'ਚ ਹੀ ਚੰਗੇ ਸਿੱਟੇ ਨਿਕਲਣ ਲੱਗ ਪਏ ਹਨ ਕਿਉਂਕਿ ਨਵੰਬਰ 1956 ਵਿਚ ਚੀਨ ਦੀ ਕਮਿਊਨਿਸਟ ਪਾਰਟੀ ਦੀ ਅੱਠਵੀਂ ਕੇਂਦਰੀ ਕਮੇਟੀ ਦੇ ਦੂਸਰੇ ਪਲੈਨਰੀ ਸ਼ੈਸ਼ਨ ਵਲੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਜੋਰਦਾਰ ਸ਼ਬਦਾਂ 'ਚ ਕਰੜੇ ਸੰਜਮ ਨੂੰ ਅਮਲ 'ਚ ਲਿਆਉਣ ਅਤੇ ਫਜ਼ੂਲ ਖਰਚਿਆਂ ਨੂੰ ਰੋਕਣ ਦਾ ਅਸੂਲ ਪੇਸ਼ ਹੋ ਚੁੱਕਿਆ ਸੀ। ਮੌਜੂਦਾ ਸਰਫਾ ਮੁਹਿੰਮ ਜਰੂਰ ਹੀ ਮੁਕੰਮਲ ਅਤੇ ਠੀਕ ਢੰਗ ਨਾਲ ਚਲਾਉਣੀ ਚਾਹੀਦੀ ਹੈ। ਕਿਸੇ ਵੀ ਹੋਰ ਨੁਕਸ ਜਾਂ ਗਲਤੀ ਦੀ ਪੜਚੋਲ ਵਾਂਗ ਫਜ਼ੂਲ ਖਰਚਿਆਂ ਖਿਲਾਫ ਲੜਾਈ ਦੀ ਵੀ ਮੂੰਹ ਧੋਣ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਕੀ ਲੋਕ ਹਰ ਰੋਜ਼ ਆਪਣੇ ਮੂੰਹ ਨਹੀਂ ਧੋਂਦੇ ? ਚੀਨੀ ਕਮਿਊਨਿਸਟ ਪਾਰਟੀ, ਜਮਹੂਰੀ ਪਾਰਟੀਆਂ ਤੋਂ ਨਿਰਲੇਪ ਜਮਹੂਰੀਅਤ-ਪਸੰਦਾਂ, ਬੁੱਧੀਜੀਵੀਆਂ, ਸਨੱਅਤਕਾਰਾਂ ਅਤੇ ਵਪਾਰੀਆਂ, ਮਜ਼ਦੂਰਾਂ ਕਿਸਾਨਾਂ ਅਤੇ ਦਸਤਕਾਰਾਂ, ਸੰਖੇਪ 'ਚ ਸਾਡੇ ਮੁਲਕ ਦੇ ਸਾਰੇ 60 ਕਰੋੜ ਲੋਕਾਂ ਨੂੰ ਜਰੂਰ ਹੀ ਪੈਦਾਵਾਰ ਵਧਾਉਣ ਅਤੇ ਸਰਫਾ ਕਰਨ ਲਈ ਅਤੇ ਫਜ਼ੂਲ ਖਰਚਿਆ ਅਤੇ ਗੁਲਸ਼ਰੇ ਉਡਾਉਣ ਖਿਲਾਫ ਹੰਭਲਾ ਮਾਰਨਾ ਚਾਹੀਦਾ ਹੈ। ਇਸ ਦੀ ਨਾ ਸਿਰਫ ਆਰਥਿਕ ਪੱਖ ਤੋਂ ਸਗੋਂ ਸਿਆਸੀ ਪੱਖੋਂ ਬਹੁਤ ਮਹੱਤਤਾ ਹੈ। ਸਾਡੇ ਕਾਫੀ ਮੁਲਾਜ਼ਮਾਂ 'ਚ ਹੁਣੇ ਹੁਣੇ ਇੱਕ ਖਤਰਨਾਕ ਰੁਚੀ ਦੇਖਣ ਨੂੰ ਮਿਲੀ ਹੈ, ਜਨਤਾ ਦੇ ਦੁੱਖ-ਸੁੱਖ ਸਾਂਝੇ ਕਰਨ ਦੀ ਨਾ-ਰਜਾਮੰਦੀ ਅਤੇ ਜਾਤੀ ਫਾਇਦੇ ਅਤੇ ਮੁਫਾਦ ਖਾਤਰ ਸਰੋਕਾਰ। ਇਹ ਬਹੁਤ ਭੈੜੀ ਗੱਲ ਹੈ। ਇਸ ਨੂੰ ਸਰ ਕਰਨ ਦਾ

ਇੱਕ ਢੰਗ ਪੈਦਾਵਾਰ ਵਧਾਉਣ ਅਤੇ ਕਿਫਾਇਤ ਕਰਨ ਦੀ ਸਾਡੀ ਮੁਹਿੰਮ ਦੇ ਅਮਲ ਦੌਰਾਨ ਸਾਡੀਆਂ ਜੱਥੇਬੰਦੀਆਂ ਨੂੰ ਸਰਲ ਬਨਾਉਣਾ ਹੈ, ਅਤੇ ਕੇਡਰ ਨੂੰ ਹੇਠਲੇ ਪੱਧਰ 'ਤੇ ਤਬਦੀਲ ਕਰਨਾ ਹੈ ਤਾਂ ਕਿ ਕਾਫੀ ਗਿਣਤੀ ਉਪਜਾਊ ਕੰਮ 'ਚ ਮੁੜ ਲੱਗੇ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਸਾਡਾ ਸਾਰਾ ਕਾਡਰ ਅਤੇ ਸਾਡੇ ਸਾਰੇ ਲੋਕ ਲਗਾਤਾਰ ਇਹ ਗੱਲ ਮਨ 'ਚ ਰੱਖਣ ਕਿ ਸਾਡਾ ਦੇਸ਼ ਇੱਕ ਵੱਡਾ ਸਮਾਜਵਾਦੀ ਦੇਸ਼ ਹੈ ਪਰ ਆਰਥਿਕ ਪੱਖੋਂ ਪਛੜਿਆ ਅਤੇ ਗਰੀਬ ਮੁਲਕ ਹੈ, ਕਿ ਇਹ ਇੱਕ ਵੱਡੀ ਵਿਰੋਧਤਾਈ ਹੈ। ਚੀਨ ਨੂੰ ਖੁਸ਼ਹਾਲ ਅਤੇ ਮਜਬੂਤ ਬਨਾਉਣ ਲਈ ਕਈ ਦਹਾਕਿਆਂ ਭਰੀ ਸਖ਼ਤ ਘਾਲਣਾ ਦੀ ਲੋੜ ਹੈ। ਹੋਰਨਾਂ ਗੱਲਾਂ ਦੇ ਨਾਲ ਨਾਲ, ਜਿਸਦਾ ਮਤਲਬ ਹੈ, ਕਰੜੇ ਸੰਜਮ ਦੀ ਵਰਤੋਂ ਅਤੇ ਫਜ਼ੂਲ ਖਰਚਿਆਂ ਖਿਲਾਫ ਘੋਲ ਨੂੰ ਅਮਲ 'ਚ ਲਿਆਂਦਾ ਜਾਵੇ, ਯਾਨੀ, ਸਖਤ ਕੰਮ ਅਤੇ ਸਰਫੇ ਰਾਹੀਂ ਮੁਲਕ ਦੀ ਉਸਾਰੀ ਕਰਨ ਦੀ ਨੀਤੀ।

## 12. ਚੀਨ ਦੇ ਸਨਅਤੀਕਰਨ ਦਾ ਰਾਹ

ਸਨਅਤੀਕਰਨ ਲਈ ਸਾਡੇ ਰਾਹ ਬਾਰੇ ਬਹਿਸ-ਵਿਚਾਰ ਕਰਦੇ ਹੋਏ, ਏਥੇ ਮੇਰਾ ਸਰੋਕਾਰ ਮੁੱਖ ਤੌਰ ਤੇ ਭਾਰੀ ਸਨੱਅਤ, ਛੋਟੀ ਸਨੱਅਤ ਅਤੇ ਖੇਤੀਬਾੜੀ ਦਰਮਿਆਨ ਰਿਸ਼ਤਿਆਂ ਬਾਰੇ ਹੈ। ਇਹ ਬਿਲਕੁਲ ਪੱਕੀ ਗੱਲ ਹੈ ਕਿ ਭਾਰੀ ਸਨਅਤ ਚੀਨ ਦੀ ਆਰਥਿਕ ਉਸਾਰੀ ਦੀ ਗੁਲੀ ਹੈ। ਉਸੇ ਵੇਲੇ, ਲਾਜ਼ਮੀ ਹੀ ਖੇਤੀਬਾੜੀ ਅਤੇ ਛੋਟੀ ਸਨਅਤ ਦੇ ਵਿਕਾਸ ਵੰਨੀ ਪੂਰੀ ਤਵੱਜੋ ਦੇਣੀ ਚਾਹੀਦਾ ਹੈ।

ਕਿਉਂਕਿ ਚੀਨ ਇੱਕ ਵਿਸ਼ਾਲ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੀ 80 ਫੀਸਦੀ ਤੋਂ ਉਪਰ ਆਬਾਦੀ ਪੇਂਡੂ ਇਲਾਕਿਆਂ 'ਚ ਵਸਦੀ ਹੈ। ਖੇਤੀਬਾੜੀ ਲਾਜ਼ਮੀ ਹੀ ਸਨੱਅਤ ਦੇ ਨਾਲੋ ਨਾਲ ਵਿਕਸਤ ਹੋਣੀ ਚਾਹੀਦੀ ਹੈ। ਕਿਉਂਕਿ ਸਿਰਫ ਇਸ ਤਰ੍ਹਾਂ ਹੀ ਸਨਅਤ ਕੱਚਾ ਮਾਲ ਅਤੇ ਮੰਡੀ ਹਾਸਲ ਕਰ ਸਕਦੀ ਹੈ ਅਤੇ ਸਿਰਫ ਇਸ ਤਰ੍ਹਾਂ ਹੀ ਸ਼ਕਤੀਸ਼ਾਲੀ ਭਾਰੀ ਸਨੱਅਤ ਦੀ ਉਸਾਰੀ ਲਈ ਧਨ ਦਾ ਵੱਧ ਸੰਗ੍ਰਹਿ ਕਰ ਸਕਣਾ ਸੰਭਵ ਹੈ। ਹਰ ਕੋਈ ਜਾਣਦਾ ਹੈ ਕਿ ਛੋਟੀ ਸਨੱਅਤ ਖੇਤੀਬਾੜੀ ਨਾਲ ਨੇੜਿਓਂ ਜੁੜੀ ਹੋਈ ਹੈ। ਖੇਤੀਬਾੜੀ ਤੋਂ ਬਿਨਾਂ ਛੋਟੀ ਸਨੱਅਤ ਨਹੀਂ ਹੋ ਸਕਦੀ। ਪਰ ਇਹ ਅਜੇ ਸਪੱਸ਼ਟ ਤੌਰ ਤੇ ਹੀ ਨਹੀਂ ਸਮਝਿਆ ਗਿਆ ਕਿ ਖੇਤੀਬਾੜੀ ਭਾਰੀ ਸਨਅਤ ਲਈ ਇੱਕ ਮਹੁੱਤਵਪੂਰਨ ਮੰਡੀ ਮੁਹੱਈਆ ਕਰਦੀ ਹੈ। ਫੇਰ ਵੀ ਇਹ ਤੱਥ ਸੌਖਿਆਂ ਹੀ ਸਮਝ ਆ ਜਾਵੇਗਾ ਕਿਉਂਕਿ ਖੇਤੀਬਾੜੀ ਦੇ ਨਵੀਨੀਕਰਨ ਅਤੇ ਤਕੀਕੀ ਸੁਧਾਰ ਵਿੱਚ ਸਹਿਜੇ-ਸਹਿਜੇ ਤਰੱਕੀ, ਹੋਰ ਮਸ਼ੀਨਰੀ, ਖਾਦ, ਪਾਣੀ ਸੰਭਾਲ ਵਿਵਸਥਾ, ਬਿਜਲੀ ਪ੍ਰੋਜੈਕਟ ਅਤੇ ਖੇਤਾਂ ਲਈ ਢੋਆ-ਢੁਆਈ ਦੀਆਂ ਸਹੂਲਤਾਂ ਅਤੇ ਪੇਂਡੂ ਖਪਤਕਾਰਾਂ ਲਈ ਬਾਲਣ ਅਤੇ ਇਮਾਰਤਸਾਜੀ ਦੇ ਸਮਾਨ ਦੀ ਮੰਗ ਕਰਦੀ ਰਹਿੰਦੀ ਹੈ। ਦੂਜੀ ਅਤੇ ਤੀਜੀ ਪੰਜ-ਸਾਲਾਂ ਯੋਜਨਾਵਾਂ ਦੇ ਸਮੇਂ ਦੌਰਾਨ ਜੇ ਅਸੀਂ ਆਪਣੀ ਖੇਤੀਬਾੜੀ ਦੀ ਤਰੱਕੀ 'ਚ ਵੱਡੀਆਂ ਮੱਲਾਂ ਮਾਰ ਲੈਂਦੇ ਹਾਂ ਅਤੇ ਇਸੇ ਤਰਾਂ ਛੋਟੀ ਸੱਨਅਤ ਦੇ ਬਰਾਬਰ ਦੇ ਵਿਕਾਸ ਲਈ ਹਾਲਤਾਂ ਸਿਰਜ ਲੈਂਦੇ ਹਾਂ ਤਾਂ ਸਮੁੱਚਾ ਕੌਮੀ ਅਰਥਚਾਰਾ ਹੀ ਫਾਇਦਾ ਉਠਾਵੇਗਾ। ਜਿਵੇਂ ਜਿਵੇਂ ਖੇਤੀਬਾੜੀ ਅਤੇ ਛੋਟੀ ਸਨੱਅਤ ਦਾ ਵਿਕਾਸ ਹੋਵੇਗਾ, ਭਾਰੀ ਸਨਅਤ ਲਈ ਪੂੰਜੀ ਅਤੇ ਮੰਡੀ ਦੀ ਗਰੰਟੀ ਬਣਨ ਨਾਲ ਇਸ ਦੀ ਵੀ ਰਫਤਾਰ ਵਧੇਗੀ। ਇਸ ਲਈ, ਸਨਅਤੀਕਰਨ ਦੀ ਰਫਤਾਰ, ਜਿਹੜੀ ਐਨੀ ਮੱਧਮ ਲੱਗ ਸਕਦੀ ਹੈ, ਅਸਲ 'ਚ ਐਨੀ

ਮੱਧਮ ਨਹੀਂ ਹੋਵੇਗੀ, ਅਸਲ 'ਚ ਇਸ ਤੋਂ ਵੀ ਤੇਜ ਹੋਵੇਗੀ। ਤਿੰਨ ਪੰਜ-ਸਾਲਾਂ ਯੋਜਨਾਵਾਂ ਜਾਂ ਸ਼ਾਇਦ ਇਸ ਤੋਂ ਕੁੱਝ ਵੱਧ ਸਮੇਂ 'ਚ ਚੀਨ ਦਾ ਸਲਾਨਾ ਸਟੀਲ ਉਤਪਾਦਨ 2 ਕਰੋੜ ਟਨ ਜਾਂ ਵੱਧ ਹੋ ਸਕਦਾ ਹੈ ਜਦੋਂ ਕਿ ਮੁਕਤੀ ਤੋਂ ਪਹਿਲਾਂ ਸਟੀਲ ਦਾ ਸਿਰੇ ਦਾ ਉਤਪਾਦਨ 1943 'ਚ 9 ਲੱਖ ਟਨ ਤੋਂ ਕੁੱਝ ਵੱਧ ਸੀ। ਇਹ ਤੱਥ ਸ਼ਹਿਰਾਂ ਅਤੇ ਪਿੰਡਾਂ, ਦੋਹਾਂ 'ਚ ਲੋਕਾਂ ਨੂੰ ਬਾਗੋ-ਬਾਗ ਕਰੇਗਾ।

ਮੈਂ ਅੱਜ ਆਰਥਿਕ ਸਵਾਲਾਂ ਬਾਰੇ ਵਿਸਥਾਰ 'ਚ ਨਹੀਂ ਜਾਂਦਾ। ਅਸੀਂ ਪੂਰੇ ਸੱਤ ਸਾਲ ਤੋਂ ਆਰਥਿਕ ਉਸਾਰੀ 'ਚ ਲੱਗੇ ਹੋਏ ਹਾਂ। ਸਾਡੇ ਕੋਲ ਅਜੇ ਤਜਰਬੇ ਦੀ ਘਾਟ ਹੈ ਅਤੇ ਇਸ ਨੂੰ ਇਕੱਠਾ ਕਰਨ ਦੀ ਲੋੜ ਹੈ। ਜਦੋਂ ਅਸੀਂ ਇਨਕਲਾਬ ਸ਼ੁਰੂ ਕੀਤਾ ਸੀ ਤਾਂ ਸਾਡੇ ਕੋਲ ਇਸ ਦਾ ਵੀ ਕੋਈ ਤਜਰਬਾ ਨਹੀਂ ਸੀ ਅਤੇ ਕਈ ਵਾਰ ਸੱਟਾ ਖਾਣ ਤੋਂ ਪਿੱਛੋਂ ਹੀ ਤਜਰਬਾ ਹਾਸਲ ਕੀਤਾ ਅਤੇ ਕੌਮ-ਵਿਆਪੀ ਜਿੱਤ ਪ੍ਰਾਪਤ ਕੀਤੀ। ਪਰ ਸਾਨੂੰ ਲਾਜ਼ਮੀ ਹੀ ਘੱਟ ਤੋਂ ਘੱਟ ਸਮੇਂ ਅੰਦਰ ਆਰਥਿਕ ਉਸਾਰੀ 'ਚ ਤਜਰਬਾ ਹਾਸਲ ਕਰਨ ਦੀ ਆਪਣੇ ਆਪ ਤੋਂ ਮੰਗ ਕਰਨੀ ਚਾਹੀਦੀ ਹੈ ਤਾਂ ਕਿ ਇਹ ਇਨਕਲਾਬ 'ਚ ਹਾਸਲ ਕੀਤੇ ਤਜਰਬੇ ਤੋਂ ਛੇਤੀ ਹਾਸਲ ਹੋ ਜਾਵੇ ਅਤੇ ਸਾਨੂੰ ਇਸ ਦੇ ਲਈ ਉਨੀ ਕੀਤਮ ਨਾ ਤਾਰਨੀ ਪਵੇ। ਕੁੱਝ ਕੀਮਤ ਸਾਨੂੰ ਦੇਣੀ ਪਵੇਗੀ, ਪਰ ਅਸੀਂ ਇਹ ਆਸ ਕਰਦੇ ਹਾਂ ਕਿ ਇਹ ਉਨੀ ਜ਼ਿਆਦਾ ਨਹੀਂ ਹੋਵੇਗੀ ਜਿੰਨੀ ਸਾਨੂੰ ਇਨਕਲਾਬ ਦੇ ਸਮੇਂ ਦੌਰਾਨ ਤਾਰਨੀ ਪਈ ਸੀ। ਸਾਨੂੰ ਜ਼ਰੂਰ ਹੀ ਅਹਿਸਾਸ ਕਰਨਾ ਚਾਹੀਦਾ ਹੈ ਕਿ ਇੱਥੇ ਇੱਕ ਵਿਰੋਧਤਾਈ ਹੈ—ਸਮਾਜਵਾਦੀ ਸਮਾਜ ਦੇ ਆਰਥਿਕ ਵਿਕਾਸ ਦੇ ਬਾਹਰਮੁੱਖੀ ਨਿਯਮਾਂ ਅਤੇ ਇਹਨਾਂ ਬਾਰੇ ਸਾਡੀ ਅੰਤਰਮੁੱਖੀ ਸਮਝ ਵਿਚਕਾਰ ਵਿਰੋਧਤਾਈ—ਜਿਸ ਨੂੰ ਅਭਿਆਸ ਦੀ ਪ੍ਰਕਿਰਿਆ ਦੌਰਾਨ ਹੱਲ ਕਰਨ ਦੀ ਲੋੜ ਹੈ। ਇਹ ਵਿਰੋਧਤਾਈ ਆਪਣੇ ਆਪ ਨੂੰ ਵੱਖ ਵੱਖ ਲੋਕਾਂ ਵਿਚਕਾਰ ਵਿਰੋਧਤਾਈ ਵਜੋਂ ਵੀ ਉਜਾਗਰ ਕਰਦੀ ਹੈ, ਯਾਨੀ ਇਹਨਾਂ ਬਾਹਰਮੁੱਖੀ ਨਿਯਮਾਂ ਦੀ ਮੁਕਾਬਲਤਨ ਵੱਧ ਸਹੀ ਸੋਝੀ ਰੱਖਣ ਵਾਲਿਆਂ ਅਤੇ ਇਹਨਾਂ ਦੀ ਮੁਕਾਬਲਤਨ ਗਲਤ ਸੋਝੀ ਰੱਖਣ ਵਾਲਿਆਂ ਵਿਚਕਾਰ ਵਿਰੋਧਤਾਈ, ਇਹ ਵੀ ਲੋਕਾਂ ਵਿਚਕਾਰਲੀ ਵਿਰੋਧਤਾਈ ਹੈ। ਹਰੇਕ ਵਿਰੋਧਤਾਈ ਇੱਕ ਬਾਹਰਮੁੱਖੀ ਹਕੀਕਤ ਹੈ ਅਤੇ ਇਹ ਸਾਡਾ ਕੰਮ ਹੈ ਕਿ ਇਸ ਨੂੰ ਸਮਝੀਏ ਅਤੇ ਜਿੰਨੇ ਵੀ ਠੀਕ ਢੰਗ ਨਾਲ ਅਸੀਂ ਕਰ ਸਕਦੇ ਹਾਂ, ਉਨੇ ਹੀ ਢੰਗ ਨਾਲ ਇਸ ਨੂੰ ਹੱਲ ਕਰੀਏ।

ਚੀਨ ਨੂੰ ਇੱਕ ਸਨਅਤੀ ਮੁਲਕ 'ਚ ਤਬਦੀਲ ਕਰਨ ਲਈ, ਸਾਨੂੰ ਜ਼ਰੂਰ ਹੀ ਤਹਿਦਿਲੋਂ ਸੋਵੀਅਤ ਯੂਨੀਅਨ ਦੇ ਵਿਕਸਤ ਤਜਰਬੇ ਤੋਂ ਸਿੱਖਣਾ ਚਾਹੀਦਾ ਹੈ। ਸੋਵੀਅਤ ਯੂਨੀਅਨ 40 ਸਾਲਾਂ ਤੋਂ ਸਮਾਜਵਾਦ ਦੀ ਉਸਾਰੀ ਕਰ ਰਿਹਾ ਹੈ ਅਤੇ ਇਸ ਦਾ ਤਜਰਬਾ ਸਾਡੇ ਲਈ ਬਹੁਤ ਕੀਮਤੀ ਹੈ। ਅਸੀਂ ਪੁੱਛਦੇ ਹਾਂ; ਸਾਡੀਆਂ ਐਨੀਆਂ ਮਹੱਤਵਪੂਰਨ ਫੈਕਟਰੀਆਂ ਦਾ ਡਿਜ਼ਾਇਨ ਕਿਸ ਨੇ ਬਣਾਇਆ ਅਤੇ ਸਾਜੋ-ਸਮਾਨ ਕਿਸਨੇ ਲਾਇਆ ਹੈ ? ਕੀ ਇਹ ਸੰਯੁਕਤ ਰਾਜ ਅਮਰੀਕਾ ਸੀ ? ਜਾਂ ਬਰਤਾਨੀਆ ਸੀ ? ਨਹੀਂ, ਇਹਨਾਂ 'ਚੋਂ ਕੋਈ ਵੀ ਨਹੀਂ ਸੀ। ਸਿਰਫ ਸੋਵੀਅਤ ਯੂਨੀਅਨ ਹੀ ਇਸ ਤਰ੍ਹਾਂ ਕਰਨ ਲਈ ਰਜ਼ਾਮੰਦ ਸੀ, ਕਿਉਂਕਿ ਇਹ ਇੱਕ ਸਮਾਜਵਾਦੀ ਦੇਸ਼ ਹੈ ਅਤੇ ਸਾਡਾ ਸੰਗੀ ਹੈ। ਸੋਵੀਅਤ ਯੂਨੀਅਨ ਤੋਂ ਇਲਾਵਾ, ਪੂਰਬੀ ਯੂਰੋਪ ਦੇ ਭਰਾਤਰੀ ਦੇਸ਼ਾਂ ਨੇ ਵੀ ਸਾਨੂੰ ਕੁੱਝ ਮੱਦਦ ਦਿੱਤੀ ਹੈ। ਇਹ ਮੁਕੰਮਲ ਸੱਚ ਹੈ ਕਿ ਸਾਨੂੰ ਸਮਾਜਵਾਦੀ ਜਾਂ ਪੂੰਜੀਵਾਦੀ ਸਾਰੇ ਦੇਸ਼ਾਂ ਦੇ ਚੰਗੇ ਤਜਰਬੇ ਤੋਂ ਸਿੱਖਣਾ ਚਾਹੀਦਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਪਰ ਮੁੱਖ ਗੱਲ ਅਜੇ ਵੀ ਸੋਵੀਅਤ ਯੂਨੀਅਨ ਤੋਂ ਸਿੱਖਣ ਦੀ ਹੈ। ਹੁਣ ਏਥੇ ਹੋਰਨਾਂ ਤੋਂ ਸਿਖਣ ਬਾਰੇ ਦੋ ਤਰ੍ਹਾਂ ਦੇ ਰਵੱਈਏ

ਹਨ। ਇੱਕ, ਹਰ ਚੀਜ਼ ਨੂੰ ਲਾਗੂ ਕਰਨ ਵਾਲਾ ਕੱਟੜਵਾਦੀ ਰਵੱਈਆ ਹੈ, ਭਾਵੇਂ ਉਹ ਸਾਡੀਆਂ ਹਾਲਤਾਂ ਅਨੁਸਾਰ, ਢੁਕਵੀਂ ਹੋਵੇ ਜਾਂ ਨਾਂ। ਇਹ ਚੰਗੀ ਗੱਲ ਨਹੀਂ ਹੈ। ਦੂਜਾ ਰਵੱਈਆ ਆਪਣੇ ਦਿਮਾਗਾਂ ਦੀ ਵਰਤੋਂ ਕਰਨਾ ਅਤੇ ਉਹਨਾਂ ਚੀਜ਼ਾਂ ਨੂੰ ਸਿੱਖਣਾ ਜਿਹੜੀਆਂ ਸਾਡੀ ਹਾਲਤ ਅਨੁਸਾਰ ਢੁਕਵੀਆਂ ਹਨ, ਯਾਨੀ, ਉਹ ਤਜਰਬਾ ਜ਼ਜ਼ਬ ਕਰਨਾ, ਜਿਹੜਾ ਸਾਡੇ ਲਈ ਲਾਹੇਵੰਦ ਹੈ। ਇਹੋ ਜਿਹਾ ਰਵੱਈਆ ਸਾਨੂੰ ਅਪਨਾਉਣਾ ਚਾਹੀਦਾ ਹੈ।

ਸੋਵੀਅਤ ਯੂਨੀਅਨ ਨਾਲ ਸਾਡੀ ਇੱਕਮੁੱਠਤਾ ਮਜਬੂਤ ਕਰਨੀ, ਸਾਰੇ ਸਮਾਜਵਾਦੀ ਦੇਸ਼ਾਂ ਨਾਲ ਸਾਡੀ ਇੱਕਮੁਠਤਾ ਮਜਬੂਤ ਕਰਨੀ—ਇਹ ਸਾਡੀ ਬੁਨਿਆਦੀ ਨੀਤੀ ਹੈ, ਇਸ ਵਿਚ ਸਾਡੇ ਬੁਨਿਆਦੀ ਹਿੱਤ ਸਮੋਏ ਹੋਏ ਹਨ। ਫੇਰ ਏਸ਼ੀਆ ਅਤੇ ਅਫਰੀਕੀ ਮੁਲਕਾਂ ਅਤੇ ਸਾਰੇ ਅਮਨ-ਪਸੰਦ ਮੁਲਕਾਂ ਤੇ ਲੋਕਾਂ ਨਾਲ ਸਾਨੂੰ ਜ਼ਰੂਰ ਹੀ ਆਪਣੀ ਇਕਮੁੱਠਤਾ ਮਜਬੂਤ ਅਤੇ ਵਿਕਸਤ ਕਰਨੀ ਚਾਹੀਦੀ ਹੈ। ਇਹਨਾਂ ਦੋ ਤਾਕਤਾਂ ਨਾਲ ਇੱਕਜੁੱਟ ਹੋਕੇ, ਅਸੀਂ ਇੱਕਲੇ ਨਹੀਂ ਖੜ੍ਹੇ ਹੋਵਾਂਗੇ। ਜਿਥੋਂ ਤੱਕ ਸਾਮਰਾਜੀ ਮੁਲਕਾਂ ਦਾ ਸੰਬੰਧ ਹੈ, ਸਾਨੂੰ ਉਹਨਾਂ ਦੇ ਲੋਕਾਂ ਨਾਲ ਇਕਜੁੱਟ ਹੋਣਾ ਚਾਹੀਦਾ ਹੈ, ਉਹਨਾਂ ਮੁਲਕਾਂ ਨਾਲ ਪੁਰ-ਅਮਨ ਸਹਿਹੋਂਦ ਲਈ ਜ਼ੋਰਦਾਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ, ਉਹਨਾਂ ਨਾਲ ਕਾਰੋਬਾਰ ਚਲਾਉਣਾ ਅਤੇ ਸੰਭਾਵੀ ਜੰਗ ਨੂੰ ਰੋਕਣ ਲਈ ਹੰਭਲਾ ਮਾਰਨਾ ਚਾਹੀਦਾ ਹੈ, ਪਰ ਕਿਸੇ ਵੀ ਹਾਲਤ 'ਚ ਸਾਨੂੰ ਉਹਨਾਂ ਬਾਰੇ ਗੈਰ-ਹਕੀਕੀ ਖਿਆਲ ਨਹੀਂ ਪਾਲਣੇ ਚਾਹੀਦੇ।

## ਵਿਸਥਾਰੀ ਟਿੱਪਣੀਆਂ :

1. ਹੰਗਰੀ ਦੀਆਂ ਘਟਨਾਵਾਂ ਦਾ ਸੰਬੰਧ 1956 ਵਿਚ ਹੰਗਰੀ ਵਿਚ ਹੋਈ ਉਲਟ-ਇਨਕਲਾਬੀ ਬਗਾਵਤ ਨਾਲ ਹੈ। ਉਸ ਸਾਲ ਅਕਤੂਬਰ ਦੇ ਮਗਰਲੇ ਦਿਨਾਂ 'ਚ ਸਮਾਜਵਾਦੀ ਹੰਗਰੀ 'ਚ ਸਾਮਰਾਜੀਆਂ ਨੇ ਉਲਟ-ਇਨਕਲਾਬੀ ਗੜਬੜ ਭੜਕਾਈ; ਕਮਿਊਨਿਸਟਾਂ ਅਤੇ ਹੋਰ ਇਨਕਲਾਬੀਆਂ ਦਾ ਜਨਤਕ ਕਤਲੇਆਮ ਰਚਾਇਆ ਗਿਆ ਅਤੇ ਕੁੱਝ ਚਿਰ ਲਈ ਰਾਜਧਾਨੀ ਬੂਡਾਪੈਸਟ ਤੇ ਕਬਜ਼ਾ ਜਮਾ ਲਿਆ ਗਿਆ। ਸਮਾਜਵਾਦੀ ਮੁਲਕਾਂ ਨੂੰ ਇੱਕ ਇੱਕ ਕਰਕੇ ਤਬਾਹ ਕਰਨ ਦੇ ਮਨਸ਼ੇ ਨਾਲ ਸਾਮਰਾਜੀਆਂ ਨੇ ਸਮਾਜਵਾਦੀ ਕੈਂਪ 'ਚ ਹੰਗਰੀ ਰਾਹੀਂ ਪਾੜ ਲਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। 4 ਨਵੰਬਰ ਨੂੰ, ਹੰਗਰੀ ਦੇ ਲੋਕਾਂ ਨੇ ਸੋਵੀਅਤ ਫੌਜ ਦੀ ਮੱਦਦ ਅਤੇ ਸਮੁੱਚੇ ਸਮਾਜਵਾਦੀ ਕੈਂਪ ਅਤੇ ਦੁਨੀਆਂ ਭਰ ਦੀਆਂ ਅਗਾਂਵਧੂ ਸ਼ਕਤੀਆਂ ਦੀ ਹਮਦਰਦੀ ਤੇ ਹਮਾਇਤ ਰਾਹੀਂ ਉਲਟ-ਇਨਕਲਾਬੀ ਰਾਜ ਦੀ ਬਹਾਲੀ ਦੀ ਸਾਜਸ਼ ਚਕਨਾਚੂਰ ਕਰ ਦਿੱਤੀ ਅਤੇ ਇਨਕਲਾਬੀ ਕਿਰਤੀਆਂ ਅਤੇ ਕਿਸਾਨਾਂ ਦੀ ਸਰਕਾਰ ਸਥਾਪਤ ਕਰ ਲਈ।

2. ਸਮਾਜਵਾਦੀ ਕਾਇਆ-ਪਲਟੀ ਦੇ ਅਮਲ ਦੌਰਾਨ ਕੌਮੀ ਸਰਮਾਏਦਾਰੀ ਤੋਂ ਪੈਦਾਵਾਰ ਦੇ ਸਾਧਨ ਖਰੀਦਣ ਲਈ ਵਿਆਜ ਦੀ ਇੱਕ ਮਿਥੀ ਦਰ ਦੀ ਅਦਾਇਗੀ ਕਰਨੀ ਰਾਜ ਵੱਲੋਂ ਅਖਤਿਆਰ ਕੀਤੀ ਛੁਟਕਾਰਾ (Redemption) ਨੀਤੀ ਦਾ ਹੀ ਅੰਗ ਸੀ। 1956 ਵਿਚ ਸਰਮਾਏਦਾਰੀ ਸਨਅਤ ਅਤੇ ਵਪਾਰ ਨੂੰ ਸਾਂਝੇ ਰਾਜਕੀ-ਪ੍ਰਾਈਵੇਟ ਕਾਰੋਬਾਰਾਂ ਵਿੱਚ ਤਬਦੀਲ ਕਰਨ ਵੇਲੇ ਤੋਂ ਹੀ, ਰਾਜ ਵਲੋਂ ਕੌਮੀ ਸਰਮਾਏਦਾਰੀ ਨੂੰ ਉਸਦੇ ਅਸਾਸਿਆ ਦੀ ਮੁਦਰਾ 'ਚ ਕੀਮਤ 'ਤੇ ਇੱਕ ਨਿਸ਼ਚਿਤ ਦਰ ਅਨੁਸਾਰ ਵਿਆਜ ਦਿੱਤਾ ਜਾ ਰਿਹਾ ਹੈ ਅਤੇ ਇਹ ਇੱਕ ਨਿਸ਼ਚਿਤ

ਅਰਸੇ ਤੱਕ ਜਾਰੀ ਰਹੇਗਾ। ਇਹ ਵਿਆਜ ਹਾਲੇ ਵੀ ਲੁੱਟ-ਖਸੁੱਟ ਦਾ ਹੀ ਇੱਕ ਰੂਪ ਹੈ।

3. 1953 ਵਿਚ ਕਾਮਰੇਡ ਮਾਓ-ਜੇ-ਤੁੰਗ ਦੇ ਸੁਝਾਅ ਅਨੁਸਾਰ ਕੇਂਦਰੀ ਸਰਕਾਰ ਅਤੇ ਹਰ ਪੱਧਰ ਦੀਆਂ ਸਥਾਨਕ ਸਰਕਾਰਾਂ ਨੇ ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਕੰਮ ਦਾ ਭਰਵਾਂ ਲੇਖਾ-ਜੋਖਾ ਕੀਤਾ। ਨਤੀਜਿਆਂ ਨੇ ਇਹ ਦਿਖਾਇਆ ਕਿ ਉਲਟ-ਇਨਕਲਾਬੀਆਂ ਵਿਰੁਧ ਜਦੋਜਹਿਦ 'ਚ ਵੱਡੀਆਂ ਪ੍ਰਾਪਤੀਆਂ ਹਾਸਲ ਹੋਈਆਂ ਹਨ। ਮੁੱਠੀ ਭਰ ਇੱਕਾ-ਦੁੱਕਾ ਮਾਮਲਿਆਂ ਨੂੰ ਛੱਡ ਕੇ, ਲੱਗਭੱਗ ਸਾਰੇ ਮਾਮਲਿਆਂ ਨੂੰ ਠੀਕ ਢੰਗ ਨਾਲ ਨਜਿੱਠਿਆ ਗਿਆ। ਇਸ ਤੋਂ ਵੀ ਵੱਧ ਜਦ ਕਦੇ ਵੀ ਗਲਤੀਆਂ ਸਾਹਮਣੇ ਆਈਆਂ, ਉਹਨਾਂ ਨੂੰ ਦਰੁਸਤ ਕਰ ਲਿਆ ਗਿਆ। 1957 ਦੀਆਂ ਗਰਮੀਆਂ 'ਚ ਉਲਟ-ਇਨਕਲਾਬੀਆਂ ਨੂੰ ਦਬਾਉਣ ਦੇ ਕੰਮ ਦੇ ਲੇਖੇ-ਜੋਖੇ ਦਾ ਲਾਹਾ ਲੈਂਦਿਆਂ, ਬੁਰਜੂਆ ਸੱਜੇ-ਪੱਖੀਆਂ ਨੇ ਇਸ ਖੇਤਰ 'ਚ ਪ੍ਰਾਪਤੀਆਂ ਨੂੰ ਮੇਸਣ ਦੇ ਯਤਨਾਂ ਵਜੋਂ ਗੜਬੜ ਖੜੀ ਕੀਤੀ ਅਤੇ ਉਲਟ-ਇਨਕਲਾਬੀਆਂ ਨੂੰ ਦਬਾਉਣ ਦੀ ਪਾਰਟੀ ਦੀ ਨੀਤੀ 'ਤੇ ਹਮਲੇ ਵਿੱਢ ਲਏ। ਸਾਰੇ ਮੁਲਕ ਵਿਚ ਲੋਕਾਂ ਵੱਲੋਂ ਵਿਰੋਧ ਕੀਤੇ ਜਾਣ ਕਰਕੇ, ਉਹਨਾਂ ਦੀਆਂ ਸਕੀਮਾਂ ਠੁੱਸ ਹੋ ਕੇ ਰਹਿ ਗਈਆਂ।

4. ਵਾਂਗ ਕਿਓ-ਫੈਨ ਸਹਿਕਾਰੀ ਸਭਾ ਹੋਪਈ ਸੂਬੇ ਦੀ ਸੁਨਹੂਆ ਕਾਉਂਟੀ ਦੇ ਸਿਸਜ਼ੂਸ਼ੀਹ ਲੀਪੂ ਪਿੰਡ ਦੀ ਚੀਨ੍ਹ-ਵਿੰਗ ਫਾਰਮਿੰਗ, ਜੰਗਲਾਤ ਤੇ ਪਸ਼ੂ ਪਾਲਣ ਉਤਪਾਦਕਾਂ ਦੀ ਸਹਿਕਾਰੀ ਸਭਾ ਸੀ। ਇਸ ਦੇ ਨਿਰਦੇਸ਼ਕ ਵਾਂਗ ਕਿਓ-ਫੈਨ ਦੀ ਅਗਵਾਈ ਹੇਠ ਇਹ ਮਿਹਨਤੀ ਅਤੇ ਸੰਜਮੀ ਵਜੋਂ ਮਸ਼ਹੂਰ ਹੋ ਗਈ। ਸਤੰਬਰ 1958 ਵਿਚ, ਇਸ ਸਹਿਕਾਰੀ ਸਭਾ ਦਾ ਚੀਨ੍ਹ-ਮਿੰਗ ਲੋਕ ਕਮਿਊਨ ਦੇ ਰੂਪ 'ਚ ਵਿਸਥਾਰ ਹੋ ਗਿਆ ਅਤੇ ਵਾਂਗ ਕਿਓ-ਫੈਨ ਇਸ ਦਾ ਨਿਰਦੇਸ਼ਕ ਸੀ।

5. ਜ਼ਿਕਰ ਕੀਤੇ ਸਮੇਂ ਤੋਂ ਪਹਿਲਾਂ ਹੀ ਤਿੱਬਤ 'ਚ ਜਮਹੂਰੀ ਸੁਧਾਰ ਸ਼ੁਰੂ ਕੀਤੇ ਗਏ। 14 ਮਾਰਚ 1959 ਨੂੰ ਸਾਮਰਾਜੀਆਂ ਅਤੇ ਵਿਦੇਸ਼ੀ ਦਖ਼ਲ-ਅੰਦਾਜ਼ਾਂ ਨਾਲ ਸਾਂਢ-ਗਾਂਢ ਕਰਕੇ ਕੀਤੀ ਲੰਮੀ ਵਿਉਂਤਬੰਦੀ ਅਤੇ ਤਿਆਰੀ ਤੋਂ ਬਾਅਦ ਸਥਾਨਕ ਸਰਕਾਰ ਅਤੇ ਤਿੱਬਤ ਦੇ ਉਪਰਲੇ ਸਮਾਜਿਕ ਹਿੱਸਿਆਂ ਵਿੱਚਲੇ ਪਿਛਾਖੜੀਆਂ ਨੇ ਪੂਰੀ-ਸੂਰੀ ਹਥਿਆਰਬੰਦ ਬਗਾਵਤ ਵਿੱਢ ਲਈ। ਤਿਬੱਤੀ ਦੇਸ਼ ਭਗਤਾਂ—ਲਾਮਿਆਂ ਅਤੇ ਜਨਸਧਾਰਨ ਦੋਵਾਂ—ਦੀ ਸਰਗਰਮ ਹਮਾਇਤ ਨਾਲ ਲੋਕ ਮੁਕਤੀ ਫੌਜ ਨੇ ਇਸ ਬਗਾਵਤ ਨੂੰ ਤੇਜ਼ੀ ਨਾਲ ਦਬਾ ਦਿੱਤਾ। ਉਸੇ ਸਮੇਂ ਤਿੱਬਤ ਦੇ ਸਮੁੱਚੇ ਵਿਸ਼ਾਲ ਇਲਾਕੇ 'ਚ ਜਮਹੂਰੀ ਸੁਧਾਰ ਸ਼ੁਰੂ ਕੀਤੇ ਗਏ ਅਤੇ ਇਸੇ ਤਰ੍ਹਾਂ ਇਸ ਦੇ ਲੋਕਾਂ ਨੂੰ ਕਾਲੀ ਤੇ ਸਭ ਤੋਂ ਜੰਗਲੀ ਕਿਸਮ ਦੀ ਗੁਲਾਮੀ ਤੋਂ ਨਿਜਾਤ ਦਵਾਈ ਗਈ।

6. ਦੇਖੋ ਲਾਓ-ਜ਼ੂ, ਤਾਓ-ਤੇ-ਚਿੰਗ, ਪਾਠ 58।

# ਸਹੀ ਵਿਚਾਰ ਕਿੱਥੋਂ ਪੈਦਾ ਹੁੰਦੇ ਹਨ ?

**ਮਈ, 1963**

ਸਹੀ ਵਿਚਾਰ ਕਿੱਥੋਂ ਪੈਦਾ ਹੁੰਦੇ ਹਨ ? ਕੀ ਉਹ ਆਕਾਸ਼ ਤੋਂ ਡਿੱਗਦੇ ਹਨ ? ਨਹੀਂ। ਕੀ ਉਹ ਮਨ ਵਿਚ ਜਮਾਂਦਰੂ ਹੁੰਦੇ ਹਨ ? ਨਹੀਂ। ਉਹ ਸਮਾਜਿਕ ਅਭਿਆਸ ਤੋਂ ਤੇ ਸਿਰਫ ਇਸ ਤੋਂ ਹੀ ਪੈਦਾ ਹੁੰਦੇ ਹਨ। ਉਹ ਤਿੰਨ ਤਰ੍ਹਾਂ ਦੇ ਸਮਾਜਿਕ ਅਭਿਆਸ ਚੋਂ ਪੈਦਾ ਹੁੰਦੇ ਹਨ : ਪੈਦਾਵਾਰ ਲਈ ਜਦੋਜਹਿਦ, ਜਮਾਤੀ ਜਦੋਜਹਿਦ ਅਤੇ ਵਿਗਿਆਨਕ ਤਜਰਬੇ। ਮਨੁੱਖ ਦੀ ਸਮਾਜਿਕ ਹੋਂਦ ਉਸ ਦੀ ਸੋਚਣੀ ਦਾ ਨਿਰਣਾ ਕਰਦੀ ਹੈ। ਜਦੋਂ ਅਗਾਂਹਵਧੂ ਜਮਾਤ ਦੀਆਂ ਖਾਸੀਅਤਾਂ ਵਾਲੇ ਸਹੀ ਵਿਚਾਰਾਂ ਨੂੰ ਇੱਕ ਵੇਰਾਂ ਜਨਤਾ ਵਲੋਂ ਅਪਣਾ ਲਿਆ ਜਾਂਦਾ ਹੈ, ਤਾਂ ਇਹ ਵਿਚਾਰ ਪਦਾਰਥਕ ਸ਼ਕਤੀ ਵਿੱਚ ਵਟ ਜਾਂਦੇ ਹਨ। ਇਸ ਸ਼ਕਤੀ ਰਾਹੀਂ ਸਮਾਜ ਬਦਲਿਆ ਜਾਂਦਾ ਹੈ ਅਤੇ ਸੰਸਾਰ ਬਦਲਿਆ ਜਾਂਦਾ ਹੈ। ਆਪਣੇ ਸਮਾਜੀ ਅਭਿਆਸ ਵਿੱਚ, ਮਨੁੱਖ ਭਾਂਤ ਭਾਂਤ ਦੇ ਘੋਲਾਂ ਵਿਚ ਸ਼ਾਮਲ ਹੋ ਕੇ ਸਫਲਤਾਵਾਂ ਜਾਂ ਅਸਫਲਤਾਵਾਂ ਦੋਨਾਂ ਤੋਂ ਹੀ ਬੜਾ ਅਮੀਰ ਤਜਰਬਾ ਪ੍ਰਾਪਤ ਕਰਦੇ ਹਨ। ਮਨੁੱਖ ਦੇ ਦਿਮਾਗ ਵਿਚ ਗਿਆਨ ਇੰਦਰੀਆਂ—ਵੇਖਣ, ਸੁਣਨ, ਸੁੰਘਣ ਚੱਖਣ ਅਤੇ ਛੂਹਣ ਦੀਆਂ ਇੰਦਰੀਆਂ—ਰਾਹੀਂ, ਬਾਹਰਲੇ ਸੰਸਾਰ ਦੀਆਂ ਅਣਗਿਣਤ ਕੁਦਰਤੀ ਘਟਨਾਵਾਂ ਵਾਪਰਦੀਆਂ ਹੁੰਦੀਆਂ ਹਨ। ਪਹਿਲਾਂ ਪਹਿਲ, ਗਿਆਨ ਅਨੁਭਵੀ ਹੁੰਦਾ ਹੈ। ਸੰਕਲਪਿਕ ਗਿਆਨ ਯਾਨੀ ਕਿ ਵਿਚਾਰਾਂ ਵੱਲ ਛਾਲ ਉਦੋਂ ਵੱਜਦੀ ਹੈ, ਜਦੋਂ ਅਨੁਭਵੀ ਗਿਆਨ ਕਾਫੀ ਮਾਤਰਾ ਵਿੱਚ ਇੱਕਠਾ ਹੋ ਜਾਂਦਾ ਹੈ। ਗਿਆਨ ਦੀ ਇਹ ਇੱਕ ਪ੍ਰਕਿਰਿਆ ਹੈ। ਗਿਆਨ ਦੀ ਸਮੁੱਚੀ ਪ੍ਰਕਿਰਿਆ ਵਿਚ ਇਹ ਪਹਿਲਾ ਪੜਾਅ ਹੈ। ਬਾਹਰਮੁੱਖੀ ਪਦਾਰਥ ਤੋਂ ਅੰਤਰਮੁੱਖੀ ਚੇਤਨਾ ਵਿੱਚ ਪ੍ਰਵੇਸ਼ ਹੁੰਦਾ ਹੈ, ਹੋਂਦ ਵਿਚਾਰ ਵਿੱਚ ਵੱਟਦੀ ਹੈ। ਹਾਲੇ ਇਸ ਪੜਾਅ ਤੇ ਇਹ ਸਿੱਧ ਨਹੀਂ ਹੋ ਸਕਿਆ ਹੁੰਦਾ ਕਿ ਕਿਸੇ ਦੀ ਚੇਤਨਾ ਜਾਂ ਵਿਚਾਰ (ਸਿਧਾਂਤਾਂ, ਨੀਤੀਆਂ, ਯੋਜਨਾਵਾਂ ਤੇ ਉਪਾਵਾਂ) ਬਾਹਰੀ ਸੰਸਾਰ ਦੇ ਨਿਯਮਾਂ ਨੂੰ ਸਹੀ ਤੌਰ 'ਤੇ ਦਰਸਾਉਂਦੇ ਹਨ ਜਾਂ ਨਹੀਂ। ਫੇਰ ਗਿਆਨ ਵਿਧੀ ਵਿਚ ਦੂਜਾ ਪੜਾਅ ਆਉਂਦਾ ਹੈ। ਇਸ ਪੜਾਅ ਤੇ ਚੇਤਨਾ ਵਾਪਸ ਹੋ ਕੇ ਪਦਾਰਥ ਵੱਲ ਨੂੰ ਵਿਚਾਰ ਵਾਪਸ ਹੋਕੇ ਹੋਂਦ ਵੱਲ ਨੂੰ ਜਾਂਦੇ ਹਨ। ਇਸ ਅਵਸਥਾ ਵਿੱਚ ਪਹਿਲੇ ਪੜਾਅ ਦੇ ਪ੍ਰਾਪਤ ਕੀਤੇ ਗਿਆਨ ਦੀ ਸਮਾਜੀ ਅਭਿਆਸ ਅੰਦਰ ਇਹ ਜਾਨਣ ਲਈ ਵਰਤੋਂ ਕੀਤੀ ਜਾਂਦੀ ਹੈ ਕਿ ਸਿਧਾਂਤ, ਨੀਤੀਆਂ, ਯੋਜਨਾਵਾਂ, ਉਪਾਅ, ਕਿਆਸੀ ਸਫਲਤਾ ਤੇ ਪੂਰੇ ਉੱਤਰਦੇ ਹਨ ਜਾਂ ਨਹੀਂ। ਆਮ ਸ਼ਬਦਾਂ ਵਿੱਚ ਇਹ ਕਿਹਾ ਜਾਂਦਾ ਹੈ ਜਿਹੜੇ ਸਫਲ ਰਹਿੰਦੇ ਹਨ ਉਹ ਸਹੀ ਹੁੰਦੇ ਹਨ ਅਤੇ ਜਿਹੜੇ ਅਸਫਲ ਰਹਿੰਦੇ ਹਨ, ਉਹ ਗਲਤ ਹੁੰਦੇ ਹਨ। ਇਹਗ ਸਿਧਾਂਤ ਮਨੁੱਖ ਦੀ ਕੁਦਰਤ ਵਿਰੁੱਧ ਜਦੋਜਹਿਦ ਬਾਰੇ ਖਾਸ ਕਰਕੇ ਸੱਚਾ ਹੈ।

ਸਮਾਜਿਕ ਜਦੋਜਹਿਦ ਵਿਚ, ਕਈ ਵਾਰ ਅਗਾਂਹਵਧੂ ਜਮਾਤ ਦੀ ਤਰਜਮਾਨੀ ਕਰਦੀਆਂ

ਸ਼ਕਤੀਆਂ ਹਾਰ ਖਾ ਜਾਂਦੀਆਂ ਹਨ। ਇਸ ਹਾਰ ਦਾ ਕਾਰਨ ਇਹ ਨਹੀਂ ਹੁੰਦਾ ਕਿ ਉਹਨਾਂ ਦੇ ਵਿਚਾਰ ਗਲਤ ਹਨ। ਸਗੋਂ ਇਸ ਦਾ ਕਾਰਨ ਇਹ ਹੁੰਦਾ ਹੈ ਕਿ ਜਦੋਜਹਿਦ ਵਿਚ ਲੱਗੀਆਂ ਸ਼ਕਤੀਆਂ ਦਾ ਪੱਲੜਾ ਪਿਛਾਂਹ-ਖਿੱਚੂ ਸ਼ਕਤੀਆਂ ਦੇ ਟਾਕਰੇ ਵਿਚ ਕੁੱਝ ਸਮੇਂ ਲਈ ਬਹੁਤਾ ਸ਼ਕਤੀਸ਼ਾਲੀ ਨਹੀਂ ਹੁੰਦਾ। ਇਸ ਕਾਰਨ ਕਰਕੇ ਉਹ ਵਕਤੀ ਤੌਰ ’ਤੇ ਹਾਰ ਖਾ ਜਾਂਦੀਆਂ ਹਨ। ਪਰ ਉਹ ਅਗੇਤ-ਪਛੇਤ ਜਰੂਰ ਜਿੱਤਦੀਆਂ ਹਨ। ਮਨੁੱਖ ਦਾ ਗਿਆਨ ਅਭਿਆਸ ਦੀ ਪ੍ਰਕਿਰਿਆ ਰਾਹੀਂ ਇੱਕ ਹੋਰ ਛਾਲ ਮਾਰਦਾ ਹੈ। ਇਹ ਛਾਲ ਪਹਿਲੀ ਨਾਲੋਂ ਵੱਧ ਮਹੱਤਤਾ ਵਾਲੀ ਹੁੰਦੀ ਹੈ। ਇਸ ਛਾਲ ਨਾਲ ਪਹਿਲੀ ਛਾਲ ਦੇ ਸਹੀ ਜਾਂ ਗਲਤ ਹੋਣ ਦਾ ਨਿਰਣਾ ਹੋ ਜਾਂਦਾ ਹੈ। ਭਾਵ ਇਹ ਕਿ ਬਾਹਰਲੇ ਸੰਸਾਰ ਦੇ ਪ੍ਰਤੀਬਿੰਬ ਦੀ ਲੜੀ ਰਾਹੀਂ ਸੂਤਰਬੱਧ ਹੋਏ ਵਿਚਾਰ, ਸਿਧਾਂਤਾਂ, ਨੀਤੀਆਂ, ਯੋਜਨਾਵਾਂ ਤੇ ਉਪਾਵਾਂ ਦੇ ਸਹੀ ਜਾਂ ਗਲਤ ਹੋਣ ਨੂੰ ਪਰਖਣ ਦਾ ਹੋਰ ਕੋਈ ਤਰੀਕਾ ਨਹੀਂ। ਇਸ ਤੋਂ ਅੱਗੇ, ਪ੍ਰੋਲੇਤਾਰੀ ਦਾ ਸੰਸਾਰ ਬਾਰੇ ਗਿਆਨ ਪ੍ਰਾਪਤ ਕਰਨ ਦਾ ਕੇਵਲ ਇਕੋ ਮੰਤਵ ਉਸ ਨੂੰ ਬਦਲਣਾ ਹੁੰਦਾ ਹੈ। ਅਕਸਰ ਸਹੀ ਵਿਚਾਰ ਇਕ ਪ੍ਰਕਿਰਿਆ ਦੀ ਵਾਰ ਵਾਰ ਦੁਹਰਾਈ ਤੋਂ ਮਗਰੋਂ ਹੀ ਪ੍ਰਾਪਤ ਹੋ ਸਕਦਾ ਹੈ ਜਿਹੜੀ ਪਦਾਰਥ ਤੋਂ ਚੇਤਨਾ ਅਤੇ ਮੁੜ ਪਦਾਰਥ ਵਿਚ ਪਲਟਦੀ ਹੈ। ਇਸ ਦਾ ਭਾਵ ਇਹ ਹੈ ਕਿ ਅਭਿਆਸ ਤੋਂ ਗਿਆਨ ਵੱਲ ਵਧਦੀ ਅਤੇ ਮੁੜ ਅਭਿਆਸ ਵਿਚ ਪਰਤਦੀ ਹੈ। ਇਹੋ ਮਾਰਕਸੀ ਗਿਆਨ ਸਿਧਾਂਤ ਹੈ, ਗਿਆਨ ਦਾ ਦਵੰਦਵਾਦੀ ਪਦਾਰਥਵਾਦੀ ਸਿਧਾਂਤ। ਸਾਡੇ ਸਾਥੀਆਂ ਵਿਚੋਂ ਹਾਲੇ ਵੀ ਬਹੁਤ ਸਾਰੇ ਸਾਥੀ ਅਜਿਹੇ ਹਨ, ਜਿਹੜੇ ਗਿਆਨ ਦੇ ਇਸ ਸਿਧਾਂਤ ਨੂੰ ਨਹੀਂ ਸਮਝਦੇ। ਜਦੋਂ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡੇ ਵਿਚਾਰ, ਰਾਵਾਂ,ਪਾਲਸੀਆਂ, ਢੰਗਾਂ, ਯੋਜਨਾਵਾਂ, ਸਿੱਟਿਆਂ, ਸੋਹਣੀਆਂ ਤਕਰੀਰਾਂ ਤੇ ਲੰਮੇ ਲੇਖਾਂ ਦਾ ਸ੍ਰੋਤ ਕੀ ਹੈ ? ਤਾਂ ਉਹਨਾਂ ਨੂੰ ਇਹ ਪ੍ਰਸ਼ਨ ਹੀ ਓਪਰਾ ਜਿਹਾ ਜਾਪਦਾ ਹੈ ਅਤੇ ਉਹ ਇਸ ਦਾ ਉਤਰ ਨਹੀਂ ਦੇ ਸਕਦੇ। ਨਾ ਹੀ ਉਹਨਾਂ ਨੂੰ ਸਮਝ ਲਗਦੀ ਹੈ ਕਿ ਪਦਾਰਥ ਚੇਤਨਾ ਵਿਚ ਅਤੇ ਚੇਤਨਾ ਪਦਾਰਥ ਵਿਚ ਵਟਾਈ ਜਾ ਸਕਦੀ ਹੈ। ਭਾਵੇਂ ਇਸ ਤਰ੍ਹਾਂ ਪਦਾਰਥ ਦਾ ਚੇਤਨਾ ਵਿਚ ਵਟਣਾ ਅਤੇ ਚੇਤਨਾ ਦਾ ਪਦਾਰਥ ਵਿਚ, ਸਾਡੀ ਰੋਜ਼ਾਨਾ ਜ਼ਿੰਦਗੀ ਦੀਆਂ ਸਾਧਾਰਨ ਘਟਨਾਵਾਂ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਾਥੀਆਂ ਨੂੰ ਦਵੰਦਵਾਦੀ ਪਦਾਰਥਵਾਦੀ ਗਿਆਨ ਦੇ ਸਿਧਾਂਤ ਬਾਰੇ ਸਿੱਖਿਆ ਦੇਈਏ, ਤਾਂ ਜੋ ਉਹ ਆਪਣੀ ਸੋਚਣੀ ਨੂੰ ਠੀਕ ਸੇਧ ਦੇ ਸਕਣ, ਪੜਤਾਲ ਕਰਨ ਵਿਚ ਮਾਹਰ ਹੋਣ, ਅਧਿਐਨ ਕਰਨ ਤੇ ਤਜਰਬੇ ਦੇ ਸਿੱਟੇ ਕੱਢਣ, ਔਕੜਾਂ ਤੇ ਕਾਬੂ ਪਾਉਣ, ਘੱਟ ਗਲਤੀਆਂ ਕਰਨ ਅਤੇ ਆਪਣਾ ਕੰਮ ਚੰਗੇਰਾ ਕਰਨ ਵਿਚ ਪੱਕੇ ਹੋ ਜਾਣ ਅਤੇ ਚੀਨ ਨੂੰ ਇੱਕ ਚੰਗਾ ਅਤੇ ਸ਼ਕਤੀਸ਼ਾਲੀ ਸਮਾਜਵਾਦੀ ਦੇਸ਼ ਬਣਾਉਣ ਵਾਸਤੇ ਸਖਤ ਜਦੋਜਹਿਦ ਕਰਨ। ਸੰਸਾਰ ਦੇ ਸੱਭੇ ਪੀੜਤ ਤੇ ਲੁਟੇ ਜਾਂਦੇ ਵਿਸ਼ਾਲ ਲੋਕਾਂ ਦੀ ਸਹਾਇਤਾ ਕਰ ਸਕਣ ਅਤੇ ਆਪਣਾ ਮਹਾਨ ਕੌਮਾਂਤਰੀਵਾਦੀ ਫਰਜ ਪੂਰਾ ਕਰ ਸਕਣ।

# ਪ੍ਰਚਾਰ ਕੰਮ ਬਾਰੇ ਚੀਨੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਨਫਰੰਸ ਵਿਚ ਤਕਰੀਰ

**12 ਮਾਰਚ 1957**

ਸਾਥੀਓ,

ਸਾਡੀ ਕਾਨਫਰੰਸ ਬਹੁਤ ਸਫਲਤਾ ਸਹਿਤ ਚੱਲੀ ਹੈ। ਕਾਨਫਰੰਸ ਦੌਰਾਨ ਅਨੇਕਾਂ ਸਵਾਲ ਉਠਾਏ ਗਏ ਅਤੇ ਸਾਨੂੰ ਅਨੇਕਾਂ ਗੱਲਾਂ ਦਾ ਬੋਧ ਹੋਇਆ ਹੈ। ਮੈਂ ਹੁਣ ਉਹਨਾਂ ਸਵਾਲਾਂ ਬਾਰੇ ਕੁੱਝ ਵਿਚਾਰ-ਚਰਚਾ ਕਰੂੰਗਾ, ਜਿਨ੍ਹਾਂ ਬਾਰੇ ਸਾਥੀ ਵਿਚਾਰਾਂ ਕਰਦੇ ਰਹੇ ਹਨ।

ਅਸੀਂ ਵੱਡੀਆਂ ਸਮਾਜਿਕ ਤਬਦੀਲੀਆਂ ਦੇ ਦੌਰ ਵਿੱਚ ਰਹਿ ਰਹੇ ਹਾਂ। ਚੀਨੀ ਸਮਾਜ ਦੀ ਜੰਗ ਦਾ ਸਮਾਂ ਵੱਡੀਆਂ ਤਬਦੀਲੀਆਂ ਦਾ ਇੱਕ ਸਮਾਂ ਸੀ ਅਤੇ ਮੁਕਤੀ ਸੰਗਰਾਮ ਤਬਦੀਲੀਆਂ ਦਾ ਦੂਜਾ ਸਮਾਂ ਸੀ। ਪਰ ਹੁਣ ਵਾਲੀ ਤਬਦੀਲੀ ਖਾਸੇ ਪੱਖੋਂ ਪਹਿਲੀਆਂ ਤਬਦੀਲੀਆਂ ਨਾਲੋਂ ਵੱਧ ਡੂੰਘੀ ਹੈ। ਹੁਣ ਅਸੀਂ ਸਮਾਜਵਾਦ ਉਸਾਰ ਰਹੇ ਹਾਂ। ਇਸ ਸਮਾਜਵਾਦੀ ਕਾਇਆਪਲਟੀ ਦੀ ਲਹਿਰ ਵਿੱਚ ਕਰੋੜਾਂ ਲੋਕ ਹਿੱਸਾ ਲੈ ਰਹੇ ਹਨ। ਸਾਰੇ ਦੇਸ਼ ਅੰਦਰ ਜਮਾਤੀ ਰਿਸ਼ਤੇ ਬਦਲ ਰਹੇ ਹਨ। ਖੇਤੀ ਅਤੇ ਦਸਤਕਾਰੀ ਵਿੱਚ ਨੀਮ-ਸਰਮਾਏਦਾਰੀ ਤੇ ਸਨਅਤ ਅਤੇ ਵਪਾਰ ਵਿਚ ਸਰਮਾਏਦਾਰੀ, ਦੋਨਾਂ ਵਿਚ ਤਬਦੀਲੀ ਆ ਗਈ ਹੈ। ਸਮਾਜਿਕ ਅਤੇ ਆਰਥਿਕ ਪ੍ਰਬੰਧ ਬਦਲ ਦਿੱਤਾ ਗਿਆ ਹੈ; ਵਿਅਕਤੀਗਤ ਆਰਥਕ ਅਤੇ ਪੂੰਜੀਵਾਦੀ ਨਿੱਜੀ ਮਾਲਕੀ ਸਮਾਜਵਾਦੀ ਜਨਤਕ ਮਾਲਕੀ ਵਿਚ ਬਦਲੀ ਜਾ ਰਹੀ ਹੈ। ਐਡੇ ਅਕਾਰ-ਪਸਾਰ ਦੀਆਂ ਤਬਦੀਲੀਆਂ ਲੋਕਾਂ ਦੇ ਮਨਾਂ 'ਚੋਂ ਝਲਕਦੀਆਂ ਹਨ। ਮਨੁੱਖ ਦੀ ਸਮਾਜਿਕ ਹੋਂਦ ਉਸ ਦੀ ਚੇਤਨਾ ਦਾ ਨਿਰਣਾ ਕਰਦੀ ਹੈ। ਵੱਖੋ ਵੱਖ ਜਮਾਤਾਂ, ਤਬਕੇ ਅਤੇ ਸਮਾਜਿਕ ਗਰੁੱਪਾਂ ਦੇ ਲੋਕਾਂ ਸਾਡੇ ਸਮਾਜਿਕ ਪ੍ਰਬੰਧ ਵਿਚ ਮਹਾਨ ਤਬਦੀਲੀ ਬਾਰੇ ਵੱਖੋ-ਵੱਖਰਾ ਜਵਾਬੀ-ਕਰਮ ਹੈ। ਜਨਤਾ ਜੋਸ਼-ਖਰੋਸ਼ ਨਾਲ ਇਸ ਦੀ ਹਮਾਇਤ ਕਰਦੀ ਹੈ ਕਿਉਂਕਿ ਜ਼ਿੰਦਗੀ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਚੀਨ ਲਈ ਇੱਕੋ ਇੱਕ ਹੱਲ ਸਮਾਜਵਾਦ ਹੀ ਹੈ। ਪੁਰਾਣੇ ਸਮਾਜਿਕ ਪ੍ਰਬੰਧ ਨੂੰ ਢਾਹ ਕੇ ਨਵਾਂ ਪ੍ਰਬੰਧ, ਸਮਾਜਵਾਦੀ ਪ੍ਰਬੰਧ, ਸਥਾਪਤ ਕਰਨਾ ਇੱਕ ਮਹਾਨ ਜਦੋ ਜਹਿਦ ਹੈ ਜਿਸਨੇ ਸਮਾਜਿਕ ਪ੍ਰਬੰਧ ਵਿੱਚ ਤੇ ਮਨੁੱਖ ਦੇ ਪ੍ਰਸਪਰ ਰਿਸ਼ਤਿਆਂ ਵਿੱਚ ਮਹਾਨ ਤਬਦੀਲੀ ਲਿਆ ਦਿੱਤੀ ਹੈ। ਇਹ ਕਿਹਾ ਜਾਣਾ ਚਾਹੀਦਾ ਹੈ ਕਿ ਹਾਲਤ ਬੁਨਿਆਦੀ ਤੌਰ 'ਤੇ ਸੁਖਾਵੀਂ ਹੈ, ਪਰ ਨਵਾਂ ਸਮਾਜਿਕ ਪ੍ਰਬੰਧ ਹੁਣੇ ਹੀ ਸਥਾਪਤ ਹੋਇਆ ਹੈ ਅਤੇ ਇਸ ਦੇ ਪੈਰ ਲੱਗਣ ਲਈ ਸਮੇਂ ਦੀ ਲੋੜ ਹੈ। ਇਹ ਗੱਲ ਨਹੀਂ ਮੰਨ ਲੈਣੀ ਚਾਹੀਦੀ ਹੈ ਕਿ ਜਦੋਂ ਕੋਈ ਨਵਾਂ ਪ੍ਰਬੰਧ ਸਥਾਪਤ ਹੋਇਆ ਤਾਂ ਇਹ ਉਸ ਸਮੇਂ ਹੀ ਪੂਰੀਆਂ ਜੜ੍ਹਾਂ ਫੜ ਲੈਂਦਾ ਹੈ ਕਿਉਂਕਿ ਇਹ ਅਣਹੋਣੀ ਗੱਲ ਹੈ। ਇਹ ਕਦਮ-ਬ-ਕਦਮ ਪੱਕੇ ਪੈਰੀਂ ਹੋਵੇਗਾ। ਇਸ ਦੀ ਅੰਤਮ ਮਜ਼ਬੂਤੀ ਲਈ ਦੇਸ਼ ਦਾ ਸਮਾਜਵਾਦੀ ਸਨਅਤੀਕਰਨ ਕਰਨਾ ਅਤੇ ਆਰਥਿਕ ਮੋਰਚੇ ਉਤੇ ਸਮਾਜਵਾਦੀ ਇਨਕਲਾਬ

ਨੂੰ ਜਾਰੀ ਰੱਖਣਾ ਹੀ ਜਰੂਰੀ ਨਹੀਂ ਸਗੋਂ ਲਗਾਤਾਰ ਅਤੇ ਸਖਤਜਾਨ ਸਮਾਜਵਾਦੀ ਇਨਕਲਾਬੀ ਘੋਲ, ਸਿਆਸੀ ਅਤੇ ਵਿਚਾਰਧਾਰਕ ਮੋਰਚਿਆਂ ਤੇ ਸਮਾਜਵਾਦੀ ਵਿਦਿਆ ਨੂੰ ਵੀ ਜਾਰੀ ਰੱਖਣ ਦੀ ਲੋੜ ਹੈ। ਇਸ ਤੋਂ ਵੀ ਵਧ ਕਈ ਸਹਾਇਕ ਕੌਮਾਂਤਰੀ ਅੰਸ਼ਾਂ ਦੀ ਵੀ ਲੋੜ ਹੈ। ਚੀਨ ਵਿਚ ਸਮਾਜਵਾਦੀ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਦਾ ਘੋਲ, ਇਹ ਫੈਸਲਾ ਕਰਨ ਵਾਲਾ ਘੋਲ ਕਿ ਦੇਸ਼ ਵਿਚ ਸਮਾਜਵਾਦ ਜਿੱਤੇਗਾ ਜਾਂ ਸਰਮਾਏਦਾਰੀ ਇਕ ਲੰਮੇਂ ਇਤਿਹਾਸਕ ਸਮੇਂ ਤੱਕ ਚੱਲੇਗੀ। ਪਰ ਸਾਨੂੰ ਸਾਰਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਮਾਜਵਾਦ ਦਾ ਨਵਾਂ ਪ੍ਰਬੰਧ ਲਾਜ਼ਮੀ ਹੀ ਪੱਕੇ ਪੈਰੀਂ ਹੋਵੇਗਾ। ਅਸੀਂ ਨਵੀਨ ਖੇਤੀਬਾੜੀ, ਪ੍ਰਚਾਰ ਅਤੇ ਨਵੀਨ ਵਿਗਿਆਨ ਅਤੇ ਸਭਿਆਚਾਰ ਨਵੀਨ ਸਨਅਤ ਰਾਹੀਂ ਲਾਜ਼ਮੀ ਹੀ ਇੱਕ ਸਮਾਜਵਾਦੀ ਰਾਜ ਸਥਾਪਤ ਕਰ ਸਕਦੇ ਹਾਂ। ਇਹ ਪਹਿਲਾ ਨੁਕਤਾ ਹੈ ਜਿਹੜਾ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ।

ਦੂਸਰਾ, ਆਓ ਆਪਾਂ ਆਪਣੇ ਦੇਸ਼ ਅੰਦਰ ਬੁੱਧੀਜੀਵੀਆਂ ਦੀ ਹਾਲਤ ਬਾਰੇ ਵਿਚਾਰ ਕਰੀਏ। ਚੀਨ ਅੰਦਰ ਬੁੱਧੀਜੀਵੀਆਂ ਦੀ ਗਿਣਤੀ ਬਾਰੇ ਸਹੀ ਅੰਕੜੇ ਹਾਸਲ ਨਹੀਂ ਹਨ। ਇਹ ਅੰਦਾਜਾ ਹੈ ਕਿ ਸਾਰੀਆਂ ਕਿਸਮਾਂ ਦੇ ਸਮੇਤ ਉੱਚੇਰੀ ਅਤੇ ਸਾਧਾਰਨ ਪੱਧਰ ਦੇ, ਲਗਭਗ ਪੰਜਾਹ ਲੱਖ ਬੁੱਧੀਜੀਵੀ ਹਨ। ਇਹਨਾਂ ਪੰਜਾਹ ਲੱਖਾਂ ਵਿਚੋਂ ਭਾਰੀ ਬਹੁਗਿਣਤੀ ਵਤਨਪ੍ਰਸਤ ਹੈ, ਸਾਡੇ ਲੋਕ ਗਣਰਾਜ ਨੂੰ ਮੁਹੱਬਤ ਕਰਦੀ ਹੈ ਅਤੇ ਲੋਕਾਂ ਤੇ ਸਮਾਜਵਾਦੀ ਰਾਜ ਦੀ ਸੇਵਾ ਕਰਨ ਲਈ ਤਿਆਰ ਹੈ। ਇੱਕ ਛੋਟੀ ਗਿਣਤੀ ਸਮਾਜਵਾਦ ਨੂੰ ਪਸੰਦ ਨਹੀਂ ਕਰਦੀ ਅਤੇ ਬਹੁਤੀ ਖੁਸ਼ ਨਹੀਂ ਹੈ। ਉਹਨਾਂ ਨੂੰ ਸਮਾਜਵਾਦ ਬਾਰੇ ਹਾਲੇ ਤੱਕ ਸ਼ੰਕੇ ਹਨ ਪਰ ਜਦੋਂ ਸਾਮਰਾਜਵਾਦ ਵਿਰੁਧ ਲੜਨ ਦਾ ਸਵਾਲ ਹੁੰਦਾ ਹੈ ਤਾਂ ਉਹ ਵਤਨਪ੍ਰਸਤ ਹਨ। ਸਾਡੇ ਰਾਜ ਦੇ ਵਿਰੋਧੀ ਬੁੱਧੀਜੀਵੀਆਂ ਦੀ ਗਿਣਤੀ ਬਹੁਤ ਥੋੜੀ ਹੈ। ਉਹ ਸਾਡੇ ਰਾਜ, ਅਰਥਾਤ, ਪ੍ਰੋਲੇਤਾਰੀ ਦੀ ਤਾਨਾਸ਼ਾਹੀ, ਨੂੰ ਪਸੰਦ ਨਹੀਂ ਕਰਦੇ। ਉਹ ਪੁਰਾਣੇ ਸਮਾਜ ਨੂੰ ਤਾਂਘਦੇ ਹਨ। ਜਦੋਂ ਕਦੇ ਮੌਕਾ ਮਿਲਿਆ ਉਹ ਬਿਪਤਾ ਖੜੀ ਕਰਨਗੇ ਅਤੇ ਕਮਿਊਨਿਸਟ ਪਾਰਟੀ ਉਲਟਾ ਕੇ, ਪੁਰਾਣੇ ਚੀਨ ਨੂੰ ਬਹਾਲ ਕਰਨ ਦਾ ਯਤਨ ਕਰਨਗੇ। ਪ੍ਰੋਲੇਤਾਰੀ ਤੇ ਸਰਮਾਏਦਾਰੀ ਰਾਹ ਵਿਚੋਂ, ਸਮਾਜਵਾਦੀ ਅਤੇ ਪੂੰਜੀਵਾਦੀ ਰਾਹ ਵਿਚੋਂ, ਇਹ ਲੋਕ ਹੱਠਧਰਮੀ ਨਾਲ ਪਿਛਲੇ ਰਾਹ ਦੀ ਚੋਣ ਕਰਨਗੇ। ਅਸਲ 'ਚ ਇਹ ਗੱਲ ਅਸੰਭਵ ਹੈ, ਅਤੇ ਅਸਲ 'ਚ ਉਹ ਸਾਮਰਾਜਵਾਦ, ਜਗੀਰਦਾਰੀ ਅਤੇ ਨੌਕਰਸ਼ਾਹ-ਸਰਮਾਏਦਾਰੀ ਅੱਗੇ ਗੋਡੇ ਟੇਕਣ ਲਈ ਤਿਆਰ ਹਨ। ਅਜੇਹੇ ਲੋਕ ਸਿਆਸੀ ਹਲਕਿਆਂ ਅਤੇ ਸਨਅਤੀ ਅਤੇ ਵਪਾਰਕ, ਸਭਿਆਚਾਰਕ ਅਤੇ ਵਿਦਿਅਕ, ਵਿਗਿਆਨਕ, ਤਕਨੀਕੀ ਅਤੇ ਧਾਰਮਿਕ ਹਲਕਿਆਂ ਵਿਚ ਮਿਲਣਗੇਂ ਅਤੇ ਇਹ ਸਿਰੇ ਦੇ ਪਿਛਾਂਹ-ਖਿੱਚੂ ਹਨ। ਇਹ ਪੰਜਾਹ ਲੱਖ ਬੁੱਧੀਜੀਵੀਆਂ ਦੀ ਇੱਕ ਜਾਂ ਦੋ ਜਾਂ ਤਿੰਨ ਫੀਸਦੀ ਬਣਦੇ ਹਨ। ਪੰਜਾਹ ਲੱਖ ਦੀ ਕੁਲ ਗਿਣਤੀ ਦੀ ਭਾਰੀ ਬਹੁਸੰਮਤੀ ਜਾਂ ਨੱਬੇ ਫੀਸਦੀ ਤੋਂ ਵੱਧ ਸਮਾਜਵਾਦੀ ਪ੍ਰਬੰਧ ਦੀ ਵੱਖ ਵੱਖ ਦਰਜੇ ਤੱਕ ਹਮਾਇਤ ਕਰਦੇ ਹਨ। ਇਹਨਾਂ ਵਿਚੋਂ ਕਾਫੀ ਸਾਰੇ ਸਮਾਜਵਾਦ ਅਧੀਨ ਕੰਮ ਕਰਨ ਅਤੇ ਕਾਫੀ ਨਵੇਂ ਮਸਲਿਆਂ ਨੂੰ ਸਮਝਣ ਨਜਿੱਠਣ ਅਤੇ ਹੱਲ ਕਰਨ ਬਾਰੇ ਹਾਲੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹਨ।

ਜਿਥੋਂ ਤੱਕ ਪੰਜਾਹ ਲੱਖ ਬੁੱਧੀਜੀਵੀਆਂ ਦੇ ਮਾਰਕਸਵਾਦ ਵੱਲ ਰਵਈਏ ਦਾ ਸੰਬੰਧ ਹੈ, ਕਿਹਾ ਜਾ ਸਕਦਾ ਹੈ ਕਿ ਦਸ ਫੀਸਦੀ ਤੋਂ ਵੱਧ ਜਿਹਨਾਂ ਵਿਚ ਕਮਿਊਨਿਸਟ ਅਤੇ ਹਮਦਰਦ ਸ਼ਾਮਲ ਹਨ, ਮੁਕਾਬਲਤਨ ਮਾਰਕਸਵਾਦ ਨੂੰ ਸਮਝਦੇ ਹਨ ਅਤੇ ਦ੍ਰਿੜ ਪੈਤੜਾ, ਪ੍ਰੋਲੇਤਾਰੀ ਦਾ

ਪੈਂਤੜਾ, ਅਪਣਾਉਂਦੇ ਹਨ। ਕੁੱਲ ਪੰਜਾਹ ਲੱਖਾਂ ਵਿੱਚੋਂ ਉਹ ਘੱਟ ਗਿਣਤੀ ਹਨ, ਪਰ ਉਹ ਗੁਲੀ ਅਤੇ ਸ਼ਕਤੀਸ਼ਾਲੀ ਤਾਕਤ ਹਨ। ਬਹੁ-ਸੰਮਤੀ ਮਾਰਕਸਵਾਦ ਦਾ ਅਧਿਐਨ ਕਰਨ ਦੀ ਇੱਛੁਕ ਹੈ ਅਤੇ ਪਹਿਲਾਂ ਹੀ ਥੋੜ੍ਹਾ ਬਹੁਤ ਸਿੱਖ ਲਿਆ ਹੈ ਪਰ ਉਹ ਹਾਲੇ ਇਸਦੇ ਪੂਰੇ ਭੇਤੀ ਨਹੀਂ ਹੋਏ। ਉਹਨਾਂ ਵਿਚੋਂ ਕੁੱਝ ਨੂੰ ਅਜੇ ਸ਼ੰਕੇ ਹਨ, ਉਹਨਾਂ ਦਾ ਪੈਂਤੜਾ ਪੱਕਾ ਨਹੀਂ ਹੈ ਅਤੇ ਤਣਾਅ ਹੇਠ ਡਾਂਵਾਂਡੋਲ ਹੋ ਜਾਂਦੇ ਹਨ। ਪੰਜਾਹ ਲੱਖ ਦੀ ਬਹੁ ਗਿਣਤੀ ਬਣਦਾ, ਬੁੱਧੀਜੀਵੀਆਂ ਦਾ ਇਹ ਹਿੱਸਾ ਅਜੇ ਅੱਧ-ਵਿਚਾਲੇ ਹੈ। ਮਾਰਕਸਵਾਦ ਦੇ ਜ਼ੋਰਦਾਰ ਵਿਰੋਧੀਆਂ ਅਤੇ ਇਸ ਵੱਲ ਦੁਸ਼ਮਣੀ ਭਰਿਆ ਰਵੱਈਆ ਰੱਖਣ ਵਾਲਿਆਂ ਦੀ ਗਿਣਤੀ ਬਹੁਤ ਥੋੜੀ ਹੈ। ਕੁੱਝ ਲੋਕ, ਅਸਲ 'ਚ ਮਾਰਕਸਵਾਦ ਨਾਲ ਅਸਹਿਮਤ ਹਨ ਬੇਸ਼ਕ ਉਹ ਇਹ ਗੱਲ ਸ਼ਰੇਆਮ ਨਹੀਂ ਕਹਿੰਦੇ। ਆਉਣ ਵਾਲੇ ਲੰਮੇਂ ਸਮੇਂ ਤੱਕ ਇਸ ਕਿਸਮ ਦੇ ਲੋਕ ਰਹਿਣਗੇ ਅਤੇ ਸਾਨੂੰ ਉਹਨਾਂ ਨੂੰ ਅਸਹਿਮਤ ਰਹਿਣ ਦੀ ਆਗਿਆ ਦੇਣੀ ਚਾਹੀਦੀ ਹੈ। ਉਦਾਹਰਣ ਲਈ, ਕੁੱਝ ਵਿਚਾਰਵਾਦੀਆਂ ਨੂੰ ਲਉ। ਉਹ ਸਮਾਜਵਾਦ ਦੇ ਸਿਆਸੀ ਅਤੇ ਆਰਥਕ ਪ੍ਰਬੰਧ ਦੀ ਹਮਾਇਤ ਕਰ ਸਕਦੇ ਹਨ ਪਰ ਮਾਰਕਸੀ ਸੰਸਾਰ ਦ੍ਰਿਸ਼ਟੀਕੋਣ ਨਾਲ ਅਸਹਿਮਤ ਹੋਣਗੇ। ਇਹੋ ਗੱਲ ਧਾਰਮਿਕ ਹਲਕਿਆਂ ਅੰਦਰਲੇ ਵਤਨਪ੍ਰਸਤ ਲੋਕਾਂ 'ਤੇ ਢੁੱਕਦੀ ਹੈ। ਉਹ ਆਸਤਕ ਹਨ ਅਤੇ ਅਸੀਂ ਨਾਸਤਕ ਹਾਂ। ਅਸੀਂ ਉਹਨਾਂ ਨੂੰ ਮਾਰਕਸੀ ਸੰਸਾਰ ਨਜ਼ਰੀਏ ਪ੍ਰਵਾਨ ਕਰਨ ਲਈ ਮਜ਼ਬੂਰ ਨਹੀਂ ਕਰ ਸਕਦੇ। ਮੁੱਕਦੀ ਗੱਲ ਮਾਰਕਸਵਾਦ ਵੱਲ ਪੰਜਾਹ ਲੱਖ ਬੁੱਧੀਜੀਵੀਆਂ ਦੇ ਰਵੱਈਏ ਦਾ ਨਿਚੋੜ ਇਸ ਤਰ੍ਹਾਂ ਕੱਢਿਆ ਜਾ ਸਕਦਾ ਹੈ: ਮਾਰਕਸਵਾਦ ਦੇ ਹਮਾਇਤੀਆਂ ਅਤੇ ਭੇਤੀਆਂ ਦੀ ਘੱਟ ਗਿਣਤੀਹੈ, ਇਸਦੇ ਵਿਰੋਧੀ ਵੀ ਘੱਟ ਗਿਣਤੀ ਵਿਚ ਹਨ ਅਤੇ ਬਹੁਸੰਮਤੀ ਮਾਰਕਸਵਾਦ ਦੀ ਹਮਾਇਤ ਕਰਦੀ ਹੈ ਪਰ ਇਸਦੀ ਭੇਤੀ ਨਹੀਂ ਅਤੇ ਵੱਖੋ ਵੱਖ ਪੱਧਰਾਂ ਤੱਕ ਹਮਾਇਤ ਕਰਦੀ ਹੈ। ਇਸ ਸੰਬੰਧੀ ਲਏ ਗਏ ਪੈਂਤੜੇ ਤਿੰਨ ਵੱਖੋ ਵੱਖ ਕਿਸਮਾਂ ਦੇ ਪੈਂਤੜੇ ਹਨ— ਦ੍ਰਿੜ, ਡਾਵਾਂਡੋਲ ਅਤੇ ਦੁਸ਼ਮਣਾਨਾ। ਇਹ ਮੰਨਣ ਵਾਲੀ ਗੱਲ ਹੈ ਕਿ ਇਹ ਹਾਲਤ ਲੰਮਾ ਚਿਰ ਕਾਇਮ ਰਹੇਗੀ। ਜੇ ਅਸੀਂ ਇਸ ਹਕੀਕਤ ਨੂੰ ਪਛਾਣਨ 'ਚ ਨਾਕਾਮ ਰਹਿੰਦੇ ਹਾਂ, ਤਾਂ ਅਸੀਂ ਦੂਸਰਿਆਂ ਤੋਂ ਵੱਧ ਮੰਗ ਕਰ ਰਹੇ ਹੋਵਾਂਗੇ ਅਤੇ ਉਸੇ ਸਮੇਂ, ਆਪਦੇ ਲਈ ਛੋਟਾ ਕਾਰਜ ਤਹਿ ਕਰ ਰਹੇ ਹੋਵਾਂਗੇ। ਪ੍ਰਚਾਰ ਕਰਨ ਵਾਲੇ ਸਾਡੇ ਸਾਥੀਆਂ ਅੱਗੇ ਮਾਰਕਸਵਾਦ ਦਾ ਸੰਚਾਰ ਕਰਨ ਦਾ ਕਾਰਜ ਹੈ। ਇਸ ਨੂੰ ਹੌਲੀ ਹੌਲੀ ਕਰਨਾ ਹੋਵੇਗਾ ਅਤੇ ਚੰਗੀ ਤਰ੍ਹਾਂ ਕਰਨਾ ਹੋਵੇਗਾ ਤਾਂ ਕਿ ਲੋਕ ਇਸ ਨੂੰ ਮਰਜੀ ਨਾਲ ਪ੍ਰਵਾਨ ਕਰ ਸਕਣ। ਅਸੀਂ ਲੋਕਾਂ ਨੂੰ ਮਾਰਕਸਵਾਦ ਕਬੂਲਣ ਲਈ ਮਜ਼ਬੂਰ ਨਹੀਂ ਕਰ ਸਕਦੇ। ਅਸੀਂ ਸਿਰਫ ਉਹਨਾਂ ਨੂੰ ਪ੍ਰੇਰ ਸਕਦੇ ਹਾਂ। ਜੇ ਕਈ ਪੰਜ-ਸਾਲਾਂ ਯੋਜਨਾਵਾਂ ਦੌਰਾਨ, ਸਾਡੇ ਬੱਧੀਜੀਵੀਆਂ ਦੀ ਕਾਫੀ ਵੱਡੀ ਗਿਣਤੀ ਮਾਰਕਸਵਾਦ ਨੂੰ ਪ੍ਰਵਾਨ ਕਰਦੀ ਹੈ ਅਤੇ ਆਪਣੇ ਹਕੀਕੀ ਕੰਮ ਅਤੇ ਜ਼ਿੰਦਗੀ ਰਾਹੀਂ, ਜਮਾਤੀ ਘੋਲ, ਪੈਦਾਵਾਰ ਅਤੇ ਵਿਗਿਆਨਕ ਸਰਗਰਮੀ ਰਾਹੀਂ ਇਸ ਤੇ ਚੰਗੀ ਪਕੜ ਹਾਸਲ ਕਰ ਲੈਂਦੀ ਹੈ ਤਾਂ ਇਹ ਬਹੁਤ ਹੀ ਚੰਗਾ ਹੋਵੇਗਾ। ਸਾਨੂੰ ਅਜੇਹਾ ਹੀ ਹੋਣ ਦੀ ਆਸ ਹੈ।

ਤੀਸਰਾ, ਬੁੱਧੀਜੀਵੀਆਂ ਦੀ ਮੁੜ-ਢਲਾਈ ਦਾ ਸਵਾਲ ਹੈ। ਸਾਡਾ ਦੇਸ਼ ਸੱਭਿਆਚਾਰਕ ਤੌਰ 'ਤੇ ਪਛੜਿਆ ਹੋਇਆ ਦੇਸ਼ ਹੈ। ਸਾਡੇ ਵਰਗੇ ਵਿਸ਼ਾਲ ਦੇਸ਼ ਲਈ, ਪੰਜਾਹ ਲੱਖ ਬੁੱਧੀਜੀਵੀ ਬਹੁਤ ਹੀ ਘੱਟ ਹਨ। ਬੁੱਧੀਜੀਵੀਆਂ ਤੋਂ ਬਿਨਾਂ, ਸਾਡਾ ਕੰਮ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਇਸ ਲਈ, ਸਾਨੂੰ ਉਹਨਾਂ ਨਾਲ ਇੱਕਮੁੱਠ ਹੋਣ ਦਾ ਨੇਕ ਕਾਰਜ ਕਰਨਾ ਚਾਹੀਦਾ ਹੈ। ਸਮਾਜਵਾਦੀ

ਸਮਾਜ ਵਿਚ ਮੁੱਖ ਤੌਰ 'ਤੇ ਲੋਕਾਂ ਦੇ ਤਿੰਨ ਹਿੱਸੇ ਹਨ—ਮਜ਼ਦੂਰ, ਕਿਸਾਨ ਅਤੇ ਬੁੱਧੀਜੀਵੀ। ਬੁੱਧੀਜੀਵੀ ਦਿਮਾਗੀ ਕਾਮੇ ਹਨ। ਇਹਨਾਂ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਅਰਥਾਤ ਮਜ਼ਦੂਰਾਂ ਅਤੇ ਕਿਸਾਨਾਂ ਦੀ ਸੇਵਾ ਕਰਨਾ ਹੈ। ਜਿਥੋਂ ਤੱਕ ਬੁੱਧਜੀਵੀਆਂ ਦੀ ਬਹੁਗਿਣਤੀ ਦਾ ਸੰਬੰਧ ਹੈ, ਉਹ ਨਵੇਂ ਚੀਨ ਦੀ ਉਸੇ ਤਰ੍ਹਾਂ ਸੇਵਾ ਕਰ ਸਕਦੇ ਹਨ ਜਿਸ ਤਰ੍ਹਾਂ ਉਹਨਾਂ ਨੇ ਪੁਰਾਣੇ ਚੀਨ ਦੀ ਕੀਤੀ ਸੀ ਅਤੇ ਪ੍ਰੋਲੇਤਾਰੀ ਦੀ ਵੀ ਉਸੇ ਤਰ੍ਹਾਂ ਸੇਵਾ ਕਰ ਸਕਦੇ ਹਨ ਜਿਵੇਂ ਬੁਰਜੂਆਜ਼ੀ ਦੀ ਕੀਤੀ ਸੀ। ਜਦੋਂ ਬੁੱਧੀਜੀਵੀਆਂ ਨੇ ਪੁਰਾਣੇ ਚੀਨ ਦੀ ਸੇਵਾ ਕੀਤੀ ਸੀ ਤਾਂ ਖੱਬੇ-ਪੱਖ ਨੇ ਇਸ ਦਾ ਵਿਰੋਧ ਕੀਤਾ ਸੀ, ਦਰਮਿਆਨਾ ਹਿੱਸਾ ਡਾਵਾਂਡੋਲ ਹੋ ਗਿਆ ਸੀ ਅਤੇ ਸਿਰਫ ਸੱਜਾ-ਪੱਖ ਦ੍ਰਿੜ ਸੀ। ਹੁਣ ਜਦੋਂ ਨਵੇਂ ਸਮਾਜ ਦੀ ਸੇਵਾ ਕਰਨ ਦੀ ਗੱਲ ਆਉਂਦੀ ਹੈ ਤਾਂ ਹਾਲਤ ਬਿਲਕੁਲ ਉਲਟ ਹੋ ਗਈ ਹੈ। ਖੱਬਾ-ਪੱਖ ਦ੍ਰਿੜ ਹੈ, ਦਰਮਿਆਨਾ ਹਿੱਸਾ ਡਾਂਵਾਂਡੋਲ ਹੈ(ਨਵੇਂ ਸਮਾਜ ਅੰਦਰ ਇਹ ਡਾਂਵਾਂਡੋਲ ਪੁਰਾਣੇ ਸਮਾਜ ਦੀ ਡਾਂਵਾਂਡੋਲਤਾ ਨਾਲੋਂ ਵੱਖਰੀ ਹੈ,) ਸੱਜਾ ਪੱਖ ਵਿਰੋਧ ਕਰਦਾ ਹੈ। ਇਸ ਤੋਂ ਵੱਧ, ਬੁੱਧੀਜੀਵੀ ਵਿਦਿਆ-ਦਾਤੇ ਹਨ। ਸਾਡੇ ਅਖਬਾਰ ਲੋਕਾਂ ਨੂੰ ਰੋਜਾਨਾ ਵਿਦਿਆ ਦੇ ਰਹੇ ਹਨ। ਸਾਡੇ ਲੇਖਕ, ਕਲਾਕਾਰ, ਵਿਗਿਆਨੀ ਅਤੇ ਤਕਨੀਸ਼ੀਅਨ, ਪ੍ਰੋਫੈਸਰ ਅਤੇ ਉਸਤਾਦ ਵਿਦਿਆਰਥੀਆਂ ਨੂੰ ਵਿਦਿਆ ਦੇ ਰਹੇ ਹਨ, ਲੋਕਾਂ ਨੂੰ ਵਿਦਿਆ ਦੇ ਰਹੇ ਹਨ। ਵਿਦਿਆ-ਦਾਤੇ ਅਤੇ ਉਸਤਾਦ ਹੋਣ ਕਰਕੇ, ਉਹ ਆਪ ਪੜ੍ਹੇ ਲਿਖੇ ਹੋਣੇ ਚਾਹੀਦੇ ਹਨ। ਸਮਾਜਿਕ ਪ੍ਰਬੰਧ ਅੰਦਰ ਵੱਡੀਆਂ ਤਬਦੀਲੀਆਂ ਦੇ ਅਜੋਕੇ ਦੌਰ ਅੰਦਰ, ਉਹਨਾਂ ਦਾ ਪੜ੍ਹੇ ਲਿਖੇ ਹੋਣਾ ਹੋਰ ਵੀ ਜ਼ਰੂਰੀ ਹੈ। ਪਿਛਲੇ ਕੁੱਝ ਵਰ੍ਹਿਆਂ ਅੰਦਰ ਉਹਨਾਂ ਨੇ ਮਾਰਕਸੀ ਵਿਦਿਆ ਹਾਸਲ ਕੀਤੀ ਹੈ। ਕੁੱਝ ਨੇ ਸਖਤ ਮਿਹਨਤ ਕਰਕੇ ਅਧਿਐਨ ਕੀਤਾ ਹੈ ਅਤੇ ਬਹੁਤ ਤਰੱਕੀ ਕੀਤੀ ਹੈ। ਪਰ ਹਾਲੇ ਵੀ ਬਹੁ ਸੰਮਤੀ ਨੂੰ ਬੁਰਜੂਆ ਸੰਸਾਰ ਨਜ਼ਰੀਏ ਮੁਕੰਮਲ ਤੌਰ 'ਤੇ ਬਦਲਕੇ ਪ੍ਰੋਲੇਤਾਰੀ ਸੰਸਾਰ ਨਜ਼ਰੀਏ ਅਪਨਾਉਣ ਲਈ, ਲੰਮਾ ਪੰਧ ਤਹਿ ਕਰਨਾ ਪੈਣਾ ਹੈ। ਕੁੱਝ ਗਿਣਤੀ ਲੋਕਾਂ ਨੇ ਮਾਰਕਸੀ ਪੁਸਤਕਾਂ ਪੜ੍ਹੀਆਂ ਹਨ ਅਤੇ ਆਪਣੇ ਆਪ ਨੂੰ ਨਿਰਾ ਵਿਦਵਾਨ ਸਮਝਦੇ ਹਨ, ਪਰ ਜੋ ਉਹਨਾਂ ਨੇ ਪੜ੍ਹਿਆ ਹੁੰਦਾ ਹੈ, ਮਨਾਂ 'ਚ ਨਹੀਂ ਵਸਿਆ ਹੁੰਦਾ, ਉਹਨਾਂ ਦੇ ਮਨਾਂ ਅੰਦਰ ਜੜ੍ਹ ਨਹੀਂ ਫੜੀ ਹੁੰਦੀ : ਅਤੇ ਇਸ ਕਰਕੇ ਉਹ ਇਸ ਦੀ ਵਰਤੋਂ ਕਰਨੀ ਨਹੀਂ ਜਾਣਦੇ ਅਤੇ ਉਹਨਾਂ ਦੇ ਜਮਾਤੀ ਅਹਿਸਾਸ ਪੁਰਾਣੇ ਹੀ ਰਹਿੰਦੇ ਹਨ। ਦੂਸਰੇ ਬਹੁਤ ਘੁਮੰਡੀ ਹਨ ਅਤੇ ਕੁੱਝ ਕਿਤਾਬਾਂ 'ਚੋਂ ਟੋਟਕੇ ਰਟਕੇ ਆਪਣੇ ਆਪ ਨੂੰ ਰੜ੍ਹੇ ਹੋਏ ਸਮਝਦੇ ਹਨ ਅਤੇ ਫੁੱਲ੍ਹੇ ਨਹੀਂ ਸਮਾਉਂਦੇ ਪਰ ਜਦੋਂ ਕਦੇ ਝੱਖੜ ਝੁੱਲਦਾ ਹੈ ਤਾਂ ਉਹ ਮਜ਼ਦੂਰਾਂ ਅਤੇ ਬਹੁਗਿਣਤੀ ਕਿਸਾਨਾਂ ਤੋਂ ਵੱਖਰਾ ਪੈਂਤੜਾ ਲੈਂਦੇ ਹਨ। ਜਦੋਂ ਮਜਦੂਰ ਕਿਸਾਨ ਦ੍ਰਿੜ ਖੜ੍ਹੇ ਹੁੰਦੇ ਹਨ ਤਾਂ ਇਹ ਡਾਵਾਂਡੋਲ ਹੁੰਦੇ ਹਨ। ਮਜਦੂਰ ਅਤੇ ਕਿਸਾਨ ਸਪੱਸ਼ਟ ਗੱਲ ਕਰਦੇ ਹਨ ਇਹ ਗੋਲਮੋਲ ਗੱਲ ਕਰਦੇ ਹਨ। ਇਸ ਲਈ ਇਹ ਮੰਨ ਲੈਣਾ ਗਲਤ ਹੈ ਕਿ ਜਿਹੜੇ ਦੂਜਿਆਂ ਨੂੰ ਸਿੱਖਿਆ ਦਿੰਦੇ ਹਨ, ਉਹਨਾਂ ਨੂੰ ਸਿੱਖਿਆ ਦੀ ਲੋੜ ਨਹੀਂ ਜਾਂ ਸਮਾਜਵਾਦੀ ਮੁੜ-ਢਲਾਈ ਦਾ ਅਰਥ ਦੂਜਿਆਂ—ਜਗੀਰਦਾਰਾਂ, ਸਰਮਾਏਦਾਰਾਂ ਅਤੇ ਵਿਅਕਤੀਗਤ ਉਪਜਕਾਰਾਂ ਦੀ ਢਲਾਈ ਕਰਨਾ ਹੈ—ਬੁੱਧੀਜੀਵੀਆਂ ਦੀ ਢਲਾਈ ਕਰਨਾ ਨਹੀਂ। ਬੁੱਧੀਜੀਵੀਆਂ ਨੂੰ ਵੀ ਢਲਾਈ ਦੀ ਲੋੜ ਹੈ, ਨਾ ਸਿਰਫ ਉਹਨਾਂ ਬੁੱਧੀਜੀਵੀਆਂ ਦੀ ਢਲਾਈ ਦੀ ਲੋੜ ਹੈ ਜਿਹਨਾਂ ਨੇ ਆਪਣਾ ਬੁਨਿਆਦੀ ਪੈਂਤੜਾ ਨਹੀਂ ਬਦਲਿਆ; ਹਰ ਇੱਕ ਨੂੰ ਅਧਿਐਨ ਕਰਨ ਅਤੇ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਕਹਿੰਦਾ ਹਾਂ "ਹਰੇਕ ਨੂੰ", ਇਸ ਵਿੱਚ ਅਸੀਂ ਵੀ ਸ਼ਾਮਲ ਹਾਂ ਜੋ ਇਥੇ ਹਾਜਰ ਹਾਂ। ਹਾਲਤਾਂ

ਬਦਲਦੀਆਂ ਰਹਿੰਦੀਆਂ ਹਨ ਅਤੇ ਆਪਣੀ ਸੋਚਣੀ ਨੂੰ ਨਵੀਆਂ ਹਾਲਤਾਂ ਅਨੁਸਾਰ ਢਾਲਣ ਲਈ, ਅਧਿਐਨ ਕਰਨਾ ਜ਼ਰੂਰੀ ਹੈ। ਉਹਨਾਂ ਨੂੰ ਵੀ ਜਿਹਨਾਂ ਨੂੰ ਮਾਰਕਸਵਾਦ ਦੀ ਚੰਗੀ ਸੂਝ ਹੈ ਅਤੇ ਆਪਣੇ ਪ੍ਰੋਲੇਤਾਰੀ ਪੈਂਤੜੇ ਤੇ ਵੀ ਮੁਕਾਲਬਤਨ ਦ੍ਰਿੜ ਹਨ, ਪੜ੍ਹਦੇ ਰਹਿਣਾ ਚਾਹੀਦਾ ਹੈ, ਨਵੇਂ ਨੂੰ ਗ੍ਰਹਿਣ ਕਰਦੇ ਅਤੇ ਨਵੀਆਂ ਸਮੱਸਿਆਵਾਂ ਨੂੰ ਨਜਿੱਠਦੇ ਰਹਿਣਾ ਚਾਹੀਦਾ ਹੈ। ਜਿੰਨਾ ਚਿਰ ਬੁੱਧੀਜੀਵੀ ਆਪਣੇ ਮਨਾਂ 'ਚੋਂ ਗਲਤ ਸੋਚਾਂ ਨਹੀਂ ਕੱਢਦੇ, ਉਹ ਦੂਜਿਆਂ ਨੂੰ ਸਿੱਖਿਆ ਦੇਣ ਦਾ ਕਾਰਜ ਨਹੀਂ ਨਿਭਾਅ ਸਕਦੇ। ਸੁਭਾਵਿਕ ਹੀ ਸਾਨੂੰ ਦੂਜਿਆਂ ਨੂੰ ਸਿਖਾਉਂਦੇ ਹੋਏ ਸਿਖਣਾ ਪੈਣਾ ਹੈ ਅਤੇ ਉਸਤਾਦੀ ਕਰਦੇ ਸਮੇਂ ਸ਼ਗਿਰਦ ਬਨਣਾ ਚਾਹੀਦਾ ਹੈ। ਇੱਕ ਚੰਗਾ ਉਸਤਾਦ ਬਣਨਾ ਜਰੂਰੀ ਹੁੰਦਾ ਹੈ। ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਹੜੀਆਂ ਇੱਕਲੀਆਂ ਕਿਤਾਬਾਂ ਤੋਂ ਨਹੀਂ ਸਿੱਖੀਆਂ ਜਾ ਸਕਦੀਆਂ; ਸਾਨੂੰ ਉਤਪਾਦਕਾਂ ਕੋਲੋਂ, ਮਜਦੂਰਾਂ ਕੋਲੋਂ, ਗਰੀਬ ਅਤੇ ਹੇਠਲੇ ਦਰਮਿਆਨੇ ਕਿਸਾਨਾਂ ਕੋਲੋਂ, ਸਕੂਲਾਂ ਵਿੱਚ ਜਿਨ੍ਹਾਂ ਨੂੰ ਪੜਾਉਂਦੇ ਹਾਂ, ਵਿਦਿਆਰਥੀਆਂ ਕੋਲੋਂ ਸਿੱਖਣਾ ਚਾਹੀਦਾ ਹੈ। ਮੇਰਾ ਵਿਚਾਰ ਹੈ ਕਿ ਸਾਡੇ ਬੁੱਧੀਜੀਵੀਆਂ ਦੀ ਬਹੁਗਿਣਤੀ ਸਿੱਖਣ ਲਈ ਤਿਆਰ ਹੈ। ਇਹ ਸਾਡਾ ਕਾਰਜ ਹੈ ਕਿ ਅਸੀਂ ਸਨੇਹਪੂਰਣ ਅਤੇ ਢੁੱਕਵੇਂ ਢੰਗ ਨਾਲ ਉਹਨਾਂ ਦੀ ਮਰਜੀ ਅਨੁਸਾਰ ਉਹਨਾਂ ਦੀ ਸਹਾਇਤਾ ਕਰੀਏ। ਸਾਨੂੰ ਜੋਰ-ਜਬਰਦਸਤੀ ਨਹੀਂ ਕਰਨੀ ਚਾਹੀਦੀ ਅਤੇ ਅਧਿਐਨ ਕਰਨ ਲਈ ਉਹਨਾਂ ਨੂੰ ਮਜਬੂਰ ਨਹੀਂ ਕਰਨਾ ਚਾਹੀਦਾ।

ਚੌਥਾ, ਬੁੱਧੀਜੀਵੀਆਂ ਦੀ ਮਜ਼ਦੂਰ ਅਤੇ ਕਿਸਾਨ ਜਨਤਾ ਨਾਲ ਇੱਕਮਿੱਕਤਾ ਦਾ ਸਵਾਲ ਹੈ। ਜਦੋਂ ਕਿ ਬੁੱਧੀਜੀਵੀਆਂ ਦਾ ਕਾਰਜ ਮਜ਼ਦੂਰ ਤੇ ਕਿਸਾਨ ਜਨਤਾ ਦੀ ਸੇਵਾ ਕਰਨਾ ਹੈ, ਉਨ੍ਹਾਂ ਨੂੰ, ਸਭ ਤੋਂ ਪਹਿਲਾਂ ਮਜ਼ਦੂਰਾਂ ਕਿਸਾਨਾਂ ਨੂੰ ਜਾਨਣਾ ਚਾਹੀਦਾ ਹੈ ਅਤੇ ਇਹਨਾਂ ਦੀ ਜ਼ਿੰਦਗੀ, ਕੰਮ ਅਤੇ ਵਿਚਾਰਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਅਸੀਂ ਬੁੱਧੀਜੀਵੀਆਂ ਦੀ ਹੌਸਲਾ-ਅਫਜਾਈ ਕਰਦੇ ਹਾਂ ਕਿ ਉਹ ਜਨਤਾ ਵਿੱਚ ਜਾਣ, ਕਾਰਖਾਨਿਆਂ ਅਤੇ ਪਿੰਡਾਂ ਵਿੱਚ ਜਾਣ। ਜੇ ਤੁਸੀਂ ਆਪਣੀ ਸਾਰੀ ਜ਼ਿੰਦਗੀ ਵਿੱਚ ਇੱਕ ਵੀ ਮਜ਼ਦੂਰ ਜਾਂ ਕਿਸਾਨ ਨੂੰ ਨਹੀਂ ਮਿਲੇ ਤਾਂ ਇਹ ਬਹੁਤ ਮਾੜੀ ਗੱਲ ਹੈ। ਸਾਡੇ ਸਰਕਾਰੀ ਕਰਿੰਦਿਆਂ, ਲੇਖਕਾਂ, ਕਲਾਕਾਰਾਂ, ਉਸਤਾਦਾਂ ਅਤੇ ਵਿਗਿਆਨਕ ਖੋਜੀ ਕਾਮਿਆਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੇ ਨੇੜੇ ਢੁੱਕਣ ਦਾ ਕੋਈ ਵੀ ਮੌਕਾ ਨਹੀਂ ਗੁਆਉਣਾ ਚਾਹੀਦਾ। ਕੁੱਝ ਕਾਰਖਾਨਿਆਂ ਅਤੇ ਪਿੰਡਾਂ ਵਿਚ ਆਲਾ ਦੁਆਲਾ ਦੇਖਣ ਲਈ ਹੀ ਗੇੜਾ ਮਾਰ ਸਕਦੇ ਹਨ। ਇਸ ਨੂੰ "ਘੋੜੇ ਤੇ ਚੜ੍ਹਕੇ ਫੁੱਲ ਵੇਖਣਾ" ਕਿਹਾ ਜਾ ਸਕਦਾ ਹੈ। ਇਉਂ ਕਰਨਾ ਕੁੱਝ ਵੀ ਨਾ ਕਰਨ ਨਾਲੋਂ ਚੰਗਾ ਹੈ। ਦੂਸਰੇ ਉਥੇ ਕੁੱਝ ਮਹੀਨਿਆਂ ਲਈ ਠਹਿਰ ਸਕਦੇ ਹਨ, ਜਾਂਚ-ਪੜਤਾਲ ਕਰ ਸਕਦੇ ਹਨ ਅਤੇ ਦੋਸਤੀ ਪਾ ਸਕਦੇ ਹਨ। ਇਸ ਨੂੰ "ਫੁੱਲ ਦੇਖਣ ਲਈ ਘੋੜੇ ਤੋਂ ਉਤਰਨਾ" ਕਿਹਾ ਜਾ ਸਕਦਾ ਹੈ। ਦੂਸਰੇ ਉਥੇ ਦੋ ਤਿੰਨ ਵਰ੍ਹੇ ਜਾਂ ਵਾਹਵਾ ਸਮੇਂ ਲਈ ਰਹਿ ਸਕਦੇ ਹਨ। ਇਸ ਨੂੰ ਲੋਕਾਂ ਵਿੱਚ ਵਸਣਾ ਕਿਹਾ ਜਾ ਸਕਦਾ ਹੈ। ਕੁੱਝ ਬੁਧੀਜੀਵੀ ਮਜਦੂਰਾਂ ਅਤੇ ਕਿਸਾਨਾਂ ਨਾਲ ਨੇੜਤਾ ਹਾਸਲ ਕਰਨੀ" ਹਕੀਕਤ 'ਚ ਆਦਤ ਹੀ ਬਣ ਜਾਵੇ। ਦੂਸਰੇ ਸ਼ਬਦਾਂ 'ਚ, ਸਾਡੇ ਕੋਲ ਇਉਂ ਕਰਨ ਵਾਲੇ ਬੁੱਧੀਜੀਵੀਆਂ ਦੀ ਭਾਰੀ ਗਿਣਤੀ ਹੋਣੀ ਚਾਹੀਦਾ ਹੈ। ਬਿਨਾਂ ਸ਼ੱਕ ਸਾਰੇ ਦੇ ਸਾਰੇ ਨਹੀਂ, ਕੁੱਝ ਇੱਕ ਜਾਂ ਦੂਸਰੇ ਕਾਰਨ ਕਰਕੇ ਨਹੀਂ ਜਾ ਸਕਦੇ ਪਰ ਅਸੀਂ ਆਸ ਕਰਦੇ ਹਾਂ ਜਿੰਨੇ ਜਾ ਸਕਦੇ ਹਨ ਉਹ ਜਾਣਗੇ। ਇਹ ਸਾਰੇ ਇਕੋ ਸਮੇਂ ਨਹੀਂ ਜਾ ਸਕਦੇ। ਪਰ ਇਹ ਵੱਖੋ ਵੱਖ ਸਮੇਂ 'ਤੇ ਜੱਥਿਆਂ ਦੇ ਰੂਪ 'ਚ ਜਾ ਸਕਦੇ ਹਨ। ਪੁਰਾਣੇ ਦਿਨਾਂ 'ਚ ਜਦੋਂ ਅਸੀਂ ਯੇਨਾਨ ਵਿੱਚ ਸੀ,

ਬੁੱਧੀਜੀਵੀਆਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਸਿੱਧਾ ਸੰਪਰਕ ਕਰਨ ਦੀ ਹਾਲਤ ਮੁਹੱਈਆ ਕੀਤੀ ਜਾਂਦੀ ਸੀ। ਯੇਨਾਨ 'ਚ ਉਹਨਾਂ ਵਿਚੋਂ ਕਾਫੀ ਸਾਰੇ ਆਪਣੀ ਸੋਚਣੀ 'ਚ ਬਹੁਤ ਗੰਧਲੇ ਹੋਏ ਸਨ ਅਤੇ ਅਜੀਬੋ-ਗਰੀਬ ਕਿਸਮ ਦੀਆਂ ਦਲੀਲਾਂ ਦਿੰਦੇ ਸਨ। ਅਸੀਂ ਸਭਾ ਸੱਦੀ ਅਤੇ ਉਹਨਾਂ ਨੂੰ ਜਨਤਾ 'ਚ ਜਾਣ ਦੀ ਸਲਾਹ ਦਿੱਤੀ । ਪਿੱਛੋਂ ਕਾਫੀ ਸਾਰੇ ਲੋਕਾਂ 'ਚ ਗਏ, ਅਤੇ ਸਿੱਟੇ ਬਹੁਤ ਚੰਗੇ ਸਨ। ਜਿਨਾ ਚਿਰ ਬੁੱਧੀਮਾਨ ਦਾ ਕਿਤਾਬੀ ਗਿਆਨ ਅਭਿਆਸ ਨਾਲ ਜੋੜਿਆ ਨਹੀਂ ਜਾਂਦਾ, ਇਹ ਪੂਰਾ ਨਹੀਂ ਹੈ, ਇਹ ਸਚਮੁੱਚ ਬਹੁਤ ਹੀ ਅਧੂਰਾ ਹੋ ਸਕਦਾ ਹੈ। ਬੁੱਧੀਜੀਵੀ ਮੁੱਖ ਤੌਰ 'ਤੇ ਕਿਤਾਬਾਂ ਪੜ੍ਹਕੇ ਹੀ ਸਾਡੇ ਪੂਰਵਜਾਂ ਬਾਰੇ ਤਜਰਬਾ ਹਾਸਲ ਕਰਦੇ ਸਨ। ਬੇਸ਼ਕ ਕਿਤਾਬਾਂ ਪੜ੍ਹਨੀਆਂ ਜਰੂਰੀ ਹਨ ਪਰ ਇਸ ਨਾਲ ਹੀ ਮਸਲਾ ਹੱਲ ਨਹੀਂ ਹੁੰਦਾ। ਹਰ ਇੱਕ  ਨੂੰ ਹੀ ਹਕੀਕੀ ਹਾਲਤ ਦਾ ਅਧਿਐਨ ਕਰਨਾ ਚਾਹੀਦਾ ਹੈ, ਅਮਲੀ ਤਜਰਬੇ ਅਤੇ ਠੋਸ ਸਮੱਗਰੀ ਦੀ ਪਰਖ ਕਰਨੀ ਚਾਹੀਦੀ ਹੈ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਲਿਹਾਜ ਪਾਉਣੀ ਚਾਹੀਦੀ ਹੈ। ਮਜ਼ਦੂਰਾਂ ਅਤੇ ਕਿਸਾਨਾਂ ਨਾਲ ਲਿਹਾਜ ਪਾਉਣੀ ਕੋਈ ਸੌਖਾ ਕੰਮ ਨਹੀਂ ਹੈ। ਹੁਣ ਵੀ, ਜਦੋਂ ਲੋਕ ਕਾਰਖਾਨਿਆਂ ਜਾਂ ਪਿੰਡਾਂ 'ਚ ਜਾਂਦੇ ਹਨ, ਕੁੱਝ ਮਾਮਲਿਆਂ 'ਚ ਚੰਗੇ ਸਿੱਟੇ ਨਿਕਲਦੇ ਹਨ ਪਰ ਦੂਸਰੇ ਮਾਮਲਿਆਂ 'ਚ ਨਹੀਂ ਨਿਕਲਦੇ। ਇਉਂ ਹੋਣ 'ਚ ਪੈਂਤੜੇ ਜਾਂ ਰਵੱਈਏ ਦਾ ਦਖਲ ਹੈ ਅਰਥਾਤ ਨਵੇਂ ਸੰਸਾਰ ਨਜ਼ਰੀਏ ਦਾ ਦਖਲ ਹੈ। ਅਸੀਂ "ਵਿਚਾਰਾਂ ਦੇ ਸੈਂਕੜੇ ਮੱਤਾਂ ਨੂੰ ਜੋਰ ਅਜਮਈ ਕਰਨ ਦਿਓ" ਦੀ ਵਕਾਲਤ ਕਰਦੇ ਹਾਂ। ਸਿੱਖਿਆ ਦੀ ਹਰੇਕ ਸ਼ਾਖਾ ਵਿੱਚ ਕਿੰਨੀਆਂ ਹੀ ਧਾਰਨਾਵਾਂ ਅਤੇ ਰੁਝਾਨ ਹੋ ਸਕਦੇ ਹਨ। ਸੰਸਾਰ ਨਜ਼ਰੀਏ ਦੇ ਮਾਮਲੇ 'ਚ ਅੱਜ ਬੁਨਿਆਦੀ ਤੌਰ 'ਤੇ ਸਿਰਫ ਦੋ ਧਾਰਨਾਵਾਂ ਹਨ। ਪ੍ਰੋਲੇਤਾਰੀ ਧਾਰਨਾ ਅਤੇ ਬੁਰਜੂਆ ਧਾਰਨਾ। ਇਹਨਾਂ ਵਿਚੋਂ ਇੱਕ ਜਾਂ ਦੂਸਰਾ ਨਜ਼ਰੀਏ ਹੋ ਸਕਦਾ ਹੈ। ਜਾਂ ਪ੍ਰੋਲੇਤਾਰੀ ਨਜ਼ਰੀਏ ਹੋ ਸਕਦਾ ਹੈ ਜਾਂ ਬੁਰਜੂਆ ਨਜ਼ਰੀਏ ਹੋ ਸਕਦਾ ਹੈ। ਕਮਿਊਨਿਸਟ ਸੰਸਾਰ ਨਜ਼ਰੀਏ ਪ੍ਰੋਲੇਤਾਰੀ ਦਾ ਸੰਸਾਰ ਨਜ਼ਰੀਏ ਹੈ, ਕਿਸੇ ਹੋਰ ਜਮਾਤ ਦਾ ਨਹੀਂ। ਸਾਡੇ ਵਰਤਮਾਨ ਬੁੱਧੀਜੀਵੀਆਂ ਵਿੱਚੋਂ ਬਹੁਤੇ ਪੁਰਾਣੇ ਸਮਾਜ 'ਚੋਂ ਅਤੇ ਮਿਹਨਤ ਕਰਨ ਵਾਲੇ ਟੱਬਰਾਂ ਵਿਚੋਂ ਆਏ ਹਨ। ਮਜ਼ਦੂਰ ਜਾਂ ਕਿਸਾਨ ਟੱਬਰਾਂ ਵਿਚੋਂ ਆਉਣ ਵਾਲੇ ਬੁੱਧੀਜੀਵੀ ਵੀ ਹਾਲੇ ਬੁਰਜੂਆ ਬੁੱਧੀਜੀਵੀ ਹੀ ਹਨ ਕਿਉਂਕਿ ਮੁਕਤੀ ਤੋਂ ਪਹਿਲਾਂ ਜੋ ਵਿਦਿਆ ਉਹਨਾਂ ਨੇ ਹਾਸਲ ਕੀਤੀ ਸੀ, ਉਹ ਬੁਰਜੂਆ ਨਜ਼ਰੀਏ ਸੀ। ਜੋ ਉਹ ਪੁਰਾਣੇ ਸੰਸਾਰ ਨਜ਼ਰੀਏ ਨੂੰ ਤਿਆਗਕੇ ਇਸ ਦੀ ਥਾਂ ਪ੍ਰੋਲੇਤਾਰੀ ਸੰਸਾਰ ਨਜ਼ਰੀਏ ਨਹੀਂ ਅਪਣਾਉਂਦੇ ਤਾਂ ਇਹ ਆਪਣੇ ਨੁਕਤਾਨਜ਼ਰ, ਪੈਂਤੜੇ ਅਤੇ ਅਹਿਸਾਸਾਂ ਪੱਖੋਂ ਮਜ਼ਦੂਰਾਂ ਅਤੇ ਕਿਸਾਨਾਂ ਨਾਲੋਂ ਵੱਖਰੇ ਹੀ ਰਹਿਣਗੇ ਅਤੇ ਗੋਲ ਸੱਲ ਵਿਚ ਚੋਰਸ ਗਿੱਟੀ ਵਾਂਗ ਹੀ ਹੋਣਗੇ ਅਤੇ ਮਜ਼ਦੂਰ ਅਤੇ ਕਿਸਾਨ ਇਹਨਾਂ ਸਾਹਮਣੇ ਆਪਣੇ ਮਨ ਦੀ ਗੱਲ ਨਹੀਂ ਕਰਨਗੇ। ਜੇ ਬੁੱਧੀਜੀਵੀ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਇੱਕ ਮਿਕ ਹੁੰਦੇ ਹਨ ਅਤੇ ਇਹਨਾਂ ਨਾਲ ਲਿਹਾਜ ਗੰਢਦੇ ਹਨ ਤਾਂ ਕਿਤਾਬਾਂ ਤੋਂ ਸਿੱਖਿਆ ਮਾਰਕਸਵਾਦ ਅਸਲੋਂ ਹੀ ਉਹਨਾਂ ਦਾ ਹੋ ਜਾਵੇਗਾ। ਮਾਰਕਵਾਦ 'ਤੇ ਹਕੀਕੀ ਪਕੜ ਹਾਸਲ ਕਰਨ ਲਈ ਇਸਨੂੰ ਨਾ ਸਿਰਫ ਕਿਤਾਬਾਂ ਤੋਂ ਹੀ ਸਿੱਖਣਾ ਚਾਹੀਦਾ ਹੈ ਸਗੋਂ ਮੁੱਖ ਤੌਰ 'ਤੇ ਜਮਾਤੀ ਜਦੋਜਹਿਦ ਰਾਹੀਂ, ਅਮਲੀ ਕੰਮ ਰਾਹੀਂ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਨੇੜਲੇ ਸੰਪਰਕ ਬਣਾਕੇ ਸਿੱਖਣਾ ਚਾਹੀਦਾ ਹੈ। ਜਦੋਂ ਸਾਡੇ ਬੁੱਧੀਜੀਵੀਆਂ ਨੇ ਕੁੱਝ ਮਾਰਕਸੀ ਕਿਤਾਬਾਂ ਪੜ੍ਹਣ ਤੋਂ ਇਲਾਵਾ ਮਜ਼ਦੂਰ ਕਿਸਾਨ ਜਨਤਾ ਨਾਲ ਨੇੜਲੇ ਸੰਬੰਧ ਬਣਾਕੇ ਅਤੇ ਆਪਣੇ ਅਮਲੀ ਕੰਮ ਰਾਹੀਂ ਕੁੱਝ ਸਮਝ ਹਾਸਲ ਕਰ ਲਈ ਤਾਂ ਅਸੀਂ ਸਾਰੇ ਹੀ ਇੱਕੋ

ਬੋਲੀ ਬੋਲ ਰੇਹ ਹੋਵਾਂਗੇ। ਨਾ ਸਿਰਫ ਵਤਨਪ੍ਰਸਤੀ ਦੀ ਸਾਂਝੀ ਬੋਲੀ ਅਤੇ ਸਮਾਜਵਾਦੀ ਪ੍ਰਬੰਧ ਦੀ ਸਾਂਝੀ ਬੋਲੀ ਬੋਲ ਰਹੇ ਹੋਵਾਂਗੇ ਸਗੋਂ ਹਕੀਕਤ ਵਰਗੀ ਸੰਭਾਵਨਾ ਹੈ ਕਿ ਅਸੀਂ ਕਮਿਊਨਿਸਟ ਸੰਸਾਰ ਨਜ਼ਰੀਏ ਦੀ ਵੀ ਸਾਂਝੀ ਬੋਲੀ ਬੋਲ ਰਹੇ ਹੋਵਾਂਗੇ। ਜੇ ਇਉਂ ਵਾਪਰ ਜਾਂਦਾ ਹੈ ਤਾਂ ਅਸੀਂ ਸਾਰੇ ਹੀ, ਪੱਕ ਨਾਲ, ਇਸ ਤੋਂ ਚੰਗੇਰਾ ਕੰਮ ਕਰ ਸਕਾਂਗੇ।

ਪੰਜਵਾਂ, ਸ਼ੁੱਧੀਕਰਨ ਦਾ ਨੁਕਤਾ ਹੈ। ਸ਼ੁੱਧੀਕਰਨ ਦਾ ਅਰਥ ਹੈ ਆਪਣੀ ਸੋਚਣ ਦੀ ਢੰਗ ਅਤੇ ਕੰਮ-ਢੰਗ ਨੂੰ ਦਰੁਸਤ ਕਰਨਾ। ਕਮਿਊਨਿਸਟ ਪਾਰਟੀ ਅੰਦਰ ਸ਼ੁੱਧੀਕਰਨ ਮੁਹਿੰਮਾਂ ਜਪਾਨ-ਵਿਰੋਧੀ ਜੰਗ ਦੌਰਾਨ, ਮੁਕਤੀ ਸੰਗਰਾਮ ਦੌਰਾਨ ਅਤੇ ਚੀਨ ਦੇ ਲੋਕ ਗਣਰਾਜ ਦੀ ਸਥਾਪਤੀ ਪਿੱਛੋਂ ਦੇ ਪਹਿਲੇ ਦਿਨਾਂ ਦੌਰਾਨ ਚਲਾਈਆਂ ਗਈਆਂ ਹਨ।[2] ਹੁਣ ਫੇਰ, ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੇ ਪਾਰਟੀ ਅੰਦਰ ਇੱਕ ਹੋਰ ਸ਼ੁੱਧੀਕਰਨ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ ਜਿਹੜੀ ਇਸੇ ਸਾਲ ਸ਼ੁਰੂ ਕੀਤੀ ਜਾਵੇਗੀ। ਇਸ ਵਿੱਚ ਗੈਰ-ਪਾਰਟੀ ਲੋਕ ਹਿੱਸਾ ਲੈ ਸਕਦੇ ਹਨ ਜਾਂ ਜੇ ਉਹ ਨਹੀਂ ਚਾਹੁੰਦੇ ਤਾਂ ਹਿੱਸਾ ਨਾ ਲੈਣ। ਇਸ ਸ਼ੁੱਧੀਕਰਨ ਮੁਹਿੰਮ ਵਿਚ ਮੁੱਖ ਗੱਲ ਬੰਦੇ ਦਾ ਸੋਚਣ-ਢੰਗ ਅਤੇ ਕੰਮ-ਢੰਗ ਦੀਆਂ ਤਿੰਨ ਗਲਤੀਆਂ —ਅੰਤਰਮੁੱਖਤਾ, ਅਫਸਰਸ਼ਾਹੀ ਅਤੇ ਤੰਗਨਜ਼ਰੀ-ਦੀ ਨੁਕਤਾਚੀਨੀ ਕਰਨਾ ਹੈ। ਜਪਾਨ ਵਿਰੋਧੀ ਜੰਗ ਦੌਰਾਨ ਸ਼ੁੱਧੀਕਰਨ ਮੁਹਿੰਮ ਵਾਂਗ ਇਸ ਵੇਰ ਵੀ ਪਹਿਲਾਂ ਕੁੱਝ ਦਸਤਾਵੇਜ਼ਾਂ ਪੜ੍ਹਨੀਆਂ ਹੋਣਗੀਆਂ ਅਤੇ ਫੇਰ, ਇਸ ਅਧਿਐਨ ਦੇ ਆਧਾਰ ’ਤੇ ਆਪਣੀ ਸੋਚਣੀ ਅਤੇ ਕੰਮ ਦੀ ਪਰਖ-ਪੜਤਾਲ ਕਰਨੀ ਅਤੇ ਤਰੁੱਟੀਆਂ ਤੇ ਗਲਤੀਆਂ ਨੂੰ ਨਸ਼ਰ ਕਰਨ ਲਈ ਪੜਚੋਲ ਅਤੇ ਸਵੈ-ਪੜਚੋਲ ਕਰਨੀ ਹੋਵੇਗੀ ਅਤੇ ਜੋ ਕੁੱਝ ਸਹੀ ਅਤੇ ਚੰਗਾ ਹੈ, ਇਸ ਦਾ ਵਿਕਾਸ ਕਰਨ ਦੇ ਢੰਗ ਦੀ ਵਰਤੋਂ ਕਰਨੀ ਹੋਵੇਗੀ। ਇਕ ਬੰਨੇ, ਸਾਨੂੰ ਬਾਜਾਬਤਾ ਰਹਿਣਾ ਚਾਹੀਦਾ ਹੈ ਅਤੇ ਗਲਤੀਆਂ ਅਤੇ ਤਰੁਟੀਆਂ ਦੀ ਪੜਚੋਲ ਅਤੇ ਸਵੈ-ਪੜਚੋਲ ਗੰਭੀਰਤਾ ਨਾਲ ਕਰਨੀ ਚਾਹੀਦੀ ਹੈ ਨਾ ਕਿ ਰਿਵਾਜਨ ਅਤੇ ਇਹਨਾਂ ਤਰੁਟੀਆਂ ਗਲਤੀਆਂ ਨੂੰ ਦਰੁਸਤ ਕਰਨਾ ਚਾਹੀਦਾ ਹੈ; ਦੂਜੇ ਬੰਨੇ, ਸਾਨੂੰ ਕੁਰੱਖਤ ਨਹੀਂ ਹੋਣਾ ਚਾਹੀਦਾ ਅਤੇ “ਅੱਗੇ ਲਈ ਗਲਤੀਆਂ ਤੋਂ ਬਚਣ ਲਈ ਪਿਛਲੀਆਂ ਗਲਤੀਆਂ ਤੋਂ ਸਿੱਖਣ ਅਤੇ ਰੋਗੀ ਨੂੰ ਬਚਾਉਣ ਲਈ ਰੋਗ ਦਾ ਇਲਾਜ ਕਰਨ” ਦੇ ਅਸੂਲ ’ਤੇ ਅਮਲ ਕਰਨਾ ਚਾਹੀਦਾ ਹੈ, ਅਤੇ ਸਾਨੂੰ “ਪੈਂਦੀ ਸੱਟੇ ਖਤਮ ਕਰਨ” ਦੇ ਢੰਗ ਦਾ ਵਿਰੋਧ ਕਰਨਾ ਚਾਹੀਦਾ ਹੈ।

ਸਾਡੀ ਪਾਰਟੀ ਇੱਕ ਮਹਾਨ, ਸ਼ਾਨਦਾਰ ਅਤੇ ਦਰੁਸਤ ਪਾਰਟੀ ਹੈ। ਇਸ ਦੀ ਇੱਕ ਹਕੀਕਤ ਵਜੋਂ ਪ੍ਰੋੜਤਾ ਕਰਨੀ ਚਾਹੀਦੀ ਹੈ। ਪਰ ਸਾਡੇ ਵਿਚ ਹਾਲੇ ਤਰੁਟੀਆਂ ਹਨ ਅਤੇ ਇਸ ਦੀ ਵੀ ਇੱਕ ਹਕੀਕਤ ਵਜੋਂ ਤਸਦੀਕ ਕਰਨੀ ਚਾਹੀਦੀ ਹੈ। ਸਾਨੂੰ ਹਰ ਇੱਕ ਗੱਲ ਦੀ ਤਸਦੀਕ ਨਹੀਂ ਕਰਨੀ ਚਾਹੀਦੀ ਸਗੋਂ ਉਸ ਦੀ ਹੀ ਤਸਦੀਕ ਕਰਨੀ ਚਾਹੀਦੀ ਹੈ ਜੋ ਦਰੁਸਤ ਹੈ। ਇਸ ਦੇ ਨਾਲ ਹੀ, ਸਾਨੂੰ ਹਰ ਇੱਕ ਗੱਲ ਨੂੰ ਰੱਦ ਨਹੀਂ ਕਰਨਾ ਚਾਹੀਦਾ ਸਗੋਂ ਉਸ ਨੂੰ ਹੀ ਰੱਦ ਕਰਨਾ ਚਾਹੀਦਾ ਹੈ ਜੋ ਗਲਤ ਹੈ। ਸਾਡੇ ਕੰਮ ਅੰਦਰ ਸਾਡੀਆਂ ਪ੍ਰਾਪਤੀਆਂ ਮੁੱਖ ਹਨ। ਫੇਰ ਵੀ, ਤਰੁਟੀਆਂ ਅਤੇ ਗਲਤੀਆਂ ਥੋੜੀਆਂ ਨਹੀਂ। ਇਹੋ ਵਜ੍ਹਾ ਹੈ ਕਿ ਸਾਨੂੰ ਸ਼ੁੱਧੀਕਰਨ ਮੁਹਿੰਮ ਚਲਾਉਣ ਦੀ ਲੋੜ ਹੈ। ਜੇ ਅਸੀਂ ਆਪਣੀ ਅੰਤਰਮੁੱਖਤਾ, ਅਫਸਰਸ਼ਾਹੀ ਅਤੇ ਤੰਗਨਜ਼ਰੀ ਦੀ ਨੁਕਤਾਚੀਨੀ ਕਰਦੇ ਹਾਂ ਤਾਂ ਕੀ ਸਾਡੇ ਪਾਰਟੀ ਦੇ ਵਕਾਰ ਨੂੰ ਧੱਕਾ ਵੱਜੇਗਾ ? ਮੇਰਾ ਖਿਆਲ ਹੈ, ਨਹੀਂ। ਸਗੋਂ ਇਸ ਦੇ ਉਲਟ ਇਹ ਸਾਡੇ ਪਾਰਟੀ ਦੇ ਵਕਾਰ ਵਿਚ ਵਾਧਾ ਕਰੇਗੀ। ਜਪਾਨ-ਵਿਰੋਧੀ ਜੰਗ ਦੈਰਾਨ ਸ਼ੁੱਧੀਕਰਨ

ਮੁਹਿੰਮ ਨੇ ਇਸਨੂੰ ਸਾਬਤ ਕੀਤਾ ਹੈ। ਇਸੇ ਨੇ ਸਾਡੀ ਪਾਰਟੀ, ਸਾਡੇ ਪਾਰਟੀ ਸਾਥੀਆਂ ਅਤੇ ਸਾਡੇ ਯੋਧੇ ਕਾਡਰ ਦੇ ਵਕਾਰ ਵਿਚ ਵਾਧਾ ਕੀਤਾ ਹੈ। ਇਸ ਨੇ ਨਵੇਂ ਕਾਡਰ ਨੂੰ ਵੱਡੀਆਂ ਮੱਲਾਂ ਮਾਰਨ ਦੇ ਕਾਬਲ ਬਣਾਇਆ। ਪੜਚੋਲ ਤੋਂ ਦੋਵਾਂ ਵਿਚੋਂ ਕਿਸਨੂੰ ਡਰ ਲਗਦਾ ਹੈ, ਕਮਿਊਨਿਸਟ ਪਾਰਟੀ ਨੂੰ ਜਾਂ ਕੌਮਿਨਤਾਂਗ ਨੂੰ ? ਕੌਮਿਨਤਾਂਗ ਨੂੰ। ਇਸਨੇ ਪੜਚੋਲ ਦੀ ਮਨਾਹੀ ਕੀਤੀ ਹੋਈ ਸੀ, ਪਰ ਇਹ ਉਸਨੂੰ ਅੰਤਮ ਹਾਰ ਤੋਂ ਨਾ ਬਚਾ ਸਕੀ। ਕਮਿਊਨਿਸਟ ਪਾਰਟੀ ਪੜਚੋਲ ਤੋਂ ਨਹੀਂ ਡਰਦੀ ਕਿਉਂਕਿ ਅਸੀਂ ਮਾਰਕਸਵਾਦੀ ਹਾਂ, ਸੱਚ ਸਾਡੇ ਪੱਖ 'ਚ ਹੈ, ਬੁਨਿਆਦੀ ਜਨਤਾ, ਮਜ਼ਦੂਰ ਅਤੇ ਕਿਸਾਨ, ਸਾਡੇ ਪੱਖ 'ਚ ਹਨ। ਜਿਵੇਂ ਅਸੀਂ ਕਿਹਾ ਕਰਦੇ ਸੀ ਕਿ ਸ਼ੁੱਧੀਕਰਨ ਮੁਹਿੰਮ "ਮਾਰਕਸੀ ਵਿਦਿਆ ਦੇ ਪਸਾਰੇ ਦੀ ਲਹਿਰ" ਹੈ। ਸ਼ੁੱਧੀਕਰਨ ਦਾ ਅਰਥ ਹੈ: ਸਮੁੱਚੀ ਪਾਰਟੀ ਵੱਲੋਂ ਪੜਚੋਲ ਅਤੇ ਸਵੈ-ਪੜਚੋਲ ਰਾਹੀਂ ਮਾਰਕਸਵਾਦ ਦਾ ਅਧਿਐਨ ਕਰਨਾ। ਸ਼ੁੱਧੀਕਰਨ ਮੁਹਿੰਮ ਦੌਰਾਨ ਅਸੀਂ ਮਾਰਕਸਵਾਦ ਬਾਰੇ ਲਾਜ਼ਮੀ ਹੋਰ ਬਹੁਤਾ ਸਿੱਖ ਸਕਦੇ ਹਾਂ।

ਚੀਨ ਦੀ ਕਾਇਆਕਲਪ ਅਤੇ ਉਸਾਰੀ ਸਾਡੀ ਲੀਡਰਸ਼ਿਪ ਤੇ ਨਿਰਭਰ ਹੈ। ਜਦੋਂ ਅਸੀਂ ਆਪਣੇ ਸੋਚਣ-ਢੰਗ ਅਤੇ ਕੰਮ-ਢੰਗ ਨੂੰ ਸੁਧਾਰ ਲਿਆ ਤਾਂ ਅਸੀਂ ਆਪਣੇ ਕੰਮ ਵਿੱਚ ਵਡੇਰੀ ਪਹਿਲਕਦਮੀ ਹਾਸਲ ਕਰ ਸਕਾਂਗੇ, ਹੋਰ ਵੱਧ ਸਮੱਰਥ ਹੋਵਾਂਗੇ ਅਤੇ ਚੰਗੇਰਾ ਕੰਮ ਕਰ ਸਕਾਂਗੇ। ਸਾਡੇ ਦੇਸ਼ ਵਿਚ ਉਹਨਾਂ ਬਹੁਤ ਸਾਰੇ ਲੋਕਾਂ ਦੀ ਲੋੜ ਹੈ ਜਿਹੜੇ ਪੂਰਾ ਦਿਲ ਲਾਕੇ ਜਨਤਾ, ਸਮਾਜਵਾਦ ਦੇ ਕਾਜ ਦੀ ਸੇਵਾ ਕਰਨ ਅਤੇ ਜਿਹੜੇ ਤਬਦੀਲੀਆਂ ਲਿਆਉਣ ਲਈ ਦ੍ਰਿੜ ਹੋਣ। ਸਾਨੂੰ ਕਮਿਊਨਿਸਟਾਂ ਨੂੰ ਅਜੇਹੇ ਲੋਕ ਬਣਨਾ ਚਾਹੀਦਾ ਹੈ। ਪੁਰਾਣੇ ਚੀਨ ਵਿਚ ਸੁਧਾਰਾਂ ਦੀ ਗੱਲ ਕਰਨੀ ਜੁਰਮ ਸੀ ਅਤੇ ਦੋਸ਼ੀ ਦਾ ਜਾਂ ਤਾਂ ਸਿਰ ਕੱਟ ਦਿੱਤਾ ਜਾਂਦਾ ਸੀ ਜਾਂ ਉਸਨੂੰ ਕੈਦ 'ਚ ਡੱਕ ਦਿੱਤਾ ਜਾਂਦਾ ਸੀ। ਫੇਰ ਵੀ, ਅਜੇਹੇ ਦ੍ਰਿੜ੍ਹ ਸੁਧਾਰਕ ਸਨ, ਜਿਹੜੇ ਕਿਸੇ ਤੋਂ ਨਹੀਂ ਡਰਦੇ ਸਨ, ਉਹ ਕਿਤਾਬਾਂ ਅਤੇ ਅਖਬਾਰ ਛਾਪਦੇ ਸਨ, ਲੋਕਾਂ ਨੂੰ ਸਿਖਿਅਤ ਅਤੇ ਜੱਥੇਬੰਦ ਕਰਦੇ ਸਨ, ਹਰ ਕਿਸਮ ਦੀਆਂ ਤਕਲੀਫਾਂ ਝੱਲਕੇ ਅਣਲਿਫ ਜਦੋ-ਜਹਿਦ ਕਰਦੇ ਸਨ। ਲੋਕ ਜਮਹੂਰੀ ਤਾਨਾਸ਼ਾਹੀ ਨੇ ਸਾਡੇ ਦੇਸ਼ ਦੀ ਤੇਜ ਆਰਥਿਕ ਅਤੇ ਸਭਿਆਚਾਰਕ ਤਰੱਕੀ ਲਈ ਰਾਹ ਪੱਧਰਾ ਕਰ ਦਿੱਤਾ ਹੈ। ਸਾਡੇ ਰਾਜ ਨੂੰ ਸਥਾਪਤ ਹੋਇਆਂ ਹਾਲੇ ਕੁੱਝ ਵਰ੍ਹੇ ਹੀ ਹੋਏ ਹਨ ਫੇਰ ਵੀ ਲੋਕ ਅਰਥਚਾਰੇ, ਸਭਿਆਚਾਰ, ਵਿਦਿਆ ਅਤੇ ਵਿਗਿਆਨ ਦੀ ਬੇਮਿਸਾਲ ਗੁਲਕਾਰੀ (ਖਿੜਨਾ) ਦੇਖ ਸਕਦੇ ਹਨ। ਨਵੇਂ ਚੀਨ ਦੀ ਉਸਾਰੀ ਕਰਨ 'ਚ ਕੋਈ ਵੀ ਮੁਸ਼ਕਲ ਸਾਡੇ ਕਮਿਊਨਿਸਟਾਂ ਦੇ ਹੌਸਲੇ ਪਸਤ ਨਹੀਂ ਕਰ ਸਕਦੀ। ਪਰ ਇਸ ਕਾਰਜ ਨੂੰ ਅਸੀਂ ਇੱਕਲੇ ਹੀ ਨੇਪਰੇ ਨਹੀਂ ਚਾੜ੍ਹ ਸਕਦੇ। ਸਾਨੂੰ ਉੱਚੇ ਆਦਰਸ਼ਾਂ ਵਾਲੇ ਗੈਰ-ਪਾਰਟੀ ਲੋਕਾਂ ਦੀ ਭਾਰੀ ਗਿਣਤੀ ਦੀ ਲੋੜ ਹੈ ਜੋ ਸਾਡੇ ਸਮਾਜ ਦੀ ਸਮਾਜਵਾਦ ਅਤੇ ਕਮਿਊਨਿਜ਼ਮ ਦੀ ਸੇਧ 'ਚ ਕਾਇਆਪਲਟੀ ਅਤੇ ਉਸਾਰੀ ਕਰਨ ਲਈ ਸਾਡੇ ਮੋਢੇ ਨਾਲ ਮੋਢੇ ਲਾ ਕੇ ਅਣਲਿਫ ਢੰਗ ਨਾਲ ਲੜ ਸਕਣ। ਚੀਨ ਦੇ ਕਰੋੜਾਂ ਲੋਕਾਂ ਲਈ ਚੰਗੇ ਜੀਵਨ ਨੂੰ ਯਕੀਨੀ ਬਨਾਉਣਾ ਅਤੇ ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਪਛੜੇ ਦੇਸ਼ ਨੂੰ ਉੱਚੀ ਸਭਿਆਚਾਰਕ ਪੱਧਰ ਵਾਲੇ ਖੁਸ਼ਹਾਲ ਅਤੇ ਜੋਰਾਵਰ ਦੇਸ਼ ਦੇ ਰੂਪ 'ਚ ਉਸਾਰਨਾ, ਇਕ ਜਾਨ-ਹੂਲਵਾਂ ਕਾਰਜ ਹੈ। ਇਸ ਲਈ, ਇਸ ਨਾਲ ਮਿਲਕੇ ਚੰਗੇਰਾ ਕੰਮ ਕਰਨ ਲਈ, ਜਿਹੜੇ ਉੱਚੇ ਆਦਰਸ਼ਾਂ ਵਾਲੇ ਅਤੇ ਸੁਧਾਰ ਕਰਨ ਲਈ ਦ੍ਰਿੜ ਹਨ, ਸਾਨੂੰ ਹੁਣ ਵੀ ਅਤੇ ਭਵਿੱਖ 'ਚ ਵੀ ਸ਼ੁੱਧੀਕਰਨ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ ਅਤੇ ਲਗਾਤਾਰ ਗਲਤ ਗੱਲਾਂ ਦਾ ਗਲੋਂ-

ਗਲਾਮਾ ਲਾਹੁੰਦੇ ਰਹਿਣਾ ਚਾਹੀਦਾ ਹੈ। ਮੁਕੰਮਲ ਪਦਾਰਥਵਾਦੀ ਨਿਡਰ ਹੁੰਦੇ ਹਨ, ਅਸੀਂ ਆਸ ਕਰਦੇ ਹਾਂ ਕਿ ਸਾਡੇ ਸਹਿਯੋਧੇ ਆਪਣੀਆਂ ਜੁੰਮੇਵਾਰੀਆਂ ਨੂੰ ਦਲੇਰੀ ਨਾਲ ਮੋਢਾ ਲਉਣਗੇ ਅਤੇ ਸਾਰੀਆਂ ਔਕੜਾਂ ਨੂੰ ਸਰ ਕਰਨਗੇ, ਪਛਾੜਾਂ ਅਤੇ ਮੇਹਣਿਆਂ ਤੋਂ ਨਹੀਂ ਘਬਰਾਉਂਣਗੇ ਅਤੇ ਨਾ ਹੀ ਸਾਡੇ ਕਮਿਊਨਿਸਟਾਂ ਦੀ ਪੜਚੋਲ ਕਰਨ ਤੋਂ ਅਤੇ ਸਾਨੂੰ ਆਪਣੇ ਸੁਝਾਅ ਦੇਣ ਤੋਂ ਝਿਜਕਣਗੇ। "ਜਿਹੜਾ ਹਜ਼ਾਰਾਂ ਫੱਟਾਂ ਤੋਂ ਨਹੀਂ ਡਰਦਾ, ਉਹੋ ਹੀ ਸਹਿਨਸ਼ਾਹ ਨੂੰ ਘੋੜਿਓ ਲਾਹ ਸਕਦਾ ਹੈ"—ਸਮਾਜਵਾਦ ਅਤੇ ਕਮਿਊਨਿਜ਼ਮ ਦੀ ਉਸਾਰੀ ਦੇ ਘੋਲ ਅੰਦਰ ਇਹੋ ਜਿਹੀ ਅਣਲਿਫ ਭਾਵਨਾ ਦੀ ਲੋੜ ਹੈ। ਸਾਡੇ ਪੱਖੋਂ ਸਾਨੂੰ ਕਮਿਊਨਿਸਟਾਂ ਨੂੰ ਉਹਨਾਂ ਲਈ ਸਹਾਇਕ ਅਜੇਹੀਆਂ ਹਾਲਤਾਂ ਸਿਰਜਣੀਆਂ ਚਾਹੀਦੀਆਂ ਹਨ, ਜਿਹੜੇ ਸਾਡੇ ਨਾਲ ਮਿਲਵਰਤੋਂ ਕਰਦੇ ਹਨ, ਸਾਡੇ ਸਾਂਝੇ ਕੰਮ ਵਿਚ, ਉਹਨਾਂ ਨਾਲ ਸਾਥੀਆਨਾ ਸੰਬੰਧ ਸਥਾਪਤ ਕਰਨੇ ਚਾਹੀਦੇ ਹਨ ਅਤੇ ਸਾਂਝੇ ਘੋਲਾਂ ਵਿਚ ਉਹਨਾਂ ਨਾਲ ਇੱਕਮੁਠ ਹੋਣਾ ਚਾਹੀਦਾ ਹੈ।

ਛੇਵਾਂ, ਇੱਕਪਾਸੜਪੁਣੇ ਦਾ ਸਵਾਲ ਹੈ। ਇਕ ਪਾਸੜਪੁਣੇ ਦਾ ਅਰਥ ਹੈ ਨਿਰਪੇਖ ਰੂਪ 'ਚ ਸੋਚਣਾ ਅਰਥਾਤ, ਮਸਲਿਆਂ ਵੰਨੀ ਅਧਿਆਤਮਵਾਦੀ ਪਹੁੰਚ ਧਾਰਨ ਕਰਨੀ। ਸਾਡੇ ਕੰਮ ਦਾ ਮੁਲਾਂਕਣ ਕਰਨ ਲਈ, ਹਰੇਕ ਗੱਲ ਨੂੰ ਜਾਂ ਤਾਂ ਸਮੁੱਚੇ ਤੌਰ 'ਤੇ ਹਾਂ-ਪੱਖੀ ਸਮਝਣਾ ਜਾਂ ਸਮੁੱਚੇ ਤੌਰ 'ਤੇ ਨਾਂਹ-ਪੱਖੀ ਸਮਝਣਾ ਇੱਕਪਾਸੜਪੁਣਾ ਹੈ। ਕਮਿਊਨਿਸਟ ਪਾਰਟੀ ਅੰਦਰ ਵੀ ਇਹੋ ਜਿਹੇ ਕੁੱਝ ਬੰਦੇ ਹਨ ਅਤੇ ਇਸ ਤੋਂ ਬਾਹਰ ਤਾਂ ਬਹੁਤ ਸਾਰੇ ਹਨ ਜੋ ਇਸ ਤਰ੍ਹਾਂ ਕਰਦੇ ਹਨ। ਹਰ ਇੱਕ ਗੱਲ ਨੂੰ ਹਾਂ-ਪੱਖੀ ਸਮਝਣਾ, ਸਿਰਫ ਚੰਗੀਆਂ ਗੱਲਾਂ ਨੂੰ ਵੇਖਣਾ ਅਤੇ ਮਾੜੀਆਂ ਨੂੰ ਨਾ ਦੇਖਣਾ, ਸਿਰਫ ਪ੍ਰਸ਼ੰਸਾ ਨੂੰ ਕਬੂਲਣਾ ਅਤੇ ਪੜਚੋਲ ਨੂੰ ਨਾ ਕਬੂਲਣਾ, ਇਸ ਤਰ੍ਹਾਂ ਕਹਿਣਾ ਕਿ ਸਾਡਾ ਕੰਮ ਸਾਰਿਆਂ ਪੱਖਾਂ ਤੋਂ ਹੀ ਚੰਗਾ ਹੈ, ਹਕੀਕਤ ਨਾਲ ਮੇਲ ਨਹੀਂ ਖਾਂਦਾ। ਇਹ ਸੱਚ ਨਹੀਂ ਹੈ ਕਿ ਹਰ ਇੱਕ ਚੀਜ਼ ਠੀਕ ਠਾਕ ਹੈ, ਹਾਲੇ ਤਰੁਟੀਆਂ ਅਤੇ ਗਲਤੀਆਂ ਹਨ। ਇਹ ਗੱਲ ਵੀ ਸੱਚ ਨਹੀਂ ਹੈ ਕਿ ਹਰ ਇੱਕ ਚੀਜ਼ ਭੈੜੀ ਹੈ, ਇਹ ਗੱਲ ਵੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ। ਸਾਨੂੰ ਵਸਤੂਆਂ ਦਾ ਠੋਸ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਹਰ ਇੱਕ ਗੱਲ ਦਾ ਨਿਖੇਧ ਕਰਨ ਦਾ ਅਰਥ ਹੈ ਵਿਸ਼ਲੇਸ਼ਣ ਕੀਤੇ ਬਿਨਾਂ ਇਹ ਸੋਚਣਾ ਕਿ ਕੋਈ ਵੀ ਚੀਜ਼ ਚੰਗੀ ਤਰ੍ਹਾਂ ਨਹੀਂ ਕੀਤੀ ਗਈ ਅਤੇ ਸਮਾਜਵਾਦੀ ਉਸਾਰੀ ਦਾ ਮਹਾਨ ਕੰਮ ਅਤੇ ਜੱਦੋਜਹਿਦ ਜਿਸ ਵਿੱਚ ਕਰੋੜਾਂ ਲੋਕ ਹਿੱਸਾ ਲੈ ਰਹੇ ਹਨ, ਮੁਕੰਮਲ ਤੌਰ 'ਤੇ ਗੜਬੜ-ਚੌਥ ਵਾਲਾ ਰਿਹਾ ਹੈ, ਇਸ ਵਿਚ ਕੁੱਝ ਵੀ ਸ਼ਲਾਘਾਯੋਗ ਨਹੀਂ ਹੈ। ਭਾਵੇਂ ਇਹੋ ਜਿਹੇ ਵਿਚਾਰਾਂ ਵਾਲੇ ਕਾਫੀ ਲੋਕਾਂ ਅਤੇ ਸਮਾਜਵਾਦੀ ਪ੍ਰਬੰਧ ਦੇ ਦੋਖੀਆਂ ਵਿਚਕਾਰ ਫਰਕ ਹੈ, ਫੇਰ ਵੀ, ਇਹ ਵਿਚਾਰ ਗਲਤ ਅਤੇ ਨੁਕਸਾਨਦੇਹ ਹਨ ਅਤੇ ਲੋਕਾਂ ਨੂੰ ਨਿਰਾਸ ਕਰ ਸਕਦੇ ਹਨ। ਸਾਡੇ ਕੰਮ ਦਾ ਇਉਂ ਮੁਲਾਂਕਣ ਕਰਨਾ ਕਿ ਜਾਂ ਸਭ ਕੁੱਝ ਹਾਂ-ਪੱਖੀ ਹੈ ਤੇ ਜਾਂ ਸਭ ਕੁੱਝ ਨਾਂਹ-ਪੱਖੀ ਹੈ, ਗਲਤ ਹੈ। ਸਾਨੂੰ ਉਨ੍ਹਾਂ ਲੋਕਾਂ ਦੀ ਪੜਚੋਲ ਕਰਨੀ ਚਾਹੀਦੀ ਹੈ ਜਿਹੜੇ ਮਸਲਿਆਂ ਵੰਨੀ ਇਕਪਾਸੜ ਪਹੁੰਚ ਅਖਤਿਆਰ ਕਰਦੇ ਹਨ, ਬੇਸ਼ਕ ਉਹਨਾਂ ਦੀ ਪੜਚੋਲ ਕਰਦੇ ਸਮੇਂ ਸਾਨੂੰ ਉਹਨਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਸ ਅਸੂਲ 'ਤੇ ਅਮਲ ਕਰਨਾ ਚਾਹੀਦਾ ਹੈ " ਅਗਲੀਆਂ ਗਲਤੀਆਂ ਤੋਂ ਬਚਣ ਲਈ ਪਿਛਲੀਆਂ ਗਲਤੀਆਂ ਤੋਂ ਸਿੱਖੋ ਅਤੇ ਮਰੀਜ ਨੂੰ ਬਚਾਉਣ ਲਈ ਮਰਜ਼ ਦਾ ਇਲਾਜ ਕਰੋ।"

ਕੁੱਝ ਲੋਕ ਕਹਿੰਦੇ ਹਨਃ ਕਿਉਂਕਿ ਸ਼ੁੱਧੀਕਰਨ ਲਹਿਰ ਚੱਲਣੀ ਹੈ ਅਤੇ ਹਰੇਕ ਨੂੰ

ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ ਜਾਣਾ ਹੈ। ਇਸ ਲਈ, ਇੱਕਪਾਸੜਪੁਣੇ ਤੋਂ ਨਹੀਂ ਬਚਿਆ ਜਾਣਾ। ਇਸ ਲਈ ਇੱਕ ਪਾਸੜਪੁਣੇ ਨੂੰ ਖਤਮ ਕਰਨ ਲਈ ਕਹਿਣਾ, ਇਉਂ ਲਗਦਾ ਹੈ ਕਿ ਤੁਸੀਂ ਨਹੀਂ ਚਾਹੁੰਦੇ ਕਿ ਲੋਕ ਬੋਲਣ। ਕੀ ਇਉਂ ਦਾਅਵਾ ਕਰਨਾ ਦਰੁਸਤ ਹੈ ? ਸੁਭਾਵਿਕ ਤੌਰ 'ਤੇ ਹਰ ਇੱਕ ਲਈ ਇਕਪਾਸੜਪੁਣੇ ਦੇ ਲੇਸ-ਮਾਤਰ ਤੋਂ ਵੀ ਬਚਾਅ ਕਰ ਸਕਣਾ ਮੁਸ਼ਕਲ ਹੈ। ਲੋਕ ਹਮੇਸ਼ਾ ਹੀ ਮਸਲਿਆਂ ਨੂੰ ਆਪਣੇ ਤਜਰਬੇ ਦੀ ਰੌਸ਼ਨੀ 'ਚ ਨਿਰਖਦੇ-ਪਰਖਦੇ, ਨਜਿੱਠਦੇ ਅਤੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਅਤੇ ਉਹ ਅਵੱਸ਼ ਹੀ ਥੋੜ੍ਹਾ ਕੁ ਇੱਕਪਾਸੜਪੁਣੇ ਦਾ ਪ੍ਰਗਟਾਵਾ ਕਰਦੇ ਹਨ। ਕੀ ਸਾਨੂੰ ਉਹਨਾਂ ਨੂੰ ਨਹੀਂ ਕਹਿਣਾ ਚਾਹੀਦਾ ਕਿ ਉਹ ਹੌਲੀ ਹੌਲੀ ਆਪਣੇ ਇਕਪਾਸੜਪੁਣੇ ਨੂੰ ਸਰ ਕਰਨ ਅਤੇ ਸਮੱਸਿਆਵਾਂ ਨੂੰ ਸਾਰੇ ਪੱਖਾਂ ਤੋਂ ਘੋਖਿਆ ਕਰਨ ? ਮੇਰੇ ਵਿਚਾਰ ਅਨੁਸਾਰ ਸਾਨੂੰ ਕਹਿਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਗਤੀਹੀਣ ਹੋ ਜਾਵਾਂਗੇ।

ਜੇ ਅਸੀਂ ਇਹ ਮੰਗ ਨਹੀਂ ਕਰਦੇ ਕਿ ਦਿਨ-ਬ-ਦਿਨ ਅਤੇ ਸਾਲ-ਪ੍ਰਤੀ-ਸਾਲ ਵੱਧ ਤੋਂ ਵੱਧ ਲੋਕ ਮਸਲਿਆਂ ਨੂੰ ਮੁਕਾਬਲਤਨ ਸਰਵਪੱਖੀ ਢੰਗ ਨਾਲ ਦੇਖਣ ਲੱਗਣ ਤਾਂ ਅਸੀਂ ਇੱਕਪਾਸੜਪੁਣੇ ਨੂੰ ਪ੍ਰਵਾਨਗੀ ਦੇ ਰਹੇ ਹੋਵਾਂਗੇ ਅਤੇ ਸ਼ੁੱਧੀਕਰਨ ਦੇ ਸਮੁੱਚੇ ਮੰਤਵ ਦਾ ਖੰਡਣ ਕਰ ਰਹੇ ਹੋਵਾਂਗੇ। ਇਕਪਾਸੜਪੁਣਾ ਦਵੰਦਵਾਦ ਦੀ ਉਲੰਘਣਾ ਹੈ। ਅਸੀਂ ਹੌਲੀ ਹੌਲੀ ਦਵੰਦਵਾਦ ਦਾ ਸੰਚਾਰ ਕਰਨਾ ਚਾਹੁੰਦੇ ਹਾਂ ਅਤੇ ਹਰ ਇੱਕ ਨੂੰ ਕਹਿਣਾ ਚਾਹੁੰਦੇ ਹਾਂ ਕਿ ਉਹ ਹੌਲੀ ਹੌਲੀ ਵਿਗਿਆਨਕ ਦਵੰਦਵਾਦੀ ਢੰਗ ਦੀ ਵਰਤੋਂ ਕਰਨਾ ਸਿੱਖੇ। ਅੱਜ ਕੱਲ ਛਾਪੇ ਜਾ ਰਹੇ ਲੇਖਾਂ ਵਿਚੋਂ ਕੁੱਝ ਸਿਰੇ ਦੇ ਲੱਛੇਦਾਰ ਹੁੰਦੇ ਹਨ, ਪਰ ਤੱਤ-ਵਿਹੂਣੇ, ਸਮੱਸਿਆਵਾਂ ਦੇ ਵਿਸ਼ਲੇਸ਼ਣ ਅਤੇ ਜਚਵੀਂ ਦਲੀਲ ਤੋਂ ਖਾਲੀ ਹੁੰਦੇ ਹਨ ਅਤੇ ਕਿਸੇ ਦੇ ਮਨ ਵਿਚ ਨਿਹਚਾ ਨਹੀਂ ਬੰਨਾਉਂਦੇ। ਅਜੇਹੇ ਲੇਖ ਘੱਟ ਤੋਂ ਘੱਟ ਹੋਣੇ ਚਾਹੀਦੇ ਹਨ। ਲੇਖ ਲਿਖਣ ਸਮੇਂ, ਸਾਨੂੰ ਹਰ ਵਕਤ ਇਹ ਨਹੀਂ ਸੋਚਦੇ ਰਹਿਣਾ ਚਾਹੀਦਾ, "ਮੈਂ ਕਿੰਨਾ ਪ੍ਰਤਿਭਾਵਾਨ ਹਾਂ," ਸਗੋਂ ਆਪਣੇ ਪਾਠਕਾਂ ਨੂੰ ਆਪਣੇ ਬਰਾਬਰ ਦੇ ਸਮਝਣਾ ਚਾਹੀਦਾ ਹੈ। ਤੁਸੀਂ ਭਾਵੇਂ ਲੰਮੇਂ ਸਮੇਂ ਤੋਂ ਇਨਕਲਾਬ ਵਿਚ ਹਿੱਸਾ ਲੈ ਰਹੇ ਹੋਵੋ ਪਰ ਫੇਰ ਵੀ ਜੇ ਤੁਸੀਂ ਕੋਈ ਗਲਤ ਗੱਲ ਕਹਿੰਦੇ ਹੋ, ਲੋਕ ਉਸਦਾ ਖੰਡਨ ਕਰ ਦੇਣਗੇ। ਤੁਸੀਂ ਜਿੰਨੀ ਫੂਕ ਛਕੋਗੇ, ਉਨੇ ਹੀ ਘੱਟ ਲੋਕ ਘੱਟ ਧਿਆਨ ਦੇਣਗੇ, ਉਨੇ ਹੀ ਘੱਟ ਲੋਕ ਤੁਹਾਡੇ ਲੇਖ ਪੜ੍ਹਨਗੇ। ਸਾਨੂੰ ਆਪਣਾ ਕੰਮ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ, ਵਸਤੂਆਂ ਦਾ ਠੋਸ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ, ਨਿਹਚਾ-ਭਰਪੂਰ ਲੇਖ ਲਿਖਣੇ ਚਾਹੀਦੇ ਹਨ ਅਤੇ ਸਾਂਗ ਧਾਰਕੇ ਲੋਕਾਂ ਨੂੰ ਕਦੇ ਵੀ ਭੈਭੀਤ ਨਹੀਂ ਕਰਨਾ ਚਾਹੀਦਾ।

ਕੁੱਝ ਲੋਕ ਆਖਦੇ ਹਨ ਕਿ ਲੰਮੇ ਲੇਖ ਵਿਚ ਤਾਂ ਇਕਪਾਸਪੁਣੇ ਤੋਂ ਬਚਿਆ ਜਾ ਸਕਦਾ ਹੈ, ਛੋਟੇ ਲੇਖ ਵਿੱਚ ਇਸ ਤੋਂ ਕੋਈ ਬਚਾਅ ਨਹੀਂ ਹੈ। ਕੀ ਛੋਟਾ ਲੇਖ ਸਦਾ ਹੀ ਇੱਕਪਾਸੜ ਹੋਣਾ ਜਰੂਰੀ ਹੈ ? ਜਿਵੇਂ ਮੈਂ ਹੁਣੇ ਕਿਹਾ ਹੈ, ਆਮ ਤੌਰ 'ਤੇ ਇੱਕਪਾਸੜਪੁਣੇ ਤੋਂ ਬਚਣਾ ਮੁਸ਼ਕਲ ਹੁੰਦਾ ਹੈ। ਜੇ ਥੋੜ੍ਹਾ-ਬਹੁਤ ਇੱਕਪਾਸੜਪੁਣਾ ਆ ਵੀ ਜਾਵੇ ਤਾਂ ਇਹ ਕੋਈ ਭਿਆਨਕ ਗੱਲ ਨਹੀਂ। ਜੇ ਸਾਰਿਆਂ ਤੋਂ ਹੀ ਮਸਲਿਆਂ ਨੂੰ ਨਿਰਪੇਖ ਤੌਰ 'ਤੇ ਸਾਰੇ ਪੱਖਾਂ ਤੋਂ ਘੋਖਣ ਦੀ ਮੰਗ ਕੀਤੀ ਗਈ ਤਾਂ ਪੜਚੋਲ ਮੱਠੀ ਪੈ ਜਾਵੇਗੀ। ਇਸ ਲਈ, ਅਸੀਂ ਹਰ ਇਕ ਨੂੰ ਜ਼ਰੂਰ ਹੀ ਕਹਿੰਦੇ ਹਾਂ ਕਿ ਉਹ ਮਸਲਿਆਂ ਨੂੰ ਮੁਕਾਬਲਤਨ ਸਾਰੇ ਪੱਖਾਂ ਤੋਂ ਘੋਖਣ ਦੀ ਕੋਸ਼ਿਸ਼ ਕਰੇ। ਕੁੱਝ ਲੋਕ ਦਲੀਲਬਾਜ਼ੀ ਕਰਦੇ ਹਨ ਕਿ ਕੁੱਝ ਸੌ ਜਾਂ ਇਕ ਦੋ ਹਜ਼ਾਰ ਲਫਜਾਂ ਦੇ ਲੇਖ 'ਚ ਵਿਸ਼ਲੇਸ਼ਣ ਕਰਨਾ ਕਿਵੇ ਸੰਭਵ

ਹੈ ? ਮੈਂ ਕਹਿੰਦਾ ਹਾਂ ਕਿਉਂ ਨਹੀਂ ਹੋ ਸਕਦਾ ? ਕੀ ਲੂ ਸ਼ੁੰਨ ਨੇ ਇਹ ਨਹੀਂ ਕੀਤਾ। ਵਿਸ਼ਲੇਸ਼ਣੀ ਢੰਗ ਦਵੰਦਵਾਦੀ ਹੈ। ਵਿਸਲੇਸ਼ਣ ਤੋਂ ਅਰਥ ਵਸਤੂਆਂ ਵਿਚ ਵਿਰੋਧਤਾਈਆਂ ਦਾ ਵਿਸ਼ਲੇਸ਼ਣ ਕਰਨਾ ਹੈ। ਜ਼ਿੰਦਗੀ ਦੇ ਗਹਿਰੇ ਵਿਸ਼ਲੇਸ਼ਣ ਕਰ ਸਕਣਾ ਅਸੰਭਵ ਹੈ। ਲੂ ਸ਼ੁੰਨ ਦੇ ਆਖਰੀ ਨਿਬੰਧ ਮਸਲੇ ਦੀ ਤਹਿ ਤੱਕ ਪੁੱਜਣ ਵਾਲੇ ਅਤੇ ਤਾਕਤਵਰ ਹਨ ਅਤੇ ਫਰੇ ਵੀ ਇਕਪਾਸੜਪੁਣੇ ਤੋਂ ਮੁਕਤ ਹਨ। ਇਹ ਐਨ ਇਸ ਕਰਕੇ ਹੈ ਕਿ ਉਸ ਸਮੇਂ ਤੱਕ ਉਸਨੇ ਦਵੰਦਵਾਦ ਤੇ ਪਕੜ ਹਾਸਲ ਕਰ ਲਈ ਸੀ। ਲੈਨਿਨ ਨੇ ਕੁੱਝ ਲੇਖਾਂ ਨੂੰ ਵੀ ਛੋਟੇ-ਨਿਬੰਧ ਕਿਹਾ ਜਾ ਸਕਦਾ ਹੈ। ਇਹ ਤਨਜ਼ੀਆ ਅਤੇ ਚੋਭਾਂ ਲਾਉਣ ਵਾਲੇ ਸਨ ਪਰ ਇੱਕਪਾਸੜ ਨਿਬੰਧ ਨਹੀਂ ਹਨ। ਲੂ ਸ਼ੁੰਨ ਨੇ ਲਗਭਗ ਸਾਰੇ ਨਿਬੰਧ ਦੁਸ਼ਮਣ ਵੱਲ ਸੇਧਤ ਹਨ, ਲੈਨਿਨ ਨੇ ਕੁੱਝ ਨਿਬੰਧ ਵੀ ਦੁਸ਼ਮਣ ਵੱਲ ਸੇਧਤ ਹਨ ਅਤੇ ਕੁੱਝ ਦੂਸਰੇ, ਸਾਥੀਆਂ ਵੱਲ। ਕੀ ਲੂ ਸ਼ੁੰਨ ਵੰਨਗੀ ਦੇ ਨਿਬੰਦਧ ਲੋਕਾਂ ਦੀਆਂ ਸਫਾਂ ਅੰਦਰ ਗਲਤੀਆਂ ਅਤੇ ਤਰੁਟੀਆਂ ਖਿਲਾਫ ਵਰਤੇ ਜਾ ਸਕਦੇ ਹਨ ? ਮੈਂ ਸਮਝਦਾ ਹਾਂ, ਵਰਤੇ ਜਾ ਸਕਦੇ ਹਨ। ਪਰ ਸਾਨੂੰ ਦੁਸ਼ਮਣਾਂ ਅਤੇ ਆਪਣੇ ਵਿਚਕਾਰ ਵਖਰੇਵਾਂ ਕਰਨਾ ਚਾਹੀਦਾ ਹੈ ਅਤੇ ਸਾਨੂੰ ਸਾਥੀਆਂ ਵੰਨੀ ਦੁਸ਼ਮਣਾਨਾ ਰਵੱਈਆ ਨਹੀਂ ਧਾਰਨ ਕਰਨਾ ਚਾਹੀਦਾ ਅਤੇ ਸਾਨੂੰ ਉਹਨਾਂ ਨਾਲ ਦੁਸ਼ਮਣਾਂ ਵਾਲਾ ਵਿਹਾਰ ਨਹੀਂ ਕਰਨਾ ਚਾਹੀਦਾ। ਗੱਲ ਇਹ ਹੈ ਕਿ ਹਰੇਕ ਕਾਮਰੇਡ ਦੀ ਲੋਕਾਂ ਦੇ ਕਾਜ ਦੀ ਰਾਖੀ ਕਰਨ ਅਤੇ ਉਹਨਾਂ ਦੀ ਸਿਆਸੀ ਚੇਤਨਾ ਉੱਚੀ ਚੁੱਕਣ ਦੀ ਤੀਬਰ ਇੱਛਾ ਹੋਣੀ ਚਾਹੀਦੀ ਹੈ ਅਤੇ ਉਹਨਾਂ ਵੰਨੀ, ਉਹਨਾਂ ਦਾ ਮਖੌਲ ਉਡਾਉਣ ਜਾਂ ਹਮਲੇ ਕਰਨ ਦੀ ਪਹੁੰਚ ਨਹੀਂ ਧਾਰਨ ਕਰਨੀ ਚਾਹੀਦੀ।

ਜੇ ਕੋਈ ਲਿਖਣ ਦੀ ਜੁਅਰਤ ਨਹੀਂ ਕਰਦਾ ਤਾਂ ਕੀ ਕੀਤਾ ਜਾਵੇ ? ਕੁੱਝ ਲੋਕ ਆਖਦੇ ਹਨ ਕਿ ਜਦੋਂ ਉਹਨਾਂ ਕੋਲ ਕੁੱਝ ਕਹਿਣ ਨੂੰ ਵੀ ਹੁੰਦਾ ਹੈ ਉਹ ਤਾਂ ਵੀ ਲਿਖਣ ਦਾ ਜੇਰਾ ਨਹੀਂ ਕਰਦੇ ਮਤੇ ਲੋਕਾਂ ਨਾਲ ਕੋਈ ਵਧੀਕੀ ਹੋ ਜਾਵੇ ਅਤੇ ਉਹਨਾਂ ਦੀ ਅਲੋਚਨਾ ਹੋਵੇ। ਮੈਂ ਸਮਝਦਾ ਹਾਂ ਅਜੇਹੇ ਫਿਕਰ ਲਾਂਭੇ ਰੱਖੇ ਜਾ ਸਕਦੇ ਹਨ। ਸਾਡੀ ਸਰਕਾਰ ਲੋਕ-ਜਮਹੂਰੀ ਸਰਕਾਰ ਹੈ ਅਤੇ ਲੋਕਾਂ ਦੀ ਸੇਵਾ ਵਿਚ ਲਿਖਣ ਲਈ ਸਾਜ਼ਗਾਰ ਮਾਹੌਲ ਮੁਹਈਆ ਕਰਦੀ ਹੈ। "ਸੌ ਫੁੱਲ ਖਿੜਨ ਦਿਓ ਅਤੇ ਵਿਚਾਰਾਂ ਦੇ ਸੌ ਮੱਤਾਂ ਨੂੰ ਭਿੜਨ ਦਿਓ" ਦੀ ਨੀਤੀ ਵਿਗਿਆਨ ਅਤੇ ਕਲਾ ਦੇ ਮੌਲਣ ਦੀ ਹੋਰ ਵੀ ਵਾਧੂ ਗਰੰਟੀ ਦਿੰਦੀ ਹੈ। ਜੋ ਤੁਸੀਂ ਕਹਿੰਦੇ ਹੋ, ਜੇ ਉਹ ਸਹੀ ਹੈ ਤਾਂ ਤੁਹਾਨੂੰ ਪੜਚੋਲ ਤੋਂ ਡਰਨ ਦੀ ਲੋੜ ਨਹੀਂ ਹੈ ਅਤੇ ਤੁਸੀਂ ਆਪਣੇ ਵਿਚਾਰਾਂ ਦੇ ਬਹਿਸ—ਭੇੜ ਰਾਹੀਂ ਹੋਰ ਵੀ ਵਿਆਖਿਆ ਕਰ ਸਕਦੇ ਹੋ। ਜੋ ਤੁਸੀਂ ਕਹਿੰਦੇ ਹੋ, ਜੇ ਉਹ ਗਲਤ ਹੈ ਤਾਂ ਪੜਚੋਲ ਤੁਹਾਨੂੰ ਆਪਣੀਆਂ ਗਲਤੀਆਂ ਦਰੁਸਤ ਕਰਨ 'ਚ ਸਹਾਈ ਹੋ ਸਕਦੀ ਹੈ ਅਤੇ ਇਹ ਕੋਈ ਮਾੜੀ ਗੱਲ ਨਹੀਂ ਹੈ। ਸਾਡੇ ਸਮਾਜ ਅੰਦਰ ਖਾੜਕੂ ਇਨਕਲਾਬੀ ਪੜਚੋਲ ਅਤੇ ਜਵਾਬੀ ਪੜਚੋਲ ਵਿਰੋਧਤਾਈਆਂ ਉਜਾਗਰ ਅਤੇ ਹੱਲ ਕਰਨ, ਵਿਗਿਆਨ ਅਤੇ ਕਲਾ ਦਾ ਵਿਕਾਸ ਕਰਨ ਲਈ ਵਰਤਿਆ ਜਾਂਦਾ ਸਿਹਤਮੰਦ ਢੰਗ ਹੈ ਅਤੇ ਇਹ ਸਾਡੇ ਸਾਰੇ ਕੰਮ ਦੀ ਸਫਲਤਾ ਯਕੀਨੀ ਬਣਾਉਂਦਾ ਹੈ।

ਸੱਤਵਾਂ, "ਖੁਲ੍ਹ ਦੇਣੀ" ਜਾਂ "ਰੋਕ ਲਾਉਣੀ" ? ਇਹ ਨੀਤੀ ਦਾ ਸਵਾਲ ਹੈ। "ਸੌ ਫੁਲ ਖਿੜਨ ਦਿਓ ਅਤੇ ਵਿਚਾਰਾਂ ਦੇ ਸੈਂਕੜੇ ਮੱਤ ਭਿੜਨ ਦਿਓ" ਇਹ ਲੰਮੇ ਦਾਅ ਦੀ ਅਤੇ ਬੁਨਿਆਦੀ ਨੀਤੀ ਹੈ, ਇਹ ਐਵੇਂ ਵਕਤੀ ਨੀਤੀ ਨਹੀਂ ਹੈ। ਬਹਿਸ-ਵਿਚਾਰ ਅੰਦਰ ਸਾਥੀਆਂ ਨੇ "ਰੋਕਾਂ ਬਾਰੇ" ਅਪ੍ਰਵਾਨਗੀ ਪ੍ਰਗਟਾਈ ਹੈ, ਮੈਂ ਸੋਚਦਾ ਹਾਂ ਇਹ ਵਿਚਾਰ ਦਰੁਸਤ ਹੈ। ਪਾਰਟੀ ਦੀ ਕੇਂਦਰੀ

ਕਮੇਟੀ ਦਾ ਮੱਤ ਹੈ ਕਿ ਸਾਨੂੰ "ਖੁੱਲ੍ਹ ਦੇਣੀ" ਚਾਹੀਦੀ ਹੈ, "ਰੋਕਾਂ" ਨਹੀਂ ਲਾਉਣੀਆਂ ਚਾਹੀਦੀਆਂ।

ਸਾਡੇ ਦੇਸ਼ ਦੀ ਅਗਵਾਈ ਕਰਨ ਲਈ ਦੋ ਮੁਤਬਾਦਲ ਢੰਗ ਜਾਂ ਦੂਸਰੇ ਸ਼ਬਦਾਂ ਵਿੱਚ ਦੋ ਮੁਤਬਾਦਲ ਨੀਤੀਆਂ ਅਪਣਾਈਆਂ ਜਾ ਸਕਦੀਆਂ ਹਨ—"ਖੁੱਲ ਦੇਣੀ " ਜਾਂ "ਰੋਕਾਂ" ਲਾਉਣ ਦੀਆਂ ਨੀਤੀਆਂ। "ਖੁੱਲ ਦੇਣ" ਦਾ ਅਰਥ ਹੈ ਲੋਕਾਂ ਨੂੰ ਆਪਣੇ ਵਿਚਾਰ ਅਜ਼ਾਦ ਰੂਪ 'ਚ ਪ੍ਰਗਟ ਕਰਨ ਦੇਣੇ ਤਾਂ ਕਿ ਉਹ ਬੋਲਣ ਦਾ ਜੇਰਾ ਕਰਨ, ਪੜਚੋਲ ਕਰਨ ਦਾ ਜੇਰਾ ਕਰਨ ਤੇ ਬਹਿਸ-ਭੇੜ ਕਰਨ ਦਾ ਜੇਰਾ ਕਰਨ; ਇਸ ਦਾ ਅਰਥ ਹੈ ਕਿ ਗਲਤ ਵਿਚਾਰਾਂ ਅਤੇ ਜ਼ਹਿਰੀਲੀਆਂ ਵਸਤੂਆਂ ਤੋਂ ਨਾ ਡਰਨਾ। ਇਸ ਦਾ ਅਰਥ ਹੈ ਵੱਖੋ ਵੱਖਰੇ ਵਿਚਾਰ ਰੱਖਣ ਵਾਲੇ ਲੋਕਾਂ ਦਰਮਿਆਨ ਦਲੀਲਬਾਜ਼ੀ ਅਤੇ ਪੜਚੋਲ ਨੂੰ ਹੱਲਾਸ਼ੇਰੀ ਦੇਣੀ; ਪੜਚਚੋਲ ਅਤੇ ਜਵਾਬੀ ਪੜਚੋਲ ਦੋਵਾਂ ਨੂੰ ਖੁਲ੍ਹ ਦੇਣੀ; ਇਸ ਦਾ ਅਰਥ ਹੈ ਕਿ ਗਲਤ ਵਿਚਾਰਾਂ ਨੂੰ ਦਬਾਉਣਾ ਨਹੀਂ ਸਗੋਂ ਦਲੀਲਬਾਜੀ ਕਰਕੇ ਲੋਕਾਂ ਨੂੰ ਰਜਾਮੰਦ ਕਰਨਾ। "ਰੋਕਾਂ" ਲਾਉਣ ਦਾ ਅਰਥ ਹੈ, ਲੋਕਾਂ ਨੂੰ ਵਖਰੇਂਵੇਂ ਵਾਲੇ ਵਿਚਾਰ ਰੱਖਣ ਅਤੇ ਗਲਤ ਵਿਚਾਰ ਪ੍ਰਗਟ ਕਰਨ ਤੋਂ ਮਨ੍ਹਾਂ ਕਰਨਾ ਅਤੇ ਜੇ ਉਹ ਅਜੇਹਾ ਕਰਦੇ ਹਨ ਤਾਂ "ਉਹਨਾਂ ਨੂੰ ਪੈਂਦੀ ਸੱਟੇ ਖਤਮ ਕਰਨਾ।" ਇਹ ਵਿਰੋਧਤਾਈਆਂ ਨੂੰ ਹੱਲ ਕਰਨ ਦੀ ਥਾਂ ਵਿਗਾੜਨ ਦਾ ਢੰਗ ਹੈ। "ਖੁੱਲ" ਦੇਣੀ ਹੈ ਜਾਂ "ਰੋਕ" ਲਾਉਣੀ ਹੈ—ਸਾਨੂੰ ਇਹਨਾਂ ਦੋਵਾਂ ਨੀਤੀਆਂ ਚੋਂ ਇੱਕ ਜਾਂ ਦੂਜੀ ਦੀ ਚੋਣ ਕਰਨੀ ਚਾਹੀਦੀ ਹੈ। ਅਸੀਂ ਪਹਿਲੀ ਦੀ ਚੋਣ ਕਰਦੇ ਹਾਂ ਕਿਉਂਕਿ ਇਹ ਉਹ ਨੀਤੀ ਹੈ ਜਿਹੜੀ ਸਾਡੇ ਦੇਸ਼ ਨੂੰ ਪੱਕੇ ਪੈਰੀਂ ਅਤੇ ਸਭਿਆਚਾਰ ਨੂੰ ਵਿਕਸਤ ਕਰਨ 'ਚ ਮੱਦਦ ਕਰੇਗੀ।

ਅਸੀਂ ਲੱਖਾਂ ਹੀ ਬੁੱਧੀਜੀਵੀਆਂ ਨਾਲ ਇੱਕਮੁੱਠ ਹੋਣ ਅਤੇ ਉਹਨਾਂ ਦੇ ਮੌਜੂਦਾ ਨਜ਼ਰੀਏ ਨੂੰ ਬਦਲਣ ਲਈ "ਖੁੱਲ੍ਹ ਦੇਣ" ਦੀ ਨੀਤੀ 'ਤੇ ਅਮਲ ਕਰਨ ਲਈ ਤਿਆਰ ਹਾਂ। ਜਿਵੇਂ ਮੈਂ ਉਪਰ ਕਿਹਾ ਹੈ, ਸਾਡੇ ਦੇਸ਼ ਵਿਚ ਬੁੱਧੀਜੀਵੀਆਂ ਦੀ ਭਾਰੀ ਬਹੁਸੰਮਤੀ ਤਰੱਕੀ ਕਰਨਾ ਅਤੇ ਆਪਣੇ ਆਪ ਨੂੰ ਮੁੜ ਢਾਲਣਾ ਚਾਹੁੰਦੀ ਹੈ ਅਤੇ ਉਹ ਆਪਣੇ ਆਪ ਨੂੰ ਮੁੜ-ਢਾਲਣ ਦੇ ਬਿਲਕੁਲ ਸਮਰੱਥ ਹੈ। ਇਸ ਸੰਬੰਧੀ ਜੋ ਨੀਤੀ ਅਸੀਂ ਅਪਣਾਉਂਦੇ ਹਾਂ ਉਹ ਲੋਹੜੇ ਦਾ ਰੋਲ ਅਦਾ ਕਰੇਗੀ। ਬੁੱਧੀਜੀਵੀਆਂ ਦਾ ਸਭ ਤੋਂ ਪਹਿਲਾਂ ਵਿਚਾਰਧਾਰਾ ਦਾ ਸਵਾਲ ਹੈ ਅਤੇ ਵਿਚਾਰਧਾਰਕ ਸਵਾਲਾਂ ਨੂੰ ਹੱਲ ਕਰਨ ਲਈ ਕੱਚ-ਘਰੜ ਅਤੇ ਧੱਕੜ ਢੰਗ ਦੀ ਸ਼ਰਨ ਲੈਣੀ ਮਦਦਗਾਰ ਹੋਣ ਦੀ ਥਾਂ ਨੁਕਸਾਨਦੇਹ ਹੈ। ਬੁੱਧੀਜੀਵੀਆਂ ਨੂੰ ਮੁੜ ਢਾਲਣਾ, ਖਾਸ ਕਰਕੇ ਉਹਨਾਂ ਦੇ ਸੰਸਾਰ ਨਜ਼ਰੀਏ ਨੂੰ ਬਦਲਣਾ ਇੱਕ ਕਰਮ ਵਿਧੀ ਹੈ ਜਿਸ ਲਈ ਲੰਮਾਂ ਸਮਾਂ ਦਰਕਾਰ ਹੈ। ਸਾਡੇ ਸਾਥੀਆਂ ਨੂੰ ਜ਼ਰੂਰ-ਬਰ-ਜ਼ਰੂਰ ਸਮਝਣਾ ਚਾਹੀਦਾ ਹੈ ਕਿ ਵਿਚਾਰਧਾਰਕ ਢਲਾਈ ਦਾ ਕੰਮ ਲੰਮੇ ਸਮੇਂ ਦਾ, ਸਬਰ ਭਰਿਆ ਅਤੇ ਤਕਲੀਫ ਦੇਹ ਕੰਮ ਹੈ ਅਤੇ ਉਹਨਾਂ ਨੂੰ ਲੋਕਾਂ ਦੀ, ਦਾਕਿਆਂ ਬੱਧੀ ਜਿੰਦਗੀ ਵਲੋਂ ਘੜੀ ਗਈ, ਵਿਚਾਰਧਾਰਾ ਨੂੰ ਕੁੱਝ ਤਕਰੀਰਾਂ ਕਰਕੇ ਜਾਂ ਕੁੱਝ ਮੀਟਿੰਗਾਂ ਕਰਕੇ ਬਦਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪ੍ਰੇਰਨਾ ਹੀ, ਨਾ ਕਿ ਜੋਰਾ-ਜਬਰੀ, ਉਹਨਾਂ ਨੂੰ ਜਚਾਉਣ ਮਨਾਉਣ ਦਾ ਇਕੋ ਇਕ ਰਾਹ ਹੈ। ਮਜਬੂਰ ਕਰਕੇ ਉਹਨਾਂ ਨੂੰ ਮੰਨਾਉਣ ਦੀ ਕੋਸ਼ਿਸ਼ ਕਰਨੀ ਕਾਮਯਾਬ ਨਹੀਂ ਹੋਵੇਗੀ। ਦੁਸ਼ਮਣ ਨਾਲ ਨਜਿੱਠਣ ਲਈ ਇਸ ਕਿਸਮ ਦੇ ਢੰਗ ਦੀ ਵਰਤੋਂ ਮੁਨਾਸਿਬ ਹੈ ਪਰ ਸਾਥੀਆਂ ਅਤੇ ਦੋਸਤਾਂ ਨਾਲ ਨਜਿਠਣ ਲਈ ਇਸ ਦੀ ਵਰਤੋਂ ਕਰਨ ਦੀ ਕਤੱਈ ਤੌਰ 'ਤੇ ਮਨਾਹੀ ਹੈ। ਜੇ ਸਾਨੂੰ ਇਹ ਨਹੀਂ ਪਤਾ ਕਿ ਦੂਜਿਆਂ ਨੂੰ ਆਪਣੀ ਗੱਲ ਕਿਵੇਂ ਜਚਾਈਏ ਤਾਂ ਕੀ ਕਰੀਏ ? ਤਾਂ ਫੇਰ ਸਾਨੂੰ ਇਸਨੂੰ ਸਿੱਖਣ ਦੀ ਲੋੜ ਹੈ। ਸਾਨੂੰ ਬਹਿਸ ਵਿਚਾਰ ਅਤੇ ਦਲੀਲਬਾਜੀ ਨਾਲ ਗਲਤ

ਵਿਚਾਰਾਂ 'ਤੇ ਜਿੱਤ ਹਾਸਲ ਕਰਨ ਦੀ ਜਾਂਚ ਸਿੱਖਣੀ ਚਾਹੀਦੀ ਹੈ।

"ਸੈਂਕੜੇ ਫੁਲ ਖਿੜਨ ਦੇਣੇ" ਕਲਾ ਦੇ ਵਿਕਾਸ ਦਾ ਢੰਗ ਹੈ ਅਤੇ "ਵਿਚਾਰਾਂ ਦੇ ਸੈਂਕੜੇ ਮੱਤ ਭਿੜਨ ਦੇਣੇ" ਵਿਗਿਆਨ ਦੇ ਵਿਕਾਸ ਦਾ ਢੰਗ ਹੈ। ਇਹ ਨੀਤੀ ਵਿਗਿਆਨ ਅਤੇ ਕਲਾ ਦੇ ਵਿਕਾਸ ਦਾ ਹੀ ਚੰਗਾ ਢੰਗ ਨਹੀਂ ਹੈ ਸਗੋਂ ਜੇ ਇਸ ਨੂੰ ਵੱਡੀ ਪੱਧਰ 'ਤੇ ਲਾਗੂ ਕੀਤਾ ਜਾਵੇ, ਤਾਂ ਇਹ ਸਾਡਾ ਸਾਰਾ ਕੰਮ ਕਰਨ ਦਾ ਚੰਗਾ ਢੰਗ ਬਣਦੀ ਹੈ। ਇਹ ਸਾਡੇ ਵਲੋਂ ਘੱਟ ਗਲਤੀਆਂ ਕਰਨ 'ਚ ਮੱਦਦਗਾਰ ਹੋ ਸਕਦੀ ਹੈ। ਕਈ ਗੱਲਾਂ ਅਜਿਹੀਆਂ ਹੀ ਜਿਹੜੀਆਂ ਸਾਡੀ ਸਮਝੋਂ ਬਾਹਰੀਆਂ ਹਨ ਅਤੇ ਇਸ ਲਈ ਅਸੀਂ ਉਹਨਾਂ ਨਾਲ ਸਿੱਝਣ ਵਿਚ ਆਯੋਗ ਰਹਿੰਦੇ ਹਾਂ, ਪਰ ਬਹਿਸ—ਭੇੜ ਅਤੇ ਘੋਲ ਰਾਹੀਂ ਅਸੀਂ ਉਹਨਾਂ ਨਾਲ ਸਮਝ ਜਾਵਾਂਗੇ ਅਤੇ ਉਹਨਾਂ ਨਾਲ ਸਿੱਝਣਾ ਸਿੱਖ ਜਾਵਾਂਗੇ। ਸੱਚ, ਵੱਖੋ ਵੱਖ ਵਿਚਾਰਾਂ ਦੇ ਬਹਿਸ-ਭੇੜ ਰਾਹੀਂ ਵਿਕਾਸ ਕਰਦਾ ਹੈ। ਇਹੀ ਤਰੀਕਾ ਜ਼ਹਿਰੀਲੀਆਂ ਅਤੇ ਮਾਰਕਸਵਾਦ ਵਿਰੋਧੀ ਚੀਜ਼ਾਂ ਦੇ ਸੰਬੰਧ 'ਚ ਅਪਣਾਇਆ ਜਾ ਸਕਦਾ ਹੈ ਕਿਉਂਕਿ ਮਾਰਕਸਵਾਦ ਇਹਨਾਂ ਵਿਰੁੱਧ ਜਦੋ ਜਹਿਦ ਕਰਕੇ ਵਿਕਾਸ ਕਰ ਸਕਦਾ ਹੈ। ਇਹ ਵਿਰੋਧੀਆਂ ਦੇ ਜਦੋ ਜਹਿਦ ਰਾਹੀਂ ਵਿਕਾਸ ਹੈ, ਇਹ ਵਿਕਾਸ ਦਵੰਦਵਾਦ ਨਾਲ ਮੇਲ ਖਾਂਦਾ ਹੈ।

ਕੀ ਲੋਕਾਂ ਨੇ ਪਿਛਲੇ ਜਮਾਨਿਆਂ 'ਚ ਸੱਚਾ, ਚੰਗਾ ਅਤੇ ਸੁੰਦਰ ਨਹੀਂ ਵਿਚਾਰਿਆ। ਇਹਨਾਂ ਦੇ ਵਿਰੋਧੀ ਝੂਠ, ਬੁਰਾ ਅਤੇ ਭੱਦਾ ਹਨ। ਪਹਿਲੀਆਂ ਦੀ ਪਿਛਲੀਆਂ ਤੋਂ ਬਿਨਾਂ ਹੋਂਦ ਨਹੀਂ ਹੋ ਸਕਦੀ। ਸਚਾਈ ਝੂਠੇਪਣ ਦੇ ਵਿਰੋਧ 'ਚ ਖੜਦੀ ਹੈ। ਜਿਵੇਂ ਕੁਦਰਤ ਵਿਚ ਵਾਪਰਦਾ ਹੈ, ਇਸੇ ਤਰ੍ਹਾਂ ਸਮਾਜ ਵਿਚ ਵੀ, ਹਰ ਹੋਂਦ ਅਟੱਲ ਤੌਰ 'ਤੇ ਆਪਣੇ ਵੱਖੋ ਵੱਖ ਹਿੱਸਿਆਂ ਵਿਚ ਟੁੱਟਦੀ ਰਹਿੰਦੀ ਹੈ ਅਤੇ ਵੱਖ ਵੱਖ ਠੋਸ ਹਾਲਤਾਂ ਵਿਚ ਇਸ ਦੇ ਤੱਤ ਅਤੇ ਰੂਹ ਵਿਚ ਵਖਰੇਵਾਂ ਹੁੰਦਾ ਹੈ। ਹਮੇਸ਼ਾ ਹੀ ਅਜਿਹੇ ਵਿਰੋਧੀ ਰਹਿਣਗੇ ਜਿਵੇਂ ਗਲਤ ਅਤੇ ਠੀਕ; ਚੰਗਾ ਅਤੇ ਮੰਦਾ, ਸੁੰਦਰ ਅਤੇ ਭੱਦਾ। ਇਹੋ ਕੁੱਝ ਖੁਸ਼ਬੂਦਾਰ ਫੁੱਲਾਂ ਅਤੇ ਜ਼ਹਿਰੀਲੀਆਂ ਬੂਟੀਆਂ ਬਾਰੇ ਸੱਚ ਹੈ। ਇਹਨਾਂ ਵਿਚਕਾਰ ਰਿਸ਼ਤਾ ਵਿਰੋਧੀਆਂ ਦੀ ਏਕਤਾ ਅਤੇ ਘੋਲ ਦਾ ਹੈ। ਟਕਰਾਅ ਤੋਂ ਬਿਨਾਂ ਨਿਖੇੜਾ ਨਹੀਂ ਹੋ ਸਕਦਾ। ਇਸ ਤਰੀਕੇ ਨਾਲ ਮਾਰਕਸਵਾਦ ਵਿਕਾਸ ਕਰਦਾ ਹੈ। ਮਾਰਕਸਵਾਦ ਬੁਰਜੂਆ ਅਤੇ ਨਿੱਕ-ਬੁਰਜੂਆ ਵਿਚਾਰਧਾਰਾ ਖਿਲਾਫ ਘੋਲ ਰਾਹੀਂ ਵਿਕਾਸ ਕਰਦਾ ਹੈ। ਇਹ ਸਿਰਫ ਘੋਲ ਰਾਹੀਂ ਹੀ ਵਿਕਾਸ ਕਰ ਸਕਦਾ ਹੈ।

ਅਸੀਂ "ਖੁੱਲ੍ਹ ਦੇਣ ਦੇ ਨੀਤੀ ਦੀ ਹਾਮੀ ਹਾਂ। ਹੁਣ ਤੱਕ ਅਜੇਹਾ ਕੁੱਝ ਬਹੁਤ ਵੱਧ ਹੋਣ ਦੀ ਥਾਂ ਬਹੁਤ ਘੱਟ ਹੋਇਆ ਹੈ। ਸਾਨੂੰ ਖੁੱਲ੍ਹ ਦੇਣ ਤੋਂ ਡਰਨਾ ਨਹੀਂ ਚਾਹੀਦਾ, ਨਾ ਸਾਨੂੰ ਪੜਚੋਲ ਅਤੇ ਜ਼ਹਿਰਲੀਆਂ ਬੂਟੀਆਂ ਤੋਂ ਡਰਨਾ ਚਾਹੀਦਾ ਹੈ। ਮਾਰਕਸਵਾਦ ਵਿਗਿਆਨਕ ਸੱਚ ਹੈ। ਇਸ ਨੂੰ ਕਿਸੇ ਵੀ ਪੜਚੋਲ ਦਾ ਡਰ ਨਹੀਂ ਹੈ ਅਤੇ ਇਸ ਨੂੰ ਪੜਚੋਲ ਨਾਲ ਹਰਾਇਆ ਨਹੀਂ ਜਾ ਸਕਦਾ। ਇਹੋ ਕੁੱਝ ਕਮਿਊਨਿਸਟ ਪਾਰਟੀ ਅਤੇ ਲੋਕ ਸਰਕਾਰ ਬਾਰੇ ਸੱਚ ਹੈ; ਇਹ ਕਿਸੇ ਵੀ ਪੜਚੋਲ ਤੋਂ ਨਹੀਂ ਡਰਦੀਆਂ ਅਤੇ ਪੜਚੋਲ ਨਾਲ ਇਹਨਾਂ ਨੂੰ ਹਰਾਇਆ ਨਹੀਂ ਜਾ ਸਕਦਾ। ਹਮੇਸ਼ਾਂ ਕੁੱਝ ਗੱਲਾਂ ਗਲਤ ਰਹਿਣਗੀਆਂ ਅਤੇ ਇਹਨਾਂ ਤੋਂ ਡਰਨ ਦੀ ਲੋੜ ਨਹੀਂ। ਹੁਣੇ ਜਿਹੇ ਕੁੱਝ ਭੂਤ ਅਤੇ ਦਾਨਵ ਸਟੇਜ ਤੇ ਪੇਸ਼ ਕੀਤੇ ਗਏ ਹਨ। ਇਸਨੂੰ ਦੇਖਕੇ, ਕੁੱਝ ਸਾਥੀ ਬਹੁਤ ਚਿੰਤਾਗ੍ਰਸਤ ਹੋ ਗਏ ਹਨ। ਮੇਰੇ ਵਿਚਾਰ ਅਨੁਸਾਰ ਐਨੇ ਥੋੜ੍ਹੇ ਕੁ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ। ਕੁੱਝ

ਦਹਾਕਿਆਂ ਅੰਦਰ, ਅਜੇਹੇ ਭੂਤ ਅਤੇ ਦਾਨਵ ਸਟੇਜ ਤੋਂ ਗਾਇਬ ਹੋ ਜਾਣਗੇ। ਜੇ ਤੁਸੀਂ ਦੇਖਣਾ ਚਾਹੋ, ਤੁਸੀਂ ਤਾਂ ਵੀ ਨਹੀਂ ਦੇਖ ਸਕੋਗੇ। ਸਾਨੂੰ ਜੋ ਸਹੀ ਹੈ, ਉਸਨੂੰ ਉਗਾਸਾ ਦੇਣਾ ਚਾਹੀਦਾ ਹੈ ਅਤੇ ਜੋ ਗਲਤ ਹੈ, ਉਸ ਦਾ ਵਿਰੋਧ ਕਰਨਾ ਚਾਹੀਦਾ ਹੈ ਪਰ ਸਾਨੂੰ ਲੋਕਾਂ ਦੇ ਗਲਤ ਵਸਤੂਆਂ ਦੇ ਵਾਹ 'ਚ ਆਉਣ ਤੋਂ ਡਰਨਾ ਨਹੀਂ ਚਾਹੀਦਾ। ਲੋਕਾਂ ਨੂੰ ਕੱਬੇ ਅਤੇ ਬੁਰੇ ਵਰਤਾਰਿਆਂ ਨਾਲ ਅਤੇ ਗਲਤ ਵਿਚਾਰਾਂ ਨਾਲ ਕੋਈ ਵਾਹ ਰੱਖਣ ਤੋਂ ਮਨ੍ਹਾਂ ਕਰਨ ਲਈ ਜਾਂ ਸਟੇਜ 'ਤੇ ਭੂਤਾਂ ਅਤੇ ਦਾਨਵਾਂ ਨੂੰ ਵੇਖਣ ਤੋਂ ਮਨਾਂ ਕਰਨ ਲਈ ਪ੍ਰਬੰਧਕੀ ਹੁਕਮਨਾਮੇ ਜਾਰੀ ਕਰਨ ਨਾਲ ਕੋਈ ਵੀ ਸਮੱਸਿਆ ਹੱਲ ਨਹੀਂ ਹੋਵੇਗੀ। ਨਿਰਸੰਦੇਹ ਮੈਂ ਅਜਿਹੀਆਂ ਵਸਤੂਆਂ ਦੇ ਪਸਾਰੇ ਦੀ ਵਕਾਲਤ ਨਹੀਂ ਕਰ ਰਿਹਾ, ਮੈਂ ਸਿਰਫ ਐਨਾ ਕਹਿੰਦਾ ਹਾਂ "ਅਜੇਹੀਆਂ ਕੁੱਝ ਵਸਤੂਆਂ ਦਾ ਬਹੁਤ ਹਰਜਾ ਨਹੀਂ ਹੈ।" ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ ਕਿ ਗਲਤ ਵਸਤੂਆਂ ਮੌਜੂਦ ਰਹਿਣਗੀਆਂ, ਨਾ ਹੀ ਇਹ ਭੈਅ ਦਾ ਸਬੱਬ ਬਨਣੀਆਂ ਚਾਹੀਦੀਆਂ ਹਨ। ਹਕੀਕਤ 'ਚ, ਇਹ ਲੋਕਾਂ ਨੂੰ ਇਹਨਾਂ ਵਿਰੁੱਧ ਚੰਗੇਰਾ ਘੋਲ ਕਰਨ 'ਚ ਮੱਦਦ ਕਰਨਗੀਆਂ। ਵੱਡੇ ਤੂਫਾਨਾਂ ਤੋਂ ਵੀ ਡਰਨ ਦੀ ਲੋੜ ਨਹੀਂ। ਇਹਨਾਂ ਵੱਡੇ ਤੂਫਾਨਾਂ ਵਿੱਚ ਹੀ ਮਨੁੱਖੀ ਸਮਾਜ ਵਿਕਾਸ ਕਰਦਾ ਹੈ।

ਸਾਡੇ ਦੇਸ਼ ਅੰਦਰ, ਬੁਰਜੂਆ ਅਤੇ ਨਿੱਕ-ਬੁਰਜੂਆ ਵਿਚਾਰਧਾਰਾ, ਮਾਰਕਸਵਾਦ ਵਿਰੋਧੀ ਵਿਚਾਰਧਾਰਾ, ਲੰਮੇ ਸਮੇਂ ਤੱਕ ਮੌਜੂਦ ਰਹੇਗੀ। ਸਾਡੇ ਦੇਸ਼ ਵਿਚ, ਬੁਨਿਆਦੀ ਤੌਰ 'ਤੇ ਸਮਾਜਵਾਦੀ ਪ੍ਰਬੰਧ ਸਥਾਪਤ ਕੀਤਾ ਜਾ ਚੁੱਕਿਆ ਹੈ। ਅਸੀਂ ਪੈਦਾਵਾਰੀ ਸਾਧਨਾਂ ਦੀ ਮਾਲਕੀ ਬਦਲਣ ਵਿਚ ਬੁਨਿਆਦੀ ਜਿੱਤ ਹਾਸਲ ਕਰ ਲਈ ਹੈ। ਪਰ ਅਸੀਂ ਹਾਲੇ ਸਿਆਸੀ ਅਤੇ ਵਿਚਾਰਧਾਰਕ ਮੋਰਚਿਆਂ ਤੇ ਜਿੱਤ ਹਾਸਲ ਨਹੀਂ ਕੀਤੀ। ਵਿਚਾਰਧਾਰਕ ਖੇਤਰ ਵਿਚ, ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਘੋਲ ਵਿਚੋਂ ਕਿਹੜਾ ਜਿੱਤੇਗਾ, ਇਸ ਦਾ ਹਾਲੇ ਸੱਚਮੁੱਚ ਹੀ ਨਬੇੜਾ ਨਹੀਂ ਹੋਇਆ। ਸਾਨੂੰ ਅਜੇ ਵੀ ਬੁਰਜੂਆ ਤੇ ਨਿੱਕ-ਬੁਰਜੂਆ ਵਿਚਾਰਧਾਰਾ ਖਿਲਾਫ ਲੰਮਾ ਘੋਲ ਲੜਨਾ ਪੈਣਾ ਹੈ। ਇਸ ਨੂੰ ਨਾ ਸਮਝਣਾ ਅਤੇ ਵਿਚਾਰਧਾਰਕ ਘੋਲ ਤਿਆਗ ਦੇਣਾ ਗਲਤ ਹੈ। ਸਾਰੇ ਗਲਤ ਵਿਚਾਰਾਂ, ਸਾਰੀਆਂ ਜ਼ਹਿਰੀਲੀਆਂ ਬੂਟੀਆਂ, ਸਾਰੇ ਭੂਤਾਂ ਅਤੇ ਦਾਨਵਾਂ ਨੂੰ ਪੜਚੋਲ ਦੇ ਰੰਦੇ ਹੇਠ ਲਿਆਉਣਾ ਚਾਹੀਦਾ ਹੈ, ਕਿਸੇ ਵੀ ਹਾਲਤ ਵਿੱਚ ਇਹਨਾਂ ਨੂੰ ਰੋਕ-ਟੋਕ ਤੋਂ ਬਿਨਾਂ ਫੈਲਰਨ ਦੀ ਇਜਾਜਤ ਨਹੀਂ ਦੇਣੀ ਚਾਹੀਦੀ। ਫੇਰ ਵੀ, ਪੜਚੋਲ ਬਾਦਲੀਲ, ਵਿਸ਼ਲੇਸ਼ਣੀ ਅਤੇ ਕਾਇਲ ਕਰਨ ਵਾਲੀ ਹੋਣੀ ਚਾਹੀਦੀ ਹੈ ਅਤੇ ਕਦੇ ਵੀ ਕੁਰੱਖਤ, ਹੈਂਕੜਸ਼ਾਹ, ਅਧਿਆਤਮਵਾਦੀ ਜਾਂ ਕੱਟੜਪੰਥੀ ਨਹੀਂ ਹੋਣੀ ਚਾਹੀਦੀ।

ਲੰਮੇ ਸਮੇਂ ਤੋਂ ਲੋਕ "ਕੱਟੜਵਾਦ" ਵਿਰੁੱਧ ਪੜਚੋਲ ਕਰਦੇ ਆ ਰਹੇ ਹਨ। ਇਸ ਤਰਾਂ ਹੋਣਾ ਹੀ ਚਾਹੀਦਾ ਹੈ। ਪਰ ਉਹ ਅਕਸਰ ਹੀ ਸੋਧਵਾਦ ਦੀ ਪੜਚੋਲ ਕਰਨ ਨੂੰ ਨਜ਼ਰਅੰਦਾਜ਼ ਕਰ ਜਾਂਦੇ ਹਨ। ਕੱਟੜਵਾਦ ਅਤੇ ਸੋਧਵਾਦ ਦੋਵੇਂ ਮਾਰਕਸਵਾਦ ਦੇ ਉਲਟ ਵਗਦੇ ਹਨ। ਮਾਰਕਸਵਾਦ ਨੂੰ ਲਾਜ਼ਮੀ ਹੀ ਅੱਗੇ ਵਧਣਾ ਚਾਹੀਦਾ ਹੈ। ਇਸ ਨੂੰ ਅਭਿਆਸ ਦੇ ਵਿਕਾਸ ਨਾਲ ਵਿਕਾਸ ਕਰਨਾ ਚਾਹੀਦਾ ਹੈ ਅਤੇ ਇਹ ਇੱਕ ਥਾਂ ਖੜੋਤਾ ਨਹੀਂ ਰਹਿ ਸਕਦਾ। ਜੇ ਇਹ ਖੜੋਤ 'ਚ ਅਤੇ ਰੂੜੀਗਤ ਰਹਿੰਦਾ ਹੈ ਤਾਂ ਇਹ ਬੇਜਾਨ ਹੋ ਜਾਵੇਗਾ। ਫੇਰ ਨਹੀਂ ਤਾਂ ਗਲਤੀਆਂ ਹੋਣਗੀਆਂ। ਮਾਰਕਸਵਾਦ ਨੂੰ ਅਧਿਆਤਮਵਾਦੀ ਢੰਗ ਨਾਲ ਵੇਖਣਾ ਅਤੇ ਇਸਨੂੰ ਅਬਦਲ ਸਮਝਣਾ, ਕੱਟੜਵਾਦ ਹੈ। ਮਾਰਕਸਵਾਦ ਦੇ ਬੁਨਿਆਦੀ ਅਸੂਲਾਂ ਨੂੰ ਰੱਦ ਕਰਨਾ ਅਤੇ ਇਸਦੀ ਸਰਵ-ਵਿਆਪੀ ਸੱਚਾਈ ਨੂੰ ਰੱਦ ਕਰਨਾ ਸੋਧਵਾਦ ਹੈ। ਸੋਧਵਾਦ ਬੁਰਜੂਆ ਵਿਚਾਰਧਾਰਾ ਦੀ ਇੱਕ ਸ਼ਕਲ ਹੈ। ਸੋਧਵਾਦੀ

ਸਮਾਜਵਾਦ ਅਤੇ ਪੂੰਜੀਵਾਦ ਵਿਚਕਾਰ, ਪ੍ਰੋਲੇਤਾਰੀ ਦੀ ਤਾਨਾਸ਼ਾਹੀ ਅਤੇ ਬੁਰਜੂਆਜ਼ੀ ਦੀ ਤਾਨਾਸ਼ਾਹੀ ਵਿਚਕਾਰ ਵਖਰੇਵੇਂ ਤੋਂ ਇਨਕਾਰੀ ਹਨ। ਜਿਸਦੀ ਉਹ ਵਕਾਲਤ ਕਰਦੇ ਹਨ, ਹਕੀਕਤ 'ਚ ਉਹ ਸਮਾਜਵਾਦੀ ਲੀਹ ਨਹੀਂ ਹੈ ਸਗੋਂ ਪੂੰਜੀਵਾਦੀ ਲੀਹ ਹੈ। ਮੌਜੂਦਾ ਹਾਲਤਾਂ 'ਚ ਕੱਟੜਵਾਦ ਨਾਲੋਂ ਸੋਧਵਾਦ ਜ਼ਿਆਦਾ ਘਾਤਕ ਹੈ। ਵਿਚਾਰਧਾਰਕ ਮੋਰਚੇ ਤੇ ਸਾਡੇ ਕਾਰਜਾਂ ਵਿਚੋਂ ਇੱਕ ਕਾਰਜ ਸੋਧਵਾਦ ਵਿਰੁੱਧ ਪੜਚੋਲ ਦੀ ਉਧੇੜ ਕਰਨਾ ਹੈ।

ਅੱਠਵਾਂ ਅਤੇ ਆਖਰੀ ਨੁਕਤਾ ਇਹ ਹੈ ਕਿ ਸੂਬਿਆਂ, ਮਿਊਂਸਪਲਟੀਆਂ ਅਤੇ ਸਵੈਸ਼ਾਸ਼ਿਤ ਇਲਾਕਿਆਂ ਦੀਆਂ ਪਾਰਟੀ ਕਮੇਟੀਆਂ ਵਿਚਾਰਧਾਰਾ ਦੇ ਸਵਾਲ ਨਾਲ ਸਿੱਝਣ। ਏਥੇ ਹਾਜਰ ਕੁਝ ਸਾਥੀ ਮੈਨੂੰ ਇਸ ਨੁਕਤੇ ਨੂੰ ਛੋਹਣ ਲਈ ਕਹਿੰਦੇ ਹਨ। ਕਾਫੀ ਥਾਵਾਂ ਤੇ ਪਾਰਟੀ ਕਮੇਟੀਆਂ ਨੇ ਵਿਚਾਰਧਾਰਾ ਦੇ ਸਵਾਲ ਨੂੰ ਹਾਲੇ ਨਜਿੱਠਿਆ ਨਹੀਂ, ਜਾਂ ਛੋਪ 'ਚੋਂ ਪੂਣੀ ਹੀ ਕੱਤੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਉਹ ਰੁੱਝੀਆਂ ਹੋਈਆਂ ਹਨ। ਪਰ ਉਹਨਾਂ ਨੂੰ ਇਹ ਕੰਮ ਜਰੂਰ ਨਜਿੱਠਣਾ ਚਾਹੀਦਾ ਹੈ। ਇਸ ਨੂੰ "ਨਜਿੱਠਣ" ਤੋਂ ਮੇਰਾ ਭਾਵ ਹੈ ਕਿ ਇਹ ਨੂੰ ਏਜੰਡੇ ਤੇ ਰੱਖਿਆ ਜਾਵੇ ਅਤੇ ਇਸ ਦਾ ਅਧਿਐਨ ਕੀਤਾ ਜਾਵੇ। ਪਹਿਲੇ ਇਨਕਲਾਬੀ ਸਮਿਆਂ ਦੇ ਜਨਤਕ ਲੱਛਣ ਵਾਲੇ, ਵੱਡੀ ਪੱਧਰ 'ਤੇ ਉਥਲ ਪੁਥਲ ਕਰਨ ਵਾਲੇ ਜਮਾਤੀ ਘੋਲ ਮੁੱਖ ਤੌਰ 'ਤੇ ਮੁੱਕ ਗਏ ਹਨ। ਪਰ ਹਾਲੇ ਵੀ—ਮੁੱਖ ਤੌਰ 'ਤੇ ਸਿਆਸੀ ਅਤੇ ਵਿਚਾਰਧਾਰਕ ਮੋਰਚਿਆਂ 'ਤੇ—ਜਮਾਤੀ ਘੋਲ ਹੈ ਅਤੇ ਹੈ ਵੀ ਇਹ ਬੜਾ ਤਿੱਖਾ। ਵਿਚਾਰਧਾਰਾ ਦਾ ਸਵਾਲ ਹੁਣ ਬਹੁਤ ਅਹਿਮ ਸਵਾਲ ਬਣ ਗਿਆ ਹੈ। ਸਾਰੇ ਇਲਾਕਿਆਂ ਦੀਆਂ ਪਾਰਟੀ ਕਮੇਟੀਆਂ ਦੇ ਮੁੱਖ ਸਕੱਤਰਾਂ ਨੂੰ ਖੁਦ ਹੀ ਇਸ ਸਵਾਲ ਨੂੰ ਨਜਿੱਠਣਾ ਚਾਹੀਦਾ ਹੈ, ਇਸ ਨੂੰ ਸਹੀ ਢੰਗ ਨਾਲ ਉਦੋਂ ਹੀ ਹੱਲ ਕੀਤਾ ਜਾ ਸਕਦਾ ਹੈ ਜਦੋਂ ਉਹ ਇਸ ਨੂੰ ਗੰਭੀਰ ਤਵੱਜੋ ਦੇਣਗੇ ਅਤੇ ਇਸ ਦੀ ਡੂੰਘਾਈ ਤੱਕ ਜਾਣਗੇ। ਸਾਰੇ ਇਲਾਕਿਆਂ ਨੂੰ ਪ੍ਰਚਾਰ ਕਰਨ ਦੇ ਕੰਮ ਬਾਰੇ, ਸਥਾਨਕ ਵਿਚਾਰਧਾਰਕ ਕੰਮ ਅਤੇ ਸਾਰੀਆਂ ਸੰਬੰਧਤ ਸਮੱਸਿਆਵਾਂ ਤੇ ਵਿਚਾਰ ਕਰਨ ਲਈ, ਆਪਣੀ ਹੁਣ ਦੀ ਮੀਟਿੰਗ ਵਾਂਗੂੰ, ਮੀਟਿੰਗਾਂ ਸੱਦਣੀਆਂ ਚਾਹੀਦੀਆਂ ਹਨ। ਇਹਨਾਂ ਮੀਟਿੰਗਾਂ ਵਿਚ ਇੱਕਲੇ ਪਾਰਟੀ ਸਾਥੀਆਂ ਨੂੰ ਹੀ ਸ਼ਾਮਲ ਨਹੀਂ ਹੋਣਾ ਚਾਹੀਦਾ ਸਗੋਂ ਪਾਰਟੀ ਤੋਂ ਬਾਹਰਲੇ ਅਤੇ ਇਸ ਤੋਂ ਵੀ ਵੱਧ, ਵੱਖਰੇ ਵਿਚਾਰਾਂ ਵਾਲੇ ਵੀ ਸ਼ਾਮਲ ਹੋਣੇ ਚਾਹੀਦੇ ਹਨ। ਇਸ ਨਾਲ ਭਲਾ ਹੀ ਹੋਵੇਗਾ ਤੇ ਇਸ ਨਾਲ ਕੋਈ ਹਰਜਾ ਨਹੀਂ ਹੋਵੇਗਾ। ਜਿਵੇਂ ਕਿ ਹੁਣ ਦੀ ਮੀਟਿੰਗ ਦੇ ਤਜਰਬੇ ਨੇ ਇਸ ਦੀ ਪੁਸ਼ਟੀ ਕੀਤੀ ਹੈ।

**ਵਿਸਥਾਰੀ ਨੁਕਤੇ**

1. ਪ੍ਰਚਾਰ ਕੰਮ ਬਾਰੇ ਚੀਨੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਨਫਰੰਸ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਪੀਕਿੰਗ 'ਚ 6 ਤੋਂ 13 ਮਾਰਚ 1957 ਵਿੱਚ ਸੱਦੀ ਗਈ ਸੀ। ਇਸ ਵਿਚ ਪਾਰਟੀ ਦੇ ਪ੍ਰਚਾਰਕ, ਸਭਿਆਚਾਰਕ ਅਤੇ ਵਿਦਿਅਕ ਮਹਿਕਮਿਆਂ ਦੇ ਕੇਂਦਰੀ ਅਤੇ ਸੂਬਾਈ (ਜਾਂ ਮਿਉਂਸਪਲ) ਪੱਧਰਾਂ ਦੇ 380 ਤੋਂ ਵੱਧ ਆਗੂ ਕਾਡਰ ਸ਼ਾਮਲ ਹੋਏ। ਵਿਗਿਆਨਕ, ਵਿਦਿਆ ਸਹਿਤ ਅਤੇ ਕਲਾ ਤੇ ਪੈਰਿਸ ਦੇ ਵੱਖ ਵੱਖ ਮਹਿਕਮਿਆਂ ਅਤੇ ਸੰਸਥਾਵਾਂ ਦੇ ਸੌ ਤੋਂ ਵੱਧ ਗੈਰ-ਪਾਰਟੀ ਲੋਕਾਂ ਨੂੰ ਵੀ ਸ਼ਾਮਲ ਹੋਣ ਲਈ ਸੱਦਿਆ ਗਿਆ ਸੀ।

2. ਸ਼ੁੱਧੀਕਰਨ ਮੁਹਿੰਮ ਜਪਾਨ-ਵਿਰੋਧੀ ਜੰਗ ਦੌਰਾਨ 1942 'ਚ ਯੇਨਾਨ ਦੀਆਂ ਅਤੇ

ਦੂਸਰੇ ਜਪਾਨ-ਵਿਰੋਧੀ ਆਧਾਰ ਇਲਾਕਿਆਂ ਵਿਚ ਪਾਰਟੀ ਜੱਥੇਬੰਦੀਆਂ ਅੰਦਰ ਅੰਤਰਮੁੱਖਤਾ, ਤੰਗਨਜ਼ਰੀ ਅਤੇ ਰੂੜੀਗਤ ਲਿਖਤਾਂ ਖਿਲਾਫ ਵੱਡੇ ਪੱਧਰ 'ਤੇ ਚਲਾਈ ਗਈ। ਮੁਕਤੀ ਸੰਗਰਾਮ ਦੇ ਅਰਸੇ ਦੌਰਾਨ ਸ਼ੁੱਧੀਕਰਨ ਮੁਹਿੰਮ ਪਾਰਟੀ ਨੂੰ ਪੱਕੇ ਪੈਰੀਂ ਕਰਨ ਲਈ ਚਲਾਈ ਗਈ ਸੀ। ਇਸ ਨੂੰ 1948 'ਚ ਜਮੀਨੀ-ਸੁਧਾਰ ਲਹਿਰ ਨਾਲ ਜੋੜਕੇ ਪਾਰਟੀ ਜੱਥੇਬੰਦੀਆਂ ਅੰਦਰ ਵਿਸ਼ਾਲ ਪੈਮਾਨੇ 'ਤੇ ਚਲਾਇਆ ਗਿਆ ਸੀ। ਦੇਸ਼ ਵਿਆਪੀ ਜਿੱਤ ਤੋਂ ਪਿੱਛੋਂ ਚੀਨੀ ਲੋਕ ਗਣਰਾਜ ਦੀ ਸਥਾਪਤੀ ਤੋਂ ਬਾਅਦ ਦੇ ਪਹਿਲੇ ਦਿਨਾਂ ਵਿਚ ਸ਼ੁੱਧੀਕਰਨ-ਮਹਿੰਮ ਨਵੇਂ ਪਾਰਟੀ ਮੈਂਬਰਾਂ ਦੀ ਭਾਰੀ ਬਹੁਗਿਣਤੀ ਅੰਦਰ ਸਿੱਖਿਆ ਨੂੰ ਡੂੰਘੀ ਕਰਨ ਅਤੇ ਇਹਨਾਂ ਦੀ ਅਸ਼ੁੱਧ ਵਿਚਾਰਧਾਰਾ ਨੂੰ ਤਬਦੀਲ ਕਰਨ ਅਤੇ ਪੁਰਾਣੇ ਪਾਰਟੀ ਮੈਂਬਰਾਂ ਅੰਦਰ ਅਫਸਰਸ਼ਾਹ ਕੰਮ-ਤਰਜ ਨੂੰ ਸਰ ਕਰਨ ਲਈ 1950 'ਚ ਚਲਾਈ ਗਈ ਸੀ।

3. 'ਫੌਜ ਵਲੋਂ ਆਪਣੀ ਮੱਦਦ ਲਈ ਪੈਦਾਵਾਰ ਬਾਰੇ ਅਤੇ ਸੁਧਾਈ ਅਤੇ ਪੈਦਾਵਾਰ ਲਈ ਮਹਾਨ ਲਹਿਰਾਂ ਦੀ ਮਹੱਤਤਾ ਬਾਰੇ' ਮਾਓ ਦੀਆਂ ਚੋਣਵੀਆਂ ਕਿਰਤਾਂ, ਅੰਗਰੇਜੀ ਐਡੀਸ਼ਨ, ਪੀਕਿੰਗ 1967, ਸੈਂਚੀ 3, ਸਫਾ 275-79।

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 05.00 ਰੁਪਏ |
| 2. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 ਰੁਪਏ |
| 3. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 05.00 ਰੁਪਏ |
| 4. | ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 ਰੁਪਏ |
| 5. | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) | 10.00 ਰੁਪਏ |
| 6. | ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 ਰੁਪਏ |
| 7. | ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 20.00 ਰੁਪਏ |
| 8. | ਮੈਂ ਨਾਸਤਿਕ ਕਿਉਂ ? | 5.00 ਰੁਪਏ |
| 9. | ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 ਰੁਪਏ |
| 10. | ਭਗਤ ਸਿੰਘ ਨੇ ਕਿਹਾ | 5.00 ਰੁਪਏ |
| 11. | ਸ਼ਹੀਦ ਕਰਤਾਰ ਸਿੰਘ ਸਰਾਭਾ | 5.00 ਰੁਪਏ |
| 12. | ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — ਸ਼ਿਵ ਵਰਮਾ | 10.00 ਰੁਪਏ |
| 13. | ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ | 05.00 ਰੁਪਏ |
| 14. | ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 ਰੁਪਏ |
| 15. | ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) | 10.00 ਰੁਪਏ |
| 16. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 ਰੁਪਏ |
| 17. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) | 15.00 ਰੁਪਏ |
| 18. | ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ | 03.00 ਰੁਪਏ |
| 19. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ — ਦਿਪਾਯਨ ਬੋਸ | 10.00 ਰੁਪਏ |
| 20. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 ਰੁਪਏ |
| 21. | ਕਿਉਂ ਮਾਓਵਾਦ | 10.00 ਰੁਪਏ |
| 22. | ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 ਰੁਪਏ |
| 23. | ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ) | 20.00 ਰੁਪਏ |
| 24. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ | 10.00 ਰੁਪਏ |
| 25. | ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ | 10.00 ਰੁਪਏ |
| 26. | ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 ਰੁਪਏ |
| 27. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 ਰੁਪਏ |



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ